



Twenty-Fifth Year of Publication
ਨਿਊਯਾਰਕ ਐਡੀਸ਼ਨ
Price 50¢
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ
Email:punjabtimes1@gmail.com
www.punjabtimesusa.com

# ਪੰਜਾਬ ਟਾਈਮਜ਼

Punjab Times, Vol 26, Issue 43; October 25, 2025 | 20451 N. Plum Grove Rd., Palatine, IL 60074 | Ph:847-359-0746, Fax:847-705-9388

## ਅਫ਼ਗਾਨਿਸਤਾਨ ਤੇ ਪਾਕਿਸਤਾਨ ਜੰਗਬੰਦੀ ਲਈ ਸਹਿਮਤ

### ਅਫ਼ਗਾਨ ਧਰਤੀ ਤੋਂ ਪਾਕਿ ’ਚ ਅੱਤਵਾਦੀ ਕਾਰਵਾਈਆਂ ਦਾ ਹੋਵੇਗਾ ਅੰਤ: ਖ਼ਵਾਜਾ ਆਸਿਫ਼

**ਅੰਮ੍ਰਿਤਸਰ:** ਕਤਰ ਦੀ ਰਾਜਧਾਨੀ ਦੋਹਾ ‘ਚ 13 ਘੰਟੇ ਤੱਕ ਚੱਲੀ ਗੱਲਬਾਤ ਤੋਂ ਬਾਅਦ ਪਾਕਿਸਤਾਨ ਅਤੇ ਇਸਲਾਮਿਕ ਅਮੀਰਾਤ ਆਫ਼ ਅਫ਼ਗਾਨਿਸਤਾਨ ਜੰਗਬੰਦੀ ਲਈ ਸਹਿਮਤ ਹੋ ਗਏ ਹਨ। ਇਸ ਸਮਝੌਤਾ ਗੱਲਬਾਤ ਦੀ ਮੇਜ਼ਬਾਨੀ ਕਤਰ ਦੇ ਖ਼ੁਫ਼ੀਆ ਮੁਖੀ ਅਬਦੁੱਲਾ ਬਿਨ ਮੁਹੰਮਦ ਅਲ ਖ਼ਲੀਫ਼ਾ ਨੇ ਕੀਤੀ। ਪਾਕਿਸਤਾਨੀ ਵਫ਼ਦ ਦੀ ਅਗਵਾਈ ਪਾਕਿਸਤਾਨ ਦੇ ਰੱਖਿਆ ਆਸਿਫ਼ ਨੇ ਕੀਤੀ, ਸਮਝੌਤੇ ‘ਤੇ ਦਸਤਖ਼ਤ ਜਦੋਂ ਕਿ ਅਫ਼ਗਾਨ ਵਫ਼ਦ ਦੀ ਅਗਵਾਈ ਰੱਖਿਆ ਮੰਤਰੀ ਮੁੱਲਾ ਮੁਹੰਮਦ ਯਾਕੂਬ ਨੇ ਕੀਤੀ। ਤੁਰਕੀ ਦੇ ਵਿਦੇਸ਼ ਮੰਤਰਾਲੇ ਅਨੁਸਾਰ ਪਾਕਿ ਅਤੇ ਅਫ਼ਗਾਨਿਸਤਾਨ ਵਿਚਕਾਰ ਦੋਹਾ ‘ਚ ਗੱਲਬਾਤ ਦੇ ਪਹਿਲੇ ਦੌਰ ਦੀ ਵਿਚੋਲਗੀ ਕਤਰ ਰਾਜ ਅਤੇ ਤੁਰਕੀ ਗਣਰਾਜ ਦੁਆਰਾ ਕੀਤੀ ਗਈ। ਦੋਵਾਂ ਧਿਰਾਂ ਵਲੋਂ ਇਕ ਸਮਝੌਤੇ ‘ਤੇ ਦਸਤਖ਼ਤ ਕੀਤੇ ਗਏ ਹਨ, ਜਿਸ ਦੇ ਅਨੁਸਾਰਜੰਗਬੰਦੀ ਨੂੰ ‘ਤੁਰੰਤ’ ਅਤੇ ‘ਸਥਾਈ’ ਦੋਵਾਂ ਵਜੋਂ ਦਰਸਾਇਆ ਗਿਆ ਹੈ। ਹਾਲਾਂਕਿ, ਦੋਵਾਂ ਮੁਲਕਾਂ ਵਿਚਾਲੇ ਇਸ ‘ਸਥਾਈ’ ਜੰਗਬੰਦੀ ‘ਦਾ ਜ਼ਿਆਦਾ ਦੇਰ ਤੱਕ ਟਿਕੇ ਰਹਿਣਾ ਸੰਭਵ ਨਹੀਂ ਵਿਖਾਈ ਦੇ ਰਿਹਾ। ਦੱਸਿਆ ਜਾ ਰਿਹਾ ਹੈ ਕਿ ਦੋਹਾ ‘ਚ ਦੋਵਾਂ ਮੁਲਕਾਂ ਵਲੋਂ ਜੰਗਬੰਦੀ ਸਮਝੌਤੇ ‘ਤੇ ਦਸਤਖ਼ਤ ਕੀਤੇ ਜਾਣ ਦੇ ਕੁਝ ਘੰਟਿਆਂ ਬਾਅਦ ਹੀ ਅੱਜ ਸਵੇਰੇ ਪਾਕਿ ਦੇ ਸੂਬਾ ਖ਼ੈਬਰ ਪਖਤੂਨਖਵਾ ਦੇ ਨਵੇਂ ਚੁਣੇ ਗਏ ਮੁੱਖ ਮੰਤਰੀ ਅਫ਼ਰੀਦੀ ਸੋਹੇਲ ਪਿਸ਼ਾਵਰ ‘ਚ ਪੱਤਰਕਾਰਾਂ ਨਾਲ ਗ਼ੈਰ-ਰਸਮੀ ਤੌਰ ‘ਤੇ ਗੱਲਬਾਤ ਦੌਰਾਨ ਪਾਕਿਸਤਾਨੀ 5 ਹਥਿਆਰਬੰਦ ਫ਼ੌਜਾਂ ਲਈ ਆਪਣੇ ਪੂਰੇ ਸਮਰਥਨ ਦੀ ਪੁਸ਼ਟੀ ਕਰਦੇ ਹੋਏ ਸਹੁੰ ਖਾਧੀ



ਕਿ ਅਫ਼ਗਾਨਿਸਤਾਨ ਵਲੋਂ ਕੀਤੇ ਜਾਣ ਵਾਲੇ ਕਿਸੇ ਵੀ ਹਮਲੇ ਦਾ ਸਖ਼ਤ ਅਤੇ ਢੁਕਵਾਂ ਜਵਾਬ ਦਿੱਤਾ ਜਾਵੇਗਾ। ਉਨ੍ਹਾਂ ਨੇ ਕਿਹਾ ਕਿ ਲਗਭਗ 8 ਲੱਖ ਅਫ਼ਗਾਨ ਸ਼ਰਨਾਰਥੀ ਪਹਿਲਾਂ ਹੀ ਖ਼ੈਬਰ ਪਖਤੂਨਖਵਾ ਤੋਂ ਵਾਪਸ ਭੇਜੇ ਜਾ ਚੁੱਕੇ ਹਨ, ਜਦੋਂ ਕਿ ਸੂਬੇ ‘ਚ ਰਹਿੰਦੇ ਹੋਰ 12 ਲੱਖ ਅਫ਼ਗਾਨ ਸ਼ਰਨਾਰਥੀਆਂ ਨੂੰ ਵੀ ਜਲਦੀ ਸੂਬੇ ‘ਚੋਂ ਬਾਹਰ ਕੱਢਿਆ ਜਾਵੇਗਾ। ਉਨ੍ਹਾਂ ਅਫ਼ਗਾਨ ਸ਼ਰਨਾਰਥੀਆਂ ਦੀ ਵਾਪਸੀ ਪ੍ਰਕਿਰਿਆ ਨੂੰ ਤੇਜ਼ ਕਰਨ ਲਈ ਵਿੱਡੋ ਆਪ੍ਰੇਸ਼ਨ ਸ਼ੁਰੂ ਕੀਤੇ ਜਾਣ ਦਾ ਵੀ ਐਲਾਨ ਕੀਤਾ। ਕਤਰ ਦੇ ਵਿਦੇਸ਼ ਮੰਤਰਾਲੇ ਵਲੋਂ ਜਾਰੀ ਬਿਆਨ ਅਨੁਸਾਰ ਪਾਕਿ ਅਤੇ ਅਫ਼ਗਾਨਿਸਤਾਨ ਆਪਸੀ ਸ਼ਾਂਤੀ ਅਤੇ ਸਥਿਰਤਾ ਲਈ ਇਕ ਸਥਾਈ ਵਿਧੀ ਸਥਾਪਤ ਕਰਨ ‘ਤੇ ਵੀ ਸਹਿਮਤ ਹੋਏ। ਜੰਗਬੰਦੀ ਨੂੰ ਲਾਗੂ ਕਰਨ ਅਤੇ ਸਥਿਰਤਾ ਨੂੰ ਯਕੀਨੀ ਬਣਾਉਣ ਲਈ ਆਉਣ ਵਾਲੇ ਦਿਨਾਂ ‘ਚ ਇਕ ਫਾਲੋ-ਅੱਪ ਬੈਠਕ ਵੀ ਕੀਤੀ ਜਾਵੇਗੀ। ਇਸ ਦੌਰਾਨ ਪਾਕਿ ਦੇ ਰੱਖਿਆ ਮੰਤਰੀ ਖ਼ਵਾਜਾ ਮੁਹੰਮਦ ਆਸਿਫ਼ ਨੇ ‘ਐਕਸ’ (ਪਹਿਲਾਂ ਟਵਿੱਟਰ) ‘ਤੇ ਸਮਝੌਤੇ ਦੀ ਪੁਸ਼ਟੀ ਕਰਦੇ ਹੋਏ ਕਿਹਾ ਕਿ ਜੰਗਬੰਦੀ ਸਮਝੌਤਾ ਅਫ਼ਗਾਨ ਧਰਤੀ ਤੋਂ ਪਾਕਿ ‘ਚ ਅੱਤਵਾਦੀ ਗਤੀਵਿਧੀਆਂ ਦਾ ਅੰਤ ਕਰੇਗਾ। ਉਨ੍ਹਾਂ ਅੱਗੇ ਕਿਹਾ ਕਿ ਦੋਵੇਂ ਗੁਆਂਢੀ ਦੇਸ਼ ਇਕ ਦੂਜੇ ਦੀ ਖੇਤਰੀ ਪ੍ਰਭੂਸੱਤਾ ਦਾ ਸਨਮਾਨ ਕਰਨ ਲਈ ਸਹਿਮਤ ਹੋਏ ਹਨ ਅਤੇ ਖ਼ੁਲਾਸਾ ਕੀਤਾ ਹੈ ਕਿ ਫਾਲੋ-ਅੱਪ ਚਰਚਾ ਲਈ ਦੋਵੇਂ ਧਿਰਾਂ 25 ਅਕਤੂਬਰ ਨੂੰ ਇਸਤਾਂਬੁਲ ‘ਚ ਦੁਬਾਰਾ ਮਿਲਣਗੀਆਂ। ਇਸਲਾਮਿਕ ਅਮੀਰਾਤ ਦੇ ਬੁਲਾਰੇ ਜ਼ਬੀਹੁੱਲਾ ਮੁਜਾਹਿਦ ਨੇ ਕਿਹਾ ਕਿ ਦੋਵੇਂ ਧਿਰਾਂ

**(ਬਾਕੀ ਸਫ਼ਾ 6 ’ਤੇ)**

## ਰੂਸ ਤੋਂ ਤੇਲ ਨਹੀਂ ਖ਼ਰੀਦੇਗਾ ਭਾਰਤ-ਮੋਦੀ ਵਲੋਂ ਟਰੰਪ ਨੂੰ ਭਰੋਸਾ



**ਨਵੀਂ ਦਿੱਲੀ:** ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਮੁੜ ਦਾਅਵਾ ਕੀਤਾ ਹੈ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਰੂਸੀ ਤੇਲ ਦੀ ਖ਼ਰੀਦ ਰੋਕਣ ਦਾ ਭਰੋਸਾ ਦਿੱਤਾ ਹੈ। ਟਰੰਪ ਨੇ ਦਾਅਵਾ ਕਰਦਿਆਂ ਕਿਹਾ ਕਿ ਨਵੀਂ ਦਿੱਲੀ ਨੇ ਮਾਸਕੋ ਤੋਂ ਆਪਣੀ ਖ਼ਰੀਦ ਨੂੰ ਪਹਿਲਾਂ ਹੀ ਘੱਟ ਕਰ ਦਿੱਤਾ ਹੈ ਤੇ ਲਗਭਗ ਬੰਦ ਕਰ ਦਿੱਤਾ ਹੈ। ਵ੍ਹਾਈਟ ਹਾਊਸ ‘ਚ ਯੂਕਰੇਨ ਦੇ ਰਾਸ਼ਟਰਪਤੀ ਵਲੋਦੋਮੀਰ ਜ਼ੇਲੈਂਸਕੀ ਨਾਲ ਦੁਪਹਿਰ ਦੇ ਖਾਣੇ ਦੌਰਾਨ ਦੁਵੱਲੇ ਮੀਟਿੰਗ ਸੰਬੋਧਨ ਕਰਦੇ ਹੋਏ ਅਮਰੀਕੀ ਰਾਸ਼ਟਰਪਤੀ ਨੇ ਫਿਰ. ਦਾਅਵਾ ਕੀਤਾ ਕਿ ਭਾਰਤ ਨੇ ਰੂਸ ਤੋਂ ਆਪਣੀ ਤੇਲ ਦਰਾਮਦ ਨੂੰ ਮਹੱਤਵਪੂਰਨ ਤੌਰ ‘ਤੇ ਘਟਾ ਦਿੱਤਾ ਹੈ ਤੇ ਹੁਣ ਪੂਰੀ ਤਰ੍ਹਾਂ ਨਾਲ ਪਿੱਛੇ ਹਟ ਰਿਹਾ ਹੈ। ਨਵੀਂ ਦਿੱਲੀ ਹੁਣ ਰੂਸ ਤੋਂ ‘ਤੇਲ ਨਹੀਂ ਖ਼ਰੀਦੇਗਾ। ਟਰੰਪ ਨੇ ਕਿਹਾ ਕਿ ਉਨ੍ਹਾਂ ਪਹਿਲਾਂ ਹੀ ਘੱਟ ਕਰ ਦਿੱਤਾ ਹੈ। ਤੇ ਲਗਭਗ ਬੰਦ ਕਰ ਦਿੱਤਾ ਹੈ। ਉਹ ਪਿੱਛੇ ਹਟ ਰਹੇ ਹਨ।

**ਟਰੰਪ ਨੇ ਦਾਅਵਾ ਕਰਦਿਆਂ ਕਿਹਾ ਕਿ ਨਵੀਂ ਦਿੱਲੀ ਨੇ ਮਾਸਕੋ ਤੋਂ ਆਪਣੀ ਖ਼ਰੀਦ ਨੂੰ ਪਹਿਲਾਂ ਹੀ ਘੱਟ ਕਰ ਦਿੱਤਾ ਹੈ ਤੇ ਲਗਭਗ ਬੰਦ ਕਰ ਦਿੱਤਾ ਹੈ।**

ਉਨ੍ਹਾਂ ਲਗਭਗ 38 ਫੀਸਦੀ ਤੇਲ ਖ਼ਰੀਦਿਆ ਸੀ ਤੇ ਉਹ ਹੁਣ ਅਜਿਹਾ ਨਹੀਂ ਕਰਨਗੇ। ਇਸ ਤੋਂ ਪਹਿਲਾਂ ਵੀਰਵਾਰ ਨੂੰ ਭਾਰਤ ਨੇ ਪ੍ਰਧਾਨ ਮੰਤਰੀ ਮੋਦੀ ਵਲੋਂ ਰੂਸੀ ਤੇਲ ਦੀ ਖ਼ਰੀਦ ਨੂੰ ਰੋਕਣ ਦੇ ਭਰੋਸੇ ਬਾਰੇ ਟਰੰਪ ਦੀਆਂ ਟਿੱਪਣੀਆਂ ਦਾ ਜਵਾਬ ਦਿੱਤਾ ਸੀ। ਇਸ ‘ਚ ਕਿਹਾ ਗਿਆ ਸੀ ਕਿ ਦੇਸ਼ ਦੀ ਊਰਜਾ ਪ੍ਰਾਪਤੀ ਉਸ ਦੇ ਕੌਮੀ ਹਿਤਾਂ ਤੇ ਭਾਰਤੀ ਖਪਤਕਾਰਾਂ ਦੀ ਸੁਰੱਖਿਆ ਦੀ ਲੋੜ ‘ਤੇ ਨਿਰਦੇਸ਼ਿਤ ਹੈ।






# ਤਰਨ ਤਾਰਨ ਜ਼ਿਮਨੀ ਚੋਣ ਦਾ ਸਿਆਸੀ ਅਖਾੜਾ ਭਖ਼ਿਆ

**ਤਰਨਤਾਰਨ:** 2027 ਦੀਆਂ ਵਿਧਾਨ ਸਭਾ ਚੋਣਾਂ ਲਈ ਆਪਣਾ ਸਿਆਸੀ ਭਵਿੱਖ ਤਲਾਸ਼ਣ 'ਚ ਲੱਗੀਆਂ ਪਾਰਟੀਆਂ ਅਕਾਲੀ ਦਲ, 'ਆਪ', ਕਾਂਗਰਸ, ਭਾਜਪਾ ਤੇ ਪੰਥਕ ਧਿਰ ਵਲੋਂ ਧੜੱਲੇ ਨਾਲ ਚੋਣ ਪ੍ਰਚਾਰ ਸ਼ੁਰੂ ਕਰ ਦਿੱਤਾ ਗਿਆ ਹੈ।ਜਿਸ ਕਾਰਨ ਸਿਆਸੀ ਪਾਰਾ ਚੜ੍ਹਨ ਲੱਗ ਪਿਆ ਹੈ। ਇਸ ਚੋਣ ਵਿਚ ਸੱਤਾਧਾਰੀ ਪਾਰਟੀ 'ਆਪ' ਜਿਥੇ ਹਰ ਹੀਲੇ ਇਹ ਚੋਣ ਜਿੱਤਣਾ ਚਾਹੁੰਦੀ ਹੈ, ਉਥੇ ਕਾਂਗਰਸ, ਸ਼੍ਰੋਮਣੀ ਅਕਾਲੀ ਦਲ, ਭਾਰਤੀ ਜਨਤਾ ਪਾਰਟੀ ਤੇ ਅਕਾਲੀ ਦਲ ਵਾਰਿਸ ਪੰਜਾਬ ਦੇ ਜਥੇਬੰਦੀ ਦੇ ਨਾਲ-ਨਾਲ ਨਵੇਂ ਸ਼੍ਰੋਮਣੀ ਅਕਾਲੀ ਦਲ ਤੇ ਹੋਰ ਪੰਥਕ ਧਿਰਾਂ ਇਸ ਚੋਣ ਨੂੰ ਸਾਲ 2027 ਦੀਆਂ ਵਿਧਾਨ ਸਭਾ ਚੋਣਾਂ ਨਾਲ ਜੋੜ ਕੇ ਵੇਖ ਰਹੀਆਂ ਹਨ। ਇਹ ਸਾਰੀਆਂ ਸਿਆਸੀ ਪਾਰਟੀਆਂ 2027 ਵਿਚ ਹੋਣ ਵਾਲੀਆਂ ਵਿਧਾਨ ਸਭਾ ਚੋਣਾਂ ਲਈ ਆਪਣਾ ਸਿਆਸੀ ਭਵਿੱਖ ਤਲਾਸ਼ਣ ਤੇ ਉਹ ਕਿਥੇ ਖੜ੍ਹੇ ਹਨ, ਲਈ ਆਪਣੇ-ਆਪਣੇ 'ਪਰ' ਤੋਲਣ ਵਿਚ ਲੱਗ ਗਈਆਂ ਹਨ।

ਅਕਾਲੀ ਦਲ ਨੇ ਕਾਫੀ ਸਮਾਂ ਪਹਿਲਾਂ ਹੀ ਪ੍ਰਿੰਸੀਪਲ ਬੀਬੀ ਸੁਖਵਿੰਦਰ ਕੌਰ ਰੰਧਾਵਾ ਨੂੰ ਆਪਣਾ ਉਮੀਦਵਾਰ ਐਲਾਨਿਆ ਸੀ। ਇਸ ਤੋਂ ਇਲਾਵਾ ਭਾਰਤੀ ਜਨਤਾ ਪਾਰਟੀ ਵਲੋਂ ਨੌਜਵਾਨ ਆਗੂ ਹਰਜੀਤ ਸਿੰਘ ਸੰਧੂ ਨੂੰ ਮੈਦਾਨ ਵਿਚ ਉਤਾਰਿਆ ਗਿਆ ਹੈ। ਆਮ ਆਦਮੀ ਪਾਰਟੀ ਵਲੋਂ ਸ਼੍ਰੋਮਣੀ ਅਕਾਲੀ ਦਲ ਨੂੰ ਛੱਡ ਕੇ ਆਏ ਸਾਬਕਾ ਵਿਧਾਇਕ ਹਰਮੀਤ ਸਿੰਘ ਸੰਧੂ 'ਤੇ ਆਪਣਾ ਵਿਸ਼ਵਾਸ ਜਤਾਉਂਦਿਆਂ ਉਨ੍ਹਾਂ ਨੂੰ ਪਾਰਟੀ ਦਾ ਉਮੀਦਵਾਰ ਬਣਾਇਆ ਗਿਆ ਹੈ। ਕਾਂਗਰਸ ਪਾਰਟੀ ਵਲੋਂ ਕਰਨਬੀਰ ਸਿੰਘ ਬੁਰਜ ਨੂੰ ਮੈਦਾਨ ਵਿਚ ਉਤਾਰਿਆ ਗਿਆ ਹੈ। ਲੋਕ ਸਭਾ ਚੋਣਾਂ ਵਿਚ ਭਾਈ ਅੰਮ੍ਰਿਤਪਾਲ ਸਿੰਘ ਵਲੋਂ ਵੱਡੀ ਜਿੱਤ ਦਰਜ ਕਰਨ ਤੋਂ ਬਾਅਦ ਤਰਨ ਤਾਰਨ ਜ਼ਿਲ੍ਹੇ ਵਿਚ ਆਪਣੀ ਵੱਡੀ ਛਾਪ ਛੱਡਣ ਵਾਲੀ ਅਕਾਲੀ ਦਲ ਵਾਰਿਸ ਪੰਜਾਬ ਦੇ ਜਥੇਬੰਦੀ ਵਲੋਂ ਵੀ ਜੇਲ੍ਹ ਵਿਚ ਬੰਦ ਸੰਦੀਪ ਸਿੰਘ ਸੰਨੀ ਦੇ ਭਰਾ ਮਨਦੀਪ ਸਿੰਘ ਨੂੰ ਮੈਦਾਨ ਵਿਚ ਉਤਾਰਿਆ ਗਿਆ ਹੈ, ਜਿਸ ਦਾ ਸਮਰਥਨ ਨਵੇਂ ਬਣੇ ਸ਼੍ਰੋਮਣੀ ਅਕਾਲੀ ਦਲ (ਜਥੇਦਾਰ ਹਰਪ੍ਰੀਤ ਸਿੰਘ) ਤੋਂ ਇਲਾਵਾ ਖਾਲੜਾ ਮਿਸ਼ਨ ਤੇ ਹੋਰ ਪੰਥਕ ਜਥੇਬੰਦੀਆਂ। ਵਲੋਂ ਕੀਤਾ ਗਿਆ ਹੈ। ਸ਼੍ਰੋਮਣੀ ਅਕਾਲੀ ਦਲ ਵਲੋਂ ਪ੍ਰਿੰਸੀਪਲ ਸੁਖਵਿੰਦਰ ਕੌਰ ਰੰਧਾਵਾ ਨੂੰ ਮੈਦਾਨ ਵਿਚ ਉਤਾਰਿਆ ਗਿਆ ਹੈ, ਜੋ ਕਿ ਵਿਧਾਨ ਸਭਾ ਹਲਕਾ ਤਰਨ ਤਾਰਨ ਨਾਲ ਸੰਬੰਧਿਤ 43 ਦੇ ਕਰੀਬ ਸਰਪੰਚਾਂ ਤੇ 8 ਕੌਂਸਲਰਾਂ ਦੇ ਨਾਲ ਆਜ਼ਾਦ ਗਰੁੱਪ ਬਣਾ ਕੇ ਚਰਚਾ ਵਿਚ ਆਏ ਸਨ। ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਖੁਦ ਚੋਣ ਮੁਹਿੰਮ ਦੀ ਨਿਗਰਾਨੀ ਕਰ ਰਹੇ ਹਨ ਤੇ ਪਿਛਲੇ ਦਿਨੀਂ ਉਨ੍ਹਾਂ ਨੇ ਸ਼੍ਰੋਮਣੀ ਅਕਾਲੀ ਦਲ ਨਾਲ ਸੰਬੰਧਿਤ ਸਾਬਕਾ ਮੰਤਰੀਆਂ, ਸਾਬਕਾ ਵਿਧਾਇਕਾਂ ਤੇ ਹੋਰ ਸੀਨੀਅਰ ਆਗੂਆਂ ਨੂੰ 2 ਜ਼ੋਨਾਂ (ਸ਼ਹਿਰੀ ਤੇ ਪੇਂਡੂ) ਵਿਚ ਵੰਡ ਕੇ ਪ੍ਰਿੰਸੀਪਲ ਸੁਖਵਿੰਦਰ ਕੌਰ ਰੰਧਾਵਾ ਦੀ ਚੋਣ ਮੁਹਿੰਮ ਨੂੰ ਭਖਾ ਦਿੱਤਾ। ਹੈ। ਆਉਣ ਵਾਲੇ ਦਿਨਾਂ ਵਿਚ ਜੇਕਰ ਜੇਲ੍ਹ ਵਿਚ ਬੰਦ ਬਿਕਰਮ ਸਿੰਘ ਮਜੀਠੀਆ ਜ਼ਮਾਨਤ 'ਤੇ ਬਾਹਰ ਆਉਂਦੇ ਹਨ ਤਾਂ ਉਨ੍ਹਾਂ ਦਾ ਫਾਇਦਾ ਅਕਾਲੀ ਦਲ ਨੂੰ ਜ਼ਰੂਰ ਮਿਲੇਗਾ ਕਿਉਂਕਿ ਇਸ ਇਲਾਕੇ ਵਿਚ ਬਿਕਰਮ ਸਿੰਘ ਮਜੀਠੀਆ ਆਪਣਾ ਚੰਗਾ ਪ੍ਰਭਾਵ ਰੱਖਦੇ ਹਨ। ਇਸ ਤੋਂ ਇਲਾਵਾ ਬੀਬੀ ਹਰਸਿਮਰਤ ਕੌਰ ਬਾਦਲ ਦੇ ਨਾਲ-ਨਾਲ ਅਕਾਲੀ ਦੂਲ ਦੀ ਮਹਿਲਾ ਵਿੰਗ, ਯੂਥ ਵਿੰਗ, ਐੱਸ.ਸੀ. ਵਿੰਗ, ਬੀ.ਸੀ. ਵਿੰਗ ਤੋਂ ਇਲਾਵਾ ਨੌਜਵਾਨਾਂ ਨਾਲ ਸੰਬੰਧਿਤ ਐੱਸ.ਓ.ਆਈ. ਦੇ ਅਹੁਦੇਦਾਰ ਵੀ ਚੋਣ ਮੈਦਾਨ ਵਿਚ ਆਪਣੀਆਂ ਡਿਊਟੀਆਂ ਸੰਭਾਲ ਲੈਣਗੇ।

ਕਾਂਗਰਸ ਪਾਰਟੀ ਵਲੋਂ ਸੀਨੀਅਰ ਕਾਂਗਰਸੀ ਆਗੂ ਰਹੇ ਜਸਬੀਰ ਸਿੰਘ ਜੱਸ ਬੁਰਜ ਦੇ ਬੇਟੇ ਕਰਨਬੀਰ ਸਿੰਘ ਬੁਰਜ ਨੂੰ ਪਾਰਟੀ ਦਾ ਉਮੀਦਵਾਰ ਬਣਾਇਆ ਗਿਆ ਹੈ। ਇਥੇ ਕਾਂਗਰਸੀ ਟਿਕਟ ਹਾਸਿਲ ਕਰਨ ਲਈ ਅੱਧੀ ਦਰਜਨ ਤੋਂ ਵੱਧ ਕਾਂਗਰਸੀ ਆਗੂ ਲਾਈਨ ਵਿਚ ਲੱਗੇ ਹੋਏ ਸਨ। ਟਿਕਟ ਮਿਲਣ ਤੋਂ ਬਾਅਦ ਕਰਨਬੀਰ ਸਿੰਘ ਬੁਰਜ ਦੇ ਨਾਲ ਕਾਂਗਰਸ ਦੇ ਸੂਬਾ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ, ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ, ਸਾਬਕਾ ਉਪ ਮੁੱਖ ਮੰਤਰੀ ਓਮ ਪ੍ਰਕਾਸ਼ ਸੋਨੀ ਤੋਂ ਇਲਾਵਾ ਬਹੁਤ ਸਾਰੇ ਸੀਨੀਅਰ ਆਗੂ ਗੇੜਾ ਮਾਰ ਕੇ ਚਲੇ ਗਏ ਹਨ।

ਹਾਲ ਹੀ ਵਿਚ ਕਾਂਗਰਸ ਪਾਰਟੀ ਵਿਚ ਸ਼ਾਮਿਲ ਹੋਏ ਧੜੱਲੇਦਾਰ ਆਗੂ ਮੰਨੇ ਜਾਂਦੇ ਅਨਿਲ ਜੋਸ਼ੀ ਤਰਨ ਤਾਰਨ ਨਾਲ ਸੰਬੰਧਿਤ ਹਨ ਤੇ ਉਨ੍ਹਾਂ ਦੇ ਕਾਂਗਰਸ ਪਾਰਟੀ ਵਿਚ ਸ਼ਾਮਿਲ ਹੋਣ ਨਾਲ ਤਰਨ ਤਾਰਨ ਸ਼ਹਿਰ ਵਿਚ ਕਾਂਗਰਸ ਨੂੰ ਚੰਗਾ ਫਾਇਦਾ ਹੋ ਸਕਦਾ ਹੈ।

ਆਮ ਆਦਮੀ ਪਾਰਟੀ ਵਲੋਂ ਹਰਮੀਤ ਸਿੰਘ ਸੰਧੂ ਨੂੰ ਚੋਣ ਮੈਦਾਨ ਵਿਚ ਉਤਾਰਿਆ ਗਿਆ ਹੈ। ਹਰਮੀਤ ਸਿੰਘ ਸੰਧੂ ਇਕ ਵਾਰ ਆਜ਼ਾਦ ਤੇ ਦੋ ਵਾਰ ਸ਼੍ਰੋਮਣੀ ਅਕਾਲੀ ਦਲ ਦੀ ਟਿਕਟ ਉਪਰ ਚੋਣ ਜਿੱਤ ਕੇ ਵਿਧਾਇਕ ਬਣੇ ਸਨ। ਉਹ ਬਿਕਰਮ ਸਿੰਘ ਮਜੀਠੀਆ ਅਤੇ ਸੁਖਬੀਰ ਸਿੰਘ ਬਾਦਲ ਦੇ ਨਜ਼ਦੀਕੀਆਂ ਵਿਚੋਂ ਇਕ ਮੰਨੇ ਜਾਂਦੇ ਸਨ। ਉਨ੍ਹਾਂ ਵਲੋਂ ਹੁਣ ਚੋਣ ਮੈਦਾਨ ਵਿਚ ਆਉਣ ਤੋਂ ਬਾਅਦ ਜਿਥੇ ਉਹ ਆਪਣੇ ਪੁਰਾਣੇ ਸਾਥੀਆਂ ਨੂੰ ਆਪਣੀ ਚੋਣ ਮੁਹਿੰਮ ਵਿਚ ਤੋਰਨ ਵਿਚ ਲੱਗੇ ਹੋਏ ਹਨ, ਉਥੇ ਉਹ ਆਮ ਆਦਮੀ ਪਾਰਟੀ ਦੀ ਵੋਟ ਬੈਂਕ ਨੂੰ ਵੀ ਆਪਣੇ ਨਾਲ ਤੋਰ ਰਹੇ ਹਨ। ਇਸ ਚੋਣ ਵਿਚ ਹਰਮੀਤ ਸਿੰਘ ਸੰਧੂ ਦੇ ਹੱਕ ਵਿਚ ਸਭ ਤੋਂ ਵੱਡੀ ਗੱਲ ਇਹ ਜਾਂਦੀ ਹੈ ਕਿ ਉਨ੍ਹਾਂ ਦੀ ਪਾਰਟੀ ਸਰਕਾਰ ਵਿਚ ਹੈ, ਜਿਸ ਕਾਰਨ ਉਨ੍ਹਾਂ ਨੂੰ ਹਰ ਥਾਂ 'ਤੇ ਇਸਦਾ ਫਾਇਦਾ ਮਿਲ ਸਕਦਾ ਹੈ। ਆਮ ਆਦਮੀ ਪਾਰਟੀ ਵਲੋਂ ਮੁੱਖ ਮੰਤਰੀ ਭਗਵੰਤ ਮਾਨ ਤੋਂ ਇਲਾਵਾ ਦਿੱਲੀ ਦੀ ਲੀਡਰਸ਼ਿਪ ਅਤੇ ਪੰਜਾਬ ਸਰਕਾਰ ਵਿਚ ਮੌਜੂਦ ਮੰਤਰੀ, ਵਿਧਾਇਕ ਅਤੇ ਚੇਅਰਮੈਨਾਂ ਦੇ ਨਾਲ-ਨਾਲ ਪਾਰਟੀ ਦੇ ਸੀਨੀਅਰ ਆਗੂ ਚੋਣ ਮੁਹਿੰਮ ਵਿਚ ਹਿੱਸਾ ਲੈਣ ਲਈ ਤਰਨ ਤਾਰਨ ਪਹੁੰਚ ਰਹੇ ਹਨ। ਭਾਰਤੀ ਜਨਤਾ ਪਾਰਟੀ ਵਲੋਂ ਨੌਜਵਾਨ ਆਗੂ ਹਰਜੀਤ ਸਿੰਘ ਸੰਧੂ ਨੂੰ ਆਪਣਾ ਉਮੀਦਵਾਰ ਬਣਾਇਆ ਗਿਆ ਹੈ। ਹਰਜੀਤ ਸਿੰਘ ਸੰਧੂ ਨੇ ਆਪਣਾ ਸਿਆਸੀ ਭਵਿੱਖ ਸ਼੍ਰੋਮਣੀ ਅਕਾਲੀ ਦਲ ਤੋਂ ਸ਼ੁਰੂ ਕੀਤਾ ਸੀ, ਉਹ ਸਾਬਕਾ ਵਿਧਾਇਕ ਮਨਜੀਤ ਸਿੰਘ ਮੰਨਾ ਦੇ ਨਜ਼ਦੀਕੀਆਂ ਵਿਚੋਂ ਇਕ ਸਨ। ਮਨਜੀਤ ਸਿੰਘ ਮੰਨਾ ਦੇ ਸ਼੍ਰੋਮਣੀ ਅਕਾਲੀ ਦਲ ਨੂੰ ਛੱਡ ਕੇ ਭਾਜਪਾ ਵਿਚ ਸ਼ਾਮਿਲ ਹੋਣ ਸਮੇਂ ਹਰਜੀਤ ਸਿੰਘ ਸੰਧੂ ਵੀ ਭਾਜਪਾ ਵਿਚ ਸ਼ਾਮਿਲ ਹੋ ਗਏ ਸਨ ਅਤੇ ਪਾਰਟੀ ਵਲੋਂ ਉਨ੍ਹਾਂ ਨੂੰ ਤਰਨ ਤਾਰਨ ਜ਼ਿਲ੍ਹੇ ਦੇ ਪ੍ਰਧਾਨ ਬਣਾਇਆ ਗਿਆ ਸੀ।ਪ੍ਰਧਾਨ ਬਣਨ ਤੋਂ ਬਾਅਦ ਹਰਜੀਤ ਸਿੰਘ ਸੰਧੂ ਨੇ ਧੜੱਲੇ ਨਾਲ ਭਾਜਪਾ ਲਈ ਪ੍ਰਚਾਰ ਕੀਤਾ ਤੇ ਉਹ ਪਾਰਟੀ ਦੇ ਵੱਡੇ ਅਹੁਦੇਦਾਰਾਂ ਦੀ ਅੱਖ 'ਤੇ ਚੜ੍ਹ ਗਏ।

ਅਕਾਲੀ ਦਲ ਵਾਰਿਸ ਪੰਜਾਬ ਦੇ ਜਥੇਬੰਦੀ ਵਲੋਂ ਸੁਧੀਰ ਸੁਰੀ ਕਤਲ ਕਾਂਡ ਦੇ ਮੁੱਖ ਦੋਸ਼ੀ ਮੰਨੇ ਜਾਂਦੇ ਭਾਈ ਸੰਦੀਪ ਸਿੰਘ ਸੰਨੀ ਦੇ ਭਰਾ ਮਨਦੀਪ ਸਿੰਘ ਨੂੰ ਚੋਣ ਮੈਦਾਨ ਵਿਚ ਉਤਾਰਿਆ ਗਿਆ ਹੈ। ਉਨ੍ਹਾਂ ਨੂੰ ਸ਼੍ਰੋਮਣੀ ਅਕਾਲੀ ਦਲ (ਗਿਆਨੀ ਹਰਪ੍ਰੀਤ ਸਿੰਘ) ਤੋਂ ਇਲਾਵਾ ਹੋਰ ਪੰਥਕ ਧਿਰਾਂ ਦੀ ਹਮਾਇਤ ਵੀ ਮਿਲ ਚੁੱਕੀ ਹੈ। ਲੰਘੀਆਂ ਪਾਰਲੀਮੈਂਟ ਚੋਣਾਂ ਵਿਚ ਤਰਨ ਤਾਰਨ ਜ਼ਿਲ੍ਹੇ ਵਿਚ ਆਪਣਾ ਚੰਗਾ ਅਸਰ ਰਸੂਖ ਬਣਾਉਣ ਵਾਲੀ ਅਕਾਲੀ ਦਲ ਵਾਰਿਸ ਪੰਜਾਬ ਦੇ ਜਥੇਬੰਦੀ ਵਲੋਂ ਭਾਈ ਅੰਮ੍ਰਿਤਪਾਲ ਸਿੰਘ ਦੇ ਪਿਤਾ ਤਰਸੇਮ ਸਿੰਘ ਤੇ ਸੰਸਦ ਮੈਂਬਰ ਭਾਈ ਸਰਬਜੀਤ ਸਿੰਘ ਖ਼ਾਲਸਾ ਦੀ ਅਗਵਾਈ ਵਿਚ ਆਪਣਾ ਚੋਣ ਪ੍ਰਚਾਰ ਸ਼ੁਰੂ ਕਰ ਦਿੱਤਾ ਹੈ। ਪਾਰਲੀਮੈਂਟ ਚੋਣਾਂ ਦੌਰਾਨ ਨੌਜਵਾਨਾਂ ਦੇ ਨਾਲ ਨਾਲ ਹਰ ਵਰਗ ਵਲੋਂ ਅਕਾਲੀ ਦਲ ਵਾਰਿਸ ਪੰਜਾਬ ਦੇ ਜਥੇਬੰਦੀ ਨੂੰ ਵੱਡਾ ਸਮਰਥਨ ਦਿੱਤਾ ਗਿਆ ਸੀ। ਹੁਣ ਦੇਖਣਾ ਹੈ ਕਿ ਇਸ ਜ਼ਿਮਨੀ ਚੋਣ ਵਿਚ ਅਕਾਲੀ ਦਲ ਵਾਰਿਸ ਪੰਜਾਬ ਦੇ ਜਥੇਬੰਦੀ ਪਹਿਲਾਂ ਵਾਲੇ ਪ੍ਰਭਾਵ ਨੂੰ ਕਾਇਮ ਰੱਖਦੀ ਹੈ ਜਾਂ ਉਨ੍ਹਾਂ ਨੂੰ ਜ਼ਿਮਨੀ ਚੋਣ ਕਾਰਨ ਮੁਸ਼ਕਿਲ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਇਸ ਚੋਣ ਵਿਚ ਇਹ ਵੀ ਦੇਖਣਾ ਹੋਵੇਗਾ ਕਿ ਅਕਾਲੀ ਦਲ ਵਾਰਿਸ ਪੰਜਾਬ ਦੇ ਜਥੇਬੰਦੀ ਕਿਹੜੀ ਪਾਰਟੀ ਦੇ ਵੋਟਰਾਂ ਨੂੰ ਖੋਰਾ ਲਾਵੇਗੀ। ਕੁੱਲ ਮਿਲਾ ਕੇ ਤਰਨ ਤਾਰਨ ਜ਼ਿਮਨੀ ਚੋਣ ਦਾ ਮੈਦਾਨ ਤਿਆਰ ਹੋ ਚੁੱਕਾ ਹੈ ਤੇ ਸਾਰੀਆਂ ਸਿਆਸੀ ਪਾਰਟੀਆਂ ਹਿੱਕ ਠੋਕ ਕੇ ਆਪਣੇ-ਆਪਣੇ ਉਮੀਦਵਾਰਾਂ ਨੂੰ ਜਿਤਾਉਣ ਲਈ ਵੋਟਰਾਂ ਨੂੰ ਲੁਭਾਉਣ ਵਿਚ ਲੱਗੀਆਂ ਹੋਈਆਂ ਹਨ।

# 'ਸੁਰਖ਼ ਰਾਹਾਂ ਦੀਆਂ ਸਿਮਰਤੀਆਂ' ਉੱਪਰ ਗੋਸ਼ਟੀ

ਪੰਜਾਬੀ ਸਾਹਿਤ ਸਭਾ ਸੈਂਟਰਲ ਵੈਲੀ (ਕੈਲੀਫੋਰਨੀਆ) ਵੱਲੋਂ ਪ੍ਰੋ. ਹਰਭਜਨ ਸਿੰਘ ਦੀ ਨਵ-ਪ੍ਰਕਾਸ਼ਿਤ ਪੁਸਤਕ 'ਸੁਰਖ਼ ਰਾਹਾਂ ਦੀਆਂ ਸਿਮਰਤੀਆਂ' (ਡਾਇਰੀ) ਉੱਪਰ ਪੈਟਰਸਨ (ਕੈਲੀਫੋਰਨੀਆ) ਵਿਖੇ ਵਿਚਾਰ-ਗੋਸ਼ਟੀ ਕਰਵਾਈ ਗਈ। ਇਸ ਵਿਚ ਪੰਜਾਬ ਤੋਂ ਆਏ ਵਿਦਵਾਨ ਆਲੋਚਕਾਂ ਅਤੇ ਪੰਜਾਬੀ ਸਾਹਿਤ ਸਭਾ ਸੈਂਟਰਲ ਵੈਲੀ ਦੇ ਮੈਂਬਰਾਂ ਨੇ ਹਿੱਸਾ ਲਿਆ। ਉਦਘਾਟਨੀ ਭਾਸ਼ਣ ਵਿਚ ਡਾ. ਧਨਵੰਤ ਕੌਰ ਨੇ ਕਿਹਾ ਕਿ 'ਸੁਰਖ਼ ਰਾਹਾਂ ਦੀਆਂ ਸਿਮਰਤੀਆਂ' ਵਿਚ ਬਿਰਤਾਂਤਿਆ ਆਤਮ ਆਪਣੇ ਅਤੀਤ ਦੀਆਂ ਸੰਗਰਾਮੀ ਯਾਦਾਂ ਵਿਚੋਂ ਤ੍ਰਾਣ ਹਾਸਲ ਕਰਦਾ ਹੋਇਆ ਪਰਵਾਸੀ ਹੋਂਦ ਚੇਤਨਾ ਨਾਲ ਜੁੜੀ ਵਰਤਮਾਨ ਵਿਸ਼ਵ ਵਿਵਸਥਾ ਦੀ ਸਮੀਖਿਆ ਵਿਚੋਂ ਆਪਣੇ ਹੋਣ-ਥੀਣ ਦੇ ਅਰਥ ਤਲਾਸ਼ਦਾ ਹੈ ਅਤੇ ਲੋਕਾਈ ਨੂੰ ਆਸ ਦਾ ਪੱਲਾ ਫੜਾਉਣ ਲਈ ਸਾਹਿਤ ਦੀ ਭੂਮਿਕਾ ਨੂੰ ਰੋਹਲੇ ਬਾਣ ਮਿਥਦਾ ਹੈ।

ਡਾ. ਗੁਰਪਾਲ ਸਿੰਘ ਸੰਧੂ ਨੇ ਆਪਣਾ ਖੋਜ-ਪੱਤਰ ਪੇਸ਼ ਕਰਦਿਆਂ ਕਿਹਾ ਕਿ ਇਹ ਅਜਿਹੀ ਰਚਨਾ ਹੈ, ਜਿਸਦੇ ਬਿਰਤਾਂਤ ਦਾ ਪ੍ਰਗਟਾਅ-ਮੂਲਕ ਤੇ ਅਰਥਗਤ ਪਾਸਾਰਾ ਇਕੋ ਵੇਲੇ ਵਰਤਮਾਨ ਤੋਂ ਅਤੀਤ ਅਤੇ ਫ਼ਿਰ ਭਵਿੱਖ ਦੀ ਸੰਕੇਤਿਕ ਅਤੇ ਰਚਨਾਤਮਕ ਯਾਤਰਾ ਕਰਦਾ ਹੈ। ਡਾ. ਮਨਜੀਤ ਕੌਰ ਨੇ ਕਿਹਾ, ਇਹ ਯਾਦਗਾਰੀ ਕਿਰਤ ਸਿਰਫ਼ ਵਿਅਕਤੀਗਤ ਯਾਦਾਂ ਨੂੰ ਹੀ ਨਹੀਂ ਸਾਂਭਦੀ, ਸਗੋਂ ਇਸਦਾ ਹਰੇਕ ਪੰਨਾ ਪ੍ਰਤਿਰੋਧ ਅਤੇ ਉਮੀਦ ਦਾ ਪ੍ਰਤੀਕ ਬਣ ਕੇ ਪੇਸ਼ ਹੁੰਦਾ ਹੈ। ਪੀ ਭਾਨੂੰ ਨੇ ਆਪਣੇ ਸੰਗਰਾਮੀ ਜੀਵਨ ਤੇ ਇਸ ਪੁਸਤਕ ਦੇ ਹਵਾਲੇ ਨਾਲ ਕਿਹਾ ਕਿ ਇਹ ਰਚਨਾ ਹਮੇਸ਼ਾ ਅਹਿਸਾਸ ਪੈਦਾ ਕਰੇਗੀ ਕਿ ਮੁੱਠੀ ਭਰ ਜ਼ਾਲਮ ਲੋਕਾਂ ਦੀ ਹਕੂਮਤ ਦਾ ਅੰਤ ਅਤੇ ਵਿਨਾਸ਼ ਹੋਣਾ ਬੇਹੱਦ ਜ਼ਰੂਰੀ ਹੈ।

ਪ੍ਰੋ. ਬਲਜਿੰਦਰ ਸਿੰਘ ਸਵੈਚ ਨੇ ਪ੍ਰੋ. ਹਰਭਜਨ ਸਿੰਘ ਦੀਆਂ ਕ੍ਰਾਂਤੀਕਾਰੀ ਸਰਗਰਮੀਆਂ ਨੂੰ ਬੇਮਿਸਾਲ ਦੱਸਦਿਆਂ ਉਨ੍ਹਾਂ ਦੀ ਵਿਚਾਰਧਾਰਕ ਪ੍ਰਤੀਬੱਧਤਾ ਦੇ ਮੂਲ ਪਾਸਾਰਾਂ ਨੂੰ ਉਭਾਰਿਆ। ਮਨਦੀਪ ਗੋਰਾ ਨੇ ਲੇਖਕ ਦੇ ਕ੍ਰਾਂਤੀਕਾਰੀ ਜੀਵਨ ਤੇ ਲਿਖਤਾਂ ਨੂੰ ਆਪਣੇ ਜੀਵਨ ਦੇ ਅਮੁੱਲ ਪ੍ਰੇਰਕ ਵਜੋਂ ਤਸਲੀਮ ਕੀਤਾ। ਹਰਪ੍ਰੀਤ ਕੌਰ ਧੂਤ ਨੇ ਪੁਸਤਕ ਸੰਬੰਧੀ ਮਹੱਤਵਪੂਰਨ ਸੁਆਲ ਉਠਾਏ। ਡਾ. ਮਨਜਿੰਦਰ ਸਿੰਘ ਨੇ ਕਿਹਾ ਕਿ ਇਹ ਪੁਸਤਕ ਸ਼ੋਸ਼ਣ ਤੇ ਵਿਤਕਰਿਆਂ ਤੋਂ ਮੁਕਤ ਸਮਾਜ ਦੀ ਸਿਰਜਣਾ ਅਤੇ ਇਸਦੇ ਰਸਤੇ ਦੀਆਂ ਰੁਕਾਵਟਾਂ ਸਨਮੁੱਖ ਬੁਨਿਆਦੀ ਪ੍ਰਸ਼ਨ ਖੜ੍ਹੇ ਕਰਦੀ ਹੋਈ, ਸਮੱਸਿਆਵਾਂ ਦੇ ਉੱਤਰ ਆਤਮ ਚਿੰਤਨ ਵਿਚੋਂ ਤਲਾਸ਼ਣ ਲਈ ਪ੍ਰੇਰਤ ਕਰਦੀ ਹੈ। ਤਾਰਾ ਸਾਗਰ ਨੇ ਲੇਖਕ ਨਾਲ ਆਪਣੀਆਂ ਪੀਢੀਆਂ ਸਾਂਝਾਂ ਦੀ ਬਾਤ ਪਾਈ। ਕੁਲਵੰਤ ਸੇਖੋਂ ਨੇ ਰਚਨਾ ਵਿਚਲੀ ਕ੍ਰਾਂਤੀਕਾਰੀ ਚੇਤਨਾ ਦੀ ਪ੍ਰਸ਼ੰਸਾ ਕੀਤੀ। ਡਾ. ਜਸਵਿੰਦਰ ਸਿੰਘ ਨੇ ਕਿਹਾ ਕਿ ਇਹ ਰਚਨਾ, ਲੇਖਕ ਦੇ ਉਤਰਾਵਾਂ-ਚੜ੍ਹਾਵਾਂ ਵਾਲੇ ਸੰਘਰਸ਼ਮਈ ਜੀਵਨ ਤੇ ਕ੍ਰਾਂਤੀਕਾਰੀ ਚੇਤਨਾ-ਚਿੰਤਨ ਨੂੰ ਸਵੈ-ਪ੍ਰਸ਼ੰਸਾ ਤੋਂ ਮੁਕਤ ਸੁਰ ਵਿਚ ਪ੍ਰਗਟਾਉਂਦੀ ਹੋਈ ਨਵੇਂ ਕੀਰਤੀਮਾਨ ਸਥਾਪਤ ਕਰਦੀ ਹੈ। ਪ੍ਰੋ. ਹਰਭਜਨ ਸਿੰਘ ਨੇ ਸਭ ਹਾਜ਼ਰੀਨ ਦਾ ਸ਼ੁਕਰੀਆ ਕਰਦਿਆਂ ਖੁਸ਼ੀ ਜ਼ਾਹਿਰ ਕੀਤੀ ਕਿ ਪਹਿਲੀਆਂ ਲਿਖਤਾਂ ਵਾਂਗ ਇਸ ਪੁਸਤਕ ਨੂੰ ਵੀ ਭਰਵਾਂ ਉਸਾਰੂ ਹੁੰਗਾਰਾ ਮਿਲ ਰਿਹਾ ਹੈ।



*ਪੇਪਰ ਲੇਖਕ ਤੇ ਹੋਰ ਬੁਲਾਰੇ (ਖੱਬਿਉਂ - ਸੱਜੇ) - ਡਾ. ਮਨਜਿੰਦਰ ਸਿੰਘ, ਪ੍ਰੋ. ਹਰਭਜਨ ਸਿੰਘ, ਡਾ. ਜਸਵਿੰਦਰ ਸਿੰਘ, ਡਾ. ਗੁਰਪਾਲ ਸਿੰਘ ਸੰਧੂ, ਪੀ ਭਾਨੂੰ, ਡਾ. ਧਨਵੰਤ ਕੌਰ, ਡਾ. ਮਨਜੀਤ ਕੌਰ, ਪ੍ਰੋ. ਬਲਜਿੰਦਰ ਸਿੰਘ ਸਵੈਚ, ਮਨਦੀਪ ਗੋਰਾ, ਕੁਲਵੰਤ ਸੇਖੋਂ, ਹਰਪ੍ਰੀਤ ਕੌਰ ਧੂਤ।*

***ਵਲੋਂ: ਸਮੂਹ ਕਾਰਜ ਕਾਰਨੀ ਕਮੇਟੀ, ਪੰਜਾਬੀ ਸਾਹਿਤ ਸਭਾ ਸੈਂਟਰਲ ਵੈਲੀ (ਕੈਲੀਫੋਰਨੀਆ)***

# 'ਸਿੱਖ ਅਧਿਐਨ ਦੀ ਰੂਪ-ਰੇਖਾ' ਵਿਸ਼ੇ 'ਤੇ ਵਿਚਾਰ ਗੋਸ਼ਟੀ

**ਸਟਾਕਟਨ:** ਪੰਜਾਬੀ ਸਾਹਿਤ ਸਭਾ ਸਟਾਕਟਨ ਵਲੋਂ ਬੀਤੇ ਦਿਨੀਂ ਇੱਥੇ 'ਸਿੱਖ ਅਧਿਐਨ ਦੀ ਰੂਪ ਰੇਖਾ' ਵਿਸ਼ੇ 'ਤੇ ਪੰਜਾਬੀ ਸਾਹਿਤਕਾਰਾਂ ਅਤੇ ਵਿਦਵਾਨਾਂ ਦੇ ਸਹਿਯੋਗ ਨਾਲ ਵਿਚਾਰ ਗੋਸ਼ਟੀ ਕਰਵਾਈ ਗਈ। ਪੰਜਾਬ ਯੂਨੀਵਰਸਟੀ ਚੰਡੀਗੜ੍ਹ ਦੇ ਪੰਜਾਬੀ ਵਿਭਾਗ ਵਿਚ ਪ੍ਰੋਫੈਸਰ ਦੇ ਅਹੁਦੇ 'ਤੇ ਸੇਵਾਵਾਂ ਨਿਭਾਅ ਰਹੇ ਡਾ. ਗੁਰਪਾਲ ਸਿੰਘ ਸੰਧੂ ਅਤੇ ਸੇਵਾ ਮੁਕਤ ਡਾ. ਮਨਜੀਤ ਕੌਰ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ। ਹਰਜਿੰਦਰ ਪੰਧੇਰ ਨੇ ਸਭਾ ਵਲੋਂ ਉਨ੍ਹਾਂ ਨੂੰ ਜੀ ਆਇਆਂ ਆਖਿਆ। ਡਾ. ਹਰਮਿੰਦਰ ਸਿੰਘ 'ਸਿੱਧੂ' ਨੇ ਆਪਣੀ ਪੁਸਤਕ, 'ਮਨ ਤਨ ਭਏ ਅਰੋਗਾ' ਉਨ੍ਹਾਂ ਨੂੰ ਭੇਟ ਕੀਤੀ। ਡਾ. ਗੁਰਪਾਲ ਸਿੰਘ ਸੰਧੂ ਨੇ ਸਬੰਧਤ ਵਿਸ਼ੇ ਬਾਰੇ ਭਾਸ਼ਣ ਸਵਾਲੀਆ ਲਹਿਜ਼ੇ ਨਾਲ ਸ਼ੁਰੂ ਕੀਤਾ ਕਿ ਸਿੱਖ ਅਧਿਐਨ ਕੀ ਹੈ? ਇਹ ਕਿਵੇਂ ਕੰਮ ਕਰਦਾ ਹੈ? ਇਸ ਨੂੰ ਕਿਵੇਂ ਉਸਾਰਿਆ ਜਾ ਸਕਦਾ ਹੈ? ਇਸ ਨੂੰ ਕੀ ਕੀ ਚੈਲੰਜ ਹਨ? ਉਨ੍ਹਾਂ ਦੱਸਿਆ ਕਿ ਸਿੱਖ ਗਿਆਨ ਦਾ ਮੂਲ ਆਧਾਰ ਗ੍ਰੰਥ ਸਾਹਿਬ ਹੋਣਾ ਚਾਹੀਦਾ ਹੈ ਨਾ ਕਿ ਸਥਿਤੀਆਂ, ਜਿਸ ਦੀ ਰਚਨਾ ਸਿੱਖ ਗੁਰੂਆਂ ਦੀ ਕਰਮ ਭੂਮੀ ਪੰਜਾਬ ਦੀ ਧਰਤੀ 'ਤੇ ਹੋਈ। ਇਸ ਗਿਆਨ ਗ੍ਰੰਥ ਵਿਚ ਸ਼ਾਮਲ ਗੁਰੂ ਗੰਭੀਰ ਚਿੰਤਨ, ਮੰਥਨ ਵਾਲੀਆਂ ਸ਼ਖਸੀਅਤਾਂ ਸਨ। ਜਿਨ੍ਹਾਂ ਹਮੇਸ਼ਾ ਸਿਰਜਣ ਅਤੇ ਵਿਸਰਜਨ ਨੂੰ ਮਹੱਤਤਾ ਦਿੱਤੀ, ਅਤੇ ਅਜਿਹੀ ਬਾਣੀ ਨੂੰ ਹੀ ਗ੍ਰੰਥ ਸਾਹਿਬ ਵਿਚ ਸ਼ਾਮਲ ਕੀਤਾ ਜੋ ਉਨ੍ਹਾਂ ਦੇ ਮਾਪਦੰਡਾਂ 'ਤੇ ਸਹੀ ਉੱਤਰਦੀ ਸੀ। ਗੁਰਬਾਣੀ ਵਿਚ 'ਸ਼ਬਦ' ਗੁਰੂ ਹੈ। ਉਹ ਸ਼ਬਦ ਜਿਸ ਵਿਚ ਸੁਰਤ ਅਤੇ ਧੁਨ ਸ਼ਾਮਲ ਹਨ। ਜਦੋਂ ਕਿ ਬੋਧੀਆਂ ਵਿਚ 'ਸ਼ਬਦ' ਬ੍ਰਹਮ ਹੈ ਅਤੇ ਵੇਦਾਂ ਵਿਚ ਨਾਦ। ਪ੍ਰੋਫੈਸਰ ਗੁਰਪਾਲ ਸਿੰਘ ਸੰਧੂ ਨੇ ਅੱਗੇ ਦੱਸਿਆ ਕਿ ਗੁਰੂ ਗ੍ਰੰਥ ਸਾਹਿਬ ਰਿਗਵੇਦ ਵਿਚੋਂ ਨਹੀਂ ਆਇਆ। ਇਹ ਉਸਦੇ ਬਰਾਬਰ ਇੱਕ ਵੱਖਰਾ ਗ੍ਰੰਥ ਹੈ। ਗੁਰਬਾਣੀ ਦੀ ਵਿਲੱਖਣਤਾ ਬਾਰੇ ਗੱਲ ਅੱਗੇ ਤੋਰਦਿਆਂ ਉਨ੍ਹਾਂ ਕਿਹਾ ਕਿ ਗੁਰਬਾਣੀ ਸਮਾਜ ਦੁਆਰਾ ਸਿਰਜੇ ਮਨੁੱਖ ਦੀ ਥਾਂ ਕੁਦਰਤ ਦੁਆਰਾ ਸਿਰਜੇ ਮਨੁੱਖ ਦੀ ਗੱਲ ਕਰਦੀ ਹੈ। ਇਸ ਵਿਚਲਾ ਮਨੁੱਖ ਸਰੀਰਕ ਬੰਧਨਾਂ ਤੋਂ ਮੁਕਤ ਪਾਰਬ੍ਰਹਮ ਵਿਚ ਟੇਕ ਰੱਖਣ ਵਾਲਾ ਆਪਣੇ ਇਸ਼ਟ ਨਾਲ ਸਿੱਧਾ ਸੰਵਾਦ ਰਚਾਉਣ ਵਾਲਾ ਹੈ। ਗੁਰਬਾਣੀ ਅਨੁਸਾਰ ਗੁਰੂ ਬਗੈਰ ਸੱਚ ਤੀਕ ਨਹੀਂ ਪਹੁੰਚ ਸਕਦੇ ਇਸੇ ਲਈ ਪ੍ਰਕਾਸ਼ ਕੀਤਾ ਜਾਂਦਾ ਹੈ, ਹੁਕਮ ਲਿਆ ਜਾਂਦਾ ਹੈ ਪਰ ਇਹ ਹੁਕਮ ਪ੍ਰਾਧੀਨਤਾ ਦਾ ਰੂਪ ਨਹੀਂ ਹੈ। ਡਾ. ਗੋਬਿੰਦਰ ਸਿੰਘ ਸਮਰਾਓ ਨੇ ਆਪਣਾ ਤਰਕ ਪੇਸ਼ ਕਰਦਿਆਂ ਦੱਸਿਆ ਕਿ ਜਪੁਜੀ ਸਾਹਿਬ ਦਾ ਤੋੜ ਸਾਰੀ ਦੁਨੀਆਂ ਵਿਚ ਨਹੀਂ ਹੈ। ਗੁਰੂ ਸਾਹਿਬ ਦਾ ਮਨੋਰਥ ਵਾਦ-ਵਿਵਾਦ ਤੋਂ ਪਾਸੇ ਹਟ ਕੇ ਸੱਚ ਨੂੰ ਢੂੰਡਣਾ ਅਤੇ ਹੁਕਮ ਦੇ ਅਨੁਸਾਰ ਚਲਣਾ ਹੈ। ਇਸ ਲਈ ਉਨ੍ਹਾਂ ਨੇ ਵਿਗਿਆਨਕ ਰਾਹ ਅਪਣਾਉਂਦਿਆਂ ਸਮਾਜ ਵਿਚ ਚੱਲ ਰਹੀਆਂ ਖੋਖਲੀਆਂ ਰਵਾਇਤਾਂ ਦਾ ਖੰਡਨ ਕੀਤਾ। ਪ੍ਰਭਸ਼ਰਨਦੀਪ ਸਿੰਘ (ਦੇਸ ਨਿਕਾਲਾ ਕਾਵਿ-ਸੰਗ੍ਰਹਿ) ਦੇ ਰਚੇਤਾ ਨੇ ਪ੍ਰੋਫੈਸਰ ਗੁਰਪਾਲ ਸਿੰਘ ਸੰਧੂ ਦੇ ਵਿਚਾਰਾਂ ਦੀ ਪ੍ਰੋੜਤਾ ਕਰਦਿਆਂ ਕਿਹਾ ਕਿ ਗੁਰਬਾਣੀ ਦੇ ਅਧਿਐਨ ਬਾਰੇ ਕਿਸੇ ਵਿਦਵਾਨ ਦੀ ਵੱਖਰੀ ਸੋਚ ਸਹੀ ਵੀ ਹੋ ਸਕਦੀ ਹੈ। ਧਰਮ ਬਦਲੀ ਬਾਰੇ (ਜੀ ਬੀ ਸਿੰਘ) ਦੇ ਸਵਾਲ ਦਾ ਜਵਾਬ ਦਿੰਦਿਆਂ ਡਾ. ਸੰਧੂ ਨੇ ਦਸਿਆ ਕਿ ਸਿੱਖ ਧਰਮ ਕਿਸੇ ਨੂੰ ਧਰਮ ਬਦਲੀ ਲਈ ਜ਼ੋਰ ਨਹੀਂ ਪਾਉਂਦਾ। ਡਾ. ਗੁਰਿੰਦਰ ਸਿੰਘ ਗਰੇਵਾਲ ਅਤੇ ਮਨਰੀਤ ਕੌਰ ਗਰੇਵਾਲ ਵਲੋਂ ਵੀ ਸਿੱਖ ਸਿਧਾਂਤਾਂ ਦੀ ਸਪੱਸ਼ਟਤਾ ਬਾਰੇ ਕੁੱਝ ਸਾਰਥਕ ਸਵਾਲ ਉਠਾਏ ਗਏ। ਪੰਜਾਬੀ ਟ੍ਰਿਬਿਊਨ ਵਿਚ ਪੱਤਰਕਾਰ ਰਹਿ ਚੁੱਕੇ ਮਨਜੀਤ ਸਿੰਘ ਟਿਵਾਣਾ ਨੇ ਇਸ ਸਮਾਗਮ ਵਿਚ ਵਿਸ਼ੇਸ ਤੌਰ 'ਤੇ ਭਾਗ ਲਿਆ ਅਤੇ ਇਸ ਦੀ ਸ਼ਲਾਘਾ ਕੀਤੀ।



ਸਮਾਗਮ ਦੇ ਦੂਸਰੇ ਭਾਗ ਦਾ ਮੰਚ ਸੰਚਾਲਨ ਲਖਵਿੰਦਰ ਕੌਰ 'ਲੱਕੀ' ਨੇ ਆਪਣੇ ਸ਼ਾਇਰਾਨਾ ਅੰਦਾਜ਼ ਨਾਲ ਕਰਦਿਆਂ ਅਭਿਨਾਸ਼ ਸਿੰਘ ਨੂੰ ਮੰਚ 'ਤੇ ਸੱਦਾ ਦਿੱਤਾ। ਉਨ੍ਹਾਂ 'ਮਨ ਦੀ ਜੇਲ ਉਸਾਰੀ' ਅਤੇ 'ਦੋ ਪੁੱਤਾਂ ਸੱਚ ਤੇ ਝੂਠ', ਨਾਂ ਦੀਆਂ ਕਵਿਤਾਵਾਂ ਸੁਣਾਈਆਂ। ਜਗਤਾਰ ਸਿੰਘ ਪ੍ਰੀਤ ਨੇ 'ਪਾਰਸ, ਪੁੱਤ, ਪ੍ਰੀਤ ਨਾ ਵਿਕਦੇ ਵਿਚ ਬਜ਼ਾਰਾਂ ਦੇ'। ਲਖਵਿੰਦਰ ਕੌਰ 'ਲੱਕੀ' ਨੇ, 'ਉਭੜ ਖਾਬੜ ਰਾਹਾਂ ਨੂੰ ਮੈਂ ਅਕਸਰ ਸਮਤਲ ਕਰ ਲੈਂਦੀ ਹਾਂ, ਮੰਜਲ 'ਤੇ ਪਹੁੰਚਣ ਦਾ ਜਜ਼ਬਾ ਜਦ ਮੈਂ ਦਿਲ ਵਿਚ ਭਰ ਲੈਂਦੀ ਹਾਂ', ਮਨਰੀਤ ਗਰੇਵਾਲ ਨੇ 'ਕਈ ਵਾਰ ਦੋ ਧਿਰਾਂ ਵਿਚੋਂ ਲੰਘਣਾ ਪੈ ਜਾਂਦੈ,' ਮਨੋ ਭਾਵਨਾਵਾਂ ਨੂੰ ਝੰਜੋੜਦੀ ਕਵਿਤਾ ਸੁਣਾਈ। ਮਨਜੀਤ ਕੌਰ ਸੇਖੋਂ ਨੇ ਆਪਣੀਆਂ ਕਾਵਿ-ਕਲਾ ਦੀ ਚਾਸ਼ਨੀ ਵਿਚ ਡੁੱਬੀਆਂ ਕਵਿਤਾਵਾਂ ਪੇਸ਼ ਕੀਤੀਆਂ। ਪ੍ਰਭਸ਼ਰਨਦੀਪ ਸਿੰਘ ਨੇ ਆਪਣੇ ਕਾਵਿ-ਸੰਗ੍ਰਹਿ ਦੇਸ਼ ਨਿਕਾਲਾ ਵਿਚੋਂ ਕੁੱਝ ਕਵਿਤਾਵਾਂ ਸਾਂਝੀਆਂ ਕੀਤੀਆਂ। ਡਾ. ਮਨਜੀਤ ਕੌਰ ਨੇ ਵੀ ਕਵਿਤਾ, 'ਤੇਰੀਆਂ ਰਮਜਾਂ ਨੂੰ ਨਹੀਂ ਸਮਝ ਸਕਣਾ ਭਲਕ ਵੀ, ਅੰਬਰਾਂ ਨੂੰ ਛੂਹਣ ਤੁਰਿਓਂ ਛੱਡ ਬੈਠਿਓਂ ਖਲਕ ਵੀ', ਸੁਣਾਉਂਦਿਆਂ ਸਰੋਤਿਆਂ ਨੂੰ ਸ਼ਰਸ਼ਾਰ ਕੀਤਾ। ਸਮਾਗਮ ਦੇ ਅੰਤ ਉੱਤੇ ਮਿਗ੍ਰਇੰਦਰ ਪੰਧੇਰ ਨੇ ਆਏ ਮਹਿਮਾਨਾਂ ਦਾ ਧੰਨਵਾਦ ਕੀਤਾ।

***-ਰਿਪੋਰਟ: ਹਰਜਿੰਦਰ ਪੰਧੇਰ***

# ਅਣੂ ਦਾ 'ਪਰਵਾਸ' ਵਿਸ਼ੇਸ਼ ਅੰਕ ਲੋਕ-ਅਰਪਣ

**ਲੁਧਿਆਣਾ:** ਮਿੰਨੀ ਪੱਤ੍ਰਿਕਾ "ਅਣੂ" ਦੀ ਪ੍ਰਕਾਸ਼ਨਾ ਦੇ 54ਵੇਂ ਵਰ੍ਹੇ ਦਾ 'ਪਰਵਾਸ' ਨਾਲ ਸਬੰਧਤ ਵਿਸ਼ੇਸ਼ ਮਿੰਨੀ ਕਹਾਣੀ ਅੰਕ ਗੁਰੂ ਨਾਨਕ ਖਾਲਸਾ ਕਾਲਜ (ਵੋਮਿਨ) ਮਾਡਲ ਟਾਊਨ ਲੁਧਿਆਣਾ ਵਿਖੇ ਲੋਕ ਅਰਪਣ ਕੀਤਾ ਗਿਆ। ਪੱਤ੍ਰਿਕਾ ਦੀ ਰੀਲੀਜ ਰਸਮ ਪ੍ਰਿੰਸੀਪਲ ਸ੍ਰੀਮਤੀ ਮਨੀਤਾ ਕਾਹਲੋਂ, ਪੰਜਾਬੀ ਸਾਹਿਤ ਅਕਾਡਮੀ ਦੇ ਜਨਰਲ ਸਕਤਰ ਡਾ. ਗੁਲਜ਼ਾਰ ਸਿੰਘ ਪੰਧੇਰ, ਪ੍ਰੋਫੈਸਰ ਸਾਹਿਬਾਨ, ਸੁਰਿੰਦਰ ਕੈਲੇ ਅਤੇ ਸਾਹਿਤ ਪ੍ਰੇਮੀ ਵਿਦਿਆਰਥਨਾਂ ਨੇ ਨਿਭਾਈ।ਅਣੂ ਦੇ ਇਸ ਵਿਸ਼ੇਸ਼ ਅੰਕ ਨੂੰ ਰੀਲੀਜ਼ ਕਰਨ ਲਈ ਸਾਡੇ ਕਾਲਜ ਨੂੰ ਮਾਣ ਬਖ਼ਸ਼ਣ ਲਈ ਅਸੀਂ ਸੰਪਾਦਕ ਸ੍ਰੀ ਸੁਰਿੰਦਰ ਕੈਲੇ ਦੇ ਧੰਨਵਾਦੀ ਹਾਂ।ਅਣੂ ਦਾ ਹਰ ਅੰਕ ਵਿਦਿਆਰਥੀਆਂ ਲਈ ਖਾਸ ਤੌਰ ਤੇ ਉਨ੍ਹਾਂ ਨੂੰ ਨਵੀਂ ਦਿਸ਼ਾ ਪ੍ਰਦਾਨ ਕਰਨ ਵਾਲਾ ਹੁੰਦਾ ਹੈ। ਇਹ ਸ਼ਬਦ ਪ੍ਰਿੰਸੀਪਲ ਸ੍ਰੀਮਤੀ ਮਨੀਤਾ ਕਾਹਲੋਂ ਨੇ ਕਹੇ। ਡਾ. ਗੁਲਜ਼ਾਰ ਸਿੰਘ ਪੰਧੇਰ ਨੇ ਕਿਹਾ ਕਿ ਅਣੂ ਦਾ ਇਹ ਅੰਕ ਸਮਕਾਲ ਦਾ ਉੱਭਰਵਾਂ ਵਿਸ਼ਾ ਹੈ ਜਿਸਦੀਆਂ ਵਿਭਿੰਨ ਪਰਤਾਂ ਹਨ।ਉਹ ਨੌਜਵਾਨ ਜੋ ਪਰਵਾਸ ਕਰਨਾ ਚਾਹੁੰਦੇ ਹਨ, ਇਸ ਦੀਆਂ ਕਹਾਣੀਆਂ ਉਨ੍ਹਾਂ ਦੇ ਸਵਾਲਾਂ ਦਾ ਜਵਾਬ ਹਨ ਜਿਨ੍ਹਾਂ ਨੂੰ ਪੜ੍ਹਕੇ ਉਹ ਪਰਵਾਸ ਦੇ ਚੰਗੇ ਮੰਦੇ ਪੱਖ ਤੋਂ ਜਾਣੂ ਹੋ ਸਕਦੇ ਹਨ।



ਸੁਰਿੰਦਰ ਕੈਲੇ ਨੇ ਹਾਜ਼ਰੀਨ ਦਾ ਧੰਨਵਾਦ ਕਰਦਿਆਂ ਕਿਹਾ ਕਿ ਅੱਜ ਦੇ ਰੀਲੀਜ਼ ਸਮਾਗਮ ਦੀ ਇੱਕ ਖਾਸ ਵਿਸ਼ੇਸ਼ਤਾ ਵਿਦਿਆਰਥਨਾਂ ਦਾ ਸ਼ਾਮਿਲ ਹੋਣਾ ਹੈ, ਜੋ ਉਨ੍ਹਾਂ ਦੀ ਸਾਹਿਤ ਪ੍ਰਤੀ ਰੁਚੀ ਦਾ ਸਬੂਤ ਹੈ।ਸਾਡੀ ਇਹ ਕੋਸ਼ਿਸ਼ ਹੁੰਦੀ ਹੈ ਕਿ ਨੌਜਵਾਨ ਵਰਗ ਨੂੰ ਸਾਹਿਤ ਰਾਹੀਂ ਵਧੀਆ ਨਾਗਰਿਕ ਬਣਨ ਵਿੱਚ ਅਗਵਾਈ ਮਿਲੇ।


Immigration Law Offices of Antone, Casagrande & Adwers, P.C.

GURVIR KAUR BHULLAR
IMMIGRATION ATTORNEY
(Fluent in English, ਪੰਜਾਬੀ, and हिंदी)

Contact details
(248) 406-4100 (Office)
(413) 216-0607 (Cell)
www.antone.com
gkb@antone.com
31555 W 14 Mile Rd, Suite 100
Farmington Hills, MI 48334

SERVING THE COMMUNITY WITH INTEGRITY AND CARE
- Work-based visas (H-1B, TN, E-2, L-1, O-1, etc.)
- Work-based green card (EB-1, EB-2, EB-3, PERM process, etc.)
- Family-based visas and green card
- Citizenship
- Change of status, waiver applications, consular visa services

Since 1993, our firm has been assisting individuals, families, small businesses and multinational corporations with immigration matters. We assist clients anywhere in the U.S. and around the world.





UMA TRAVELS
2541 W. Devon Ave., Chicago, IL 60659
For Delhi Amritsar-Bombay Ahmedabad, Hydrabad-Madras
Call For Special Sale Fares
Call: 773-338-5603


# Matrimonials

## ਲੜਕੇ ਦੀ ਲੋੜ ਹੈ

Jat Sikh Sandhu family looking for a suitable match for their daughter, born June 1995, height 5'3". Working as Veterinary Doctor (DVM) in Bay Area California on H1B Visa (Green Card applied). Parents are living in India. Looking for educated and professional match. Preference to Jat Sikh living in U.S. Please contact with full biodata and picture to Bicki Dhillon at Cell/ WhatsApp 630-261-5723 or email bdhillon776@gmail.com. No Marriage bureau contact please. 43-46

Looking for suitable match green card/citizen only for jatsikh girl 30, 5'.4", Masters in environmental Science, working in university. Brother Doctor in Stanford, parents well educated. Caste no bar. Please contact us at: Dhillon 3531@gmail.com With picture &biodata of the boy in question. 39-42

## ਲੜਕੀ ਦੀ ਲੋੜ ਹੈ

ਯੂ.ਐਸ.ਏ. ਵਿਚ ਵਧੀਆ ਸਥਾਪਿਤ, ਆਪਣਾ ਕਾਰੋਬਾਰ ਕਰਦੇ ਯੂ.ਐਸ.ਏ. ਸਿਟੀਜ਼ਨ ਸੈਣੀ ਸਿੱਖ ਕਲੀਨਸ਼ੇਵ ਲੜਕੇ ਉਮਰ 28, ਕੱਦ 5'8" ਲਈ ਪੜ੍ਹੀ- ਲਿਖੀ, ਸੁੰਦਰ, ਸੂਝਵਾਨ ਲੜਕੀ ਦੀ ਲੋੜ ਹੈ। ਲੜਕੇ ਨੇ Business and Accounts Managemengt, ਵਿਚ ਗ੍ਰੈਜੂਏਸ਼ਨ ਕੀਤੀ ਹੋਈ ਹੈ। ਚਾਹਵਾਨ ਯੂਐਸਏ ਨੰਬਰ: (317) 260-8950, ਵ੍ਹਟਸਐਪ ਨੰਬਰ 98720-33235 'ਤੇ ਸੰਪਰਕ ਜਾਂ paramjit12913@gmail.com 'ਤੇ ਈ-ਮੇਲ ਕਰ ਸਕਦੇ ਹਨ।

Jatt Sikh Malhi family looking for a USA citizen/Green card holder match for their Decembe, 1991 born son, height 5'11". He has done Diploma in Hotel Management. Parents are living in India, father retired from government job, mother is housewife and one sister is married. Contact us at: +91 98783 42510 (WhatsApp) 41-44

Seeking an educated and professional match (American citizen or Permanent Resident) for a 1992-born Punjab boy (Ramdasia and others), 5'8". Education: B.Tech, MBA (IIT Delhi), MS in Business Analytics (University of Colorado). Currently working as a Business Analyst in Chicago, USA; H1B picked recently. Belongs to a well-educated and reputed family. Caste no bar. Please contact at +91-7589242016 (WhatsApp) and +1-7204996020. 41-44

Ramgarhia Family seeks a suitable match for their USA Born and Raised 30 year 5'6.5" Gursikh Boy, PhD. Girl should be Gursikh and educated. Caste no bar. If you are interested please call us at 224-422-4773.





ਪੰਜਾਬ ਟਾਈਮਜ਼ ਵਿਚ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ:
847-359-0746

# ਡੀ. ਆਈ. ਜੀ. ਹਰਚਰਨ ਸਿੰਘ ਭੁੱਲਰ ਸਸਪੈਂਡ

## ਰਿਸ਼ਵਤ ਦੇ ਮਾਮਲੇ 'ਚ ਸੀ ਬੀ ਆਈ ਨੇ ਕੀਤਾ ਸੀ ਗ੍ਰਿਫ਼ਤਾਰ

**ਚੰਡੀਗੜ੍ਹ:** ਸਰਕਾਰ ਵੱਲੋਂ ਸੀਨੀਅਰ ਪੁਲਸ ਅਫ਼ਸਰ ਹਰਚਰਨ ਸਿੰਘ ਭੁੱਲਰ ਨੂੰ ਸਸਪੈਂਡ ਕਰ ਦਿੱਤਾ ਹੈ। ਦਰਅਸਲ ਬੀਤੇ ਦਿਨੀਂ ਸੀ ਬੀ ਆਈ ਨੇ ਰਿਸ਼ਵਤਖੋਰੀ ਦੇ ਇੱਕ ਮਾਮਲੇ ਵਿੱਚ ਉਸ ਨੂੰ ਗ੍ਰਿਫਤਾਰ ਕੀਤਾ ਸੀ। ਉਸ ਤੇ ਕਥਿਤ ਤੌਰ ਤੇ ਲੱਖਾਂ ਰੁਪਏ ਰਿਸ਼ਵਤ ਲੈਣ ਦਾ ਇਲਜ਼ਾਮ ਹੈ। ਡੀ ਆਈ ਜੀ ਨੇ ਵਿਚੋਲੀਆ ਰਾਹੀਂ ਫਤਿਹਗੜ੍ਹ ਸਾਹਿਬ ਵਿੱਚ ਮੰਡੀ ਗੋਬਿੰਦਗੜ੍ਹ ਦੇ ਸਕ੍ਰੈਪ ਵਪਾਰੀ ਤੋਂ 8 ਲੱਖ ਰੁਪਏ ਦੀ ਰਿਸ਼ਵਤ ਮੰਗੀ ਸੀ।

ਰਿਸ਼ਵਤ ਨਾ ਦੇਣ 'ਤੇ ਉਸਦੇ 2 ਸਾਲ ਪਹਿਲਾਂ ਸਰਹਿੰਦ ਵਿੱਚ ਦਰਜ ਪੁਰਾਣੇ ਕੇਸ ਵਿੱਚ ਚਾਰਜਸ਼ੀਟ ਪੇਸ਼ ਕਰਨ ਅਤੇ ਨਵੇਂ ਨਕਲੀ ਕੇਸ ਦਰਜ ਕਰਨ ਦੀ ਧਮਕੀ ਦਿੱਤੀ ਗਈ।ਕਾਰੋਬਾਰੀ ਨੇ ਇਸ ਦੀ ਸ਼ਿਕਾਇਤ ਸੀ ਬੀ ਆਈ ਨੂੰ ਕਰ ਦਿੱਤੀ। ਸੀ ਬੀ ਆਈ ਨੇ ਜਾਂਚ ਦੇ ਬਾਅਦ ਡੀ ਆਈ ਜੀ ਨੂੰ ਗ੍ਰਿਫ਼ਤਾਰ ਕਰ ਲਿਆ। ਇਸ ਤੋਂ ਬਾਅਦ ਦਿੱਲੀ ਅਤੇ ਚੰਡੀਗੜ੍ਹ ਤੋਂ ਆਈ ਸੀ ਬੀ ਆਈ ਦੀ ਲਗਭਗ 52 ਲੋਕਾਂ ਦੀ ਟੀਮ ਨੇ ਉਸ ਦੇ ਮੋਹਾਲੀ ਦਫ਼ਤਰ ਅਤੇ ਚੰਡੀਗੜ੍ਹ ਦੇ ਸੈਕਟਰ 40 ਦੀ ਕੋਠੀ ਨੂੰ ਖੰਗਾਲਿਆ। ਉਨ੍ਹਾਂ ਦੀ ਕੋਠੀ ਤੋਂ 7.5 ਕਰੋੜ ਰੁਪਏ ਨਕਦ ਮਿਲੇ, ਜੋ 3 ਬੈਗਾਂ ਅਤੇ 2 ਅਟੈਚੀਜ਼ ਵਿੱਚ ਭਰੇ ਹੋਏ ਸਨ। ਇਸਦੀ ਗਿਣਤੀ ਕਰਨ ਲਈ ਟੀਮ ਨੂੰ ਨੋਟ ਗਿਣਨ ਵਾਲੀਆਂ 3 ਮਸ਼ੀਨਾਂ ਲੈਣੀਆਂ ਪਈਆਂ।ਇਸਦੇ ਇਲਾਵਾ ਭਾਰੀ ਮਾਤਰਾ ਵਿੱਚ ਗਹਿਣੇ, ਲਗਜ਼ਰੀ ਘੜੀਆਂ, ਵਿਦੇਸ਼ੀ ਸ਼ਰਾਬ ਅਤੇ ਰਿਵਾਲਵਰ ਵੀ ਮਿਲੇ। ਡੀ ਆਈ ਜੀ ਦੀਆਂ ਪ੍ਰਾਪਰਟੀਆਂ ਅਤੇ ਲਗਜ਼ਰੀ ਗੱਡੀਆਂ ਦੇ ਡਾਕਯੂਮੈਂਟ ਵੀ ਮਿਲੇ ਹਨ। ਘਰ ਤੋਂ ਬੀ ਐਮ ਡਬਲਿਊ, ਮਰਸਿਡੀਜ਼ ਕਾਰ ਅਤੇ ਬੈਂਕ ਲਾਕਰ ਦੀ ਚਾਬੀ ਵੀ ਬਰਾਮਦ ਹੋਈ। ਸੀ ਬੀ ਆਈ ਨੇ ਕਿਹਾ ਕਿ ਡੀ ਆਈ ਜੀ ਦੇ ਨਾਲ ਵਿਚੋਲੇ ਨੂੰ ਵੀ ਗ੍ਰਿਫ਼ਤਾਰ ਕੀਤਾ ਗਿਆ। ਵਿਚੋਲੇ ਨੂੰ 8 ਲੱਖ ਰੁਪਏ ਲੈਂਦੇ ਚੰਡੀਗੜ੍ਹ ਦੇ ਸੈਕਟਰ-21 ਵਿੱਚ ਰੰਗੇਹੱਥੀਂ ਫਰਿਆ ਗਿਆ। ਇਸ ਤੋਂ ਬਾਅਦ ਡੀ ਆਈ ਜੀ ਨੂੰ ਫੋਨ ਕਰਵਾਇਆ ਗਿਆ, ਜਿਸ ਵਿੱਚ ਡੀ ਆਈ ਜੀ ਨੇ ਰਿਸ਼ਵਤ ਮੰਗਣ ਦੀ ਗੱਲ ਕਬੂਲ ਕੀਤੀ ਅਤੇ ਵਿਚੋਲੇ ਅਤੇ ਵਪਾਰੀ ਨੂੰ ਆਪਣੇ ਦਫ਼ਤਰ ਬੁਲਾਇਆ, ਜਿੱਥੋਂ ਡੀ ਆਈ ਜੀ ਨੂੰ ਗ੍ਰਿਫ਼ਤਾਰ ਕੀਤਾ ਗਿਆ।ਸੀ ਬੀ ਆਈ ਦੇ ਸਰੋਤਾਂ ਦੇ ਮੁਤਾਬਿਕ ਸਕ੍ਰੈਪ ਵਪਾਰੀ ਨੇ ਜਿਨ੍ਹਾਂ ਅਧਿਕਾਰੀਆਂ ਅਤੇ ਡੀ ਆਈ ਜੀ ਦੇ ਨਾਮ ਲਏ ਸਨ, ਉਨ੍ਹਾਂ 'ਤੇ ਵੀ ਨਜ਼ਰ ਰੱਖੀ ਜਾ ਰਹੀ ਹੈ। ਸਕ੍ਰੈਪ ਵਪਾਰੀ ਨੇ ਦੱਸਿਆ ਸੀ ਕਿ ਰਿਸ਼ਵਤ ਦੀ ਮੰਗ ਪੂਰੀ ਕਰਨ ਲਈ ਕਈ ਅਧਿਕਾਰੀ ਉਸਨੂੰ ਪਰੇਸ਼ਾਨ ਕਰਨ ਵਿੱਚ ਸ਼ਾਮਿਲ ਸਨ। ਇਸ ਤਰ੍ਹਾਂ ਇਸ ਗੱਲ ਦੀ ਸੰਭਾਵਨਾ ਵੀ ਹੈ ਕਿ ਮੰਥਲੀ ਵਿੱਚ ਇਨ੍ਹਾਂ ਅਧਿਕਾਰੀਆਂ ਦਾ ਵੀ ਹਿੱਸਾ ਹੋ ਸਕਦਾ ਹੈ। ਇਸ ਬਾਰੇ ਵੀ ਜਾਂਚ ਕੀਤੀ ਜਾ ਰਹੀ ਹੈ।




## ਡੀ. ਆਈ. ਜੀ. ਭੁੱਲਰ ਤੋਂ ਹੁਣ ਤੱਕ ਦੀ ਬਰਾਮਦਗੀ

- ਲਗਭਗ 7.5 ਕਰੋੜ ਰੁਪਏ ਨਕਦ
- ਤਕਰੀਬਨ 2.5 ਕਿਲੋ ਸੋਨਾ
- ਪੰਜਾਬ 'ਚ 70 ਜਾਇਦਾਦਾਂ ਨਾਲ ਜੁੜੇ ਦਸਤਾਵੇਜ਼
- ਦੋ ਲਗਜ਼ਰੀ ਗੱਡੀਆਂ
- 22 ਲਗਜ਼ਰੀ ਘੜੀਆਂ
- ਲਾਕਰਾਂ ਦੀਆਂ ਚਾਬੀਆਂ
- ਵਿਦੇਸ਼ੀ ਸ਼ਰਾਬ ਦੀਆਂ ਬੋਤਲਾਂ
- ਹਥਿਆਰ - 1 ਡਬਲ ਬੈਰਲ ਗਨ, 1 ਪਿਸਤੌਲ, 1 ਰਿਵਾਲਵਰ, 1 ਏਅਰਗਨ

ਸੀ ਬੀ ਆਈ ਵੱਲੋਂ ਪੰਜਾਬ ਪੁਲਿਸ ਦੇ ਡੀ ਆਈ ਜੀ ਅਤੇ ਇਕ ਨਿੱਜੀ ਵਿਅਕਤੀ ਨੂੰ 8 ਲੱਖ ਦੀ ਰਿਸ਼ਵਤ ਮਾਮਲੇ 'ਚ ਗ੍ਰਿਫ਼ਤਾਰ ਕੀਤਾ ਗਿਆ, ਕੇਂਦਰੀ ਜਾਂਚ ਬਿਊਰੋ ਨੇ ਪੰਜਾਬ ਕੈਡਰ ਦੇ 2009 ਬੈਚ ਦੇ ਇੱਕ ਸੀਨੀਅਰ ਭਾਰਤੀ ਪੁਲਿਸ ਸੇਵਾ ਅਧਿਕਾਰੀ, ਜੋ ਇਸ ਸਮੇਂ ਰੂਪਨਗਰ (ਰੋਪੜ) ਰੇਂਜ ਦੇ ਡਿਪਟੀ ਇੰਸਪੈਕਟਰ ਜਨਰਲ ਵਜੋਂ ਤਾਇਨਾਤ ਹੈ, ਨੂੰ ਇੱਕ ਨਿੱਜੀ ਵਿਅਕਤੀ ਸਮੇਤ 8 ਲੱਖ ਦੀ ਰਿਸ਼ਵਤ ਮਾਮਲੇ ਵਿੱਚ ਗ੍ਰਿਫ਼ਤਾਰ ਕੀਤਾ ਹੈ। ਇਸ ਅਧਿਕਾਰੀ ਉੱਤੇ ਸ਼ਿਕਾਇਤਕਰਤਾ ਤੋਂ ਹਰ ਮਹੀਨੇ ਗੈਰਕਾਨੂੰਨੀ ਰਕਮ ਮੰਗਣ ਦੇ ਦੋਸ਼ ਵੀ ਹਨ।



ਸੀ ਬੀ ਆਈ ਨੇ 16.10.2025 ਨੂੰ ਸਰਕਾਰੀ ਅਧਿਕਾਰੀ ਅਤੇ ਉਸਦੇ ਸਾਥੀ ਵਿਰੁੱਧ ਮਾਮਲਾ ਦਰਜ ਕੀਤਾ ਸੀ। ਦੋਸ਼ ਹੈ ਕਿ ਇਸ ਅਧਿਕਾਰੀ ਨੇ ਸ਼ਿਕਾਇਤਕਰਤਾ ਖ਼ਿਲਾਫ਼ ਦਰਜ ਕੀਤੀ ਗਈ ਇੱਕ ਐਫ ਆਈ ਆਰ "ਸੈਟਲ" ਕਰਨ ਅਤੇ ਉਸਦੇ ਕਾਰੋਬਾਰ ਵਿਰੁੱਧ ਹੋਰ ਕੋਈ ਜ਼ਬਰਦਸਤੀ ਜਾਂ ਨੁਕਸਾਨਦਾਇਕ ਪੁਲਿਸ ਕਾਰਵਾਈ ਨਾ ਕਰਨ ਦੇ ਬਦਲੇ ਵਿੱਚ ਆਪਣੇ ਦਲਾਲ ਰਾਹੀਂ 8 ਲੱਖ ਰੁਪਏ ਹਰ ਮਹੀਨੇ ਰਿਸ਼ਵਤ ਮੰਗੀ ਸੀ।

ਸੀ ਬੀ ਆਈ ਨੇ ਜਾਲ ਵਿਛਾ ਕੇ ਨਿੱਜੀ ਵਿਅਕਤੀ ਨੂੰ ਸੈਕਟਰ 21, ਚੰਡੀਗੜ੍ਹ ਵਿੱਚ ਸ਼ਿਕਾਇਤਕਰਤਾ ਤੋਂ ਡੀ ਆਈ ਜੀ ਦੀ ਥਾਂ ਤੇ 8 ਲੱਖ ਰੁਪਏ ਦੀ ਰਿਸ਼ਵਤ ਲੈਂਦਿਆਂ ਰੰਗੇ ਹੱਥੀਂ ਫੜਿਆ। ਕਾਰਵਾਈ ਦੌਰਾਨ ਸਰਕਾਰੀ ਅਧਿਕਾਰੀ ਨਾਲ ਇੱਕ ਕੰਟਰੋਲਡ ਕਾਲ ਵੀ ਕੀਤੀ ਗਈ, ਜਿਸ ਦੌਰਾਨ ਉਸ ਨੇ ਭੁਗਤਾਨ ਦੀ ਪੁਸ਼ਟੀ ਕੀਤੀ ਅਤੇ ਦਲਾਲ ਤੇ ਸ਼ਿਕਾਇਤਕਰਤਾ ਨੂੰ ਆਪਣੇ ਦਫ਼ਤਰ ਆਉਣ ਲਈ ਕਿਹਾ। ਇਸ ਤੋਂ ਬਾਅਦ ਸੀ ਬੀ ਆਈ ਟੀਮ ਨੇ ਉਸ ਸਰਕਾਰੀ ਅਧਿਕਾਰੀ ਨੂੰ ਉਸਦੇ ਦਫ਼ਤਰ 'ਚੋਂ ਗ੍ਰਿਫ਼ਤਾਰ ਕਰ ਲਿਆ ਅਤੇ ਦੋਵੇਂ ਦੋਸ਼ੀਆਂ ਨੂੰ ਚੰਡੀਗੜ੍ਹ ਜੇਲ੍ਹ 'ਚ ਭੇਜ ਦਿੱਤਾ। ਦਲਾਲ ਕੋਲੋਂ ਬਰਾਮਦਗੀ:21 ਲੱਖ ਨਕਦ ਹੋਈ ਹੈ।

# ਏ. ਡੀ. ਜੀ. ਪੀ. ਖੁਦਕੁਸ਼ੀ ਮਾਮਲੇ ਵਿਚ ਹਰਿਆਣਾ ਸਰਕਾਰ ਕਸੂਤੀ ਫਸੀ

**ਚੰਡੀਗੜ੍ਹ:** ਹਰਿਆਣਾ ਦੇ ਏ.ਡੀ.ਜੀ.ਪੀ. ਵਾਈ. ਪੂਰਨ ਕੁਮਾਰ ਵਲੋਂ ਖ਼ੁਦਕੁਸ਼ੀ ਕਰਨ ਦੇ ਮਾਮਲੇ ਵਿਚ ਹਰਿਆਣਾ ਸਰਕਾਰ ਬੇਹੱਦ ਕਸੂਤੀ ਸਥਿਤੀ ਵਿਚ ਫਸੀ ਨਜ਼ਰ ਆ ਰਹੀ ਹੈ। ਵਾਈ. ਪੂਰਨ ਕੁਮਾਰ ਨੇ ਆਪਣੇ ਖ਼ੁਦਕੁਸ਼ੀ ਨੋਟ ਵਿਚ ਕੁਝ ਉੱਚ ਪੁਲਿਸ ਅਧਿਕਾਰੀਆਂ ਸਮੇਤ 14 ਵਿਅਕਤੀਆਂ ਦੇ ਨਾਂਅ ਲਿਖੇ ਹਨ ਅਤੇ ਵਿਸਥਾਰ ਵਿਚ ਇਹ ਵੀ ਲਿਖਿਆ ਹੈ ਕਿ ਉਸ ਨੂੰ ਪਿਛਲੇ ਲੰਮੇ ਸਮੇਂ ਤੋਂ ਤੰਗ-ਪ੍ਰੇਸ਼ਾਨ ਕੀਤਾ ਜਾ ਰਿਹਾ ਸੀ। ਉਸ ਨੇ ਇਹ ਵੀ ਬਿਆਨ ਕੀਤਾ ਹੈ ਕਿ ਅਜਿਹਾ ਉਸ ਨਾਲ ਅਨੁਸੂਚਿਤ ਜਾਤੀ ਨਾਲ ਸੰਬੰਧਿਤ ਅਧਿਕਾਰੀ ਹੋਣ ਕਰਕੇ ਕੀਤਾ ਜਾਂਦਾ ਰਿਹਾ ਹੈ ਅਤੇ ਉਸ ਨੂੰ ਵਾਰ-ਵਾਰ ਪ੍ਰੇਸ਼ਾਨੀਆਂ 'ਚੋਂ ਗੁਜ਼ਰਨਾ ਪਿਆ ਹੈ। ਇਸ ਨੋਟ ਵਿਚ ਉਸ ਨੇ ਮੌਜੂਦਾ ਡੀ.ਜੀ.ਪੀ. ਸ਼ਤਰੂਜੀਤ ਕਪੂਰ ਅਤੇ ਰੋਹਤਕ ਦੇ ਐਸ.ਪੀ. ਨਰਿੰਦਰ ਬੀਜਾਰਨੀਆ ਦਾ ਨਾਂਅ ਵਿਸ਼ੇਸ਼ ਰੂਪ ਵਿਚ ਲਿਆ ਹੈ। ਨਰਿੰਦਰ ਬੀਜਾਰਨੀਆ ਨੂੰ ਤਾਂ ਰੋਹਤਕ ਤੋਂ ਬਦਲ ਦਿੱਤਾ ਗਿਆ ਹੈ ਅਤੇ ਡੀ.ਜੀ.ਪੀ. ਸ੍ਰੀ ਕਪੂਰ ਨੂੰ ਵੀ ਫਿਲਹਾਲ ਛੁੱਟੀ 'ਤੇ ਭੇਜ ਦਿੱਤਾ ਗਿਆ ਹੈ। ਇਸ ਦੇ ਨਾਲ ਹੀ ਸਰਕਾਰ ਵਲੋਂ ਵਿਸ਼ੇਸ਼ ਪੁਲਿਸ ਟੀਮ (ਐਸ.ਆਈ.ਟੀ.) ਬਣਾਈ ਗਈ ਹੈ, ਜੋ ਇਸ ਮਾਮਲੇ ਦੀ ਪੂਰੀ ਤਹਿਕੀਕਾਤ ਕਰ ਕੇ ਆਪਣੀ ਰਿਪੋਰਟ ਦੇਵੇਗੀ।

ਵਾਈ. ਪੂਰਨ ਕੁਮਾਰ ਦੀ ਪਤਨੀ ਇਕ ਉੱਚ ਆਈ.ਏ.ਐਸ. ਅਫ਼ਸਰ ਹੈ। ਉਸ ਨੇ ਇਸ ਅਭਾਗੇ ਮਾਮਲੇ ਸੰਬੰਧੀ ਸਖ਼ਤ ਰੁਖ਼ ਅਪਣਾਇਆ ਹੈ ਅਤੇ ਕਿਹਾ ਹੈ ਕਿ ਪੂਰਨ ਕੁਮਾਰ ਦਾ ਪੋਸਟਮਾਰਟਮ ਅਤੇ ਸਸਕਾਰ ਉਸ ਸਮੇਂ ਤੱਕ ਨਹੀਂ ਕੀਤਾ ਜਾਏਗਾ, ਜਦੋਂ ਤੱਕ ਖ਼ੁਦਕੁਸ਼ੀ ਨਾਲ ਸੰਬੰਧਿਤ ਨੋਟ ਵਿਚ ਲਿਖੇ ਗਏ ਅਧਿਕਾਰੀਆਂ ਨੂੰ ਗ੍ਰਿਫ਼ਤਾਰ ਨਹੀਂ ਕੀਤਾ ਜਾਂਦਾ । ਹਰਿਆਣਾ ਸਰਕਾਰ ਇਸ ਸਾਰੇ ਸਮੇਂ ਵਿਚ ਕਿਸੇ ਨਾ ਕਿਸੇ ਤਰ੍ਹਾਂ ਪਰਿਵਾਰ ਨੂੰ ਮਨਾਉਣ ਦਾ ਯਤਨ ਕਰਦੀ ਰਹੀ ਹੈ ਪਰ ਸਥਿਤੀ ਹਾਲੇ ਤੱਕ ਉਸੇ ਹੀ ਤਰ੍ਹਾਂ ਬਣੀ ਹੋਈ ਹੈ। ਇਸ ਹਾਲਾਤ ਨੇ ਹੁਣ ਸਮਾਜਿਕ ਅਤੇ ਸਿਆਸੀ ਪਹਿਲੂ ਵੀ ਉਜਾਗਰ ਕੀਤੇ ਹਨ। ਇਕ ਪਾਸੇ ਮੁੱਖ ਮੰਤਰੀ ਸਮੇਤ ਸਰਕਾਰ ਦੇ ਮੰਤਰੀ ਅਤੇ ਅਹੁਦੇਦਾਰ ਪਰਿਵਾਰ ਨੂੰ ਸਸਕਾਰ ਲਈ ਮਨਾਉਣ ਦਾ ਯਤਨ ਕਰ ਰਹੇ ਹਨ ਅਤੇ ਦੂਜੇ ਪਾਸੇ ਵਿਰੋਧੀ ਪਾਰਟੀਆਂ ਦੇ ਆਗੂ ਲਗਾਤਾਰ ਇਹ ਆਖ ਰਹੇ ਹਨ ਕਿ ਨੋਟ ਵਿਚ ਲਿਖੇ ਗਏ ਨਾਵਾਂ ਵਾਲੇ ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ ਜਾਣਾ ਚਾਹੀਦਾ ਹੈ।

ਤੀਜੀ ਵਾਰ ਹਰਿਆਣੇ ਵਿਚ ਬਣੀ ਭਾਜਪਾ ਸਰਕਾਰ ਦਾ ਇਕ ਸਾਲ ਦਾ ਸਮਾਂ ਪੂਰਾ ਹੋ ਰਿਹਾ ਹੈ। ਇਸ ਸੰਬੰਧੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੀ ਹਰਿਆਣੇ ਦਾ ਦੌਰਾ ਕਰਨ ਵਾਲੇ ਸਨ ਪਰ ਇਸ ਸੰਬੰਧੀ ਹੁਣ ਅਨਿਸਚਿਤਤਾ ਬਣੀ ਨਜ਼ਰ ਆਉਂਦੀ ਹੈ। ਚਾਹੇ ਹੁਣ ਪੁਲਿਸ ਮੁਖੀ ਨੂੰ ਵੀ ਛੁੱਟੀ 'ਤੇ ਭੇਜ ਦਿੱਤਾ ਗਿਆ ਹੈ ਪਰ ਵੱਡੀ ਹੱਦ ਤੱਕ ਉੱਭਰਿਆ ਇਹ ਮੁੱਦਾ ਛੇਤੀ ਸ਼ਾਂਤ ਹੋਣ ਵਾਲਾ ਨਹੀਂ ਲਗਦਾ। ਜਾਤੀਵਾਦੀ ਰੰਗ ਫੜਨ ਕਰਕੇ ਇਹ ਹੋਰ ਵੀ ਗੰਭੀਰ ਹੋ ਗਿਆ ਜਾਪਦਾ ਹੈ। ਪਿਛਲੇ ਦਿਨੀਂ ਇਸ ਮਾਮਲੇ ਸੰਬੰਧੀ ਚੰਡੀਗੜ੍ਹ ਵਿਚ ਇਕ ਮਹਾਂਪੰਚਾਇਤ ਵੀ ਸੱਦੀ ਗਈ ਸੀ, ਜਿਸ ਨੇ ਹਰਿਆਣਾ ਸਰਕਾਰ ਨੂੰ ਇਹ ਮਾਮਲਾ ਸੁਲਝਾਉਣ ਲਈ 24 ਘੰਟਿਆਂ ਦਾ ਅਲਟੀਮੇਟਮ ਵੀ ਦਿੱਤਾ ਸੀ। ਜਿਸ ਤਰ੍ਹਾਂ ਦੇ ਹਾਲਾਤ ਬਣੇ ਨਜ਼ਰ ਆਉਂਦੇ ਹਨ, ਉਸ ਤੋਂ ਇਹ ਵੀ ਜਾਪਣ ਲੱਗਾ ਹੈ ਕਿ ਆਉਂਦੇ ਦਿਨਾਂ ਵਿਚ ਇਹ ਮਾਮਲਾ ਹੋਰ ਵੀ ਗੰਭੀਰ ਰੂਪ ਅਖ਼ਤਿਆਰ ਕਰ ਸਕਦਾ ਹੈ। ਮੁੱਖ ਮੰਤਰੀ ਨਾਇਬ ਸਿੰਘ ਸੈਣੀ ਗੰਭੀਰ ਹੁੰਦੇ ਇਸ ਹਾਲਾਤ ਨਾਲ ਕਿਸ ਤਰ੍ਹਾਂ ਨਜਿੱਠਣਗੇ ਇਹ ਵੇਖਣ ਵਾਲੀ ਗੱਲ ਹੋਵੇਗੀ।





## ਪੰਜਾਬੀ ਨੌਜਵਾਨ ਦੀ ਹਾਦਸੇ ਵਿਚ ਮੌਤ

ਸਾਂ ਫਰਾਂਸਿਸਕੋ: ਇੱਥੇ ਇਕ ਟਰੱਕ ਵਾਸ਼ 'ਤੇ ਕੰਮ ਕਰਦੇ ਪੰਜਾਬੀ ਨੌਜਵਾਨ ਮਨਦੀਪ ਸਿੰਘ ਸੱਲ (39) ਦੀ ਹਾਦਸੇ ਵਿਚ ਮੌਤ ਹੋ ਗਈ। ਭਾਵੇਂ ਪੁਲਿਸ ਵਲੋਂ ਹਾਲੇ ਵਿਸਥਾਰ ਵਿਚ ਇਸ ਬਾਰੇ ਜਾਣਕਾਰੀ ਨਹੀਂ ਦਿੱਤੀ ਜਾ ਰਹੀ ਪਰ ਜਾਣਕਾਰੀ ਅਨੁਸਾਰ ਲੰਘੇ ਸੋਮਵਾਰ ਜਦੋਂ ਉਹ ਕੰਮ ਤੋਂ ਵਾਪਸ ਆਪਣੀ ਰਿਹਾਇਸ਼ ਵੱਲ ਪੈਦਲ ਜਾ ਰਿਹਾ ਸੀ ਤਾਂ ਰਸਤੇ ਵਿਚ ਹਾਦਸੇ ਦਾ ਸ਼ਿਕਾਰ ਹੋ ਗਿਆ। ਉਸ ਨੂੰ ਹਸਪਤਾਲ ਲਿਜਾਇਆ ਗਿਆ ਪਰ ਡਾਕਟਰਾਂ ਨੇ ਉਸ ਨੂੰ ਮ੍ਰਿਤਕ ਐਲਾਨ ਦਿੱਤਾ। ਮਨਦੀਪ ਫਗਵਾੜਾ ਨੇੜਲੇ ਪਿੰਡ ਪਲਾਹੀ ਦਾ ਜੰਮਪਲ ਸੀ ਅਤੇ ਰੋਜ਼ੀ ਰੋਟੀ ਲਈ ਦੋ ਕੁ ਸਾਲ ਪਹਿਲਾਂ ਹੀ ਅਮਰੀਕਾ ਆਇਆ ਸੀ। ਉਹ ਆਪਣੇ ਪਿੱਛੇ ਪਤਨੀ, 8 ਸਾਲਾ ਧੀ ਅਤੇ 5 ਸਾਲ ਦਾ ਪੁੱਤਰ ਛੱਡ ਗਿਆ ਹੈ। ਉਸ ਦੀ ਦੇਹ ਨੂੰ ਭਾਰਤ ਭੇਜਣ ਲਈ ਯਤਨ ਅਰੰਭੇ ਗਏ ਹਨ।



ਗਾਖਲ ਪਰਿਵਾਰ ਦੇ ਨੱਥਾ ਸਿੰਘ ਗਾਖਲ ਦਾ ਮਨਦੀਪ ਸਾਢੂ ਲੱਗਦਾ ਸੀ। ਉਸ ਦੀ ਮੌਤ ਨਾਲ ਪੰਜਾਬੀ ਭਾਈਚਾਰੇ ਵਿਚ ਸੋਗ ਦੀ ਲਹਿਰ ਹੈ। ਸ. ਅਮੋਲਕ ਸਿੰਘ ਗਾਖਲ, ਇਕਬਾਲ ਸਿੰਘ ਗਾਖਲ, ਕੈਲੀਫੋਰਨੀਆ ਕਬੱਡੀ ਫੈਡਰੇਸ਼ਨ ਦੇ ਪ੍ਰਧਾਨ ਤੀਰਥ ਸਿੰਘ ਗਾਖਲ ਤੇ ਨਜ਼ਦੀਕੀਆਂ ਨੇ ਨੱਥਾ ਸਿੰਘ ਅਤੇ ਪਰਿਵਾਰ ਨਾਲ ਦੁਖ ਦਾ ਪ੍ਰਗਟਾਵਾ ਕੀਤਾ ਹੈ।

# ਆਪ੍ਰੇਸ਼ਨ ਸੰਧੂਰ ਤੋਂ ਬਾਅਦ ਅੱਤਵਾਦੀਆਂ ਲਈ ਕੋਈ ਵੀ ਜਗ੍ਹਾ ਸੁਰੱਖਿਅਤ ਨਹੀਂ: ਅਮਿਤ ਸ਼ਾਹ



**ਮਾਨੇਸਰ (ਹਰਿਆਣਾ):** ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਕਿਹਾ ਹੈ ਕਿ ਆਪ੍ਰੇਸ਼ਨ ਸੰਧੂਰ ਨਾਲ ਪਾਕਿਸਤਾਨ 'ਚ ਮੌਜੂਦ ਅੱਤਵਾਦੀ ਸਮੂਹਾਂ ਦੇ ਹੈੱਡਕ ਆਰਟਰਾਂ, ਸਿਖਲਾਈ ਕੇਂਦਰਾਂ ਤੇ ਲਾਂਚਪੈਡਾਂ ਨੂੰ ਤਬਾਹ ਕਰ ਦਿੱਤਾ ਹੈ ਤੇ ਹੁਣ ਕੋਈ ਵੀ ਜਗ੍ਹਾ ਅੱਤਵਾਦੀਆਂ ਲਈ ਸੁਰੱਖਿਅਤ ਨਹੀਂ ਹੈ। ਅੱਤਵਾਦ ਵਿਰੋਧੀ 'ਬਲੈਕ ਕੈਟ' ਕਮਾਂਡੋ ਫੋਰਸ ਨੈਸ਼ਨਲ ਸਿਕਿਓਰਿਟੀ ਗਾਰਡ (ਐਨ.ਐਸ.ਜੀ.) ਦੇ 41ਵੇਂ ਸਥਾਪਨਾ ਦਿਵਸ ਨੂੰ ਸੰਬੋਧਨ ਕਰਦੇ ਹੋਏ ਸ਼ਾਹ ਨੇ ਇਹ ਵੀ ਕਿਹਾ ਕਿ ਭਾਰਤੀ ਸੁਰੱਖਿਆ ਬਲ ਹਰ ਅੱਤਵਾਦੀ ਕਾਰਵਾਈ ਨਾਲ ਸਖ਼ਤੀ ਨਾਲ ਨਜਿੱਠਣ ਲਈ ਧਰਤੀ ਦੀ ਡੂੰਘਾਈ ਤੱਕ ਜਾਣ ਲਈ ਦ੍ਰਿੜ੍ਹ ਸੰਕਲਪ ਹਨ। ਉਨ੍ਹਾਂ ਕਿਹਾ ਕਿ ਇਸ ਸਾਲ 22 ਅਪ੍ਰੈਲ ਨੂੰ ਜੰਮੂ-ਕਸ਼ਮੀਰ ਦੇ ਪਹਿਲਗਾਮ 'ਚ ਹੋਏ ਹਮਲੇ, ਜਿਸ 'ਚ 26 ਲੋਕਾਂ ਦੀ ਮੌਤ ਹੋ ਗਈ ਸੀ, ਤੋਂ ਬਾਅਦ ਆਪ੍ਰੇਸ਼ਨ ਸੰਧੂਰ ਨੇ ਪਾਕਿਸਤਾਨੀ ਅੱਤਵਾਦੀ ਹੈੱਡਕੁਆਰਟਰ, ਉਨ੍ਹਾਂ ਦੇ ਸਿਖਲਾਈ ਕੇਂਦਰਾਂ ਤੇ ਯਕੀਨੀ ਬਣਾਇਆ ਹੈ। ਆਪ੍ਰੇਸ਼ਨ ਮਹਾਦੇਵ 'ਚ ਸਾਡੇ ਸੁਰੱਖਿਆ ਬਲਾਂ ਨੇ ਪਹਿਲਗਾਮ 'ਚ ਅੱਤਵਾਦੀ ਹਮਲਾ ਕਰਨ ਵਾਲੇ ਅੱਤਵਾਦੀਆਂ ਨੂੰ ਖਤਮ ਕਰਨ ਲਈ ਸਟੀਕ ਕਾਰਵਾਈ ਕੀਤੀ।

# .ਗ਼ਜ਼ਲ ਮੰਚ ਸਰੀ ਦੀ ਸ਼ਾਇਰਾਨਾ ਸ਼ਾਮ ਨੇ ਸ਼ਾਇਰੀ ਪ੍ਰੇਮੀਆਂ ਦੀਆਂ ਰੂਹਾਂ ਨੂੰ ਟੁੰਬਿਆ

ਸਰੀ: ਸਰੀ ਆਰਟ ਸੈਂਟਰ ਵਿਖੇ ਬੀਤੇ ਐਤਵਾਰ ਨੂੰ ਹੋਈ ਗ਼ਜ਼ਲ ਮੰਚ ਸਰੀ ਦੀ ਸਾਲਾਨਾ ਸ਼ਾਇਰਾਨਾ ਸ਼ਾਮ-2025 ਨੇ ਸੈਂਕੜੇ ਸ਼ਾਇਰੀ-ਪ੍ਰੇਮੀਆਂ ਦੇ ਦਿਲਾਂ ਵਿਚ ਨਵੀਂ ਰੌਸ਼ਨੀ ਭਰ ਦਿੱਤੀ। ਤਾੜੀਆਂ ਦੀ ਗੂੰਜ ਤੇ ਸ਼ਬਦਾਂ ਦੀ ਖੁਸ਼ਬੂ ਨੇ ਮਿਲ ਕੇ ਅਜਿਹਾ ਕਾਵਿਕ ਮਾਹੌਲ ਸਿਰਜਿਆ ਜੋ ਸਰੋਤਿਆਂ ਦੀਆਂ ਰੂਹਾਂ ਤੱਕ ਉਤਰ ਗਿਆ।

ਸ਼ਾਇਰਾਨਾ ਸ਼ਾਮ ਦੀ ਪ੍ਰਧਾਨਗੀ ਪ੍ਰਸਿੱਧ ਸ਼ਾਇਰ ਦਰਸ਼ਨ ਬੁੱਟਰ (ਪ੍ਰਧਾਨ ਕੇਂਦਰੀ ਪੰਜਾਬੀ ਲੇਖਕ ਸਭਾ), ਗ਼ਜ਼ਲ ਮੰਚ ਦੇ ਪ੍ਰਧਾਨ ਜਸਵਿੰਦਰ, ਵਿਸ਼ਵ ਪੰਜਾਬੀ ਸਾਹਿਤ ਅਕਾਦਮੀ ਕੈਲੀਫੋਰਨੀਆ ਦੇ ਪ੍ਰਧਾਨ ਕੁਲਵਿੰਦਰ, ਪਾਕਿਸਤਾਨ ਤੋਂ ਆਈ ਮਹਿਮਾਨ ਸ਼ਾਇਰਾ ਤਾਹਿਰਾ ਸਰਾ, ਇੰਗਲੈਂਡ ਤੋਂ ਵਿਸ਼ੇਸ਼ ਤੌਰ 'ਤੇ ਪੁੱਜੇ ਸ਼ਾਇਰ ਅਜ਼ੀਮ ਸ਼ੇਖਰ, ਅਤੇ ਪੰਜਾਬੀ-ਉਰਦੂ ਦੇ ਨਾਮਵਰ ਸ਼ਾਇਰ ਦਸ਼ਮੇਸ਼ ਗਿੱਲ ਫਿਰੋਜ਼ ਨੇ ਕੀਤੀ। ਸਵਾਗਤੀ ਸੰਬੋਧਨ ਰਾਜਵੰਤ ਰਾਜ ਵੱਲੋਂ ਸੀ, ਜਿਸ ਨੇ ਮੰਚ ਦੀਆਂ ਸਰਗਰਮੀਆਂ ਦਾ ਖਾਕਾ ਪੇਸ਼ ਕਰਦਿਆਂ ਪ੍ਰੋਗਰਾਮ ਨੂੰ ਸ਼ਬਦਾਂ ਦੀ ਮਹਿਕ ਨਾਲ ਭਰ ਦਿੱਤਾ। ਪ੍ਰੋਗਰਾਮ ਦੀ ਸ਼ੁਰੂਆਤ ਗ਼ਜ਼ਲ ਮੰਚ ਦੇ ਵਿਛੜੇ ਸ਼ਾਇਰ ਕ੍ਰਿਸ਼ਨ ਭਨੋਟ ਨੂੰ ਸਮਰਪਿਤ ਰਹੀ।

ਸਭ ਤੋਂ ਪਹਿਲਾਂ ਮਨਜੀਤ ਕੰਗ ਨੇ ਔਰਤ ਮਨ ਦੀਆਂ ਗਹਿਰਾਈਆਂ ਨੂੰ ਛੋਂਹਦਿਆਂ ਕਿਹਾ:

"ਲਾਲਾ ਦੁਪੱਟਾ ਲੈਂਦੀ ਹਾਂ ਮੈਂ,
ਪਰ ਕੋਠੇ ਸੁੱਕਣਾ ਪਾਇਆ ਨਹੀਂ ਮੈਂ
ਹੱਸਦੀ ਹਾਂ ਤਾਂ ਜੱਗ ਜ਼ਾਹਰ ਹੈ,
ਰੀਝਾਂ ਨੂੰ ਦਫ਼ਨਾਇਆ ਨਹੀਂ ਮੈਂ।"

ਨੌਜਵਾਨ ਸ਼ਾਇਰ ਨੂਰ ਬੱਲ ਨੇ ਛੋਟੀ ਬਹਿਰ ਦੀਆਂ ਗ਼ਜ਼ਲਾਂ ਨਾਲ ਦਰਸ਼ਕਾਂ ਨੂੰ ਮੋਹ ਲਿਆ:

ਕੱਲਿਆਂ ਰਹਿਣ ਦਾ ਇੱਕ ਤਾਂ ਫਾਇਦਾ ਹੁੰਦਾ ਏ
ਰੋ ਲਈਏ ਤਾਂ ਕੋਈ ਕਿਸੇ 'ਤੇ ਹੱਸਦਾ ਨਹੀਂ।

ਪੰਜਾਬ ਤੋਂ ਆਏ ਸੁਰੀਲੇ ਸ਼ਾਇਰ ਕਰਨਜੀਤ ਨੇ ਤਰੰਨੁਮ ਵਿਚ ਆਪਣਾ ਕਲਾਮ ਪੇਸ਼ ਕੀਤਾ:

"ਭਟਕਦਾ ਹਾਂ ਜੇ ਰਾਤਾਂ ਨੂੰ ਤਾਂ ਇਹ ਕੋਈ ਸ਼ੌਕ ਨਹੀਂ ਮੇਰਾ,
ਕੋਈ ਹੁੰਦਾ ਉਡੀਕਣ ਨੂੰ ਤਾਂ ਮੈਂ ਵੀ ਘਰ ਗਿਆ ਹੁੰਦਾ।"

ਸ਼ਾਇਰਾ ਸੁਖਜੀਤ ਨੇ ਮਰਦ ਦੀ ਚੌਧਰ ਨੂੰ ਚੁਣੌਤੀ ਦਿੱਤੀ:

"ਰੱਬ ਨੇ ਮੈਨੂੰ ਔਰਤ ਬਣਾਇਆ,
ਤੈਨੂੰ ਮਰਦ ਬਣਾਇਆ,
ਇਸ ਵਿਚ ਮੇਰੀ ਹੇਠੀ ਕੀ, ਕੀ ਤੇਰੀ ਵਡਿਆਈ ਹੂ।"



ਟੋਰਾਂਟੋ ਤੋਂ ਆਈ ਸ਼ਾਇਰਾ ਨੇ ਆਪਣਾ ਦਰਦ ਇਸ ਤਰ੍ਹਾਂ ਬਿਆਨ ਕੀਤਾ:

"ਬੜਾ ਕੁਝ ਹੈ ਮਨਾਂ ਅੰਦਰ, ਸਮਾਂ ਆਇਆ ਤਾਂ ਦੱਸਾਂਗੇ,
ਕਿਨ੍ਹਾਂ ਖੋਭੇ ਸੀ ਕਦ ਖੰਜਰ, ਸਮਾਂ ਆਇਆ ਤਾਂ ਦੱਸਾਂਗੇ।"

ਇੰਗਲੈਂਡ ਦੇ ਸ਼ਾਇਰ ਅਜ਼ੀਮ ਸ਼ੇਖਰ ਦੀ ਸ਼ਾਇਰੀ ਨੇ ਰੂਹ ਨੂੰ ਝੰਜੋੜ ਦਿੱਤਾ:

"ਤੂੰ ਕਰ ਤਕਸੀਮ, ਦੇਹ ਜ਼ਰਬ੍ਹਾਂ ਤੇ ਲੈ ਭਾਵੇਂ ਘਟਾ ਮੈਨੂੰ,
ਪਰ ਆਪਣੀ ਹੋਂਦ ਦਾ ਇੱਕ ਵਾਰ ਲੈ ਹਿੱਸਾ ਬਣਾ ਮੈਨੂੰ।"

ਕੈਲੀਫੋਰਨੀਆ ਦੇ ਸ਼ਾਇਰ ਕੁਲਵਿੰਦਰ ਦੀ ਆਵਾਜ਼ ਵਿਚ ਪਿਆਰ ਤੇ ਕਦਰ ਦਾ ਸੁਮੇਲ ਸੀ:

ਤੁਹਾਡਾ ਸ਼ੁਕਰੀਆ ਮੈਨੂੰ ਬਚਾ ਲਿਆ ਹੈ ਤੁਸੀਂ,
ਮੈਂ ਬੁਝ ਗਿਆ ਸੀ ਤੇ ਮੁੜ ਕੇ ਜਗਾ ਲਿਆ ਹੈ ਤੁਸੀਂ।

ਦਵਿੰਦਰ ਗੌਤਮ ਨੇ ਉਡੀਕ ਦੇ ਦਰਦ ਨੂੰ ਸ਼ਬਦਾਂ ਵਿਚ ਪ੍ਰੋਇਆ:

ਚੰਗੀ ਭਲੀ ਜ਼ਮੀਨ ਮੈਂ ਬੰਜਰ ਬਣਾ ਲਈ,
ਤੇਰੀ ਉਡੀਕ ਕਰਦਿਆਂ ਵੱਤਰ ਗਵਾ ਲਈ।

ਪਾਕਿਸਤਾਨ ਦੀ ਮਹਿਬੂਬ ਸ਼ਾਇਰਾ ਤਾਹਿਰਾ ਸਰਾ ਨੇ ਆਪਣੀਆਂ ਸ਼ਾਇਰੀ ਅਤੇ ਅਦਾਇਗੀ ਨਾਲ ਸਮੁੱਚੇ ਹਾਲ ਨੂੰ ਮੋਹ ਲਿਆ:

ਜਾਹ ਨੀ ਪਿੱਛਲ ਪੈਰੀਏ ਸਾਹਿਬਾਂ! ਮਾਣ ਵਧਾਇਆ ਈ ਵੀਰਾਂ ਦਾ,
ਮੈਂ ਖ਼ਮਿਆਜ਼ਾ ਭੁਗਤ ਰਹੀ ਆਂ ਤੇਰੇ ਤੋੜੇ ਤੀਰਾਂ ਦਾ।"

ਉਰਦੂ ਸ਼ਾਇਰੀ ਨਾਲ ਦਸ਼ਮੇਸ਼ ਗਿੱਲ ਫਿਰੋਜ਼ ਨੇ ਵੀ ਖੂਬ ਰੰਗ ਬੰਨ੍ਹਿਆ:

ਮੈਂਨੇ ਘਰ ਭੀ ਜੋ ਬਣਾਇਆ ਤੋ ਬਿਨਾ ਦਰਵਾਜ਼ਾ,
ਲੋਗ ਖਿੜਕੀ ਭੀ ਬਨਾਤੇ ਹੈਂ ਸਲਾਖ਼ੋਂ ਵਾਲੀ।"

ਪ੍ਰੀਤ ਮਨਪ੍ਰੀਤ ਦਰਦ ਨੇ ਵਿਛੋੜੇ ਦੀ ਪੀੜ ਨੂੰ ਇਉਂ ਪੇਸ਼ ਕੀਤਾ:

ਪੀੜ, ਉਦਾਸੀ, ਹਉਕੇ, ਹੰਝੂ, ਬਚੈਨੀ, ਲਾਚਾਰੀ
ਤੂੰ ਨਾ ਆਇਆ, ਪਰ ਇਹ ਸਾਰੇ ਆ ਗਏ ਵਾਰੋ ਵਾਰੀ।

ਰਜਾਈਨਾ ਤੋਂ ਆਏ ਨੌਜਵਾਨ ਸ਼ਾਇਰ ਪਰਤਾਪ ਜਗਰਾਉਂ ਨੇ ਵੀ ਸਭ ਨੂੰ ਹੈਰਾਨ ਕਰ ਦਿੱਤਾ:

ਧਰਤੀ ਗਗਨ ਵਿਚਾਲੇ ਆਪਣਾ ਮੁਕਾਮ ਕਰ ਕੇ,
ਬੱਦਲਾਂ ਨੇ ਰੱਖ ਲਿਆ ਸੂਰਜ ਗ਼ੁਲਾਮ ਕਰ ਕੇ।

ਹਰਦਮ ਮਾਨ ਨੇ ਰੂਹਾਨੀ ਅਰਥਾਂ ਵਿਚ ਕਿਹਾ:

ਮੁਸਾਫ਼ਰ ਨੂੰ ਤਾਂ ਦਿਸਦੀ ਸਿਰਫ਼ ਸੰਘਣੀ ਛਾਂ ਹੀ ਹੈ ਇਸ ਦੀ,
ਜੋ ਰੁੱਖ ਦੇ ਖਾਬ ਵਿਚ ਚਲਦੇ ਨੇ ਆਰੇ ਕੌਣ ਵੇਂਹਦਾ ਹੈ।

ਦਰਸ਼ਨ ਬੁੱਟਰ ਨੇ ਆਪਣੀ ਗ਼ਜ਼ਲ ਨਾਲ ਮਨਾਂ ਨੂੰ ਝੰਜੋੜ ਦਿੱਤਾ:

ਸ਼ੀਸ਼ੇ ਦੀ ਮੇਰੀ ਕਾਇਆ ਪਰ ਤੂੰ ਉਠਾਏ ਪੱਥਰ,
ਇੱਕ ਫੁੱਲ ਵਾਸਤੇ ਕਿਉਂ ਸੁੱਤੇ ਜਗਾਏ ਪੱਥਰ।

ਬਲਦੇਵ ਸੀਹਰਾ ਨੇ ਜ਼ਿੰਦਗੀ ਦੀ ਵਿਡੰਬਨਾ ਉਜਾਗਰ ਕੀਤੀ:

ਨ੍ਹੇਰਿਆਂ ਦੀ ਲੀਕ ਨੂੰ ਹੀ ਰੌਸ਼ਨੀ ਸਮਝੀ ਗਿਆ,
ਨਬਜ਼ ਚੱਲਣ ਨੂੰ ਮਹਿਜ਼ ਮੈਂ ਜ਼ਿੰਦਗੀ ਸਮਝੀ ਗਿਆ।

ਇੰਦਰਜੀਤ ਧਾਮੀ ਨੇ ਆਪਣੇ ਵਿਸਮਾਦੀ ਰੰਗ ਵਿਚ ਮਾਹੌਲ ਰੰਗਿਆ। ਗੁਰਮੀਤ ਸਿੱਧੂ ਨੇ ਆਪਣੀ ਸੁਰੀਲੀ ਸ਼ਾਇਰੀ ਨਾਲ ਮਹਿਫ਼ਿਲ ਨੂੰ ਨਵੀਂ ਸਿਖਰ ਦਿੱਤੀ। ਸੰਚਾਲਕ ਰਾਜਵੰਤ ਰਾਜ ਨੇ ਬੇਹਦ ਸੁੰਦਰ ਅੰਦਾਜ਼ ਵਿਚ ਸ਼ਾਮ ਦਾ ਸੰਚਾਲਨ ਕੀਤਾ। ਮੰਚ ਦੇ ਪ੍ਰਧਾਨ ਜਸਵਿੰਦਰ ਨੇ ਸਿਰਜੇ ਮਿਆਰਾਂ ਤੋਂ ਪਰ੍ਹੇ ਜਾਣ ਦੀ ਗੱਲ ਕੀਤੀ:

ਸਵੇਰ ਸ਼ਾਮ ਗੁਜ਼ਾਰਿਸ਼ ਕਰਾਂ ਮੈਂ ਯਾਰਾਂ ਨੂੰ,
ਚਲੋ ਉਲੰਘੀਏ ਖ਼ੁਦ ਸਿਰਜਿਆਂ ਮਿਆਰਾਂ ਨੂੰ।

ਦਰਸ਼ਨ ਬੁੱਟਰ ਨੇ ਆਪਣੇ ਪ੍ਰਧਾਨਗੀ ਸੰਬੋਧਨ ਵਿਚ ਕਿਹਾ ਕਿ ਗ਼ਜ਼ਲ ਮੰਚ ਸਰੀ ਦਾ ਹਰ ਮੈਂਬਰ ਉੱਚ ਪੱਧਰ ਦਾ ਸ਼ਾਇਰ ਹੈ ਅਤੇ ਸਰੀ ਦੇ ਸਰੋਤੇ ਮੁਬਾਰਕਬਾਦ ਦੇ ਹੱਕਦਾਰ ਹਨ ਕਿ ਉਹ ਸ਼ਾਇਰੀ ਨੂੰ ਸਿਰਫ਼ ਸੁਣਦੇ ਨਹੀਂ, ਸਹੀ ਮਾਅਨਿਆਂ ਵਿਚ ਮਾਣਦੇ ਹਨ। ਉਨ੍ਹਾਂ ਵਿਸ਼ਵ ਪੰਜਾਬੀ ਕਾਨਫਰੰਸ-ਮੁਹਾਲੀ ਦਾ ਜ਼ਿਕਰ ਕਰਦਿਆਂ ਕਿਹਾ ਕਿ ਗ਼ਜ਼ਲ ਮੰਚ ਸਰੀ ਦਾ ਸੈਸ਼ਨ ਅਜੇ ਵੀ ਲੋਕਾਂ ਦੇ ਦਿਲਾਂ ਵਿਚ ਗੂੰਜਦਾ ਹੈ।

ਅੰਤ ਵਿਚ ਗ਼ਜ਼ਲ ਮੰਚ ਦੇ ਜਸਵਿੰਦਰ ਨੇ ਸਭ ਮਹਿਮਾਨਾਂ, ਸ਼ਾਇਰਾਂ ਅਤੇ ਸਰੋਤਿਆਂ ਦਾ ਧੰਨਵਾਦ ਕੀਤਾ ਤੇ ਕਿਹਾ ਕਿ ਸ਼ਬਦਾਂ ਦੀ ਇਹ ਸ਼ਾਮ ਕੇਵਲ ਸੁਣੀ ਨਹੀਂ ਗਈ, ਮਹਿਸੂਸ ਕੀਤੀ ਗਈ। ਜਦ ਸ਼ਬਦ ਰੂਹ ਨੂੰ ਛੂਹਣ ਲੱਗ ਪੈਂਦੇ ਹਨ, ਤਦ ਮਹਿਫ਼ਿਲ ਇਤਿਹਾਸ ਬਣ ਜਾਂਦੀ ਹੈ। ਇਸ ਮੌਕੇ ਗ਼ਜ਼ਲ ਮੰਚ ਵੱਲੋਂ ਸਾਰੇ ਸਪਾਂਸਰਾਂ ਅਤੇ ਮਹਿਮਾਨ ਸ਼ਾਇਰਾਂ ਦਾ ਸਨਮਾਨ ਕੀਤਾ ਗਿਆ। ਇੰਦਰਜੀਤ ਧਾਮੀ ਨੇ ਆਪਣੇ ਦੀ ਯਾਦ ਵਿਚ ਦਿੱਤਾ ਜਾਂਦਾ 'ਦਿਲਬਰ ਨੂਰਪੁਰੀ ਐਵਾਰਡ' ਇਸ ਵਾਰ ਗ਼ਜ਼ਲ ਮੰਚ ਸਰੀ ਦੇ ਸ਼ਾਇਰ ਦਸ਼ਮੇਸ਼ ਗਿੱਲ ਫਿਰੋਜ਼ ਨੂੰ ਪ੍ਰਦਾਨ ਕੀਤਾ।

*-ਹਰਦਮ ਮਾਨ*

# ਪਿਮਸ ਜਲੰਧਰ ਅਤੇ ਪੰਜਾਬ ਸਰਕਾਰ 'ਤੇ ਸਟਾਈਪੈਂਡ ਆਰਡਰ ਦੀ ਉਲੰਘਣਾ ਦਾ ਦੋਸ਼

**ਜਲੰਧਰ:** ਪੰਜਾਬ ਯੂਥ ਕਾਂਗਰਸ ਦੇ ਸਕੱਤਰ ਅੰਗਦ ਦੱਤਾ ਨੇ ਪੰਜਾਬ ਇੰਸਟੀਟਿਊਟ ਆਫ਼ ਮੈਡੀਕਲ ਸਾਇੰਸਿਜ਼ (ਪਿਮਸ)ਅਤੇ ਪੰਜਾਬ ਸਰਕਾਰ ਦੀ ਤਿੱਖੀ ਆਲੋਚਨਾ ਕਰਦਿਆਂ ਕਿਹਾ ਕਿ ਸਰਕਾਰ ਅਤੇ ਸੰਸਥਾ ਦੋਵੇਂ ਹੀ ਐਮ.ਬੀ.ਬੀ.ਐੱਸ. ਇੰਟਰਨਾਂ ਨੂੰ 22,000 ਰੁਪਏ ਮਹੀਨਾਵਾਰ ਸਟਾਈਪੈਂਡ ਦੇਣ ਦੇ ਸਰਕਾਰੀ ਹੁਕਮਾਂ ਦੀ ਪਾਲਣਾ ਕਰਨ 'ਚ ਨਾਕਾਮ ਰਹੇ ਹਨ। ਡਿਪਾਰਟਮੈਂਟ ਆਫ਼ ਮੈਡੀਕਲ ਐਜੂਕੇਸ਼ਨ ਐਂਡ ਰਿਸਰਚ (DMER), ਪੰਜਾਬ ਵੱਲੋਂ ਜਾਰੀ ਸਰਕਾਰੀ ਨੋਟੀਫਿਕੇਸ਼ਨ (ਲੈਟਰ ਨੰਬਰ 3[M[E[3-PUN-2025/12220, ਮਿਤੀ 30 ਜੁਲਾਈ 2025) ਅਨੁਸਾਰ ਐਮ.ਬੀ.ਬੀ.ਐੱਸ. ਇੰਟਰਨਾਂ ਲਈ ਸਟਾਈਪੈਂਡ -22,000 ਪ੍ਰਤੀ ਮਹੀਨਾ ਤੈਅ ਕੀਤਾ ਗਿਆ ਹੈ। ਇਹ ਆਰਡਰ ਡਾ. ਅਨੀਤ ਭੰਡਾਰੀ, ਡਾਇਰੈਕਟਰ ਧੰਓ੍ ਪੰਜਾਬ ਵੱਲੋਂ ਜਾਰੀ ਕੀਤਾ ਗਿਆ ਸੀ ਅਤੇ ਤਕਨੀਕੀ ਤੌਰ 'ਤੇ ਸਰਕਾਰੀ ਮੈਡੀਕਲ ਅਤੇ ਡੈਂਟਲ ਕਾਲਜਾਂ 'ਤੇ ਲਾਗੂ ਹੁੰਦਾ ਹੈ। ਪਰ ਅੰਗਦ ਦੱਤਾ ਨੇ ਦਰਸਾਇਆ ਕਿ ਬਾਬਾ ਫਰੀਦ ਯੂਨੀਵਰਸਿਟੀ ਆਫ਼ ਹੈਲਥ ਸਾਇੰਸਿਜ਼ ਜੋ ਕਿ ਪੰਜਾਬ ਦੇ ਸਾਰੇ ਮੈਡੀਕਲ ਸੰਸਥਾਨਾਂ (ਸਰਕਾਰੀ, ਪ੍ਰਾਈਵੇਟ ਅਤੇ ਪੀਪੀਪੀ ਮਾਡਲ ਕਾਲਜਾਂ) ਦੀ ਅਫਿਲੀਏਟ ਅਥਾਰਟੀ ਹੈ ਨੇ ਇਸ ਤੋਂ ਬਾਅਦ ਆਫਿਸ ਆਰਡਰ ਨੰਬਰ 08-BFUHS(Estt-II)/2025 ਮਿਤੀ 14 ਅਕਤੂਬਰ 2025 ਜਾਰੀ ਕਰਕੇ ਇਹੀ ਸਟਾਈਪੈਂਡ ਸਕੇਲ ਸਭ ਅਫਿਲੀਏਟ ਕਾਲਜਾਂ 'ਤੇ ਲਾਗੂ ਕੀਤਾ।

"BFUHS ਦੇ ਹੁਕਮ 'ਚ ਕਿਤੇ ਵੀ ਇਹ ਨਹੀਂ ਲਿਖਿਆ ਕਿ ਇਹ ਸਿਰਫ਼ ਸਰਕਾਰੀ ਕਾਲਜਾਂ 'ਤੇ ਹੀ ਲਾਗੂ ਹੈ। ਇਸ ਦਾ ਸਿੱਧਾ ਅਰਥ ਹੈ ਕਿ



ਇਹ ਆਰਡਰ ਪਿਮਸ ਜਲੰਧਰ ਸਮੇਤ ਸਭ ਅਫਿਲੀਏਟ ਕਾਲਜਾਂ 'ਤੇ ਲਾਗੂ ਹੁੰਦਾ ਹੈ। ਜਦੋਂ ਯੂਨੀਵਰਸਿਟੀ ਕੋਈ ਸਰਕਾਰੀ ਆਰਡਰ ਲਾਗੂ ਕਰਦੀ ਹੈ, ਤਾਂ ਉਹ ਇਸਦੇ ਅਧੀਨ ਆਉਣ ਵਾਲੇ ਹਰ ਕਾਲਜ ਲਈ ਬੱਝਣਯੋਗ ਹੋ ਜਾਂਦਾ ਹੈ," ਅੰਗਦ ਦੱਤਾ ਨੇ ਕਿਹਾ।

## ਪਿਮਸ ਪ੍ਰਬੰਧਕਾਂ ਦਾ ਤਰਕ

ਵਿਵਾਦ ਉੱਤੇ ਪ੍ਰਤੀਕ੍ਰਿਆ ਦਿੰਦਿਆਂ PIMS ਦੇ ਐਗਜ਼ਿਕਿਊਟਿਵ ਚੇਅਰਮੈਨ ਡਾ. ਕਵਲਜੀਤ ਸਿੰਘ ਨੇ ਕਿਹਾ: "DMER ਦੀਆਂ ਗਾਈਡਲਾਈਨਾਂ ਸਿਰਫ਼ ਸਰਕਾਰੀ ਕਾਲਜਾਂ ਲਈ ਹਨ, ਪ੍ਰਾਈਵੇਟ ਜਾਂ PPP ਮਾਡਲ ਕਾਲਜਾਂ 'ਤੇ ਲਾਗੂ ਨਹੀਂ ਹੁੰਦੀਆਂ।" ਇਸ 'ਤੇ ਅੰਗਦ ਦੱਤਾ ਨੇ ਕਿਹਾ ਕਿ ਇਹ ਤਰਕ "ਪੂਰੀ ਤਰ੍ਹਾਂ ਬੇਬੁਨਿਆਦ ਅਤੇ ਭ੍ਰਮਿਤ ਕਰਨ ਵਾਲਾ ਹੈ", ਕਿਉਂਕਿ ਯੂਨੀਵਰਸਿਟੀ ਦਾ ਹੁਕਮ ਇਸ ਦਾਅਵੇ ਦਾ ਸਿੱਧਾ ਖੰਡਨ ਕਰਦਾ ਹੈ।




**Punjab Times**
**Established in 2000**
**25th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com

**Founder Editor:**
Amolak Singh Jammu
**Managing Editor**
Jaspreet Kaur
**Editor**
Lakhvinder S. Johal
**Astt. Editor**
Amrit Pal Kaur

**Photographer**
Kamaljit Singh Virdi
Ph. 847-502-2703
**Our Columnists**
Gurbakhsh Singh Bhandal
Buta Singh
Tarlochan Singh Dupalpur
**Corrspondents**
**California**
Ashok Bhaura
**New York**
Iqbal S. Jabowalia
917-375-6395

Postmaster: Please send address changes to Punjab Times, 20451 N. Plum Grove Rd., Palatine, IL 60074

**Distributed in:**
California, Illinois, Indiana, Ohio, Michigan, Wisconsin, Mississippi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas.

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 130 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰ ਵਿਚ ਕੀਤੇ ਗਏ ਦਾਅਵੇ ਦੀ ਜ਼ਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵੇ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claim made in the advertisement published in Punjab Times.

**All disputes subject to Chicago jurisdiction.**

# ਨੈਸ਼ਨਲ ਹੈਰਾਲਡ ਮਾਮਲੇ 'ਚ 29 ਨਵੰਬਰ ਨੂੰ ਹੋਵੇਗੀ ਮੁੜ ਸੁਣਵਾਈ



**ਨਵੀਂ ਦਿੱਲੀ:** ਰਾਊਜ਼ ਐਵਨਿਊ ਅਦਾਲਤ ਨੇ ਨੈਸ਼ਨਲ ਹੈਰਾਲਡ ਮਾਮਲੇ ਨੂੰ ਹੋਰ ਸਬੂਤਾਂ ਲਈ ਸੂਚੀਬੱਧ ਕੀਤਾ ਹੈ, ਕਿਉਂਕਿ ਦਿੱਲੀ ਹਾਈ ਕੋਰਟ ਵਲੋਂ ਪਹਿਲਾਂ ਦਿੱਤੀ ਗਈ ਸਟੇਅ ਨੂੰ ਨਹੀਂ ਵਧਾਇਆ ਗਿਆ ਹੈ।

ਸ਼ਿਕਾਇਤਕਰਤਾ ਭਾਜਪਾ ਆਗੂ ਸੁਬਰਾਮਨੀਅਮ ਸਵਾਮੀ ਵਲੋਂ ਦਿੱਲੀ ਹਾਈ ਕੋਰਟ ਤੋਂ ਅਪੀਲ ਵਾਪਸ ਲੈਣ ਦੀ ਇੱਛਾ ਪ੍ਰਗਟ ਕਰਨ ਤੋਂ ਬਾਅਦ ਵਧੀਕ ਮੁੱਖ ਨਿਆਇਕ ਮੈਜਿਸਟ੍ਰੇਟ (ਏ ਸੀ ਜੇ ਐੱਮ) ਨੇਹਾ ਮਿੱਤਲ ਨੇ ਸਬੂਤਾਂ ਲਈ ਕੇਸ ਸੂਚੀਬੱਧ ਕੀਤਾ। ਰਾਊਜ਼ ਐਵਨਿਊ ਅਦਾਲਤ ਨੇ 29 ਨਵੰਬਰ ਨੂੰ ਸੁਣਵਾਈ ਲਈ ਕੇਸ ਸੂਚੀਬੱਧ ਕੀਤਾ ਹੈ। ਸੁਣਵਾਈ ਦੌਰਾਨ, ਸਵਾਮੀ ਦੇ ਵਕੀਲ ਨੇ 8 ਅਕਤੂਬਰ, 2025 ਨੂੰ ਦਿੱਲੀ ਹਾਈ ਕੋਰਟ ਦਾ ਹੁਕਮ ਪੇਸ਼ ਕੀਤਾ। ਇਸ ਵਿਚ ਕਿਹਾ ਗਿਆ ਹੈ। ਕਿ ਪਟੀਸ਼ਨਕਰਤਾ, ਸੁਬਰਾਮਨੀਅਮ ਸਵਾਮੀ ਦੇ ਵਕੀਲ, ਐਡਵੋਕੇਟ ਸੱਤਿਆ ਆਨੰਦ ਸਭਰਵਾਲ, ਪਟੀਸ਼ਨ ਵਾਪਸ ਲੈਣਾ ਚਾਹੁੰਦੇ ਸਨ. ਵਕੀਲ ਦਾ ਵਕਾਲਤਨਾਮਾ ਹਾਈ ਕੋਰਟ ਦੇ ਰਿਕਾਰਡ ਵਿਚ ਨਹੀਂ ਸੀ। ਇਸ ਲਈ, ਉਸ ਨੂੰ ਰਿਕਾਰਡ ਵਿਚ ਦਾਇਰ ਕਰਨ ਲਈ ਸਮਾਂ ਦਿੱਤਾ ਗਿਆ। ਅਦਾਲਤ ਨੇ ਪਹਿਲਾਂ ਕਾਂਗਰਸ ਆਗੂ ਸੋਨੀਆ ਗਾਂਧੀ, ਰਾਹੁਲ ਗਾਂਧੀ ਅਤੇ ਹੋਰਾਂ ਨੂੰ ਸੰਮਨ ਜਾਰੀ ਕੀਤੇ ਸਨ। ਉਹ ਇਸ ਮਾਮਲੇ ਵਿਚ ਜ਼ਮਾਨਤ 'ਤੇ ਹਨ। ਮਾਮਲਾ ਰਾਊਜ਼ ਐਵਨਿਊ ਅਦਾਲਤ ਦੇ ਸਾਹਮਣੇ ਸਬੂਤਾਂ ਦੇ ਪੜਾਅ 'ਤੇ ਹੈ।

# ਪ੍ਰੋ. ਦਵਿੰਦਰਪਾਲ ਸਿੰਘ ਭੁੱਲਰ ਨੂੰ ਰਿਹਾਅ ਕੀਤਾ ਜਾਵੇ: ਤਰਲੋਚਨ ਸਿੰਘ



**ਨਵੀਂ ਦਿੱਲੀ:** ਸਾਬਕਾ ਸੰਸਦ ਮੈਂਬਰ ਅਤੇ ਉੱਘੇ ਸਿੱਖ ਵਿਦਵਾਨ ਤਰਲੋਚਨ ਸਿੰਘ ਨੇ ਦਿੱਲੀ ਦੀ ਮੁੱਖ ਮੰਤਰੀ ਰੇਖਾ ਗੁਪਤਾ ਨੂੰ ਇਕ ਪੱਤਰ ਲਿਖਿਆ ਹੈ ਜਿਸ ਵਿਚ ਉਨ੍ਹਾਂ ਨੇ 14 ਅਕਤੂਬਰ 2025 ਨੂੰ ਭੇਜੇ ਗਏ ਆਪਣੇ ਪੱਤਰ ਦਾ ਹਵਾਲਾ ਦਿੱਤਾ ਹੈ, ਜਿਸ ਵਿਚ ਦਹਾਕਿਆਂ ਤੋਂ ਜੇਲ੍ਹ ਵਿਚ ਬੰਦ ਦਵਿੰਦਰਪਾਲ ਸਿੰਘ ਭੁੱਲਰ ਨੂੰ ਰਿਹਾਅ ਕਰਨ ਦੀ ਬੇਨਤੀ ਕੀਤੀ ਗਈ ਸੀ। ਅੱਜ ਇਕ ਵਾਰ ਫਿਰ ਉਨ੍ਹਾਂ ਨੇ ਮੁੱਖ ਮੰਤਰੀ ਰੇਖਾ ਗੁਪਤਾ ਨੂੰ ਲਿਖੇ ਪੱਤਰ ਵਿਚ ਜ਼ਿਕਰ ਕੀਤਾ ਹੈਕਿ ਦਿੱਲੀ ਹਾਈ ਕੋਰਟ ਦੇ ਜਸਟਿਸ ਨੇ 15 ਅਕਤੂਬਰ ਨੂੰ ਆਪਣੇ ਫ਼ੈਸਲੇ ਵਿਚ ਦਵਿੰਦਰਪਾਲ ਸਿੰਘ ਭੁੱਲਰ ਦੇ ਕੇਸ ਨੂੰ ਅਗਲੀ ਐਸ.ਆਰ.ਬੀ. ਮੀਟਿੰਗ ਵਿਚ ਨਵੇਂ ਸਿਰੇ ਤੋਂ ਵਿਚਾਰਨ ਦਾ ਨਿਰਦੇਸ਼ ਦਿੱਤਾ ਹੈ ਅਤੇ ਮੀਟਿੰਗ ਤੋਂ ਬਾਅਦ ਇਸਦੇ ਮਿੰਟਸ ਵੀ ਜਮ੍ਹਾਂ ਕੀਤੇ ਜਾਣ ਲਈ ਕਿਹਾ ਹੈ। ਤਰਲੋਚਨ ਸਿੰਘ ਨੇ ਆਪਣੇ ਪੱਤਰ ਦੇ ਅੰਤ ਵਿਚ ਉਮੀਦ ਪ੍ਰਗਟ ਕੀਤੀ ਹੈ ਕਿ ਤੁਸੀਂ ਮੀਟਿੰਗ ਬੁਲਾਉਣ ਅਤੇ ਭੁੱਲਰ ਨੂੰ ਇਨਸਾਫ਼ ਦਿਵਾਉਣ ਲਈ ਦਿਆਲਤਾ ਦਿਖਾਉਗੇ, ਜੋ ਕਈ ਸਾਲਾਂ ਤੋਂ ਜੇਲ੍ਹ ਵਿਚ ਹੈ।

# ਸੁਪਰੀਮ ਕੋਰਟ ਨੇ 8.82 ਲੱਖ ਬਕਾਇਆ ਫਾਂਸੀ ਦੀਆਂ ਪਟੀਸ਼ਨਾਂ 'ਤੇ ਪ੍ਰਗਟਾਈ ਚਿੰਤਾ



**ਨਵੀਂ ਦਿੱਲੀ:** ਸੁਪਰੀਮ ਕੋਰਟ ਨੇ ਦੇਸ਼ ਭਰ ਦੀਆਂ ਅਦਾਲਤਾਂ 'ਚ ਬਕਾਇਆ ਫਾਂਸੀ। ਦੀਆਂ ਪਟੀਸ਼ਨਾਂ ਦੀ ਵੱਡੀ ਗਿਣਤੀ ਨੂੰ ਨਿਰਾਸ਼ਾਜਨਕ ਦੱਸਦਿਆਂ ਗਹਿਰੀ ਚਿੰਤਾ।ਦਾ ਪ੍ਰਗਟਾਵਾ ਕੀਤਾ ਹੈ। ਜਸਟਿਸ ਜੇ.ਬੀ. ਪਾਰਦੀਵਾਲਾ ਅਤੇ ਜਸਟਿਸ ਪੰਕਜ ਮਿੱਤਲ ਦੇ ਡਵੀਜ਼ਨ ਬੈਂਚ ਨੇ ਪਹਿਲਾਂ ਦਿੱਤੇ ਨਿਰਦੇਸ਼ਾਂ ਦੀ ਸਮੀਖਿਆ ਕਰਦਿਆਂ ਕਿਹਾ ਕਿ ਦੇਸ਼ ਭਰ ਦੀਆਂ ਜ਼ਿਲ੍ਹਾ ਅਦਾਲਤਾਂ 8,82,578 ਪਟੀਸ਼ਨਾਂ ਬਕਾਇਆ ਹਨ। ਸੁਪਰੀਮ ਕੋਰਟ ਨੇ ਇਨ੍ਹਾਂ ਮਾਮਲਿਆਂ ਦੇ ਛੇਤੀ ਨਿਪਟਾਰੇ ਲਈ ਸਾਰੀਆਂ ਹਾਈ ਕੋਰਟਾਂ ਨੂੰ ਹੋਰ 6 ਮਹੀਨੇ ਦਾ ਸਮਾਂ ਦਿੱਤਾ ਹੈ। ਇਸ ਤੋਂ ਪਹਿਲਾਂ 6 ਮਾਰਚ, 2025 ਨੂੰ ਸੁਪਰੀਮ ਕੋਰਟ ਨੇ ਸਾਰੀਆਂ ਹਾਈ ਕੋਰਟਾਂ ਨੂੰ ਬਕਾਇਆ ਆਪੋ-ਆਪਣੀਆਂ ਡਵੀਜ਼ਨਲ ਅਦਾਲਤਾਂ ਤੋਂ ਇਨ੍ਹਾਂ ਬਕਾਇਆ ਪਟੀਸ਼ਨਾਂ ਦਾ ਡੇਟਾ ਇਕੱਠਾ ਕਰਨ ਅਤੇ 6 ਮਹੀਨੇ ਦੇ ਅੰਦਰ ਉਨ੍ਹਾਂ ਦੇ ਨਿਪਟਾਰੇ ਲਈ।

ਪ੍ਰਸ਼ਾਸਨਿਕ ਆਦੇਸ਼ ਜਾਰੀ ਕਰਨ ਦੇ ਆਦੇਸ਼ ਦਿੱਤੇ ਸਨ । ਉਸ ਆਦੇਸ਼ 'ਚ ਕਿਹਾ ਗਿਆ ਸੀ ਕਿ ਇਸ ਆਦੇਸ਼ ਦੀ ਪਾਲਣਾ 'ਚ ਕੋਈ ਵੀ ਕੁਤਾਹੀ ਹੋਣ 'ਤੇ ਸੰਬੰਧਿਤ ਪ੍ਰੀਜਾਈਡਿੰਗ ਅਧਿਕਾਰੀ ਹੀ ਜਵਾਬਦੇਹ ਹੋਵੇਗਾ। ਰਿਪੋਰਟ ਮੁਤਾਬਿਕ 8,82,578 ਮਾਮਲੇ ਬਕਾਇਆ ਸਨ ਅਤੇ ਅਦਾਲਤ ਦੇ 6 ਮਾਰਚ ਦੇ ਆਦੇਸ਼ ਤੋਂ ਬਾਅਦ 3,38,685 ਮਾਮਲਿਆਂ ਦਾ ਨਿਪਟਾਰਾ ਕੀਤਾ ਗਿਆ ਹੈ। ਸੁਪਰੀਮ ਕੋਰਟ ਨੇ ਬਕਾਇਆ ਮਾਮਲਿਆਂ ਨੂੰ ਚਿੰਤਾਜਨਕ ਦੱਸਦਿਆਂ ਕਿਹਾ ਕਿ ਆਦੇਸ਼ ਤੋਂ ਬਾਅਦ ਜੇਕਰ ਕਾਰਵਾਈ ਕਰਨ ਨੂੰ ਕਾਫੀ ਸਾਲ ਲੱਗਣੇ ਹਨ ਤਾਂ ਇਸ ਦਾ ਕੋਈ ਅਰਥ ਨਹੀਂ ਹੈ ਅਤੇ ਇਹ ਨਿਆਂ ਨਾਲ ਧੱਕਾ ਹੈ। ਸੁਪਰੀਮ ਕੋਰਟ ਨੇ ਸਾਰੀਆਂ ਹਾਈ ਕੋਰਟਾਂ ਨੂੰ ਮੁੜ ਦੁਹਰਾਉਂਦਿਆਂ ਕਿਹਾ ਕਿ ਉਹ ਆਪੋ-ਆਪਣੀਆਂ ਜ਼ਿਲ੍ਹਾ ਅਦਾਲਤਾਂ 'ਚ ਬਕਾਇਆ ਇਨ੍ਹਾਂ ਮਾਮਲਿਆਂ ਦੇ ਨਿਪਟਾਰੇ ਲਈ ਕੋਈ ਢੁਕਵੀਂ ਵਿਵਸਥਾ ਲਾਗੂ ਕਰਨ।

# ਫ਼ੌਜ ਮੁਖੀ ਵਲੋਂ ਚੀਨ ਤੇ ਨਿਪਾਲ ਨਾਲ ਲਗਦੀਆਂ ਸਰੱਹਦਾਂ ਦੀ ਸਮੀਖਿਆ



**ਨਵੀਂ ਦਿੱਲੀ:** ਫ਼ੌਜ ਮੁਖੀ ਜਨਰਲ ਉਪੇਂਦਰ ਦਿਵੇਦੀ ਨੇ ' ਨਿਪਾਲ ਅਤੇ ਚੀਨ ਨਾਲ ਲਗਦੀਆਂ ਸਰਹੱਦਾਂ ਸਮੇਤ ਕੇਂਦਰੀ ਸੈਕਟਰ 'ਚ ਭਾਰਤ ਦੀ ਫ਼ੌਜੀ ਤਿਆਰੀ ਦੀ ਵਿਆਪਕ ਸਮੀਖਿਆ ਕੀਤੀ। ਅਧਿਕਾਰੀਆਂ ਨੇ ਦੱਸਿਆ ਕਿ ਜਨਰਲ ਦਿਵੇਦੀ ਨੇ ਐਤਵਾਰ ਨੂੰ ਸਮਾਪਤ ਹੋਏ ਖੇਤਰ ਦੇ ਆਪਣੇ ਦੋ ਦਿਨਾ ਦੌਰੇ ਦੌਰਾਨ ਪਿਥੌਰਾਗੜ੍ਹ ਅਤੇ ਨਾਲ ਲਗਦੇ ਖੇਤਰਾਂ 'ਚ ਕਈ ਉਚਾਈ ਵਾਲੀਆਂ ਫਾਰਵਰਡ ਚੌਕੀਆਂ ਦਾ ਦੌਰਾ ਕੀਤਾ। ਇਕ ਅਧਿਕਾਰਤ ਬਿਆਨ ਅਨੁਸਾਰ ਫ਼ੌਜ ਮੁਖੀ ਨੇ ਰਣਨੀਤਕ ਤੌਰ 'ਤੇ ਮਹੱਤਵਪੂਰਨ ਖੇਤਰ 'ਚ ਕਾਰਜਸ਼ੀਲ ਸਥਿਤੀ ਦਾ ਮੁਲਾਂਕਣ ਕਰਨ, ਫ਼ੌਜਾਂ ਨੂੰ ਪ੍ਰੇਰਿਤ ਕਰਨ ਅਤੇ ਸਿਵਲ-ਫ਼ੌਜੀ ਸੰਬੰਧਾਂ ਨੂੰ ਮਜ਼ਬੂਤ ਕਰਨ ਲਈ ਕੇਂਦਰੀ ਸੈਕਟਰ 'ਚ ਅਗੇਤੀਆਂ ਚੌਕੀਆਂ ਦਾ ਦੌਰਾ ਕੀਤਾ। ਫ਼ੌਜ ਅਨੁਸਾਰ ਫ਼ੌਜੀਆਂ ਨਾਲ ਆਪਣੀ ਗੱਲਬਾਤ 'ਚ ਫ਼ੌਜ ਮੁਖੀ ਨੇ ਉਨ੍ਹਾਂ ਦੀ ਲਚਕਤਾ, ਹਿੰਮਤ ਅਤੇ ਅਤਿਅੰਤ ਮੌਸਮੀ ਹਾਲਤ ਤੇ ਅੱਖ ਇਲਾਕਿਆਂ 'ਚ ਡਿਊਟੀ ਪ੍ਰਤੀ ਦ੍ਰਿੜ੍ਹ ਸਮਰਪਣ ਦੀ ਪ੍ਰਸ਼ੰਸਾ ਕੀਤੀ। ਉਨ੍ਹਾਂ ਨੇ ਭਾਰਤੀ ਫ਼ੌਜ ਦੀ ਪੂਰੀ ਤਿਆਰੀ ਦੀ ਪੁਸ਼ਟੀ ਕੀਤੀ। ਜਨਰਲ ਦਿਵੇਦੀ ਨੇ ਸਾਬਕਾ ਸੈਨਿਕਾਂ ਅਤੇ ਸਥਾਨਕ ਭਾਈਚਾਰਿਆਂ ਨਾਲ ਵੀ ਮੁਲਾਕਾਂਤ ਕੀਤੀ। ਕੁਮਾਉਂ ਖੇਤਰ ਦੀ ਰਣਨੀਤਕ ਮਹੱਤਤਾ 'ਤੇ ਜ਼ੋਰ ਦਿੰਦੇ ਹੋਏ, ਖਾਸ ਕਰਕੇ ਨਿਪਾਲ ਅਤੇ ਚੀਨ ਨਾਲ ਲਗਦੇ ਸਰਹੱਦੀ ਖੇਤਰਾਂ ਦੇ ਪ੍ਰਵੇਸ਼ ਦੁਆਰ ਵਜੋਂ, ਉਨ੍ਹਾਂ ਨੇ ਸਥਾਨਕ ਭਾਈਚਾਰਿਆਂ ਦੀ ਸ਼ਲਾਘਾ ਕੀਤੀ ਤੇ ਕੁਮਾਉਂ ਰੈਜੀਮੈਂਟ ਦੀ ਸ਼ਾਨਦਾਰ ਵਿਰਾਸਤ ਨੂੰ ਯਾਦ ਕੀਤਾ।

# ਅਵਾਰਾ ਕੁੱਤਿਆਂ ਦੀ ਵਧ ਰਹੀ ਗਿਣਤੀ ਤੋਂ ਕੇਂਦਰ ਸਰਕਾਰ ਚਿੰਤਤ

**ਨਵੀਂ ਦਿੱਲੀ:** ਅਵਾਰਾ ਕੁੱਤਿਆਂ ਦੀ ਵਧਦੀ ਗਿਣਤੀ ਤੇ ਰੇਬੀਜ਼ ਦੇ ਖ਼ਤਰੇ 'ਤੇ ਕੇਂਦਰ ਸਰਕਾਰ ਨੇ ਸਖ਼ਤ ਰੁਖ਼ ਅਪਣਾਇਆ ਹੈ। ਪਸ਼ੂ ਪਾਲਣ ਤੇ ਡੇਅਰੀ ਵਿਭਾਗ ਨੇ ਸਾਰੇ ਸੂਬਿਆਂ ਤੇ ਕੇਂਦਰ ਸ਼ਾਸਤ ਪ੍ਰਦੇਸ਼ਾਂ ਨੂੰ ਦੋ ਟੁੱਕ ਕਿਹਾ ਹੈ ਕਿ ਉਹ 31 ਅਕਤੂਬਰ ਤੱਕ ਆਪਣੇ- ਆਪਣੇ ਖੇਤਰਾਂ ਦੀ ਕਾਰਜ ਯੋਜਨਾ ਮੰਤਰਾਲੇ ਨੂੰ ਸੌਂਪਣ। ਰਿਪੋਰਟ ਵਿਚ ਅਵਾਰਾ ਕੁੱਤਿਆਂ ਦੀ ਗਿਣਤੀ, ਨਸਬੰਦੀ ਯਾਨੀ ਐਨੀਮਲ ਬਰਥ ਕੰਟਰੋਲ ਪ੍ਰੋਗਰਾਮ ਦੀ ਤਰੱਕੀ ਅਤੇ ਰੇਬੀਜ਼ ਟੀਕਾਕਰਨ ਦੀ ਅਪਡੇਟ ਸਥਿਤੀ ਦਾ ਪੂਰਾ ਵੇਰਵਾ ਦੇਣਾ ਪਵੇਗਾ। ਕੇਂਦਰ ਦਾ ਟੀਚਾ 2030 ਤੱਕ ਰੇਬੀਜ਼ ਮੁਕਤ ਭਾਰਤ ਬਣਾਉਣ ਦਾ ਹੈ। ਇਹ ਵੀ ਸਪੱਸ਼ਟ ਕਰ ਦਿੱਤਾ ਗਿਆ ਹੈ ਕਿ 2025-26 ਦੀਆਂ ਯੋਜਨਾਵਾਂ ਲਈ ਮਿਲਣ ਵਾਲੀ ਫੰਡਿੰਗ ਨੂੰ ਇਸ ਰਿਪੋਰਟ ਨਾਲ ਜੋੜਿਆ ਜਾਵੇਗਾ। ਜਿਨ੍ਹਾਂ ਸੂਬਿਆਂ ਦੀ ਕਾਰਜ ਯੋਜਨਾ ਸਪੱਸ਼ਟ ਤੇ ਲਾਗੂ ਕਰਨ ਯੋਗ ਹੋਵੇਗੀ, ਉਨ੍ਹਾਂ ਨੂੰ ਹੀ ਤਰਜੀਹੀ ਆਧਾਰ 'ਤੇ ਆਰਥਿਕ ਸਹਾਇਤਾ ਦਿੱਤੀ ਜਾਵੇਗੀ।



ਜਿਨ੍ਹਾਂ ਦਾ ਕੰਮ ਸੰਤੋਸ਼ਜਨਕ ਨਹੀਂ ਹੋਵੇਗਾ, ਉਨ੍ਹਾਂ ਨੂੰ ਫੰਡ ਨਹੀਂ ਦਿੱਤਾ ਜਾਵੇਗਾ। ਕੇਂਦਰ ਸਰਕਾਰ ਦਾ ਇਹ ਨਿਰਦੇਸ਼ ਅਜਿਹੇ ਸਮੇਂ ਆਇਆ ਹੈ ਜਦੋਂ ਉੱਤਰ ਪ੍ਰਦੇਸ਼, ਓਡੀਸ਼ਾ, ਬਿਹਾਰ ਤੇ ਬੰਗਾਲ ਵਰਗੇ ਸੂਬਿਆਂ ਦੇ ਕਈ ਸ਼ਹਿਰਾਂ ਵਿਚ ਅਵਾਰਾ ਕੁੱਤਿਆਂ ਦੇ ਹਮਲੇ ਵਧੇ ਹਨ। ਮੰਤਰਾਲੇ ਨੇ ਅਵਾਰਾ ਕੁੱਤਿਆਂ ਦੇ ਬੇਕਾਬੂ ਵਾਧੇ ਲਈ ਸਥਾਨਕ ਸਰਕਾਰਾਂ ਨੂੰ ਜ਼ਿੰਮੇਵਾਰ ਠਹਿਰਾਉਂਦੇ ਹੋਏ ਕਿਹਾ ਹੈ ਕਿ ਇਸ ਦੇ ਲਈ ਹਾਲੇ ਤੱਕ ਕਈ ਸੂਬੇ ਸਿਰਫ਼ ਗ਼ੈਰ-ਸਰਕਾਰੀ ਸੰਗਠਨਾਂ ਜਾਂ ਪਸ਼ੂ-ਪ੍ਰੇਮੀ ਸਮੂਹਾਂ 'ਤੇ ਨਿਰਭਰ ਰਹੇ ਹਨ ਜਦਕਿ ਇਹ ਪੂਰੀ ਤਰ੍ਹਾਂ ਸਥਾਨਕ ਸਰਕਾਰਾਂ ਦੀ ਵਿਧਾਨਕ ਜ਼ਿੰਮੇਵਾਰੀ ਹੈ। ਸਰਕਾਰ ਨੇ ਸਪੱਸ਼ਟ ਕੀਤਾ ਹੈ ਕਿ ਦੇਸ਼ ਨੂੰ ਪੰਜ ਸਾਲਾਂ ਵਿਚ ਕੁੱਤਿਆਂ ਦੇ ਵੱਢਣ ਨਾਲ ਰੇਬੀਜ਼ ਹੋਣ ਦੇ ਖ਼ਤਰੇ ਨੂੰ ਜ਼ੀਰੋ 'ਤੇ ਲਿਆਉਣਾ ਹੈ। ਇਸ ਦੇ ਲਈ ਨੀਤੀਗਤ ਕਦਮ ਚੁੱਕਣ ਦੀ ਜ਼ਿੰਮੇਵਾਰੀ ਸੂਬਿਆਂ ਤੇ ਸਥਾਨਕ ਸਰਕਾਰਾਂ ਦੀ ਹੋਵੇਗੀ। ਮੰਤਰਾਲੇ ਦਾ ਮੰਨਣਾ ਹੈ ਕਿ 70 ਫ਼ੀਸਦੀ ਕੁੱਤਿਆਂ ਦਾ ਰੈਗੂਲਰ ਟੀਕਾਕਰਨ ਤੇ ਨਸਬੰਦੀ ਯਕੀਨੀ ਹੋ ਜਾਣ 'ਤੇ ਰੇਬੀਜ਼ ਇਨਫੈਕਸ਼ਨ ਦੇ ਮਾਮਲਿਆਂ ਵਿਚ 90 ਫ਼ੀਸਦੀ ਤੱਕ ਦੀ ਕਮੀ ਲਿਆਂਦੀ ਜਾ ਸਕਦੀ ਹੈ।

## ਅਫ਼ਗਾਨਿਸਤਾਨ ਤੇ ਪਾਕਿਸਤਾਨ

*(ਪਹਿਲੇ ਸਫ਼ੇ ਦਾ ਬਾਕੀ)*

ਕਿਸੇ ਵੀ ਦੁਸ਼ਮਣੀ ਭਰੀ ਕਾਰਵਾਈ 'ਚ ਸ਼ਾਮਿਲ ਨਾ ਹੋਣ 'ਤੇ ਸਹਿਮਤ ਹੋਈਆਂ ਹਨ। ਉਨ੍ਹਾਂ ਅੱਗੇ ਕਿਹਾ ਕਿ ਇਹ ਸਹਿਮਤੀ ਬਣੀ ਹੈ। ਕਿ ਕੋਈ ਵੀ ਦੇਸ਼ ਦੂਜੇ ਵਿਰੁੱਧ ਕੋਈ ਦੁਸ਼ਮਣੀ ਵਾਲੀ ਕਾਰਵਾਈ ਨਹੀਂ ਕਰੇਗਾ ਅਤੇ ਨਾ ਹੀ ਉਹ ਪਾਕਿਸਤਾਨੀ ਸਰਕਾਰ ਵਿਰੁੱਧ ਹਮਲੇ ਕਰਨ ਵਾਲੇ ਸਮੂਹਾਂ ਦਾ ਸਮਰਥਨ ਕਰਨਗੇ।

ਦੋਵੇਂ ਧਿਰਾਂ ਇਕ ਦੂਜੇ ਦੇ ਸੁਰੱਖਿਆ ਬਲਾਂ, ਨਾਗਰਿਕਾਂ ਜਾਂ ਸਹੂਲਤਾਂ 'ਤੇ ਹਮਲਾ ਕਰਨ ਤੋਂ ਗੁਰੇਜ਼ ਕਰਨਗੀਆਂ। ਇੱਥੇ ਇਹ ਵੀ ਜ਼ਿਕਰਯੋਗ ਹੈ ਕਿ ਪਾਕਿਸਤਾਨ ਦੇ ਫ਼ੌਜੀ ਸ਼ਾਸਨ ਦੁਆਰਾ 9 ਅਕਤੂਬਰ ਨੂੰ ਤਹਿਰੀਕ-ਏ-ਤਾਲਿਬਾਨ ਪਾਕਿਸਤਾਨ (ਟੀ.ਟੀ.ਪੀ.) ਅੱਤਵਾਦੀ ਸਮੂਹ ਦੇ ਚੀਫ਼ ਨੂਰ ਵਲੀ ਮਹਿਸੂਦ ਨੂੰ ਆਧਾਰ ਬਣਾ ਕੇ ਅਫ਼ਗਾਨਿਸਤਾਨ ਦੇ ਹਵਾਈ ਖੇਤਰ ਦੀ ਉਲੰਘਣਾ ਕਰਦਿਆਂ ਆਪਣੇ ਗੁਆਂਢੀ ਮੁਲਕ 'ਚ ਹਵਾਈ ਹਮਲੇ ਕੀਤੇ ਗਏ। ਪਾਕਿਸਤਾਨੀ ਫ਼ੌਜ ਨੇ ਇਨ੍ਹਾਂ ਹਮਲਿਆਂ ਤੋਂ ਬਾਅਦ ਦਾਅਵਾ ਕੀਤਾ ਕਿ ਉਨ੍ਹਾਂ ਨੇ ਨੂਰ ਵਲੀ ਮਹਿਸੂਦ ਨੂੰ ਨਿਸ਼ਾਨਾ ਬਣਾਇਆ। ਹਾਲਾਂਕਿ, ਮਹਿਸੂਦ ਨੇ ਪਾਕਿ ਦੇ ਖ਼ੈਬਰ ਜ਼ਿਲ੍ਹੇ ਤੋਂ ਇਕ ਵੀਡੀਓ ਸੰਦੇਸ਼ 'ਚ ਇਸ ਦਾਅਵੇ ਤੋਂ ਇਨਕਾਰ ਕੀਤਾ ਅਤੇ ਪਾਕਿ ਦੇ ਬਿਆਨ ਨੂੰ ਬੇਬੁਨਿਆਦ ਦੱਸਿਆ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਜਸਬੀਰ ਕੌਰ ਢਿੱਲੋਂ
ਡਾ. ਇਨਕਲਾਬੀ ਥਾਂਦੀ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਪਰਮਿੰਦਰ ਸਿੰਘ ਵਾਲੀਆ
ਡਾ. ਹਰਗੁਰਮੁਖਪਾਲ ਸਿੰਘ
ਡਾ. ਤੇਜਿੰਦਰ ਸਿੰਘ ਮੰਡੇਰ
ਜਗਦੀਸ਼ਰ ਸਿੰਘ ਕਲੇਰ
ਰਘਬੀਰ ਸਿੰਘ ਘੁੰਨ
ਦਰਸ਼ਨ ਸਿੰਘ ਦਰੜ
ਡਾ. ਗੁਰਚਰਨ ਸਿੰਘ ਗਰੇਵਾਲ
ਗੁਰਦੇਵ ਸਿੰਘ ਜੌੜਾ
ਮਨਦੀਪ ਸਿੰਘ ਭੂਰਾ
ਗੁਲਜ਼ਾਰ ਸਿੰਘ ਮੁਲਤਾਨੀ
ਅਵਤਾਰ ਸਿੰਘ ਸਪਰਿੰਗਫੀਲਡ
ਗੁਰਵੀਰ ਸਿੰਘ ਗਿੱਲ
ਜਸਕਰਨ ਸਿੰਘ ਧਾਲੀਵਾਲ
ਅਮਰੀਕ ਸਿੰਘ (ਅਮਰ ਕਾਰਪੇਟ)
ਅੰਮ੍ਰਿਤਪਾਲ ਸਿੰਘ ਸੰਘਾ
ਭੁਪਿੰਦਰ ਸਿੰਘ ਧਾਲੀਵਾਲ
ਹਰਵਿੰਦਰਪਾਲ ਸਿੰਘ ਲੈਲ
ਜਗਜੀਤ ਸਿੰਘ ਢੀਂਡਸਾ
ਸੁਖਮੇਲ ਸਿੰਘ ਅਟਵਾਲ
ਮੁਖਤਿਆਰ ਸਿੰਘ (ਹੈਪੀ ਹੀਰ)
ਆਗਿਆਪਾਲ ਸਿੰਘ ਬਾਠ
ਪਰਮਵੀਰ ਸਿੰਘ ਬੈਂਸ
ਮਨਮਿੰਦਰ ਸਿੰਘ ਹੀਰ
ਅਮੋਲਕ ਸਿੰਘ ਗਾਖਲ
ਜਸਵਿੰਦਰ ਸਿੰਘ (ਜੱਸੀ) ਗਿੱਲ

# ਜਿਹੜਾ ਦੁਸ਼ਮਣ ਦੇ ਹੋਸ਼ ਉਡਾ ਦੇਵੇ, ਉਹ ਹੈ ਵਿਕਰਾਂਤ: ਮੋਦੀ

**ਪਣਜੀ:** ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਗੋਆ ਅਤੇ ਕਰਵਾਰ ਦੇ ਤੱਟ 'ਤੇ ਆਈ.ਐਨ.ਐਸ. ਵਿਕਰਾਂਤ 'ਤੇ ਸਵਾਰ ਬਹਾਦਰ ਹਥਿਆਰਬੰਦ ਬਲਾਂ ਦੇ ਜਵਾਨਾਂ ਨਾਲ ਦੀਵਾਲੀ ਮਨਾਈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕਿਹਾ, ''ਅੱਜ ਇੱਕ ਸ਼ਾਨਦਾਰ ਦਿਨ ਹੈ। ਇਹ ਪਲ ਯਾਦਗਾਰੀ ਹੈ... ਅੱਜ, ਮੇਰੇ ਇੱਕ ਪਾਸੇ ਵਿਸ਼ਾਲ ਸਮੁੰਦਰ ਹੈ, ਅਤੇ ਦੂਜੇ ਪਾਸੇ, ਭਾਰਤ ਮਾਤਾ ਦੇ ਬਹਾਦਰ ਸੈਨਿਕਾਂ ਦੀ ਅਥਾਹ ਤਾਕਤ...'' ਉਨ੍ਹਾਂ ਨੇ ਆਪ੍ਰੇਸ਼ਨ ਸਿੰਧੂਰ ਨੂੰ ਯਾਦ ਕਰਦੇ ਹੋਏ ਪਾਕਿਸਤਾਨ ਨੂੰ ਸਖ਼ਤ ਚੇਤਾਵਨੀ ਵੀ ਦਿੱਤੀ।

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕਿਹਾ, "ਆਈ ਐਨ ਐਸ ਵਿਕਰਾਂਤ 'ਤੇ ਬਿਤਾਈ ਪਿਛਲੀ ਰਾਤ, ਇੱਕ ਅਜਿਹਾ ਅਨੁਭਵ ਜੋ ਸ਼ਬਦਾਂ ਵਿੱਚ ਬਿਆਨ ਕਰਨਾ ਮੁਸ਼ਕਲ ਹੈ। ਮੈਂ ਤੁਹਾਨੂੰ ਜੋਸ਼ ਅਤੇ ਉਤਸ਼ਾਹ ਨਾਲ ਭਰਿਆ ਦੇਖਿਆ... ਤੁਸੀਂ ਆਪਣੇ ਗੀਤ ਖੁਦ ਗਾਏ। ਜਿਸ ਤਰ੍ਹਾਂ ਤੁਸੀਂ ਆਪਣੇ ਗੀਤਾਂ ਵਿੱਚ ਆਪ੍ਰੇਸ਼ਨ ਸਿੰਧੂਰ ਦਾ ਵਰਣਨ ਕੀਤਾ ਹੈ, ਸ਼ਾਇਦ ਕੋਈ ਹੋਰ ਕਦੇ ਵੀ ਉਸ ਭਾਵਨਾ ਨੂੰ ਪ੍ਰਗਟ ਨਹੀਂ ਕਰ ਸਕੇਗਾ ਜੋ ਜੰਗ ਦੇ ਮੈਦਾਨ ਵਿੱਚ ਖੜ੍ਹਾ ਇੱਕ ਸਿਪਾਹੀ ਕਰ ਸਕਦਾ ਹੈ"

ਉਨ੍ਹਾਂ ਕਿਹਾ, "ਡੂੰਘੇ ਸਮੁੰਦਰ ਦੀ ਰਾਤ ਅਤੇ ਸੂਰਜ ਚੜ੍ਹਨ ਨੇ ਮੇਰੀ ਦੀਵਾਲੀ ਨੂੰ ਕਈ ਤਰੀਕਿਆਂ ਨਾਲ ਖਾਸ ਬਣਾ ਦਿੱਤਾ ਹੈ। ਅਤੇ ਇਸ ਲਈ ਅਸੀਂ ਇੱਕ ਵਾਰ ਫਿਰ ਤੁਹਾਨੂੰ ਦੀਵਾਲੀ ਦੀਆਂ ਬਹੁਤ-ਬਹੁਤ ਮੁਬਾਰਕਾਂ ਦਿੰਦੇ ਹਾਂ। ਤੁਹਾਨੂੰ ਵੀ ਬਹੁਤ-ਬਹੁਤ ਸ਼ੁਭਕਾਮਨਾਵਾਂ ਅਤੇ ਵਿਕਰਾਂਤ ਦੀ ਇਸ ਧਰਤੀ ਤੋਂ, ਕਰੋੜਾਂ ਦੇਸ਼ ਵਾਸੀਆਂ ਨੂੰ ਦੀਵਾਲੀ ਦੀਆਂ ਬਹੁਤ-ਬਹੁਤ ਸ਼ੁਭਕਾਮਨਾਵਾਂ।"



ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕਿਹਾ, "ਦੀਵਾਲੀ ਦੇ ਤਿਉਹਾਰ ਦੌਰਾਨ, ਹਰ ਕੋਈ ਆਪਣੇ ਪਰਿਵਾਰ ਨਾਲ ਦੀਵਾਲੀ ਮਨਾਉਣ ਦਾ ਮਨ ਕਰਦਾ ਹੈ। ਮੈਨੂੰ ਵੀ ਆਪਣੇ ਪਰਿਵਾਰਕ ਮੈਂਬਰਾਂ ਨਾਲ ਦੀਵਾਲੀ ਮਨਾਉਣ ਦੀ ਆਦਤ ਪੈ ਗਈ ਹੈ, ਅਤੇ ਇਸੇ ਲਈ ਮੈਂ ਤੁਹਾਡੇ ਨਾਲ, ਆਪਣੇ ਪਰਿਵਾਰਕ ਮੈਂਬਰਾਂ ਨਾਲ ਦੀਵਾਲੀ ਮਨਾਉਣ ਜਾਂਦਾ ਹਾਂ। ਮੈਂ ਵੀ ਇਸ ਦੀਵਾਲੀ ਆਪਣੇ ਪਰਿਵਾਰਕ ਮੈਂਬਰਾਂ ਨਾਲ ਮਨਾ ਰਿਹਾ ਹਾਂ..." ਉਨ੍ਹਾਂ ਅੱਗੇ ਕਿਹਾ, "ਮੈਨੂੰ ਯਾਦ ਹੈ ਜਦੋਂ ਆਈ. ਐਨ. ਐਸ. ਵਿਕਰਾਂਤ ਨੂੰ ਰਾਸ਼ਟਰ ਨੂੰ ਸੌਂਪਿਆ ਜਾ ਰਿਹਾ ਸੀ, ਮੈਂ ਕਿਹਾ ਸੀ ਕਿ ਵਿਕਰਾਂਤ ਬਹੁਤ ਵੱਡਾ, ਵਿਸ਼ਾਲ, ਸ਼ਾਨਦਾਰ, ਵਿਹੰਗਮ ਹੈ, ਵਿਕਰਾਂਤ ਵਿਲੱਖਣ ਹੈ, ਵਿਕਰਾਂਤ ਵਿਸ਼ੇਸ਼ ਹੈ। ਵਿਕਰਾਂਤ ਸਿਰਫ਼ ਇੱਕ ਜੰਗੀ ਜਹਾਜ਼ ਨਹੀਂ ਹੈ, ਸਗੋਂ ਇਹ 21ਵੀਂ ਸਦੀ ਦੇ ਭਾਰਤ ਦੀ ਸਖ਼ਤ ਮਿਹਨਤ, ਪ੍ਰਤਿਭਾ, ਪ੍ਰਭਾਵ ਅਤੇ ਵਚਨਬੱਧਤਾ ਦਾ ਪ੍ਰਮਾਣ ਹੈ"

ਪ੍ਰਧਾਨ ਮੰਤਰੀ ਮੋਦੀ ਨੇ ਕਿਹਾ, "ਭਾਰਤੀ ਜਲ ਸੈਨਾ ਦੁਆਰਾ ਪੈਦਾ ਕੀਤਾ ਗਿਆ ਡਰ, ਹਵਾਈ ਸੈਨਾ ਦੁਆਰਾ ਦਿਖਾਈ ਗਈ ਸ਼ਾਨਦਾਰ ਹੁਨਰ, ਫੌਜ ਦੀ ਬਹਾਦਰੀ ਅਤੇ ਤਿੰਨਾਂ ਵਿਚਕਾਰ ਤਾਲਮੇਲ ਨੇ ਆਪ੍ਰੇਸ਼ਨ ਸਿੰਧੂਰ ਵਿੱਚ ਪਾਕਿਸਤਾਨ ਨੇ ਇੰਨੀ ਜਲਦੀ ਗੋਡੇ ਟੇਕ ਦਿੱਤੇ। ਵਿਕਰਾਂਤ ਉਹ ਹੈ ਜੋ ਦੁਸ਼ਮਣ ਨੂੰ ਝਟਕਾ ਦੇ ਸਕਦਾ ਹੈ... ਵਿਕਰਾਂਤ ਦਾ ਨਾਮ ਹੀ ਦੁਸ਼ਮਣ ਦੀ ਹਿੰਮਤ ਦਾ ਅੰਤ ਹੈ।" ਮੋਦੀ ਨੇ ਇਹ ਵੀ ਕਿਹਾ, 'ਮੈਂ ਦੁਨੀਆ ਭਰ ਤੋਂ ਸਾਢੇ ਛੇ ਫੁੱਟ ਲੰਬੇ ਸਿਪਾਹੀਆਂ ਨੂੰ ਲਿਆਵਾਂਗਾ ਅਤੇ ਉਨ੍ਹਾਂ ਨੂੰ ਕਹਾਂਗਾ ਕਿ ਮੈਂ ਤੁਹਾਨੂੰ ਜਿੰਨੇ ਪੈਸੇ ਚਾਹੋ ਦੇਵਾਂਗਾ, ਸਾਡੇ ਲਈ ਲੜੋ, ਪਰ ਕੀ ਉਹ ਤੁਹਾਡੇ ਵਾਂਗ ਮਰਨ ਲਈ ਤਿਆਰ ਹੋਣਗੇ?' ਪ੍ਰਧਾਨ ਮੰਤਰੀ ਮੋਦੀ ਨੇ ਕਿਹਾ, "ਇਹ ਵੱਡੇ-ਵੱਡੇ ਸ਼ਿਪ, ਇਹ ਹਵਾ ਨਾਲੋਂ ਤੇਜ਼ ਹਵਾਈ ਜਹਾਜ਼, ਇਹ ਪਣਡੁੱਬੀਆਂ, ਇਨ੍ਹਾਂ ਦੀ ਆਪਣੀ ਜਗ੍ਹਾ ਹੈ। ਪਰ ਤੁਹਾਡੇ ਅੰਦਰ ਜੋ ਜਨੂੰਨ ਹੈ ਉਹ ਇਨ੍ਹਾਂ ਨੂੰ ਜੀਵਨ ਦਿੰਦਾ ਹੈ। ਇਹ ਜਹਾਜ਼ ਭਾਵੇਂ ਲੋਹੇ ਦੇ ਬਣੇ ਹੋਣ, ਪਰ ਜਦੋਂ ਤੁਸੀਂ ਇਨ੍ਹਾਂ ਵਿੱਚ ਸਵਾਰ ਹੁੰਦੇ ਹੋ, ਤਾਂ ਇਹ ਬਹਾਦਰ, ਜ਼ਿੰਦਾ ਫੌਜਾਂ ਬਣ ਜਾਂਦੇ ਹਨ।"

## ਕੈਨੇਡਾ ਦੀ ਪੱਕੀ ਇਮੀਗ੍ਰੇਸ਼ਨ ਅਰਜ਼ੀ ਦੀ ਸਥਿਤੀ ਜਾਨਣ ਲਈ ਆਨਲਾਈਨ ਪ੍ਰਣਾਲੀ

**ਟੋਰਾਂਟੋ:** ਕੈਨੇਡਾ 'ਚ ਇਮੀਗ੍ਰੇਸ਼ਨ ਮੰਤਰਾਲੇ ਵਲੋਂ ਅਰਜ਼ੀਆਂ ਦੇ ਨਿਪਟਾਰੇ ਬਾਰੇ ਕੁਝ ਤਕਨੀਕੀ ਤਬਦੀਲੀਆਂ ਅਮਲ 'ਚ ਲਿਆਂਦੀਆਂ ਜਾ ਰਹੀਆਂ ਹਨ, ਜਿਨ੍ਹਾਂ ਨਾਲ ਅਰਜ਼ੀਆ ਦਾ ਨਿਪਟਾਰਾ ਕਰਨ ਤੇ ਨਿਪਟਾਰੇ ਦੌਰਾਨ ਅਰਜ਼ੀ ਦੀ ਸਥਿਤੀ (ਸਟੇਟਸ) ਜਾਨਣਾ ਸੰਭਵ ਹੋਵੇਗਾ। ਇਹ ਵੀ ਕਿ ਅਪਲਾਈ ਕਰਨ ਤੋਂ ਪਹਿਲਾਂ ਵੀ ਇਮੀਗ੍ਰੇਸ਼ਨ ਦੀਆਂ ਵੱਖ-ਵੱਖ ਕੈਟੇਗਰੀਆਂ 'ਚ ਅਰਜ਼ੀਆਂ ਦੇ ਨਿਪਟਾਰੇ ਨੂੰ ਲੱਗ ਰਹੇ ਸਮੇਂ ਬਾਰੇ ਜਾਨਣਾ ਸੰਭਵ ਕੀਤਾ ਗਿਆ ਹੈ। ਬੀਤੇ ਕਈ ਸਾਲਾਂ ਤੋਂ ਦੁਨਿਆਂ ਭਰ ਤੋਂ ਹਰੇਕ ਸਮੇਂ ਲਗਭਗ 20 ਲੱਖ ਲੋਕ ਅਪਲਾਈ ਕਰਕੇ ਆਪਣੀ ਵਾਰੀ ਉਡੀਕ ਰਹੇ ਹੁੰਦੇ ਹਨ।



ਕੈਨੇਡਾ ਦੇ ਇਮੀਗ੍ਰੇਸ਼ਨ ਵਿਭਾਗ ਦੀ ਵੈੱਬਸਾਈਟ ਰਾਹੀਂ ਜਾਣਿਆ ਜਾ ਸਕਦਾ ਹੈ ਕਿ ਜਿਸ ਕੈਟੇਗਰੀ 'ਚ ਅਪਲਾਈ ਕੀਤਾ ਜਾ ਰਿਹਾ ਹੈ, ਉਸ 'ਚ ਪਹਿਲਾਂ ਤੋਂ ਕਿੰਨੇ ਲੋਕ ਅਪਲਾਈ ਕਰਕੇ ਆਪਣੀ ਅਰਜ਼ੀ ਦਾ ਫ਼ੈਸਲਾ ਹੋਣ ਦੀ ਉਡੀਕ ਕਰ ਰਹੇ ਹਨ। ਜਾਣਕਾਰੀ ਅਨੁਸਾਰ ਕੈਨੇਡੀਅਨ ਵੀਜ਼ਾ ਐਪਲੀਕੇਸ਼ਨ ਐਕਸਪੀਰੀਐਂਸ ਕਲਾਸ, ਸ਼ਰਨਾਰਥੀ, ਸੈਲਫ ਇੰਪਲੋਇਡ ਪ੍ਰੋਗਰਾਮ, ਪਰਿਵਾਰ (ਪਤੀ/ਪਤਨੀ/ ਮਾਪੇ/ ਦਾਦਕੇ/ ਨਾਨਕੇ), ਸਕਿੱਲਡ ਵਰਕਰਜ਼, ਸਕਿੱਲਡ ਟਰੇਡਜ਼, ਕਿਊਬਕ ਬਿਜ਼ਨਸ ਕਲਾਸ, ਸਟਾਰਟ ਅੱਪ ਵੀਜ਼ਾ ਪ੍ਰੋਗਰਾਮ, ਰਹਿਣ ਦੇ ਅਧਾਰ 'ਤੇ ਚੱਲ ਰਹੇ ਕੇਸ ਤੇ ਕੈਨੇਡਾ ਦੀ ਨਾਗਰਿਕਤਾ ਵਾਸਤੇ ਅਰਜ਼ੀਆਂ ਦੀ ਸਥਿਤੀ ਆਨਲਾਈਨ ਜਾਨਣਾ ਸੰਭਵ ਕੀਤਾ ਗਿਆ ਹੈ।

## ਨਾਰਾਇਣ ਤੇ ਸੁਧਾ ਮੂਰਤੀ ਵਲੋਂ ਜਾਤੀ ਸਰਵੇਖਣ 'ਚ ਹਿੱਸਾ ਲੈਣ ਤੋਂ ਇਨਕਾਰ

**ਬੈਂਗਲੁਰੂ:** ਬੀ.ਬੀ.ਐਮ.ਪੀ. ਦੇ ਸੂਤਰਾਂ ਨੇ ਵੀਰਵਾਰ ਨੂੰ ਦੱਸਿਆ ਕਿ ਇਨਫੋਸਿਸ ਦੇ ਸੰਸਥਾਪਕ ਨਾਰਾਇਣ ਮੂਰਤੀ ਅਤੇ ਉਨ੍ਹਾਂ ਦੀ ਪਤਨੀ ਸੁਧਾ ਮੂਰਤੀ ਨੇ ਕਰਨਾਟਕ 'ਚ ਚੱਲ ਰਹੇ ਜਾਤੀ ਸਰਵੇਖਣ 'ਚ ਹਿੱਸਾ ਲੈਣ ਤੋਂ ਇਨਕਾਰ ਕਰ ਦਿੱਤਾ ਹੈ। ਕੁਝ ਦਿਨ ਪਹਿਲਾਂ ਜਦੋਂ ਗਣਨਾਕਾਰ ਸਰਵੇਖਣ ਲਈ ਗਏ ਸਨ, ਤਾਂ ਸੁਧਾ ਮੂਰਤੀ ਅਤੇ ਨਾਰਾਇਣ ਮੂਰਤੀ ਨੇ ਕਥਿਤ ਤੌਰ 'ਤੇ ਉਨ੍ਹਾਂ ਨੂੰ ਕਿਹਾ ਕਿ ਉਹ ਨਹੀਂ ਚਾਹੁੰਦੇ ਕਿ ਇਹ ਸਰਵੇਖਣ ਸਾਡੇ ਘਰ ਕੀਤਾ ਜਾਵੇ। ਉਨ੍ਹਾਂ ਕਿਹਾ ਕਿ ਅਸੀਂ ਕਿਸੇ ਵੀ ਪੱਛੜੇ ਭਾਈਚਾਰੇ ਨਾਲ ਸੰਬੰਧਿਤ ਨਹੀਂ ਹਾਂ। ਇਸ ਲਈ ਅਸੀਂ ਸਰਕਾਰ ਦੁਆਰਾ ਕਰਵਾਏ ਗਏ ਇਸ ਸਰਵੇਖਣ 'ਚ ਹਿੱਸਾ ਨਹੀਂ ਲਵਾਂਗੇ।



## 350ਵੀਂ ਸ਼ਹੀਦੀ ਸ਼ਤਾਬਦੀ ਮੌਕੇ ਨੰਦੇੜ 'ਚ 5 ਲੱਖ ਸ਼ਰਧਾਲੂਆਂ ਦੇ ਆਉਣ ਦੀ ਸੰਭਾਵਨਾ

**ਨਾਂਦੇੜ (ਮਹਾਰਾਸ਼ਟਰ):** ਸਥਾਨਕ ਅਧਿਕਾਰੀਆਂ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਨਾਂਦੇੜ ਪ੍ਰਸ਼ਾਸਨ ਅਗਲੇ ਮਹੀਨੇ ਗੁਰੂ ਤੇਗ ਬਹਾਦਰ ਜੀ ਦੀ 350ਵੀਂ ਸ਼ਹੀਦੀ ਸ਼ਤਾਬਦੀ ਸੰਬੰਧੀ ਕਰਵਾਏ ਜਾ ਰਹੇ ਸਮਾਗਮਾਂ ਲਈ ਵਿਆਪਕ ਪ੍ਰਬੰਧ ਕਰ ਰਿਹਾ ਹੈ। ਜ਼ਿਲ੍ਹਾ ਪ੍ਰਸ਼ਾਸਨ ਵਲੋਂ ਜਾਰੀ ਇਕ ਬਿਆਨ ਵਿਚ ਕਿਹਾ ਕਿ ਸ਼ਹੀਦੀ ਸ਼ਤਾਬਦੀ ਦੇ ਕਰਵਾਏ ਜਾ ਰਹੇ ਸਮਾਗਮਾਂ 'ਚ ਲਗਪਗ ਪੰਜ ਲੱਖ ਸ਼ਰਧਾਲੂਆਂ ਦੇ ਮਹਾਰਾਸ਼ਟਰ ਦੇ ਨਾਂਦੇੜ ਵਿਖੇ ਆਉਣ ਦੀ ਸੰਭਾਵਨਾ ਹੈ ਅਤੇ ਇਨ੍ਹਾਂ ਸ਼ਰਧਾਲੂਆਂ ਲਈ ਰਿਹਾਇਸ਼, ਭੋਜਨ ਅਤੇ ਪਾਰਕਿੰਗ ਲਈ ਵਿਸ਼ੇਸ਼ ਤੌਰ 'ਤੇ ਪ੍ਰਬੰਧ ਕੀਤੇ ਜਾ ਰਹੇ ਹਨ। ਅਧਿਕਾਰੀਆਂ ਨੇ ਕਿਹਾ ਕਿ ਨੌਵੇਂ ਸਿੱਖ ਗੁਰੂ, ਜਿਨ੍ਹਾਂ ਨੂੰ 'ਹਿੰਦ ਦੀ ਚਾਦਰ' ਵੀ ਕਿਹਾ ਜਾਂਦਾ ਹੈ।

ਗੁਰੂ ਜੀ ਦੇ 350ਵੇਂ ਸ਼ਹੀਦੀ ਪੁਰਬ ਦੇ ਸਮਾਰੋਹਾਂ ਦੌਰਾਨ ਸ਼ਾਮਿਲ ਹੋਣ ਲਈ ਸ਼ਰਧਾਲੂਆਂ ਦੇ ਰਹਿਣ ਲਈ ਜ਼ਿਲ੍ਹੇ ਭਰ ਦੇ ਸਕੂਲਾਂ, ਕਾਲਜਾਂ, ਵਿਆਹ ਹਾਲਾਂ ਅਤੇ ਖੁੱਲ੍ਹੇ ਮੈਦਾਨਾਂ ਦਾ ਸਰਵੇਖਣ ਕੀਤਾ ਜਾ ਰਿਹਾ ਹੈ।

## ਭਗੌੜੇ ਹੀਰਾ ਵਪਾਰੀ ਮੇਹੁਲ ਚੋਕਸੀ ਦੀ ਹਵਾਲਗੀ ਨੂੰ ਮਨਜ਼ੂਰੀ

**ਨਵੀਂ ਦਿੱਲੀ:** ਬੈਲਜੀਅਮ ਦੀ ਅਦਾਲਤ ਨੇ ਭਗੌੜੇ ਹੀਰਾ ਕਾਰੋਬਾਰੀ ਮੇਹੁਲ ਚੋਕਸੀ ਦੀ ਹਵਾਲਗੀ ਨੂੰ ਹਰੀ ਝੰਡੀ ਦੇ ਦਿੱਤੀ। ਅਦਾਲਤ ਨੇ ਕਿਹਾ ਕਿ ਭਾਰਤ ਵਲੋਂ ਚੋਕਸੀ ਦੀ ਗ੍ਰਿਫ਼ਤਾਰੀ ਦੀ ਮੰਗ ਜਾਇਜ਼ ਸੀ ਤੇ ਬੈਲਜੀਅਮ ਪੁਲਿਸ ਵਲੋਂ ਉਸ ਨੂੰ ਗ੍ਰਿਫ਼ਤਾਰ ਕਰਨਾ ਵੀ ਬਿਲਕੁਲ ਠੀਕ ਸੀ। ਇਸ ਘਟਨਾਕ੍ਰਮ ਤੋਂ ਜਾਣੂ ਅਧਿਕਾਰੀਆਂ ਨੇ ਦੱਸਿਆ ਕਿ ਇਹ ਫ਼ੈਸਲਾ ਭਾਰਤ ਦੀਆਂ ਏਜੰਸੀਆਂ ਲਈ ਚੰਗੀ ਖ਼ਬਰ ਹੈ। ਦੂਜੇ ਪਾਸੇ ਚੋਕਸੀ ਦੇ ਵਕੀਲਾਂ ਨੇ ਕਿਹਾ ਕਿ ਉਹ ਇਸ ਫ਼ੈਸਲੇ ਖ਼ਿਲਾਫ਼ ਉੱਚ ਅਦਾਲਤ ਦਾ ਰੁਖ਼ ਕਰਨਗੇ। ਐਂਟਵਰਪ ਪੁਲਿਸ ਨੇ ਉਸ ਨੂੰ ਇਸ ਸਾਲ 11 ਅਪ੍ਰੈਲ ਨੂੰ ਗ੍ਰਿਫ਼ਤਾਰ ਕੀਤਾ ਸੀ। ਜ਼ਿਕਰਯੋਗ ਹੈ ਕਿ ਚੋਕਸੀ ਪੰਜਾਬ ਨੈਸ਼ਨਲ ਬੈਂਕ ਨਾਲ 13,000 ਕਰੋੜ ਰੁਪਏ ਦੀ ਬੈਂਕ ਕਰਜ਼ਾ 'ਧੋਖਾਧੜੀ' ਕੇਸ ਵਿਚ ਜਾਂਚ ਏਜੰਸੀਆਂ ਨੂੰ ਲੋੜੀਂਦਾ ਹੈ। ਚੋਕਸੀ ਦੇ ਬੈਲਜੀਅਮ ਵਿਚ ਹੋਣ ਬਾਰੇ ਪਿਛਲੇ ਸਾਲ ਪਤਾ ਲੱਗਾ ਸੀ। ਹੀਰਾ ਕਾਰੋਬਾਰੀ, ਜੋ 2018 ਵਿਚ ਭਾਰਤ ਛੱਡਣ ਮਗਰੋਂ ਐਂਟੀਗਾ ਵਿਚ ਰਹਿ ਰਿਹਾ ਸੀ, ਮੈਡੀਕਲ ਇਲਾਜ ਲਈ ਉਥੇ ਗਿਆ ਸੀ। ਸੀ.ਬੀ.ਆਈ. ਅਤੇ ਈ.ਡੀ. ਨੇ ਚੋਕਸੀ, ਨੀਰਵ ਮੋਦੀ, ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਅਤੇ ਕਰਮਚਾਰੀਆਂ, ਮੈਂਵ ਅਧਿਕਾਰੀਆਂ ਅਤੇ ਹੋਰਾਂ ਖ਼ਿਲਾਫ਼ 2018 ਵਿਚ ਮੁੰਬਈ ਵਿਚ ਪੰਜਾਬ ਨੈਸ਼ਨਲ ਬੈਂਕ (ਪੀ.ਐਨ.ਬੀ.) ਦੀ ਬ੍ਰੈਡੀ ਹਾਊਸ ਸ਼ਾਖਾ ਵਿਚ ਕਰਜ਼ਾ ਧੋਖਾਧੜੀ ਦੇ ਦੋਸ਼ ਤਹਿਤ ਕੇਸ ਦਰਜ ਕੀਤਾ ਗਿਆ ਸੀ। ਐਫ.ਆਈ.ਆਰ. ਵਿਚ ਦੋਸ਼ ਲਗਾਇਆ ਗਿਆ ਸੀ ਕਿ ਚੋਕਸੀ, ਉਸ ਦੀ ਫਰਮ ਗੀਤਾਂਜਲੀ ਜੈਮਜ਼ ਅਤੇ ਹੋਰਾਂ ਨੇ ਕੁਝ ਬੈਂਕ ਅਧਿਕਾਰੀਆਂ ਨਾਲ ਮਿਲ ਕੇ ਪੀ.ਐਨ.ਬੀ. ਨਾਲ ਧੋਖਾਧੜੀ ਕੀਤੀ। ਧੋਖਾਧੜੀ। ਨਾਲ ਐਲ.ਓ.ਯੂ. (ਅੰਡਰਟੇਕਿੰਗ ਲੈਟਰ) ਜਾਰੀ ਕਰਵਾ ਕੇ ਅਤੇ ਨਿਰਧਾਰਤ ਪ੍ਰਕਿਰਿਆ ਦੀ ਪਾਲਣਾ ਕੀਤੇ ਬਿਨਾਂ ਐਫ.ਐਲ.ਸੀ. (ਵਿਦੇਸ਼ੀ ਕ੍ਰੈਡਿਟ ਪੱਤਰ) ਵਧਾ ਕੇ ਬੈਂਕ ਨੂੰ ਗਲਤ ਨੁਕਸਾਨ ਪਹੁੰਚਾਇਆ।



## 'ਡਿਜੀਟਲ ਗ੍ਰਿਫ਼ਤਾਰੀ' ਦੀਆਂ ਵਧਦੀਆਂ ਘਟਨਾਵਾਂ 'ਤੇ ਸੁਪਰੀਮ ਕੋਰਟ ਵਲੋਂ ਕੇਂਦਰ ਅਤੇ ਹਰਿਆਣਾ ਸਰਕਾਰ ਨੂੰ ਨੋਟਿਸ

**ਨਵੀਂ ਦਿੱਲੀ:** ਸੁਪਰੀਮ ਕੋਰਟ ਨੇ ਡਿਜੀਟਲ ਗ੍ਰਿਫ਼ਤਾਰੀ ਅਤੇ ਸਾਈਬਰ ਫਰਾਡ 'ਤੇ ਆਪਣੇ ਤੌਰ 'ਤੇ ਨੋਟਿਸ ਲੈਂਦਿਆਂ ਕੇਂਦਰ ਅਤੇ ਹਰਿਆਣਾ ਸਰਕਾਰ ਨੂੰ ਨੋਟਿਸ ਜਾਰੀ ਕੀਤਾ। ਜਸਟਿਸ ਸੂਰਿਆਕਾਂਤ ਅਤੇ ਜਾਯਮਾਲਾ ਬਾਗਚੀ ਦੇ ਬੈਂਚ ਨੇ ਡਿਜੀਟਲ ਗ੍ਰਿਫ਼ਤਾਰੀ ਦੇ ਵਧਦੇ ਮਾਮਲਿਆਂ 'ਤੇ ਚਿੰਤਾ ਦਾ ਪ੍ਰਗਟਾਵਾ ਕਰਦਿਆਂ ਕਿਹਾ ਕਿ ਇਹ ਮਾਮਲਾ ਨਿਆਂਪਾਲਿਕਾ ਦੇ ਨਾਂਅ ਅਤੇ ਮੋਹਰ ਦੀ ਦੁਰਵਰਤੋਂ ਨਾਲ ਜੁੜਿਆ ਹੈ।ਇਸ ਨੂੰ ਸਧਾਰਨ ਸਾਈਬਰ ਜੁਰਮ ਵਜੋਂ ਨਹੀਂ ਵੇਖਿਆ ਜਾ ਸਕਦਾ। ਅਜਿਹੇ ਗੰਭੀਰ ਜੁਰਮਾਂ ਨੂੰ ਆਮ ਜੁਰਮ ਨਹੀਂ ਮੰਨਿਆ ਜਾ ਸਕਦਾ। ਸੁਪਰੀਮ ਕੋਰਟ ਨੇ ਹਰਿਆਣਾ ਦੇ ਅੰਬਾਲਾ ਦੀ ਅਦਾਲਤ ਅਤੇ ਜਾਂਚ ਏਜੰਸੀਆਂ ਦੇ ਫਰਜ਼ੀ ਆਦੇਸ਼ਾਂ ਦੇ ਆਧਾਰ 'ਤੇ ਬਜ਼ੁਰਗ ਜੋੜਿਆਂ ਨੂੰ ਡਿਜੀਟਲ ਗ੍ਰਿਫ਼ਤਾਰ ਕਰਕੇ ਉਨ੍ਹਾਂ ਤੋਂ 1.05 ਕਰੋੜ ਰੁਪਏ ਦੀ ਠੱਗੀ ਦੀ ਘਟਨਾ 'ਤੇ ਭਾਰਤ ਦੇ ਚੀਫ਼ ਜਸਟਿਸ ਬੀ.ਆਰ. ਗਵਈ ਨੂੰ ਲਿਖੀ ਚਿੱਠੀ 'ਤੇ ਉਕਤ ਨੋਟਿਸ ਭੇਜਿਆ ਤੇ ਕੇਂਦਰ ਅਤੇ ਸੀ.ਬੀ.ਆਈ. ਤੋਂ ਜਵਾਬ ਮੰਗਿਆ। ਬੈਂਚ ਨੇ ਕਿਹਾ ਕਿ ਸੀਨੀਅਰ ਨਾਗਰਿਕਾਂ ਸਮੇਤ ਨਿਰਦੋਸ਼ ਲੋਕਾਂ ਨੂੰ ਡਿਜੀਟਲ ਗ੍ਰਿਫ਼ਤਾਰ ਕਰਨ ਲਈ ਸੁਪਰੀਮ ਕੋਰਟ, ਹਾਈ ਕੋਰਟ ਦੇ ਆਦੇਸ਼ਾਂ ਅਤੇ ਜੱਜਾਂ ਦੇ ਦਸਤਖ਼ਤਾਂ ਦੀ ਜਾਲਸਾਜ਼ੀ ਕਰਨਾ ਨਿਆਂਇਕ ਸੰਸਥਾਵਾਂ 'ਚ ਲੋਕਾਂ ਦੇ ਭਰੋਸੇ ਅਤੇ ਆਸਥਾ 'ਤੇ ਵਾਰ ਕਰਨਾ ਹੈ। ਇਸ ਤਰ੍ਹਾਂ ਦੀ ਕਾਰਵਾਈ ਸੰਸਥਾ ਦੀ ਗਰਿਮਾ 'ਤੇ ਸਿੱਧਾ ਹਮਲਾ ਹੈ। ਸੁਪਰੀਮ ਕੋਰਟ ਨੇ ਕਿਹਾ ਕਿ ਇਹ ਇਕਲੌਤਾ ਮਾਮਲਾ ਨਹੀਂ ਹੈ।



## ਰਾਹੁਲ ਗਾਂਧੀ ਵਿਰੁੱਧ ਮਾਣਹਾਨੀ ਦੇ ਮਾਮਲੇ ਵਿਚ ਸਾਵਰਕਰ ਦੇ ਪੋਤੇ ਦੀ ਪੇਸ਼ੀ

**ਪੁਣੇ:** ਵੀ.ਡੀ. ਸਾਵਰਕਰ ਦੇ ਪੋਤੇ ਸਤਿਆਕੀ ਸਾਵਰਕਰ ਨੇ ਕਾਂਗਰਸ ਨੇਤਾ ਰਾਹੁਲ ਗਾਂਧੀ ਦੀਆਂ ਹਿੰਦੂਤਵ ਵਿਚਾਰਧਾਰਾ ਬਾਰੇ ਟਿੱਪਣੀਆਂ ਨਾਲ ਜੁੜੇ ਮਾਣਹਾਨੀ ਦੇ ਮਾਮਲੇ 'ਚ ਇੱਥੇ ਇਕ ਵਿਸ਼ੇਸ਼ ਅਦਾਲਤ 'ਚ ਪੇਸ਼ੀ ਭੁਗਤਾਈ, ਜਿਸ ਨਾਲ ਮੁਕੱਦਮੇ ਦੀ ਸ਼ੁਰੂਆਤ ਹੋਈ। ਸ਼ਿਕਾਇਤਕਰਤਾ ਸਤਿਆਕੀ ਸਾਵਰਕਰ ਦੀ ਨੁਮਾਇੰਦਗੀ ਕਰਨ ਵਾਲੇ ਵਕੀਲ ਸੰਗਰਾਮ ਕੋਲਹਟਕਰ ਨੇ ਕਿਹਾ ਕਿ ਬਿਆਨ ਦੌਰਾਨ, ਉਨ੍ਹਾਂ ਦੇ ਮੁਵੱਕਿਲ ਦੀ ਮੁੱਖ ਜਾਂਚ ਦਾ ਇਕ ਹਿੱਸਾ ਦਰਜ ਕੀਤਾ ਗਿਆ। ਇਸ ਵਿੱਚ, ਉਸਨੇ ਆਪਣੇ ਪਰਿਵਾਰਕ ਪਿਛੋਕੜ ਬਾਰੇ ਗੱਲ ਕੀਤੀ ਤੇ ਮਾਰਚ 2023 ਵਿੱਚ ਲੰਡਨ 'ਚ ਦਿੱਤੇ ਗਏ ਰਾਹੁਲ ਗਾਂਧੀ ਦੇ ਭਾਸ਼ਣ ਸੰਬੰਧੀ ਬਿਆਨ ਦਰਜ ਕੀਤੇ ਗਏ। ਉਸ ਭਾਸ਼ਣ 'ਚ ਗਾਂਧੀ ਨੇ ਦਾਅਵਾ ਕੀਤਾ ਕਿ ਵੀ.ਡੀ. ਸਾਵਰਕਰ ਨੇ ਇਕ ਕਿਤਾਬ 'ਚ ਲਿਖਿਆ ਸੀ ਕਿ ਉਸਨੇ ਤੇ 5 ਤੋਂ 6 ਦੋਸਤਾਂ ਨੇ ਇਕ ਵਾਰ ਇਕ ਮੁਸਲਿਮ ਵਿਅਕਤੀ ਨੂੰ ਕੁੱਟਿਆ ਸੀ ਤੇ ਇਸ ਬਾਰੇ ਖੁਸ਼ ਹੋਏ ਸਨ। ਉਨ੍ਹਾਂ ਅੱਗੇ ਕਿਹਾ ਕਿ ਆਪਣੀ ਗਵਾਹੀ 'ਚ ਸਤਿਆਕੀ ਨੇ ਅਦਾਲਤ ਨੂੰ ਵੀਡੀਓ, ਗਾਂਧੀ ਵਲੋਂ ਭਾਸ਼ਣ ਦੇਣ ਦੀ ਮਿਤੀ ਤੇ ਕਲਿੱਪ ਦੀ ਮਿਆਦ ਬਾਰੇ ਜਾਣਕਾਰੀ ਦਿੱਤੀ।



## ਐਨਫੋਰਸਮੈਂਟ ਏਜੰਸੀਆਂ ਚੋਣਾਂ ਦੌਰਾਨ ਸਖ਼ਤੀ ਵਰਤਣ: ਚੋਣ ਕਮਿਸ਼ਨ

**ਨਵੀਂ ਦਿੱਲੀ:**ਚੋਣ ਕਮਿਸ਼ਨ ਨੇ ਸ਼ੁੱਕਰਵਾਰ ਨੂੰ ਇਨਫੋਰਸਮੈਂਟ ਏਜੰਸੀਆਂ ਅਤੇ ਸੁਰੱਖਿਆ ਬਲਾਂ ਨੂੰ ਬਿਹਾਰ ਚੋਣਾਂ ਦੇ ਦੌਰਾਨ ਸਰਗਰਮ ਅਤੇ ਰੋਕਥਾਮ ਕਾਰਵਾਈ ਕਰਨ ਦੇ ਲਈ ਕਿਹਾ ਤਾਂ ਜੋ ਵੋਟਰਾਂ ਨੂੰ ਲੁਭਾਉਣ ਦੇ ਲਈ ਡਰੱਗਜ, ਸ਼ਰਾਬ ਅਤੇ ਨਕਦੀ ਦਾ ਇਸਤੇਮਾਲ ਨਾ ਹੋ ਸਕੇ। ਚੋਣ ਅਥਾਰਿਟੀ ਨੇ ਕਿਹਾ ਕਿ ਇਹ ਮੀਟਿੰਗ ਚੋਣਾਂ 'ਚ ਨਕਦੀ ਅਤੇ ਹੋਰ ਲਾਲਚਾਂ ਦੇ ਹਾਨੀਕਾਰਕ' ਪ੍ਰਭਾਵਾਂ ਨਾਲ ਨਜਿੱਠਣ ਲਈਈ ਇਕ ਵਿਆਪਕ ਰੋਡਮੈਪ ਤਿਆਰ ਕਰਨ ਦੇ ਲਈ ਕੀਤੀ ਗਈ ਹੈ। ਵੱਖ-ਵੱਖ ਏਜੰਸੀਆਂ ਨੇ ਕਮਿਸ਼ਨ ਨੂੰ ਆਪਣੀ ਤਿਆਰੀ, ਚੁੱਕੇ ਗਏ ਕਦਮਾਂ ਅਤੇ ਲਾਲਚ ਮੁਕਤ ਚੋਣਾਂ ਯਕੀਨੀ ਬਣਾਉਣ ਲਈ ਤਜਵੀਜ਼ਤ ਕਦਮਾਂ ਦੇ ਬਾਰੇ 'ਚ ਜਾਣਕਾਰੀ ਦਿੱਤੀ। ਏਜੰਸੀਆਂ ਨੂੰ ਬਿਹਾਰ 'ਚ ਸੁਤੰਤਰ ਅਤੇ ਨਿਰਪੱਖ ਚੋਣਾਂ ਦੇ ਲਈ ਜ਼ੀਰੋ ਸਹਿਣਸ਼ੀਲਤਾ ਦੀ ਨੀਤੀ ਨੂੰ ਯਕੀਨੀ ਬਣਾਉਣ ਲਈ ਕਿਹਾ ਗਿਆ। ਬਿਹਾਰ 'ਚ 6 ਅਤੇ 11 ਨਵੰਬਰ ਨੂੰ ਦੋ ਪੜਾਵਾਂ 'ਚ ਵੋਟਾਂ ਪੈਣਗੀਆਂ, ਜਦੋਂ ਕਿ ਵੋਟਾਂ ਦੀ ਗਿਣਤੀ 14 ਨਵੰਬਰ ਨੂੰ ਹੋਵੇਗੀ।




## ਰੋਜ਼ਮਰ੍ਹਾ ਦੇ ਮਾਮਲਿਆਂ 'ਚ ਨਾ ਦਿੱਤੇ ਜਾਣ ਸੀ. ਬੀ. ਆਈ. ਜਾਂਚ ਦੇ ਆਦੇਸ਼: ਸੁਪਰੀਮ ਕੋਰਟ

**ਨਵੀਂ ਦਿੱਲੀ:**ਸੁਪਰੀਮ ਕੋਰਟ ਨੇ ਹਾਈ ਕੋਰਟਾਂ ਅਤੇ ਆਪਣੇ-ਆਪ ਨੂੰ ਚਿਤਾਵਨੀ ਦਿੰਦਿਆਂ ਕਿਹਾ ਕਿ ਸੀ.ਬੀ.ਆਈ. ਜਾਂਚ ਦਾ ਆਦੇਸ਼ ਦੇਣਾ ਅੰਤਿਮ ਕਦਮ ਹੋਣਾ ਚਾਹੀਦਾ ਹੈ, ਨਾ ਕਿ ਨਿਯਮਿਤ ਅਮਲ। ਅਦਾਲਤ ਨੇ ਇਹ ਵੀ ਕਿਹਾ ਕਿ ਸੀ.ਬੀ.ਆਈ. ਜਾਂਚ ਦਾ ਸਹਾਰਾ ਉਦੋਂ ਹੀ ਲਿਆ ਜਾਣਾ ਚਾਹੀਦਾ ਹੈ, ਜਦੋਂ ਹੋਰ ਸਾਰੇ ਵਿਕਲਪ ਖ਼ਤਮ ਹੋ ਜਾਣ। ਜਸਟਿਸ ਜੇ.ਕੇ. ਮਹੇਸ਼ਵਰੀ ਅਤੇ ਵਿਜੈ ਬਿਸ਼ਨੋਈ ਦੇ ਬੈਂਚ ਨੇ ਇਲਾਹਾਬਾਦ ਹਾਈ ਕੋਰਟ ਦੇ ਇਕ ਆਦੇਸ਼ ਨੂੰ ਰੱਦ ਕਰਦਿਆਂ ਉਕਤ ਟਿੱਪਣੀ ਕੀਤੀ। ਸੁਪਰੀਮ ਕੋਰਟ ਨੇ ਕਿਹਾ ਕਿ ਅਦਾਲਤ ਕੋਲ ਸੀ.ਬੀ.ਆਈ. ਨੂੰ ਜਾਂਚ ਦਾ ਆਦੇਸ਼ ਦੇਣ ਦੀ ਤਾਕਤ ਜ਼ਰੂਰ ਹੈ, ਪਰ ਉਸ ਦੀ ਵਰਤੋਂ ਬਹੁਤ ਸੀਮਿਤ, ਸੋਚ ਸਮਝ ਕੇ ਅਤੇ ਸਿਰਫ਼ ਨਿਵੇਕਲੇ ਹਾਲਾਤ 'ਚ ਕੀਤੀ ਜਾਣੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਸਿਰਫ਼ ਇਸ ਲਈ ਕਿ ਕੋਈ ਧਿਰ ਰਾਜ ਾ. ਪੁਲਿਸ 'ਤੇ ਕੁਝ ਇਲਜ਼ਾਮ ਲਗਾ ਰਹੀ ਹੈ ਜਾਂ ਉਸ ਦੇ ਪ੍ਰਤੀ ਆਪਣੀ ਨਿੱਜੀ ਬੇਭਰੋਸਗੀ ਦੀ ਭਾਵਨਾ ਜ਼ਾਹਿਰ ਕਰ ਰਹੀ ਹੈ, ਉਸ ਨੂੰ ਸੀ.ਬੀ.ਆਈ. ਜਾਂਚ ਦਾ ਆਧਾਰ ਨਹੀਂ ਬਣਾਇਆ ਜਾ ਸਕਦਾ। ਸੰਵਿਧਾਨ ਦੀ ਧਾਰਾ 32 ਅਤੇ 226 ਤਹਿਤ ਇਹ ਇਕ ਅਸਾਧਾਰਨ ਸੰਵਿਧਾਨਕ ਤਾਕਤ ਹੈ, ਜਿਸ ਦੀ ਵਰਤੋਂ ਬਹੁਤ ਸਾਵਧਾਨੀ ਅਤੇ ਸਮਝਦਾਰੀ ਨਾਲ ਕੀਤੀ ਜਾਣੀ ਚਾਹੀਦੀ ਹੈ। ਸੁਪਰੀਮ ਕੋਰਟ ਨੇ ਕਿਹਾ ਕਿ ਹਾਲਾਂਕਿ ਇਹ ਤੈਅ ਕਰਨ ਲਈ ਕੋਈ ਸਖ਼ਤ ਨੇਮ ਨਹੀਂ ਹੈ ਕਿ ਕਦੋਂ ਸੀ.ਬੀ.ਆਈ. ਜਾਂਚ ਦਾ ਆਦੇਸ਼ ਦਿੱਤਾ ਜਾ ਸਕਦਾ ਹੈ, ਪਰ ਅਦਾਲਤਾਂ ਇਹ ਕਦਮ ਉਸ ਵੇਲੇ ਉਠਾ ਸਕਦੀਆਂ ਹਨ ਜਦੋਂ ਮਾਮਲਾ ਰਾਸ਼ਟਰੀ ਜਾਂ ਅੰਤਰਰਾਸ਼ਟਰੀ ਅਹਿਮੀਅਤ ਵਾਲਾ ਹੋਵੇ। ਅਦਾਲਤ ਨੇ ਕਿਹਾ ਕਿ ਅਜਿਹੇ ਮਾਮਲਿਆਂ 'ਚ ਕੇਂਦਰੀ ਏਜੰਸੀ 'ਤੇ ਬੇਲੋੜਾ ਬੋਝ ਨਹੀਂ ਪਾਇਆ ਜਾਣਾ ਚਾਹੀਦਾ।



## ਪੱਛਮੀ ਬੰਗਾਲ ਦੀ ਵੋਟਰ ਸੂਚੀ ਅੱਪਡੇਟ

### 3.5 ਕਰੋੜ ਵੋਟਰਾਂ ਦੇ ਨਾਂਅ 2002 ਦੇ ਰਿਕਾਰਡਾਂ 'ਚ ਮਿਲੇ

**ਕੋਲਕਾਤਾ:**ਪੱਛਮੀ ਬੰਗਾਲ 'ਚ ਐਸ.ਆਈ.ਆਰ. ਦਾ ਮੁੱਢਲਾ ਕੰਮ ਤਕਰੀਬਨ ਪੂਰਾ ਹੋ ਗਿਆ ਹੈ ਤੇ 2002 ਦੀ ਵੋਟਰ ਲਿਸਟ ਨਾਲ ਮੌਜੂਦਾ ਵੋਟਰ ਲਿਸਟ ਦੇ ਸਿਰਫ਼ 3 ਕਰੋੜ 48 ਲੱਖ ਲੋਕਾਂ ਦੇ ਨਾਂਅ ਇਕੋ ਜਿਹੇ ਮਿਲੇ ਹਨ। ਇਸ ਤਰ੍ਹਾਂ 23 ਸਾਲ ਪਹਿਲਾਂ ਦੀ ਵੋਟਰ ਲਿਸਟ ਦੇ ਇਕ ਕਰੋੜ 6 ਲੱਖ ਤੋਂ ਵੱਧ ਨਾਂਅ ਚੋਣ ਕਮਿਸ਼ਨ ਦੇ ਪੋਰਟਲ 'ਚ ਸ਼ਾਮਿਲ ਨਹੀਂ ਕੀਤੇ ਗਏ। ਚੋਣ ਕਮਿਸ਼ਨ ਤੋਂ ਪ੍ਰਾਪਤ ਜਾਣਕਾਰੀ ਅਨੁਸਾਰ ਇਸ ਪ੍ਰਕਿਰਿਆ ਦਾ ਉਦੇਸ਼ ਵੋਟਰ ਸੂਚੀ ਨੂੰ ਸੁਚਾਰੂ ਬਣਾਉਣਾ ਤੇ ਨਕਲ ਨੂੰ ਖ਼ਤਮ ਕਰਨਾ ਹੈ। ਜਿਨ੍ਹਾਂ ਵੋਟਰਾਂ ਦੇ ਵੇਰਵੇ ਪਹਿਲਾਂ ਹੀ ਪੁਰਾਣੇ ਰਿਕਾਰਡਾਂ ਨਾਲ ਮੇਲ ਖਾਂਦੇ ਹਨ, ਉਨ੍ਹਾਂ ਨੂੰ ਹੁਣ ਕਿਸੇ ਨਵੇਂ ਦਸਤਾਵੇਜ਼ ਜਾਂ ਮੁੜ ਤਸਦੀਕ ਦੀ ਲੋੜ ਨਹੀਂ ਪਵੇਗੀ। ਉਨ੍ਹਾਂ ਕਿਹਾ ਕਿ ਲਗਭਗ ਸਾਰੇ ਜ਼ਿਲ੍ਹਿਆਂ 'ਚ ਡਾਟਾ ਮੇਲਣ ਦੀ ਪ੍ਰਕਿਰਿਆ ਆਪਣੇ ਅੰਤਿਮ ਪੜਾਅ 'ਚ ਹੈ। ਸਿਰਫ਼ ਦਾਰਜੀਲਿੰਗ ਅਤੇ ਜਲਪਾਈਗੁੜੀ 'ਚ ਹਾਲ ਹੀ 'ਚ ਆਈਆਂ ਕੁਦਰਤੀ ਆਫ਼ਤਾਂ ਕਾਰਨ ਥੋੜ੍ਹੀ ਦੇਰੀ ਹੋਈ ਹੈ। ਬਾਕੀ ਜ਼ਿਲ੍ਹਿਆਂ 'ਚ ਇਹ ਪ੍ਰਕਿਰਿਆ ਲਗਭਗ ਪੂਰੀ ਹੋ ਗਈ ਹੈ। ਉਨ੍ਹਾਂ ਕਿਹਾ ਕਿ ਇਹ ਪੂਰੀ ਪ੍ਰਕਿਰਿਆ ਆਉਣ ਵਾਲੀਆਂ ਚੋਣਾਂ ਤੋਂ ਪਹਿਲਾਂ ਵੋਟਰ ਸੂਚੀ ਨੂੰ ਵਧੇਰੇ ਪਾਰਦਰਸ਼ੀ ਤੇ ਗਲਤੀ-ਮੁਕਤ ਬਣਾਉਣ ਲਈ ਕੀਤੀ ਜਾ ਰਹੀ ਹੈ। ਮੁੱਖ ਮੰਤਰੀ ਮਮਤਾ ਬੈਨਰਜੀ ਨੇ ਅੰਦੇਸ਼ਾ ਜ਼ਾਹਿਰ ਕੀਤਾ ਹੈ ਕਿ ਇਕ ਕਰੋੜ 50 ਹਜ਼ਾਰ ਲੋਕਾਂ ਦੇ ਨਾਮ ਕੱਟੇ ਜਾਣ ਦੀ ਸਾਜ਼ਿਸ਼ ਕੀਤੀ ਜਾ ਰਹੀ ਹੈ। ਉਨ੍ਹਾਂ ਦੋਸ਼ ਲਾਇਆ ਹੈ ਕਿ ਉਨ੍ਹਾਂ ਦੇ ਭਵਾਨੀਪੁਰ ਵਿਧਾਨਸਭਾ ਹਲਕੇ 'ਚ ਵੋਟਰਾਂ ਦੇ ਨਾਮ ਕੱਟਣ ਦੇ ਨਾਲ ਹੀ ਵੱਡੀ ਗਿਣਤੀ 'ਚ ਬਾਹਰੀ ਲੋਕਾਂ ਨੂੰ ਵੋਟਰ ਲਿਸਟ 'ਚ ਸ਼ਾਮਿਲ ਕੀਤਾ ਜਾ ਰਿਹਾ ਹੈ। ਭਾਜਪਾ ਆਗੂ ਸੁਭੇਂਦੂ ਅਧਿਕਾਰੀ ਦਾ ਕਹਿਣਾ ਹੈ ਕਿ ਮੈਪਿੰਗ ਤੋਂ ਭੂਆ-ਭਤੀਜੇ (ਮਮਤਾ-ਅਭੀਸ਼ੇਕ) ਦਾ ਸਫ਼ਾਇਆ ਹੋ ਗਿਆ ਹੈ। ਉਹ ਡਰ ਰਹੇ ਹਨ, ਇਸ ਲਈ ਐਸ.ਆਈ.ਆਰ. ਦਾ ਵਿਰੋਧ ਕਰ ਰਹੇ ਹਨ। ਐਪਰ ਸਾਡੀ ਵੀ ਮੰਗ ਹੈ ਕਿ ਐਸ.ਆਈ.ਆਰ. ਨਹੀਂ ਹੋਵੇਗਾ ਤਾਂ ਬੰਗਾਲ 'ਚ ਮਤਦਾਨ ਵੀ ਨਹੀਂ ਹੋਵੇਗਾ।



## ਸਿੱਖਾਂ ਬਾਰੇ ਰਾਹੁਲ ਗਾਂਧੀ ਦੀ ਟਿੱਪਣੀ ਖਿਲਾਫ਼ ਪਾਈ ਪਟੀਸ਼ਨ ਖ਼ਾਰਜ

**ਵਾਰਾਨਸੀ:**ਵਾਰਾਨਸੀ ਦੀ ਇਕ ਅਦਾਲਤ ਨੇ ਕਾਂਗਰਸ ਨੇਤਾ ਰਾਹੁਲ ਗਾਂਧੀ ਖ਼ਿਲਾਫ਼ ਪਿਛਲੇ ਸਾਲ ਅਮਰੀਕਾ ਦੀ ਯਾਤਰਾ ਦੌਰਾਨ ਸਿੱਖ ਭਾਈਚਾਰੇ ਬਾਰੇ ਕੀਤੀਆਂ ਟਿੱਪਣੀਆਂ ਨੂੰ ਲੈ ਕੇ ਦਾਇਰ ਪਟੀਸ਼ਨ ਖਾਰਜ ਕਰ ਦਿੱਤੀ। ਵਧੀਕ ਮੁੱਖ ਨਿਆਂਇਕ ਮੈਜਿਸਟ੍ਰੇਟ (ਐਮ. ਪੀ./ ਐਮ. ਐਲ. ਏ. ਕੋਰਟ) ਨੀਰਜ ਕੁਮਾਰ ਤ੍ਰਿਪਾਠੀ ਨੇ ਇਹ ਟਿੱਪਣੀ ਕਰਦੇ ਹੋਏ ਸ਼ਿਕਾਇਤ ਨੂੰ ਖਾਰਜ ਕਰ ਦਿੱਤਾ ਕਿ ਪਟੀਸ਼ਨਕਰਤਾ ਨੇ ਸਿਰਫ਼ ਇਕ ਖਦਸ਼ਾ ਪ੍ਰਗਟ ਕੀਤਾ ਸੀ ਕਿ ਰਾਹੁਲ ਦੀਆਂ ਟਿੱਪਣੀਆਂ ਦਾ ਫ਼ਾਇਦਾ ਖਾਲਿਸਤਾਨੀ ਤੱਤਾਂ ਦੁਆਰਾ ਵਿਦੇਸ਼ਾਂ 'ਚ ਹਿੰਸਾ ਭੜਕਾਉਣ ਜਾਂ ਭਾਰਤ ਬਾਰੇ ਗਲਤ ਜਾਣਕਾਰੀ ਫੈਲਾਉਣ ਲਈ ਲਿਆ ਜਾ ਸਕਦਾ ਹੈ। ਪਟੀਸ਼ਨਕਰਤਾ ਨੇ ਇਸ ਖਦਸ਼ੇ ਨੂੰ ਸਾਬਤ ਕਰਨ ਵਾਲੀ ਕਿਸੇ ਵੀ ਘਟਨਾ ਦਾ ਕੋਈ ਠੋਸ ਸਬੂਤ ਜਾਂ ਹਵਾਲਾ ਨਹੀਂ ਦਿੱਤਾ। ਇਹ ਕੇਸ ਪਿਛਲੇ ਸਾਲ ਜੁਲਾਈ 'ਚ ਵਾਰਾਨਸੀ ਦੇ ਤਿਲਮਾਪੁਰ ਦੇ ਵਸਨੀਕ ਨਾਗੇਸ਼ਵਰ ਮਿਸ਼ਰਾ ਨੇ ਦਾਇਰ ਕੀਤਾ ਸੀ। ਮਿਸ਼ਰਾ ਨੇ ਪਹਿਲਾਂ ਜੁਡੀਸ਼ੀਅਲ ਮੈਜਿਸਟ੍ਰੇਟ ਅਦਾਲਤ ਵਿਚ ਪਹੁੰਚ ਕੀਤੀ ਸੀ, ਜਿਥੇ ਉਸ ਦੀ ਪਟੀਸ਼ਨ ਖਾਰਜ ਕਰ ਦਿੱਤੀ ਗਈ ਸੀ।



## ਛੱਤੀਸਗੜ੍ਹ ਵਿਚ 210 ਨਕਸਲੀਆਂ ਵਲੋਂ ਆਤਮ-ਸਮਰਪਣ

**ਜਗਦਲਪੁਰ:**ਛੱਤੀਸਗੜ੍ਹ ਦੇ ਜਗਦਲਪੁਰ 'ਚ ਸ਼ੁੱਕਰਵਾਰ ਨੂੰ ਇਕ ਕੇਂਦਰੀ ਕਮੇਟੀ ਮੈਂਬਰ ਸਮੇਤ 210 ਨਕਸਲੀਆਂ ਨੇ ਪੁਲਿਸ ਸਾਹਮਣੇ ਆਤਮ-ਸਮਰਪਣ ਕੀਤਾ, ਜਿਸ ਨਾਲ ਇਹ ਰਾਜ ਚ ਨਕਸਲ ਵਿਰੋਧੀ ਕਾਰਵਾਈਆਂ 'ਚ ਇਤਿਹਾਸ ਦਾ ਸਭ ਤੋਂ ਵੱਡਾ ਸਮੂਹਿਕ ਆਤਮ-ਸਮਰਪਣ ਬਣ ਗਿਆ। ਜਾਣਕਾਰੀ ਅਨੁਸਾਰ ਪਿਛਲੇ ਤਿੰਨ ਦਿਨਾਂ 'ਚ ਕੁੱਲ 238 ਨਕਸਲੀ ਰਾਜ ਦੀ ਮੁੱਖ ਧਾਰਾ 'ਚ ਸ਼ਾਮਿਲ ਹੋਏ। ਮੁੱਖ ਮੰਤਰੀ ਵਿਸ਼ਨੂੰ ਦਿਓ ਸਾਈਂ ਨੇ ਸ਼ਲਾਘਾ ਕਰਦੇ ਹੋਏ ਇਸ ਨੂੰ ਇੱਕ ਇਤਿਹਾਸਕ ਦਿਨ ਦੱਸਿਆ ਅਤੇ ਅਧਿਕਾਰੀਆਂ ਦੁਆਰਾ ਇਸ ਸਮੂਹਿਕ ਆਤਮ-ਸਮਰਪਣ ਨੂੰ ਰਾਜ 'ਚ ਨਕਸਲ ਵਿਰੋਧੀ ਕਾਰਵਾਈਆਂ 'ਚ ਇਤਿਹਾਸ ਦਾ ਸਭ ਤੋਂ ਵੱਡਾ ਨਿਰਣਾਇਕ ਮੋੜ ਦਸਿਆ ਹੈ। ਜ਼ਿਕਰਯੋਗ ਹੈ ਕਿ ਆਤਮ-ਸਮਰਪਣ ਕਰਨ ਵਾਲੇ ਸਾਰੇ ਕਾਡਰਾਂ ਦਾ ਬਸਤਾਰ ਜ਼ਿਲ੍ਹੇ ਦੇ ਮੁੱਖ ਦਫ਼ਤਰ ਜਗਦਲਪੁਰ 'ਚ ਸਵਾਗਤ ਕੀਤਾ ਗਿਆ।



## ਕੌਮੀ ਸਿੱਖਿਆ ਨੀਤੀ ਨੂੰ ਲਾਗੂ ਕਰਨਾ ਨਿੰਦਣਯੋਗ: ਪ੍ਰੋ. ਅਨਿਲ ਕੁਮਾਰ

**ਹੁਸ਼ਿਆਰਪੁਰ:**ਪ੍ਰੋ. ਅਨਿਲ ਕੁਮਾਰ ਨੇ ਪੰਜਾਬ ਯੂਨੀਵਰਸਿਟੀ ਨਾਲ ਸੰਬੰਧਿਤ ਕਾਲਜਾਂ 'ਚ ਕੌਮੀ ਸਿੱਖਿਆ ਨੀਤੀ ਨੂੰ ਲਾਗੂ ਕਰਨ ਦੀ ਨਿਖੇਧੀ ਕਰਦਿਆਂ ਕਿਹਾ ਕਿ ਇਤਿਹਾਸ ਵਿਸ਼ੇ ਦੀ ਐਮ.ਏ. ਪੱਧਰੀ ਪਾਠਕ੍ਰਮ ਨੂੰ ਬੀ.ਏ. ਦੀਆਂ ਕਲਾਸਾਂ 'ਚ ਲਿਆਂਦਾ ਜਾਣਾ ਬੇਹਦ ਬੇਤੁਕਾ ਕਦਮ ਹੈ। ਉਨ੍ਹਾਂ ਕਿਹਾ ਕਿ ਇਹ ਕਿਸ ਤਰ੍ਹਾਂ ਸਹੀ ਹੋਵੇਗਾ ਕਿ ਉੱਚ ਸਨਾਤਕ ਪੱਧਰ ਦਾ ਗਹਿਰਾ ਵਿਸ਼ਾ ਉਨ੍ਹਾਂ ਵਿਦਿਆਰਥੀਆਂ 'ਤੇ ਥੋਪਿਆ ਜਾਵੇ ਜੋ ਅਜੇ ਮੂਲ ਢਾਂਚਾ ਵੀ ਨਹੀਂ ਸਮਝੇ? ਉਨ੍ਹਾਂ ਕਿਹਾ ਕਿ ਵਿਦਿਆਰਥੀਆਂ 'ਤੇ ਭਾਰੀ ਬੋਝ ਪਾ ਦਿੱਤਾ ਹੈ, ਅਧਿਆਪਕਾਂ ਨੂੰ ਗੁੰਮਰਾਹ ਕੀਤਾ ਹੈ ਅਤੇ ਸਿੱਖਣ-ਸਿਖਾਉਣ ਦੀ ਗੁਣਵੱਤਾ ਨੂੰ ਨੁਕਸਾਨ ਪਹੁੰਚਾਇਆ ਹੈ। ਉਨ੍ਹਾਂ ਕਿਹਾ ਕਿ ਇਹ ਪੂਰੀ ਤਰ੍ਹਾਂ ਅਸੰਗਤ ਅਤੇ ਵਿਦਿਆਰਥੀ ਵਿਰੋਧੀ ਕਦਮ ਹੈ। ਉਨ੍ਹਾਂ ਕਿਹਾ ਕਿ ਜਿਨ੍ਹਾਂ ਨੇ ਇਹ ਤੈਅ ਕੀਤਾ, ਉਹ ਕਦੇ ਵੀ ਅਸਲ ਕਲਾਸ ਰੂਮ 'ਚ ਨਹੀਂ ਗਏ ਹੋਣਗੇ। ਉਨ੍ਹਾਂ ਕਿਹਾ ਕਿ ਐਨ.ਈ.ਪੀ. ਦੇ ਲਾਗੂ ਹੋਣ ਨੇ ਸਿੱਖਿਆ ਨੂੰ ਸਮਾਵੇਸ਼ੀ ਅਤੇ ਆਸਾਨ ਬਣਾਉਣ ਦੀ ਬਜਾਏ ਉਲਟ ਬੇਪੱਧਰ ਯੋਜਨਾ ਦੀ ਮਿਸਾਲ ਪੇਸ਼ ਕੀਤੀ ਹੈ ਅਤੇ ਇਸ ਨੀਤੀ ਨਾਲ ਵਿਦਿਆਰਥੀ ਤੇ ਅਧਿਆਪਕ ਨਿਰਾਸ਼ ਹਨ।



## ਪੁੱਤਰ ਦੀ ਮੌਤ ਦੇ ਮਾਮਲੇ ਵਿਚ ਪੰਜਾਬ ਦੇ ਸਾਬਕਾ ਡੀ.ਜੀ.ਪੀ. ਵਿਰੁੱਧ ਮਾਮਲਾ ਦਰਜ

**ਚੰਡੀਗੜ੍ਹ:**ਪੰਜਾਬ ਦੇ ਸਾਬਕਾ ਡੀ.ਜੀ.ਪੀ. ਮੁਹੰਮਦ ਮੁਸਤਫ਼ਾ ਦੇ ਪੁੱਤਰ ਦੀ ਮੌਤ ਦੇ ਸੰਬੰਧ ਵਿਚ, ਪੰਚਕੂਲਾ ਪੁਲਿਸ ਨੇ ਸਾਬਕਾ ਡੀ.ਜੀ.ਪੀ., ਉਨ੍ਹਾਂ ਦੀ ਪਤਨੀ ਅਤੇ ਸਾਬਕਾ ਮੰਤਰੀ ਰਜ਼ੀਆ ਸੁਲਤਾਨਾ ਅਤੇ ਮ੍ਰਿਤਕ ਦੀ ਪਤਨੀ ਵਿਰੁੱਧ ਮਾਮਲਾ ਦਰਜ ਕੀਤਾ ਹੈ।

ਮਲੇਰਕੋਟਲਾ ਨਿਵਾਸੀ ਸ਼ਮਸੁਦੀਨ ਚੌਧਰੀ ਦੀ ਸ਼ਿਕਾਇਤ ਤੋਂ ਬਾਅਦ, ਪੰਚਕੂਲਾ ਪੁਲਿਸ ਨੇ ਐਮਡੀਸੀ ਪੰਚਕੂਲਾ ਪੁਲਿਸ ਸਟੇਸ਼ਨ ਵਿਚ ਮਾਮਲਾ ਦਰਜ ਕੀਤਾ। ਇਹ ਕਾਰਵਾਈ ਅਕੀਲ ਅਖ਼ਤਰ ਦੀ ਸ਼ੱਕੀ ਮੌਤ ਦੇ ਸੰਬੰਧ ਵਿੱਚ ਕੀਤੀ ਗਈ ਹੈ। ਜਾਣਕਾਰੀ ਅਨੁਸਾਰ, ਸ਼ਿਕਾਇਤਕਰਤਾ ਸ਼ਮਸੁਦੀਨ ਚੌਧਰੀ ਨੇ ਪੰਚਕੂਲਾ ਪੁਲਿਸ ਕਮਿਸ਼ਨਰ ਨੂੰ ਇੱਕ ਲਿਖਤੀ ਸ਼ਿਕਾਇਤ ਦਿੱਤੀ। ਇਸ ਵਿੱਚ, ਉਸਨੇ ਦੋਸ਼ ਲਗਾਇਆ ਕਿ ਅਕੀਲ ਅਖ਼ਤਰ ਦੀ ਮੌਤ ਸ਼ੱਕੀ ਹਾਲਾਤਾਂ ਵਿੱਚ ਹੋਈ ਹੈ ਅਤੇ ਇਸ ਵਿੱਚ ਪਰਿਵਾਰਕ ਮੈਂਬਰ ਸ਼ਾਮਲ ਹੋ ਸਕਦੇ ਹਨ। ਸ਼ਿਕਾਇਤ ਵਿੱਚ ਕਿਹਾ ਗਿਆ ਹੈ ਕਿ ਅਕੀਲ ਅਖ਼ਤਰ ਨੇ 27 ਅਗਸਤ ਨੂੰ ਸੋਸ਼ਲ ਮੀਡੀਆ 'ਤੇ ਇੱਕ ਵੀਡੀਓ ਜਾਰੀ ਕੀਤਾ, ਜਿਸ ਵਿੱਚ ਉਸਨੇ ਆਪਣੇ ਪਰਿਵਾਰਕ ਮੈਂਬਰਾਂ 'ਤੇ ਗੰਭੀਰ ਦੋਸ਼ ਲਗਾਏ। ਵੀਡੀਓ ਵਿੱਚ, ਉਸਨੇ ਇਹ ਵੀ ਕਿਹਾ ਕਿ ਉਸਦੀ ਜਾਨ ਨੂੰ ਖ਼ਤਰਾ ਹੈ।

ਸ਼ਿਕਾਇਤ ਵਿੱਚ ਮ੍ਰਿਤਕ ਦੇ ਸੋਸ਼ਲ ਮੀਡੀਆ ਵੀਡੀਓ, ਡਿਜੀਟਲ ਸਬੂਤ, ਕਾਲ ਰਿਕਾਰਡ ਅਤੇ ਪੋਸਟਮਾਰਟਮ ਰਿਪੋਰਟ ਦੀ ਜਾਂਚ ਦੀ ਮੰਗ ਕੀਤੀ ਗਈ ਸੀ। ਸ਼ਿਕਾਇਤ ਤੋਂ ਬਾਅਦ, ਪੁਲਿਸ ਨੇ ਮਾਮਲਾ ਦਰਜ ਕਰਕੇ ਜਾਂਚ ਸ਼ੁਰੂ ਕਰ ਦਿੱਤੀ। ਪੁਲਿਸ ਸੂਤਰਾਂ ਅਨੁਸਾਰ, ਅਕੀਲ ਅਖ਼ਤਰ ਦੀ ਮੌਤ ਦੇ ਕਾਰਨਾਂ ਦਾ ਪਤਾ ਲਗਾਉਣ ਲਈ ਮਾਮਲੇ ਦੇ ਸਾਰੇ ਪਹਿਲੂਆਂ ਦੀ ਜਾਂਚ ਕੀਤੀ ਜਾ ਰਹੀ ਹੈ।





## ਲਾਹੌਰ ਦੁਨੀਆ ਦਾ ਸਭ ਤੋਂ ਪ੍ਰਦੂਸ਼ਿਤ ਸ਼ਹਿਰ

**ਨਵੀਂ ਦਿੱਲੀ:**ਪਾਕਿਸਤਾਨ ਦੇ ਲਾਹੌਰ ਸ਼ਹਿਰ ਨੂੰ ਇਕ ਵਾਰ ਫਿਰ ਦੁਨੀਆ ਦਾ ਸਭ ਤੋਂ ਵਧ ਪ੍ਰਦੂਸ਼ਿਤ ਸ਼ਹਿਰ ਕਰਾਰ ਦਿੱਤਾ ਗਿਆ ਹੈ। ਆਲਮੀ ਏਅਰ ਕੁਆਲਟੀ ਮਾਨਿਟਰਿੰਗ ਡੇਟਾ 'ਚ ਲਾਹੌਰ ਦੀ ਹਵਾ ਦੀ ਗੁਣਵੱਤਾ ਦਾ ਸੂਚਕ ਅੰਕ (ਏ.ਕਿਊ.ਆਈ.) 274 'ਤੇ ਪਹੁੰਚ ਗਿਆ। ਰਿਪੋਰਟ ਮੁਤਾਬਿਕ ਸ਼ਹਿਰ ਦੇ ਵੱਖ-ਵੱਖ ਇਲਾਕਿਆਂ 'ਚ ਪ੍ਰਦੂਸ਼ਣ ਦਾ ਪੱਧਰ ਵੱਖ-ਵੱਖ ਸੀ। ਅਲਾਮਾ ਇਕਬਾਲ ਟਾਊਨ 'ਚ ਏ.ਕਿਊ.ਆਈ 459, ਗੁਲਬਰਗ 'ਚ 396, ਸਾਦਮਾਨ 'ਚ 384, ਮਾਡਲ ਟਾਊਨ 'ਚ 369 ਅਤੇ ਲਾਹੌਰ ਹਵਾਈ ਅੱਡੇ 'ਤੇ 398 ਦਰਜ ਕੀਤਾ ਗਿਆ।

# ਬਿਕਰਮ ਮਜੀਠੀਆ ਨੂੰ ਅਦਾਲਤ ਤੋਂ ਨਹੀਂ ਮਿਲੀ ਰਾਹਤ

## ਨਿਆਂਇਕ ਹਿਰਾਸਤ 'ਚ ਪਹਿਲੀ ਨਵੰਬਰ ਤੱਕ ਦਾ ਵਾਧਾ

**ਮੋਹਾਲੀ:** ਸੀਨੀਅਰ ਅਕਾਲੀ ਆਗੂ ਬਿਕਰਮ ਸਿੰਘ ਮਜੀਠੀਆ ਨੂੰ ਆਮਦਨ ਤੋਂ ਜ਼ਿਆਦਾ ਜਾਇਦਾਦ ਦੇ ਮਾਮਲੇ 'ਚ ਨਾਭਾ ਜੇਲ੍ਹ 'ਚ ਬੰਦ ਅਦਾਲਤ ਨੇ ਝਟਕਾ ਦਿੱਤਾ ਹੈ। ਦਰਅਸਲ ਬਿਕਰਮ ਮਜੀਠੀਆ ਦੀ ਦੀਵਾਲੀ ਜੇਲ੍ਹ 'ਚ ਹੀ ਲੰਘੇਗੀ ਕਿਉਂਕਿ ਮੋਹਾਲੀ ਅਦਾਲਤ ਨੇ ਉਨ੍ਹਾਂ ਦੀ ਨਿਆਇਕ ਹਿਰਾਸਤ 1 ਨਵੰਬਰ ਤੱਕ ਵਧਾ ਦਿੱਤੀ ਹੈ।



ਤੁਹਾਨੂੰ ਦੱਸ ਦਈਏ ਕਿ ਬਿਕਰਮ 'ਮਜੀਠੀਆ ਦੀ ਵੀਡੀਓ ਕਾਨਫਰੰਸਿਗ ਰਾਹੀਂ ਅਦਾਲਤ 'ਚ ਪੇਸ਼ੀ ਹੋਈ। ਇਸ ਦੌਰਾਨ ਅਦਾਲਤ ਵਲੋਂ ਉਨ੍ਹਾਂ ਦੀ ਨਿਆਂਇਕ ਹਿਰਾਸਤ 'ਚ ਵਾਧਾ ਕਰ ਦਿੱਤਾ ਗਿਆ। ਜ਼ਿਕਰਯੋਗ ਹੈ ਕਿ ਬਿਕਰਮ ਮਜੀਠੀਆ ਨੂੰ ਵਿਜੀਲੈਂਸ ਨੇ 25 ਜੂਨ ਨੂੰ ਉਨ੍ਹਾਂ ਦੇ ਅੰਮ੍ਰਿਤਸਰ ਸਥਿਤ ਘਰ ਤੋਂ ਗ੍ਰਿਫ਼ਤਾਰ ਕੀਤਾ ਸੀ। ਉਦੋਂ ਤੋਂ ਉਹ ਨਾਭਾ ਜੇਲ੍ਹ ਵਿੱਚ ਬੰਦ ਹਨ। ਮਜੀਠੀਆ ਦੇ ਖ਼ਿਲਾਫ਼ ਆਮਦਨ ਤੋਂ ਵੱਧ ਜਾਇਦਾਦ ਦਾ ਮਾਮਲਾ ਦਰਜ ਕੀਤਾ ਗਿਆ ਹੈ।

ਇਸ ਤੋਂ ਪਹਿਲਾਂ ਮਜੀਠੀਆ ਨੇ ਆਪਣੇ ਵਿਰੁੱਧ ਚੱਲ ਰਹੇ ਆਮਦਨ ਤੋਂ ਵੱਧ ਜਾਇਦਾਦ ਦੇ ਕੇਸ ਵਿੱਚ ਜਮਾਨਤ ਲਈ ਹਾਈਕੋਰਟ ਦਾ ਦਰਵਾਜ਼ਾ ਖਟਖਟਾਇਆ ਸੀ। ਮਜੀਠੀਆ ਦੀ ਜਮਾਨਤ ਪਟੀਸ਼ਨ 'ਤੇ ਅੱਜ ਸੁਣਵਾਈ ਹੋਣੀ ਸੀ, ਪਰ ਹਾਈਕੋਰਟ ਨੇ ਮਾਮਲੇ ਦੀ ਅਗਲੀ ਸੁਣਵਾਈ ਦੀ ਤਰੀਕ 29 ਅਕਤੂਬਰ ਤੈਅ ਕਰ ਦਿੱਤੀ ਹੈ । ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਅਤੇ ਸਾਬਕਾ ਮੰਤਰੀ ਬਿਕਰਮ ਸਿੰਘ ਮਜੀਠੀਆ ਨੂੰ ਅੱਜ ਪੰਜਾਬ ਅਤੇ ਹਰਿਆਣਾ ਹਾਈਕੋਰਟ ਵੱਲੋਂ ਵੱਡੀ ਰਾਹਤ ਨਹੀਂ ਮਿਲੀ । ਹੁਣ ਅਗਲੀ ਤਰੀਕ 'ਤੇ ਹੀ ਇਹ ਸਪਸ਼ਟ ਹੋਵੇਗਾ ਕਿ ਉਨ੍ਹਾਂ ਨੂੰ ਜਮਾਨਤ ਮਿਲੇਗੀ ਜਾਂ ਨਹੀਂ।ਸ਼੍ਰੋਮਣੀ ਅਕਾਲੀ ਦਲ ਦੇ ਬੁਲਾਰੇ ਅਤੇ ਸੀਨੀਅਰ ਵਕੀਲ ਅਰਸ਼ਦੀਪ ਕਲੇਰ ਦੇ ਮੁਤਾਬਕ ਹਾਈਕੋਰਟ ਵੱਲੋਂ ਵਿਜੀਲੈਂਸ ਨੂੰ ਆਪਣੀ ਰਿਪੋਰਟ ਪੇਸ਼ ਕਰਨ ਲਈ 15 ਦਿਨਾਂ ਦਾ ਸਮਾਂ ਦਿੱਤਾ ਗਿਆ ਸੀ। ਇਸ ਤੋਂ ਬਾਅਦ ਇੱਕ ਹਫ਼ਤੇ ਲਈ ਮਜੀਠੀਆ ਦੀ ਟੀਮ ਨੂੰ ਉਸ ਰਿਪੋਰਟ ਨੂੰ ਪੜ੍ਹ ਕੇ ਆਪਣੀਆਂ ਅਬਜੈਕਸ਼ਨਾਂ ਦਾਖ਼ਲ ਕਰਨ ਦਾ ਮੌਕਾ ਮਿਲਿਆ ਸੀ। ਪਰ ਅੱਜ ਦੀ ਸੁਣਵਾਈ ਦੌਰਾਨ ਵਿਜੀਲੈਂਸ ਨੇ ਆਪਣੀ ਰਿਪੋਰਟ ਪੇਸ਼ ਕਰਨ ਲਈ ਹੋਰ ਇੱਕ ਹਫ਼ਤੇ ਦਾ ਵਕਤ ਮੰਗਿਆ ਹੈ।

ਅਰਸ਼ਦੀਪ ਕਲੇਰ ਨੇ ਕਿਹਾ ਕਿ ਸਰਕਾਰ ਜਾਣਬੁੱਝ ਕੇ ਕੋਰਟ ਵਿੱਚ ਆਪਣਾ ਜਵਾਬ ਦੇਣ ਤੋਂ ਕਤਰਾਂ ਰਹੀ ਹੈ। ਜ਼ਿਕਰਯੋਗ ਹੈ ਕਿ ਵਿਜੀਲੈਂਸ ਵੱਲੋਂ ਬਿਕਰਮ ਮਜੀਠੀਆ ਨੂੰ 25 ਜੂਨ ਨੂੰ ਉਨ੍ਹਾਂ ਦੀ ਅੰਮ੍ਰਿਤਸਰ ਸਥਿਤ ਰਿਹਾਇਸ਼ ਤੋਂ ਗ੍ਰਿਫ਼ਤਾਰ ਕਰਕੇ ਮੁਹਾਲੀ ਲਿਆਂਦਾ ਗਿਆ ਸੀ। ਉਨ੍ਹਾਂ ਨੂੰ ਕਰੀਬ 11 ਦਿਨਾਂ ਤੱਕ ਪੁਲਿਸ ਰਿਮਾਂਡ 'ਤੇ ਰੱਖਣ ਤੋਂ ਬਾਅਦ 6 ਜੁਲਾਈ ਨੂੰ ਨਾਭਾ ਦੀ ਨਵੀਂ ਜੇਲ੍ਹ ਭੇਜਿਆ ਗਿਆ ਸੀ।

ਵਿਜੀਲੈਂਸ ਵੱਲੋਂ ਇਸ ਮਾਮਲੇ 'ਚ ਮਜੀਠੀਆ ਵਿਰੁੱਧ 40 ਹਜ਼ਾਰ ਪੰਨਿਆਂ ਦਾ ਚਲਾਨ ਵੀ ਅਦਾਲਤ ਵਿੱਚ ਪੇਸ਼ ਕੀਤਾ ਜਾ ਚੁੱਕਿਆ ਹੈ। ਬੈਰਕ ਬਦਲੇ ਜਾਣ ਦੇ ਮਾਮਲੇ 'ਚ ਅਦਾਲਤ ਵੱਲੋਂ ਜੇਲ੍ਹ ਸੁਪਰਿੰਟੈਂਡੈਂਟ ਨਾਭਾ ਅਤੇ ਏਡੀਜੀਪੀ ਜੇਲ੍ਹਾਂ ਕੋਲੋਂ ਰਿਪੋਰਟ ਮੰਗਵਾਈ ਗਈ ਸੀ, ਜਿਸ ਉੱਤੇ ਦੋਹਾਂ ਧਿਰਾਂ ਵੱਲੋਂ ਬਹਿਸ ਵੀ ਹੋ ਚੁੱਕੀ ਹੈ।

# ਗੂਗਲ ਭਾਰਤ 'ਚ ਏ.ਆਈ. ਹੱਬ 'ਤੇ 15 ਅਰਬ ਡਾਲਰ ਦਾ ਕਰੇਗਾ ਨਿਵੇਸ਼

**ਨਵੀਂ ਦਿੱਲੀ:**ਅਮਰੀਕੀ ਤਕਨੀਕੀ ਕੰਪਨੀ ਗੂਗਲ ਨੇ ਅਗਲੇ 5 ਸਾਲਾਂ 'ਚ ਤਕਰੀਬਨ 15 ਅਰਬ ਅਮਰੀਕੀ ਡਾਲਰ ਦਾ ਨਿਵੇਸ਼ ਕਰਕੇ ਭਾਰਤ 'ਚ ਦੂਜਾ ਸਭ ਤੋਂ ਵੱਡਾ ਆਰਟੀਫਿਸ਼ਲ ਇੰਟੈਲੀਜੈਂਸ (ਏ.ਆਈ.) ਹੱਬ ਬਣਾਉਣ ਦਾ ਐਲਾਨ ਕੀਤਾ ਹੈ।

ਗੂਗਲ ਵਲੋਂ ਉਕਤ ਐਲਾਨ ਦਿੱਲੀ 'ਚ ਕੀਤੇ ਇਕ ਪ੍ਰੋਗਰਾਮ 'ਚ ਕੀਤਾ ਗਿਆ, ਜਿਸ 'ਚ ਕੇਂਦਰੀ ਮੰਤਰੀ ਅਸ਼ਵਨੀ ਵੈਸ਼ਨਵ ਅਤੇ ਨਿਰਮਲਾ ਸੀਤਾਰਮਨ ਸਮੇਤ ਕਈ ਆਗੂ ਸ਼ਾਮਿਲ ਹੋਏ। ਦਿੱਲੀ 'ਚ 'ਭਾਰਤ ਏ.ਆਈ. ਸ਼ਕਤੀ' ਨਾਂਅ ਦੇ ਇਸ ਪ੍ਰੋਗਰਾਮ 'ਚ ਗੂਗਲ ਨੇ ਐਲਾਨ ਕੀਤਾ ਕਿ ਅਮਰੀਕਾ ਤੋਂ ਬਾਅਦ ਦੁਨੀਆ ਦਾ ਸਭ ਤੋਂ ਵੱਡਾ ਗੀਗਾਵਾਟ ਸਕੇਲ ਏ.ਆਈ. ਹੱਬ ਭਾਰਤ ਦੇ ਵਿਸ਼ਾਖਾਪਟਨਮ 'ਚ ਬਣਾਇਆ ਜਾ ਰਿਹਾ ਹੈ।

ਇਹ 'ਗੂਗਲ ਫੁੱਲ ਸਟੈਕ ਏ.ਆਈ.' ਦਾ ਹਿੱਸਾ ਹੋਵੇਗਾ, ਜੋ ਭਾਰਤ 'ਚ ਕਲਾਊਡ ਇਨਫਰਾਸਟ੍ਰਕਚਰ, ਡੇਟਾ ਸਲਿਊਸ਼ਨਜ਼ ਅਤੇ ਏ.ਆਈ. ਮਾਡਲਸ ਨੂੰ ਤੇਜ਼ੀ ਨਾਲ ਵਧਾਏਗਾ।ਗੂਗਲ ਨੇ ਐਲਾਨ ਕੀਤਾ ਕਿ ਉਹ ਅਗਲੇ ਪੰਜ ਸਾਲਾਂ 'ਚ ਭਾਰਤ 'ਚ 1.33 ਲੱਖ ਕਰੋੜ ਰੁਪਏ ਦਾ ਨਿਵੇਸ਼ ਕਰੇਗਾ। ਇਹ ਨਿਵੇਸ਼ ਸਰਵਰ ਅਤੇ ਡੇਟਾ ਸੈਂਟਰ ਤੋਂ ਇਲਾਵਾ ਰਿਸਰਚ, ਲੋਕਲ ਸਟਾਰਟਅਪ ਅਤੇ ਡਿਜੀਟਲ ਇਨਫਰਾਸਟ੍ਰਕਚਰ ਵੀ ਸ਼ਾਮਿਲ ਹੈ। ਗੂਗਲ ਦੇ ਸੀ.ਈ.ਓ. ਸੁੰਦਰ ਪਿਚਾਈ ਨੇ ਕਿਹਾ ਕਿ ਭਾਰਤ ਸਾਡਾ ਸਭ ਤੋਂ ਤੇਜ਼ੀ ਨਾਲ ਵਧਦਾ ਬਾਜ਼ਾਰ ਹੈ ਅਤੇ ਇਹ ਨਿਵੇਸ਼ ਡਿਜੀਟਲ ਟ੍ਰਾਂਸਫਾਰਮੇਸ਼ਨ ਨੂੰ ਉਤਸਾਹਿਤ ਕਰੇਗਾ।

### ਗੂਗਲ ਅਤੇ ਅਡਾਨੀ ਗਰੁੱਪ ਦੀ ਭਾਈਵਾਲੀ

ਗੂਗਲ ਨੇ ਏ.ਆਈ. ਡੇਟਾ ਕੇਂਦਰ ਕੈਂਪਸ ਲਈ ਅਡਾਨੀ ਗਰੁੱਪ, ਨਾਲ ਭਾਈਵਾਲੀ ਕੀਤੀ ਹੈ। ਕੰਪਨੀ ਵਲੋਂ ਜਾਰੀ ਇਕ ਬਿਆਨ ਵਿਚ ਕਿਹਾ ਗਿਆ ਕਿ ਇਹ ਭਾਰਤ ਸਰਕਾਰ ਦੇ ਵਿਕਸਿਤ ਭਾਰਤ 2047 ਵਿਜ਼ਨ ਦੇ ਮੁਤਾਬਿਕ ਹੈ। ਇਸ ਪਹਿਲਕਦਮੀ ਨਾਲ ਭਾਰਤ ਅਤੇ ਅਮਰੀਕਾ ਦੋਵਾਂ ਲਈ ਵਿਆਪਕ ਆਰਥਿਕ ਅਤੇ ਸਮਾਜਿਕ ਮੌਕੇ ਪੈਦਾ ਹੋਣਗੇ ਅਤੇ ਏ.ਆਈ. ਸਮਰੱਥਾ 'ਚ ਪੀੜ੍ਹੀਗਤ ਬਦਲਾਅ ਦਾ ਰਾਹ ਪੱਧਰਾ ਹੋਵੇਗਾ।




# ਸਮੂਹਿਕ ਜਬਰ-ਜਨਾਹ ਮਾਮਲੇ 'ਚ ਪੀੜਤਾ ਦੇ ਦੋਸਤ ਸਣੇ 6 ਗ੍ਰਿਫ਼ਤਾਰ

**ਕੋਲਕਾਤਾ:**ਪੁਲਿਸ ਨੇ ਮੰਗਲਵਾਰ ਸ਼ਾਮ ਨੂੰ ਪੱਛਮੀ ਬੰਗਾਲ ਦੇ ਦੁਰਗਾਪੁਰ 'ਚ ਸਮੂਹਿਕ ਜਬਰ ਜਨਾਹ ਦੀ ਸ਼ਿਕਾਰ ਮੈਡੀਕਲ ਵਿਦਿਆਰਥਣ ਦੇ ਇਕ ਦੋਸਤ ਨੂੰ ਗ੍ਰਿਫ਼ਤਾਰ ਕੀਤਾ ਹੈ। ਇਕ ਸੀਨੀਅਰ ਪੁਲਿਸ ਅਧਿਕਾਰੀ ਨੇ ਦੱਸਿਆ ਕਿ ਇਸ ਨਾਲ ਮਾਮਲੇ 'ਚ ਕੁੱਲ 6 ਗਿਝਫ਼ਤਾਰੀਆਂ ਹੋ ਗਈਆਂ ਹਨ। ਉਨ੍ਹਾਂ ਕਿਹਾ ਕਿ ਦੋਸ਼ੀ ਪੀੜਤਾ ਦੇ ਨਾਲ ਸੀ ਜਦੋਂ ਉਹ ਘਟਨਾ ਵਾਲੀ ਸ਼ਾਮ ਨੂੰ ਮੈਡੀਕਲ ਕਾਲਜ ਕੈਂਪਸ ਦੇ ਬਾਹਰ ਖਾਣਾ ਲੈਣ ਗਈ ਸੀ। ਅਧਿਕਾਰੀ ਨੇ ਕਿਹਾ ਕਿ ਮਾਲਦਾ ਨਿਵਾਸੀ ਨੂੰ ਉਸਦੇ ਜਵਾਬਾਂ 'ਚ ਠੀਕ ਨਾ ਪਾਏ ਜਾਣ ਬਾਅਦ ਗ੍ਰਿਫ਼ਤਾਰ ਕੀਤਾ ਗਿਆ। ਇਸ ਤੋਂ ਪਹਿਲਾਂ, ਇਸ ਮਾਮਲੇ 'ਚ ਪੰਜ ਲੋਕਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਸੀ।



ਓਡੀਸ਼ਾ ਦੇ ਜਲੇਸ਼ਵਰ ਦੀ ਰਹਿਣ ਵਾਲੀ ਦੂਜੇ ਸਾਲ ਦੀ ਵਿਦਿਆਰਥਣ ਨਾਲ 10 ਅਕਤੂਬਰ ਨੂੰ ਦੁਰਗਾਪੁਰ 'ਚ ਨਿੱਜੀ ਮੈਡੀਕਲ ਕਾਲਜ ਕੈਂਪਸ ਦੇ ਬਾਹਰ ਜਬਰ ਜਨਾਹ ਕੀਤਾ ਗਿਆ ਸੀ।

# ਅੱਤਵਾਦੀ ਰਿੰਦਾ ਵਲੋਂ ਸ਼ਰਾਬ ਦੇ ਠੇਕੇਦਾਰਾਂ ਨੂੰ ਧਮਕੀ

## 'ਸੁਧਰ ਜਾਓ, ਨਹੀਂ ਤਾਂ ਭੁਗਤਣੇ ਪੈਣਗੇ ਗੰਭੀਰ ਨਤੀਜੇ'

**ਚੰਡੀਗੜ੍ਹ:** ਪਾਕਿਸਤਾਨ ਦੀ ਖੁਫੀਆ ਏਜੰਸੀ ਆਈਐਸਆਈ ਲਈ ਕੰਮ ਕਰਨ ਵਾਲੇ ਪਾਕਿਸਤਾਨ ਸਥਿਤ ਇੱਕ ਅੱਤਵਾਦੀ ਹਰਵਿੰਦਰ ਸਿੰਘ ਰਿੰਦਾ ਨੇ ਪੰਜਾਬ ਦੇ ਆਬਕਾਰੀ ਵਿਭਾਗ ਅਤੇ ਸ਼ਰਾਬ ਠੇਕੇਦਾਰਾਂ ਨੂੰ ਧਮਕੀ ਦਿੱਤੀ ਹੈ।



ਹਰਵਿੰਦਰ ਰਿੰਦਾ ਨੇ ਉਨ੍ਹਾਂ ਨੂੰ ਆਪਣਾ ਬਚਾਅ ਕਰਨ ਦੀ ਚੇਤਾਵਨੀ ਦਿੱਤੀ ਹੈ, ਚੇਤਾਵਨੀ ਦਿੱਤੀ ਹੈ ਕਿ ਕਿਸੇ ਨੂੰ ਵੀ ਵਿਸਫੋਟਕਾਂ ਨਾਲ ਉਡਾਇਆ ਜਾ ਸਕਦਾ ਹੈ। ਇਸ ਘਟਨਾ ਸੰਬੰਧੀ ਇੱਕ ਕਥਿਤ ਆਡੀਓ ਕਲਿੱਪ ਵੀ ਸਾਹਮਣੇ ਆਈ ਹੈ।ਇਹ ਆਡੀਓ ਕਲਿੱਪ ਸੋਸ਼ਲ ਮੀਡੀਆ 'ਤੇ ਵਾਇਰਲ ਹੋ ਗਈ ਹੈ। ਇਸ ਵਿੱਚ, ਉਹ ਪੰਜਾਬ ਵਿੱਚ ਹਾਲ ਹੀ ਵਿੱਚ ਹੋਈ ਹਿੰਸਾ ਅਤੇ ਸ਼ਰਾਬ ਦੀਆਂ ਦੁਕਾਨਾਂ 'ਤੇ ਹਮਲਿਆਂ ਬਾਰੇ ਸਿੱਧੇ ਤੌਰ 'ਤੇ ਚੇਤਾਵਨੀ ਦਿੰਦਾ ਹੈ। ਉਹ ਪਿਛਲੀਆਂ ਚੇਤਾਵਨੀਆਂ ਦਾ ਹਵਾਲਾ ਦਿੰਦਾ ਹੈ ਅਤੇ ਵਾਅਦਾ ਕਰਦਾ ਹੈ ਕਿ ਅਗਲੀ ਕਾਰਵਾਈ ਹੋਰ ਵੀ ਸਖ਼ਤ ਹੋਵੇਗੀ।ਇਹ ਬਿਆਨ ਸੁਰੱਖਿਆ ਏਜੰਸੀਆਂ ਲਈ ਚਿੰਤਾਜਨਕ ਹੈ ਕਿਉਂਕਿ ਇਹ ਠੇਕੇਦਾਰਾਂ, ਠੇਕੇਦਾਰੀ ਕਰਮਚਾਰੀਆਂ ਅਤੇ ਆਬਕਾਰੀ ਵਿਭਾਗ ਦੇ ਕਰਮਚਾਰੀਆਂ ਨੂੰ ਨਿਸ਼ਾਨਾ ਬਣਾਉਣ ਦੀ ਧਮਕੀ ਦਿੰਦਾ ਹੈ।

ਵਾਇਰਲ ਰਿਕਾਰਡਿੰਗ ਨੇ ਵਿਭਾਗ ਅਤੇ ਠੇਕੇਦਾਰਾਂ ਵਿੱਚ ਦਹਿਸ਼ਤ ਫੈਲਾ ਦਿੱਤੀ ਹੈ। ਪੂਰੀ ਰਿਕਾਰਡਿੰਗ ਲਗਭਗ 4.35 ਮਿੰਟ ਲੰਬੀ ਹੈ। ਨਿਊਜ਼18 ਪੰਜਾਬ ਆਡੀਓ ਦੀ ਪ੍ਰਮਾਣਿਕਤਾ ਦੀ ਪੁਸ਼ਟੀ ਨਹੀਂ ਕਰਦਾ ਹੈ। ਦੱਸ ਦਈਏ ਕਿ ਕਿ ਬੀਤੇ ਦਿਨੀਂ ਪੰਜਾਬੀ ਗਾਇਕ, ਅਦਾਕਾਰ ਅਤੇ ਨਿਰਮਾਤਾ ਨੀਰਜ ਸਾਹਨੀ ਨੂੰ ਪਾਕਿਸਤਾਨ ਵਿੱਚ ਲੁਕੇ ਹੋਏ ਅੱਤਵਾਦੀ ਹਰਵਿੰਦਰ ਰਿੰਦਾ ਦਾ ਧਮਕੀ ਭਰਿਆ ਫੋਨ ਆਇਆ। ਇਸ ਕਾਲ ਵਿੱਚ 1.25 ਕਰੋੜ (ਲਗਭਗ )1.25 ਮਿਲੀਅਨ ਦੀ ਫਿਰੌਤੀ ਦੀ ਮੰਗ ਕੀਤੀ ਗਈ ਸੀ। ਉਸਨੇ ਧਮਕੀ ਦਿੱਤੀ ਕਿ ਜੇਕਰ ਉਹ ਪੈਸੇ ਨਹੀਂ ਦਿੰਦਾ ਤਾਂ ਉਸਨੂੰ ਅਤੇ ਉਸਦੇ ਪਰਿਵਾਰ ਨੂੰ ਮਾਰ ਦਿੱਤਾ ਜਾਵੇਗਾ।

### ਕੌਣ ਹੈ ਅੱਤਵਾਦੀ ਰਿੰਦਾ?

ਹਰਵਿੰਦਰ ਸਿੰਘ ਰਿੰਦਾ ਖਾਲਿਸਤਾਨ ਪੱਖੀ ਗਤੀਵਿਧੀਆਂ ਵਿੱਚ ਸਰਗਰਮ ਭੂਮਿਕਾ ਨਿਭਾਉਂਦਾ ਹੈ ਅਤੇ ਅਮਰੀਕਾ ਵਿੱਚ ਰਹਿਣ ਵਾਲੇ ਹੈਪੀ ਪਾਸੀਅਨ ਨਾਲ ਮਿਲ ਕੇ ਇੱਕ ਨਵਾਂ ਅੱਤਵਾਦੀ ਨੈੱਟਵਰਕ ਬਣਾਇਆ ਹੈ। 2022 ਵਿੱਚ ਉਸਦੀ ਮੌਤ ਦੀਆਂ ਅਫਵਾਹਾਂ ਫੈਲੀਆਂ, ਜਿਸ ਵਿੱਚ ਕਿਹਾ ਗਿਆ ਸੀ ਕਿ ਉਸਦੀ ਮੌਤ ਗੁਰਦੇ ਫੇਲ੍ਹ ਹੋਣ ਜਾਂ ਨਸ਼ੇ ਦੀ ਓਵਰਡੋਜ਼ ਕਾਰਨ ਹੋਈ ਸੀ, ਪਰ ਇਸਦੀ ਪੁਸ਼ਟੀ ਨਹੀਂ ਹੋਈ ਹੈ। ਉਹ ਅਜੇ ਵੀ ਲਾਹੌਰ, ਪਾਕਿਸਤਾਨ ਵਿੱਚ ਲੁਕਿਆ ਹੋਇਆ ਹੈ, ਅਤੇ ਭਾਰਤ ਸਰਕਾਰ ਅਤੇ ਇੰਟਰਪੋਲ ਉਸਨੂੰ ਗ੍ਰਿਫ਼ਤਾਰ ਕਰਨ ਲਈ ਲਗਾਤਾਰ ਕੋਸ਼ਿਸ਼ਾਂ ਕਰ ਰਹੇ ਹਨ।

### ਬੈਂਗਲੁਰੂ ਵਿੱਚ ਪੁਲਿਸ ਹਿਰਾਸਤ ਵਿੱਚੋਂ ਫਰਾਰ

ਜਦੋਂ ਪੁਲਿਸ ਨੇ ਕਾਰਵਾਈ ਸ਼ੁਰੂ ਕੀਤੀ, ਤਾਂ ਰਿੰਦਾ ਚੰਡੀਗੜ੍ਹ ਤੋਂ ਫਰਾਰ ਹੋ ਗਿਆ। 2017 ਵਿੱਚ, ਪੰਜਾਬ ਪੁਲਿਸ ਨੂੰ ਸੂਚਨਾ ਮਿਲੀ ਕਿ ਰਿੰਦਾ ਆਪਣੀ ਪਤਨੀ ਨਾਲ ਬੈਂਗਲੁਰੂ ਦੇ ਇੱਕ ਹੋਟਲ ਵਿੱਚ ਰਹਿ ਰਿਹਾ ਹੈ। ਇਸ ਜਾਣਕਾਰੀ ਦੇ ਆਧਾਰ 'ਤੇ, ਪੰਜਾਬ ਪੁਲਿਸ ਨੇ ਹੋਟਲ 'ਤੇ ਛਾਪਾ ਮਾਰਿਆ, ਅਤੇ ਰਿੰਦਾ ਉਸਦੇ ਕਮਰੇ ਦੀ ਖਿੜਕੀ ਰਾਹੀਂ ਭੱਜ ਗਿਆ। ਪੁਲਿਸ ਨੇ ਰਿੰਦਾ ਦੀ ਪਤਨੀ ਨੂੰ ਹੋਟਲ ਤੋਂ ਗ੍ਰਿਫਤਾਰ ਕਰ ਲਿਆ। ਹਾਲਾਂਕਿ, ਰਿੰਦਾ ਅਜੇ ਵੀ ਫਰਾਰ ਹੈ।ਬੰਗਲੂਰੂ ਵਿੱਚ ਪੰਜਾਬ ਪੁਲਿਸ ਤੋਂ ਭੱਜਣ ਤੋਂ ਬਾਅਦ, ਰਿੰਦਾ ਨੂੰ ਅਹਿਸਾਸ ਹੋਇਆ ਕਿ ਉਸਦੇ ਲਈ ਭਾਰਤ ਵਿੱਚ ਕਿਤੇ ਵੀ ਲੁਕਣਾ ਮੁਸ਼ਕਲ ਹੋਵੇਗਾ। ਨਤੀਜੇ ਵਜੋਂ, ਉਸਨੇ ਪਾਕਿਸਤਾਨ ਵਿੱਚ ਖਾਲਿਸਤਾਨ ਸਮਰਥਕਾਂ ਨਾਲ ਸੰਪਰਕ ਕੀਤਾ ਅਤੇ ਨੇਪਾਲ ਰਾਹੀਂ ਪਾਕਿਸਤਾਨ ਭੱਜ ਗਿਆ। ਉੱਥੇ ਪਹੁੰਚਣ ਤੋਂ ਬਾਅਦ, ਉਸਨੇ ਖਾਲਿਸਤਾਨੀ ਸੰਗਠਨ ਬੱਬਰ ਖਾਲਸਾ ਇੰਟਰਨੈਸ਼ਨਲ ਦੇ ਭਾਰਤ ਮੁਖੀ ਵਜੋਂ ਕੰਮ ਕਰਨਾ ਸ਼ੁਰੂ ਕਰ ਦਿੱਤਾ।

# ਮੈਥਿਲੀ ਠਾਕੁਰ ਭਾਜਪਾ 'ਚ ਸ਼ਾਮਿਲ

**ਪਟਨਾ:**ਲੋਕ ਗਾਇਕਾ ਮੈਥਿਲੀ ਠਾਕੁਰ ਬਿਹਾਰ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਸੱਤਾਧਾਰੀ ਭਾਜਪਾ 'ਚ ਸ਼ਾਮਿਲ ਹੋ ਗਈ। ਉਹ ਪਟਨਾ 'ਚ ਸੂਬਾ ਭਾਜਪਾ ਪ੍ਰਧਾਨ ਦਿਲੀਪ ਜੈਸਵਾਲ ਦੀ ਮੌਜੂਦਗੀ 'ਚ ਭਾਜਪਾ 'ਚ - ਸ਼ਾਮਲ ਹੋਈ। ਭਾਜਪਾ 'ਚ ਸ਼ਾਮਲ ਹੋਣ ਤੋਂ ਬਾਅਦ ਕਿਹਾ ਉਨ੍ਹਾਂ ਕਿਹਾ ਕਿ ਪਾਰਟੀ ਮੈਨੂੰ ਜੋ ਵੀ ਕੰਮ ਸੌਂਪੇਗੀ, ਮੈਂ ਉਹ ਕਰਾਂਗੀ।



# ਵਿੱਤੀ ਸਾਲ 2026 'ਚ ਭਾਰਤ ਦੀ ਵਿਕਾਸ ਦਰ 6.6 ਫ਼ੀਸਦੀ ਵਧੇਗੀ

**ਨਵੀਂ ਦਿੱਲੀ**:ਭਾਰਤ 'ਤੇ ਅਮਰੀਕਾ ਨੇ 50 ਫ਼ੀਸਦੀ ਦਾ ਟੈਰਿਫ ਲਗਾ ਰੱਖਿਆ ਹੈ। ਇਸ ਦੇ ਬਾਵਜੂਦ ਭਾਰਤ ਦੀ ਵਿਕਾਸ ਦੀ ਰਫ਼ਤਾਰ ਰੁਕਣ ਦਾ ਨਾਮ ਨਹੀਂ ਲੈ ਰਹੀ ਹੈ। ਪਿਛਲੇ ਦਿਨੀਂ ਵਿਸ਼ਵ ਬੈਂਕ ਨੇ ਭਾਰਤ ਦੀ ਵਿਕਾਸ ਦਰ ਨੂੰ 6.3 ਤੋਂ ਵਧਾ ਕੇ 6.5 ਫ਼ੀਸਦੀ ਕਰ ਦਿੱਤਾ ਸੀ । ਹੁਣ ਆਈ.ਐਮ.ਐਫ. ਨੇ ਵੀ ਭਾਰਤ ਦੀ ਵਿਕਾਸ ਦਰ ਨੂੰ ਵਧਾ ਦਿੱਤਾ ਹੈ। ਅੰਤਰਰਾਸ਼ਟਰੀ ਮੁਦਰਾ ਫ਼ੰਡ ਨੇ ਵਿੱਤੀ ਸਾਲ 2025/26 ਲਈ ਭਾਰਤ ਦੇ ਵਿਕਾਸ ਅਨੁਮਾਨ ਨੂੰ 0.2 ਫ਼ੀਸਦੀ ਅੰਕ ਵਧਾ ਕੇ 6.6 ਫ਼ੀਸਦੀ ਕਰ ਦਿੱਤਾ ਹੈ। ਹਾਲਾਂਕਿ ਆਈ.ਐਮ.ਐਫ. ਨੇ ਅਗਲੇ ਵਿੱਤੀ ਸਾਲ ਲਈ ਭਾਰਤ ਦੇ ਵਿਕਾਸ ਅਨੁਮਾਨ ਨੂੰ 0.2 ਫ਼ੀਸਦੀ ਅੰਕ ਘਟਾ ਕੇ 6.2 ਫ਼ੀਸਦੀ ਕਰ ਦਿੱਤਾ। ਭਾਰਤ ਦੀ ਮਜ਼ਬੂਤ ਵਿਕਾਸ ਦਰ ਟਰੰਪ ਦੇ ਅਮਰੀਕਾ ਦੁਆਰਾ ਲਗਾਏ ਗਏ ਟੈਰਿਫ਼ ਦੇ ਪ੍ਰਭਾਵ ਨੂੰ ਬਹੁਤ ਹੱਦ ਤੱਕ ਘੱਟ ਕਰ ਦਿੱਤਾ ਹੈ।

# ਸੈਸ਼ਨ ਜੱਜ ਵੱਲ ਸੁੱਟੀ ਜੁੱਤੀ ਦਾ ਮਾਮਲਾ ਨਹੀਂ ਹੋਇਆ ਦਰਜ

**ਅਹਿਮਦਾਬਾਦ:**ਇਕ ਪੁਲਿਸ ਅਧਿਕਾਰੀ ਨੇ ਦੱਸਿਆ ਕਿ ਮੰਗਲਵਾਰ ਨੂੰ ਅਹਿਮਦਾਬਾਦ ਸੈਸ਼ਨ ਜੱਜ ਦੀ ਅਦਾਲਤ 'ਚ ਇਕ ਫ਼ੈਸਲੇ ਤੋਂ ਨਾਖੁਸ਼ ਇਕ ਵਿਅਕਤੀ ਨੇ ਅਦਾਲਤ 'ਚ ਕਾਰਵਾਈ ਦੀ ਸੁਣਵਾਈ ਦੌਰਾਨ ਜੱਜ ਵੱਲ ਜੁੱਤੀ ਸੁੱਟੀ। ਇਹ ਸਪੱਸ਼ਟ ਨਹੀਂ ਹੈ ਕਿ ਜੁੱਤੀ ਵਧੀਕ ਪ੍ਰਿੰਸੀਪਲ ਜੱਜ ਨੂੰ ਲੱਗੀ ਜਾਂ ਨਹੀਂ। ਬੇਸ਼ੱਕ, ਸ਼ਹਿਰ ਦੇ ਕਰੰਜ ਪੁਲਿਸ ਥਾਣੇ ਦੇ ਇੰਸਪੈਕਟਰ ਪੀ. ਐੱਚ. ਭਾਟੀ ਨੇ ਦੱਸਿਆ ਕਿ ਜੱਜ ਦੇ ਨਿਰਦੇਸ਼ 'ਤੇ ਮਾਮਲੇ 'ਚ ਅਪੀਲਕਰਤਾ ਵਿਅਕਤੀ ਨੂੰ ਜਾਣ ਦਿੱਤਾ ਗਿਆ ਅਤੇ ਉਸਦੇ ਖ਼ਿਲਾਫ਼ ਕੋਈ ਦੰਡਾਤਮਕ ਕਾਰਵਾਈ ਨਹੀਂ ਕੀਤੀ ਗਈ। ਭਾਟੀ ਨੇ ਦੱਸਿਆ ਕਿ ਅਪੀਲ ਖਾਰਜ ਹੋਣ ਤੋਂ ਬਾਅਦ ਵਿਅਕਤੀ ਗੁੱਸੇ 'ਚ ਆ ਗਿਆ। ਤੇ ਉਸਨੇ ਜੱਜ 'ਤੇ ਜੁੱਤੀ ਸੁੱਟ ਦਿੱਤੀ।

# ਪੰਜਾਬ ਟਾਈਮਜ਼

*25 ਅਕਤੂਬਰ, ਸ਼ਨਿਚਰਵਾਰ*

## ਆਨਲਾਈਨ ਠੱਗੀਆਂ ਦਾ ਮਾਇਆਜਾਲ

ਵਿਸ਼ਵ ਭਰ ਵਿਚ ਵਧ ਰਹੀਆਂ ਆਨਲਾਈਨ ਠੱਗੀਆਂ ਅਤੇ ਸਾਈਬਰ ਅਪਰਾਧਾਂ ਨੇ ਕਾਰੋਬਾਰੀਆਂ ਦਾ ਕਾਰੋਬਾਰ ਚਲਾਉਣਾ ਅਤੇ ਜੀਣਾ ਦੁੱਭਰ ਕੀਤਾ ਹੋਇਆ ਹੈ। ਅਜਿਹੇ ਅਪਰਾਧਾਂ ਦੀ ਭਾਰਤ ਵਿਚ ਵੀ ਲਗਾਤਾਰ ਵਧ ਰਹੀ ਗਿਣਤੀ ਉੱਤੇ ਧਿਆਨ ਕੇਂਦਰਿਤ ਕਰਦੇ ਹੋਏ ਸੁਪਰੀਮ ਕੋਰਟ ਵਲੋਂ ਕੇਂਦਰ ਸਰਕਾਰ, ਸੀ.ਬੀ.ਆਈ. ਅਤੇ ਹਰਿਆਣਾ ਸਰਕਾਰ ਤੋਂ ਜਵਾਬ ਤਲਬੀ ਕੀਤੇ ਜਾਣ ਨਾਲ ਅਜਿਹੇ ਮਾਮਲਿਆਂ ਦੇ ਅਤਿ ਗੰਭੀਰ ਰੂਪ ਧਾਰਨ ਕਰਨ ਦੇ ਸੰਕੇਤ ਮਿਲਦੇ ਹਨ। ਸੁਪਰੀਮ ਕੋਰਟ ਵਲੋਂ ਕੀਤੀ ਜਾ ਰਹੀ ਇਹ ਜਵਾਬ-ਤਲਬੀ ਉਸ ਵਲੋਂ ਹਰਿਆਣੇ ਵਿਚ ਵਾਪਰੇ ਇਕ ਸਾਈਬਰ ਅਪਰਾਧ ਦੀ ਬਹੁਤ ਵੱਡੀ ਘਟਨਾ ਦਾ ਸਵੈ-ਨੋਟਿਸ ਲੈਣ ਨਾਲ ਸਾਹਮਣੇ ਆਈ ਹੈ। ਇਸ ਘਟਨਾ ਵਿਚ ਹਰਿਆਣਾ ਦੇ ਇਕ ਪਤੀ-ਪਤਨੀ ਨੂੰ ਸਾਈਬਰ ਠੱਗਾਂ ਨੇ ਡਿਜੀਟਲੀ ਗ੍ਰਿਫ਼ਤਾਰ ਕਰਕੇ ਨਾ ਸਿਰਫ਼ ਉਨ੍ਹਾਂ ਨੂੰ 13 ਦਿਨ ਘਰ ਵਿਚ ਬੰਧਕ ਬਣਾਈ ਰੱਖਿਆ, ਸਗੋਂ ਉਨ੍ਹਾਂ ਤੋਂ 1.05 ਕਰੋੜ ਰੁਪਏ ਵੀ ਠੱਗ ਲਏ। ਸੁਪਰੀਮ ਕੋਰਟ ਨੇ ਇਸ ਸੰਬੰਧ ਵਿਚ ਕੇਂਦਰੀ ਗ੍ਰਹਿ ਮੰਤਰਾਲੇ ਦੇ ਸਕੱਤਰ, ਹਰਿਆਣਾ ਸਰਕਾਰ ਦੇ ਗ੍ਰਹਿ ਸਕੱਤਰ ਅਤੇ ਅੰਬਾਲਾ ਦੇ ਸਾਈਬਰ ਅਪਰਾਧ ਨਾਲ ਸੰਬੰਧਿਤ ਪੁਲਿਸ ਮੁਖੀ ਨੂੰ ਵੀ ਨੋਟਿਸ ਜਾਰੀ ਕੀਤਾ ਹੈ।

ਅਦਾਲਤ ਵਲੋਂ ਅੰਬਾਲਾ ਦੇ ਸਾਈਬਰ ਪੁਲਿਸ ਮੁਖੀ ਤੋਂ ਸੰਬੰਧਿਤ ਮਾਮਲੇ ਵਿਚ ਸੰਪੂਰਨ ਕਾਰਵਾਈ ਤੇ ਪ੍ਰਕਿਰਿਆ ਦਾ ਵੇਰਵਾ ਮੰਗਣ ਤੋਂ ਪਤਾ ਲਗਦਾ ਹੈ ਕਿ ਸਰਕਾਰਾਂ ਦੀ ਹੁਣ ਤੱਕ ਦੀ ਕਾਰਵਾਈ ਤੋਂ ਨਿਰਾਸ਼ ਅਦਾਲਤ ਇਸ ਮਾਮਲੇ ਨੂੰ ਨਿਰਣਾਇਕ ਪੱਖ ਵੱਲ ਲਿਜਾਣ ਲਈ ਦ੍ਰਿੜ੍ਹ ਸੰਕਲਪ ਹੈ। ਅਦਾਲਤ ਨੇ ਸਰਕਾਰ ਨੂੰ ਇਸ ਗੱਲ ਲਈ ਵੀ ਫਿਟਕਾਰ ਲਗਾਈ ਹੈ ਕਿ ਅਜਿਹਾ ਮਾਮਲਾ ਕੋਈ ਪਹਿਲੀ ਵਾਰ ਸਾਹਮਣੇ ਨਹੀਂ ਆਇਆ। ਪਹਿਲਾਂ ਵੀ ਇਸ ਤਰ੍ਹਾਂ ਦੇ ਕਈ ਕੇਸ ਖ਼ਬਰਾਂ ਤੇ ਮੀਡੀਆ ਰਾਹੀਂ ਸਾਹਮਣੇ ਆਉਂਦੇ ਰਹੇ ਹਨ, ਜਿਨ੍ਹਾਂ ਵਿਚ ਅਜੇਹੇ ਪ੍ਰਵਾਸੀ ਵੀ ਸ਼ਾਮਿਲ ਹਨ ਜੋ ਵਿਦੇਸ਼ਾਂ ਵਿੱਚੋਂ ਕੁਝ ਸਮੇਂ ਲਈ ਇਸ ਕਰਕੇ ਭਾਰਤ ਪਰਤਦੇ ਹਨ ਕਿ ਆਪਣੀਆਂ ਜਾਇਦਾਦਾਂ ਦੀ ਖਰੀਦੋ-ਫਰੋਖਤ ਕਰ ਸਕਣ। ਉਨ੍ਹਾਂ ਨੂੰ ਸੰਭਾਲ ਸਕਣ, ਵੇਚ ਸਕਣ ਜਾਂ ਆਪਣੇ ਜਾਨਸ਼ੀਨਾਂ ਦੇ ਨਾਮ ਚੜ੍ਹਾ ਸਕਣ। ਅਜਿਹੇ ਮਾਮਲਿਆਂ ਵਿਚ ਵੀ ਹੁੰਦੀਆਂ ਜਾਲਸਾਜ਼ੀਆਂ ਅਤੇ ਠੱਗੀਆਂ ਪ੍ਰਤੀ ਵੀ ਸਰਕਾਰਾਂ ਦੀ ਨੀਂਦ ਕਿਉਂ ਨਹੀਂ ਟੁੱਟਦੀ? ਹਰਿਆਣੇ ਵਿਚ ਵਾਪਰੀ ਘਟਨਾ ਦਾ ਇਕ ਅਤਿ ਗੰਭੀਰ ਪੱਖ ਇਹ ਵੀ ਹੈ ਕਿ ਉਕਤ ਬਜ਼ੁਰਗ ਜੋੜੇ ਨੂੰ ਡਿਜੀਟਲੀ ਗ੍ਰਿਫ਼ਤਾਰ ਕਰਨ ਲਈ ਧਮਕਾਉਣ ਦੌਰਾਨ ਕਈ ਉੱਚ ਸਰਕਾਰੀ ਏਜੰਸੀਆਂ ਅਤੇ ਨਿਆਂਇਕ ਵਿਵਸਥਾ ਆਦਿ ਦੇ ਲੋਗੋ ਤੇ ਨਕਲੀ ਦਸਤਾਵੇਜ਼ਾਂ ਦੀ ਵੀ ਵਰਤੋਂ ਕੀਤੀ ਗਈ। ਸਾਈਬਰ ਅਪਰਾਧੀ ਅਕਸਰ ਅਜਿਹੇ ਮਾਮਲਿਆਂ ਵਿਚ ਸੁਪਰੀਮ ਕੋਰਟ ਅਤੇ ਹਾਈ ਕੋਰਟ ਦੇ ਜੱਜਾਂ ਦੇ ਹੁਕਮਾਂ ਅਤੇ ਉਨ੍ਹਾਂ ਦੇ ਦਸਤਖ਼ਤਾਂ ਦੀ ਜਾਅਲੀ ਵਰਤੋਂ ਵੀ ਕਰਦੇ ਹਨ। ਉਹ ਸਰਕਾਰੀ ਜਾਂਚ ਏਜੰਸੀਆਂ ਦੀਆਂ ਜਾਅਲੀ ਮੋਹਰਾਂ ਦੀ ਵਰਤੋਂ ਕਰਕੇ ਆਮ ਲੋਕਾਂ, ਖ਼ਾਸ ਕਰਕੇ ਬਜ਼ੁਰਗ ਨਾਗਰਿਕਾਂ ਅਤੇ ਸੇਵਾ-ਮੁਕਤ ਅਧਿਕਾਰੀਆਂ, ਅਤੇ ਪਰਵਾਸੀ ਭਾਰਤੀਆਂ ਨੂੰ ਡਰਾ-ਧਮਕਾ ਕੇ ਉਨ੍ਹਾਂ ਦੀ ਉਮਰ ਭਰ ਦੀ ਕਮਾਈ ਧਨ-ਦੌਲਤ ਨੂੰ ਲੁੱਟ ਲੈਂਦੇ ਹਨ। ਇਸ ਤਰ੍ਹਾਂ ਦੇ ਮਾਮਲਿਆਂ ਦਾ ਇਕ ਦੁੱਖ ਭਰਿਆ ਪੱਖ ਇਹ ਵੀ ਹੈ ਕਿ ਬਹੁਤੇ ਮਾਮਲਿਆਂ ਵਿਚ ਨਾ ਤਾਂ ਇਸ ਤਰ੍ਹਾਂ ਦੀ ਲੁੱਟੀ ਗਈ ਰਕਮ ਵਾਪਸ ਮਿਲਦੀ ਹੈ ਅਤੇ ਨਾ ਹੀ ਅਪਰਾਧੀ ਗ੍ਰਿਫ਼ਤ ਵਿਚ ਆਉਂਦੇ ਹਨ। ਹਾਲ ਹੀ ਵਿਚ ਮੁੰਬਈ ਦੇ ਇਕ ਵਪਾਰੀ ਤੋਂ 58 ਕਰੋੜ ਰੁਪਏ ਦੀ ਰਕਮ ਠੱਗ ਲਈ ਗਈ ਸੀ। ਅਦਾਲਤ ਨੇ ਸਪੱਸ਼ਟ ਰੂਪ ਵਿਚ ਇਹ ਤਰਕ ਦਿੱਤਾ ਹੈ ਕਿ ਇਸ ਤਰ੍ਹਾਂ ਦੀਆਂ ਅਪਰਾਧਿਕ ਕਾਰਵਾਈਆਂ ਦੇਸ਼ ਦੀ ਸੱਤਾ-ਵਿਵਸਥਾ ਨੂੰ ਖੁੱਲ੍ਹੀ ਚੁਣੌਤੀ ਦੇਣ ਵਾਲੀ ਗੱਲ ਹੈ। ਕੇਂਦਰ ਅਤੇ ਰਾਜਾਂ ਦੀਆਂ ਸਰਕਾਰਾਂ ਅਤੇ ਦੇਸ਼ ਦੀਆਂ ਸਭ ਗੁਪਤ ਅਤੇ ਵਿੱਤੀ ਏਜੰਸੀਆਂ ਵਲੋਂ ਇਸ ਤਰ੍ਹਾਂ ਦੀਆਂ ਕਾਰਵਾਈਆਂ ਨੂੰ ਰੋਕਣ ਲਈ ਲਾਜ਼ਮੀ ਤੌਰ 'ਤੇ ਕੋਈ ਪ੍ਰਭਾਵੀ ਕਾਰਵਾਈ ਕੀਤੀ ਜਾਣੀ ਚਾਹੀਦੀ ਹੈ। ਅਦਾਲਤ ਨੇ ਇਹ ਵੀ ਕਿਹਾ ਹੈ ਕਿ ਮੌਜੂਦਾ ਅਪਰਾਧ ਵਿਚ ਵੀ ਅਦਾਲਤ, ਜਾਂਚ ਏਜੰਸੀਆਂ ਦੇ ਦਸਤਾਵੇਜ਼ਾਂ ਅਤੇ ਮੋਹਰਾਂ ਆਦਿ ਦੀ ਵਰਤੋਂ ਕੀਤੀ ਗਈ ਹੈ। ਇਸ ਨੂੰ ਸਿਰਫ਼ ਇਕ ਸਾਧਾਰਨ ਅਪਰਾਧ ਦੀ ਤਰ੍ਹਾਂ ਨਹੀਂ ਲਿਆ ਜਾ ਸਕਦਾ।

ਸਪੱਸ਼ਟ ਹੀ ਹੈ ਕਿ ਹਰ ਨਵੀਂ ਖੋਜ ਦੇ ਨਾਲ ਕੁਝ ਹਾਨੀਕਾਰਕ ਪੱਖ ਵੀ ਜੁੜੇ ਹੁੰਦੇ ਹਨ। ਇੰਟਰਨੈੱਟ ਅਤੇ ਮੋਬਾਈਲ ਫੋਨ ਤੇ ਹੋਰ ਡਿਜੀਟਲ ਉਪਕਰਨਾਂ ਦੀ ਸਹੂਲਤ ਨੇ ਬੇਸ਼ੱਕ ਈ-ਕ੍ਰਾਂਤੀ ਦੇ ਦਰਵਾਜ਼ੇ 'ਤੇ ਲਿਆ ਖੜ੍ਹਾ ਕੀਤਾ ਹੈ ਪਰ ਇਸ ਤਰ੍ਹਾਂ ਦੇ ਡਿਜੀਟਲ ਅਪਰਾਧ ਵੀ ਇਸੇ ਖੋਜ ਦੀ ਦੇਣ ਹਨ। ਇਨ੍ਹਾਂ ਤਕਨੀਕਾਂ ਨਾਲ ਸਾਈਬਰ ਅਪਰਾਧੀ ਨਾ ਸਿਰਫ਼ ਆਮ ਲੋਕਾਂ ਨੂੰ ਲੁੱਟਦੇ ਹਨ, ਸਗੋਂ ਸਰਕਾਰਾਂ ਅਤੇ ਕੇਂਦਰੀ ਏਜੰਸੀਆਂ ਨੂੰ ਵੀ ਚੁਣੌਤੀ ਦਿੰਦੇ ਹਨ। ਇਸ ਤਰ੍ਹਾਂ ਦੇ ਮਾਮਲਿਆਂ ਸੰਬੰਧੀ ਜਿਥੇ ਇਕ ਪਾਸੇ ਲੋਕਾਂ ਨੂੰ ਇਸ ਤਰ੍ਹਾਂ ਦੇ ਠੱਗਾਂ ਦੇ ਜਾਲ ਵਿਚ ਨਾ ਫਸਣ ਸੰਬੰਧੀ ਜਾਗਰੂਕ ਹੋਣਾ ਪਵੇਗਾ, ਉੱਥੇ ਸਰਕਾਰਾਂ ਅਤੇ ਗੁਪਤ ਏਜੰਸੀਆਂ ਨੂੰ ਵੀ ਸਾਈਬਰ ਠੱਗਾਂ ਦੇ ਭਰਮ-ਜਾਲ ਤੋਂ ਅੱਗੇ ਹੋ ਕੇ ਚੱਲਣ ਦੀ ਜ਼ਰੂਰਤ ਹੈ। ਸਰਕਾਰਾਂ ਨੂੰ ਆਪਣੇ ਤੰਤਰ ਨੂੰ ਏਨਾ ਵਿਸਥਾਰ ਅਤੇ ਤਾਕਤ ਦੇਣੀ ਹੋਵੇਗੀ ਕਿ ਅਪਰਾਧੀਆਂ ਵਿਚ ਡਰ ਪੈਦਾ ਹੋ ਸਕੇ।

### ਠਾਹ-ਸੋਟਾ

-ਚਾਚਾ ਬੇਲਿਹਾਜ਼

#### ਅਖਾਣ ਪੱਥਰ 'ਤੇ ਲੀਕ !

'ਸੌ ਦਿਨ' ਚੋਰ ਦੇ ਹੁੰਦੇ ਨੇ ਬਹੁਤ ਭਾਵੇਂ, ਦਿਨ ਸਾਧ ਦਾ ਹੁੰਦਾ ਨਜ਼ਦੀਕ ਯਾਰੋ।
ਮਾਤਾ ਚੋਰ ਦੀ 'ਕੋਠੀ ਵਿਚ ਮੂੰਹ' ਰੱਖੇ, ਹੱਸੇ ਦੁਨੀਆਂ ਤੇ ਨਾਲ ਸ਼ਰੀਕ ਯਾਰੋ।
ਖਾਂਦੇ ਚੋਰਾਂ ਨੂੰ ਹੁਬ ਹੁਬ ਕੇ ਦੇਖੀਏ ਨਾ, ਪੈ ਰਹੀ ਕੁੱਟ ਹੀ ਦੇਖਣੀ ਠੀਕ ਯਾਰੋ।
ਮਿਣਦੇ 'ਕੱਪੜੇ ਚੋਰੀ' ਦੇ ਨਾਲ ਡਾਂਗਾਂ, ਆਵੇ ਯਾਦ ਜਦ ਨਿਕਲੇ ਚੀਕ ਯਾਰੋ।
ਇਹ 'ਅਖਾਣ' ਜੋ ਬੈਂਤ ਦੇ ਵਿਚ ਵਰਤੇ, ਝੂਠੇ ਨਹੀਂ ਇਹ ਪੱਥਰ 'ਤੇ ਲੀਕ ਯਾਰੋ।
ਚਲਦੀ 'ਬਾਬੇ ਦੀ ਚੱਕੀ' ਬੇਸ਼ੱਕ ਹੌਲੀ, ਪੀਂਹਦੀ ਹੁੰਦੀ ਐ ਬਹੁਤ ਬਰੀਕ ਯਾਰੋ !

## ਬਿਹਾਰ ਦੇ ਨਤੀਜੇ ਤੈਅ ਕਰਨਗੇ ਖੇਤਰੀ ਦਲਾਂ ਦਾ ਭਵਿੱਖ




2025 ਬਿਹਾਰ ਵਿਧਾਨ ਸਭਾ ਵਿਚ ਕਿਹੜਾ ਸਿਆਸੀ ਦਲ ਜਾਂ ਸਿਆਸੀ ਗੱਠਜੋੜ ਚੋਣ ਜਿੱਤੇਗਾ, ਇਸ ਦਾ ਅੰਦਾਜ਼ਾ ਲਾਉਣਾ ਮੁਸ਼ਕਲ ਹੈ, ਪਰ ਇੱਕ ਗੱਲ ਸਪੱਸ਼ਟ ਹੈ— ਜੇਕਰ ਮੌਜੂਦਾ ਮੁੱਖ ਮੰਤਰੀ ਨਿਤੀਸ਼ ਕੁਮਾਰ ਦਾ ਸਿਆਸੀ ਦਲ ਪਹਿਲਾਂ ਨਾਲੋਂ ਕਮਜ਼ੋਰ ਹੁੰਦਾ ਹੈ, ਤਾਂ ਨੇੜਲੇ ਭਵਿੱਖ ਵਿਚ ਇਸ ਦਾ ਹਾਲ ਉਹੋ-ਜਿਹਾ ਹੀ ਹੋਏਗਾ, ਜਿਹੋ-ਜਿਹਾ ਪੰਜਾਬ ਵਿਚ ਸ਼੍ਰੋਮਣੀ ਅਕਾਲੀ ਦਲ ਬਾਦਲ ਦਾ ਹੋਇਆ ਹੈ ਜਾਂ ਮਹਾਰਾਸ਼ਟਰ ਚੋਣਾਂ ਵਿਚ ਸ਼ਿਵ ਸੈਨਾ ਦਾ।

ਭਾਜਪਾ ਨੇ ਬਿਹਾਰ ਵਿਚ ਧਰਮ ਦੀ ਰਾਜਨੀਤੀ ਦੀ ਪੂਰਨ ਤੌਰ 'ਤੇ ਸ਼ਤਰੰਜੀ ਵਿਸਾਤ ਵਿਛਾ ਦਿੱਤੀ ਹੈ। ਚੋਣਾਂ ਵਿਚ ਧਰਮ ਨੂੰ ਜਾਤ-ਬਰਾਦਰੀ ਤੋਂ ਉੱਪਰ ਕਰਨ ਲਈ ਭਾਜਪਾ ਨੇ ਦਾਅ-ਪੇਚ ਚਲਾ ਦਿੱਤੇ ਹਨ, ਜਿਸ ਦਾ ਖ਼ਮਿਆਜ਼ਾ



ਗੁਰਮੀਤ ਸਿੰਘ ਪਲਾਹੀ
ਫੋਨ: 98158-02070

ਖੇਤਰੀ ਪਾਰਟੀਆਂ ਨੂੰ ਉਵੇਂ ਹੀ ਭੁਗਤਣਾ ਪੈਣਾ ਹੈ, ਜਿਵੇਂ ਉੱਤਰ ਪ੍ਰਦੇਸ਼, ਹਰਿਆਣਾ, ਪੰਜਾਬ, ਮਹਾਰਾਸ਼ਟਰ ਵਿਚ ਭੁਗਤਣਾ ਪਿਆ ਸੀ।

1920 ਵਿਚ ਸਥਾਪਿਤ ਅਕਾਲੀ ਦਲ ਨੇ ਆਜ਼ਾਦ ਭਾਰਤ ਵਿਚ ਸਿੱਖਾਂ ਦੀ ਪਛਾਣ ਨੂੰ ਆਪਣੀ ਸਿਆਸਤ ਦਾ ਕੇਂਦਰ ਬਣਾਇਆ ਸੀ। ਕਦੇ ਪੰਜਾਬ ਦੀ ਪਛਾਣ ਬਣਨ ਵਾਲਾ ਅਕਾਲੀ ਦਲ ਅੱਜ ਆਪਣੀ ਪਛਾਣ ਬਚਾਉਣ ਲਈ ਜੂਝ ਰਿਹਾ ਹੈ, ਕਾਰਨ- ਭਾਜਪਾ ਨਾਲ ਗੱਠਜੋੜ ਤੇ ਕਾਰਨ ਹੋਰ ਵੀ ਬਥੇਰੇ ਹਨ।

ਹਰਿਆਣਾ ਵਿਚ ਭਜਨ ਲਾਲ ਤੋਂ ਲੈ ਕੇ ਬੰਸੀ ਲਾਲ ਤੱਕ ਦੀਆਂ ਪਾਰਟੀਆਂ ਕਾਂਗਰਸ ਅਤੇ ਭਾਜਪਾ ਦੇ ਵਿਚਾਲੇ ਆਪਣੀ ਪਛਾਣ ਬਚਾਉਣ ਲਈ ਤਰਲੋ-ਮੱਛੀ ਹੁੰਦੀਆਂ ਰਹੀਆਂ। ਇੱਕ ਸਮਾਂ ਇਹੋ-ਜਿਹਾ ਸੀ ਜਦੋਂ ਹਰਿਆਣਾ ਦੇ ਖੇਤਰੀ ਦਲ ਦੇ ਪ੍ਰਭਾਵ ਕਾਰਨ ਸੂਬੇ ਦੇ ਨੇਤਾਵਾਂ ਦੇ ਹਿੱਸੇ ਉਪ ਪ੍ਰਧਾਨ ਮੰਤਰੀ ਤੋਂ ਲੈ ਕੇ ਕੇਂਦਰੀ ਮੰਤਰੀਆਂ ਤੱਕ ਦੇ ਅਹੁਦੇ ਆਏ। ਅੱਜ ਦੇ ਦੌਰ ਵਿਚ ਖੇਤਰੀ ਦਲਾਂ ਨਾਲ ਸੰਤੁਲਨ ਬਿਠਾਈ ਰੱਖਣ ਲਈ ਮੁੱਖ ਮੰਤਰੀ ਦੇ ਨਾਲ-ਨਾਲ ਦੋ ਉਪ ਮੁੱਖ ਮੰਤਰੀਆਂ ਦੇ ਅਹੁਦੇ ਆਮ ਗੱਲ ਹੋ ਗਈ ਹੈ।

ਬਿਹਾਰ ਵਿਚ ਮੁੱਖ ਮੰਤਰੀ ਦੇ ਅਹੁਦੇ ਲਈ ਦਾਅਵੇਦਾਰ ਤਾਂ ਦੋ ਹੀ ਹਨ, ਪਰ ਹਰ ਪਾਸੇ ਉਪ ਮੁੱਖ ਮੰਤਰੀ ਬਣਨ ਦੀ ਮੰਗ ਜ਼ੋਰ ਫੜ ਰਹੀ ਹੈ। ਇਸ ਦਾ ਕਾਰਨ ਇਹੀ ਹੈ ਕਿ ਖੇਤਰੀ ਦਲਾਂ ਦਾ ਪ੍ਰਭਾਵ ਘੱਟ ਰਿਹਾ ਹੈ। ਕਦੇ ਬਿਹਾਰ 'ਚ ਨਿਤੀਸ਼ ਕੁਮਾਰ ਵੱਡਾ ਭਾਈ ਸੀ ਤੇ ਭਾਜਪਾ ਛੋਟਾ ਭਾਈ, ਪਰ ਅੱਜ ਦੋਵੇਂ ਦਲ ਬਰੋ-ਬਰਾਬਰ 101-101 ਸੀਟਾਂ 'ਤੇ ਚੋਣ ਲੜ ਰਹੇ ਹਨ।

ਬਿਹਾਰ ਵਿਧਾਨ ਸਭਾ ਚੋਣਾਂ ਵਿਚ ਸਭ ਤੋਂ ਵੱਡਾ ਸਵਾਲ ਇਹ ਹੈ ਕਿ ਬਿਹਾਰ ਦੇ ਮੁੱਖ ਮੰਤਰੀ ਨਿਤੀਸ਼ ਕੁਮਾਰ ਦਾ ਹਸ਼ਰ ਮਹਾਰਾਸ਼ਟਰ ਦੇ ਏਕਨਾਥ ਸ਼ਿੰਦੇ ਜਿਹਾ ਹੋ ਜਾਵੇਗਾ? ਮਹਾਰਾਸ਼ਟਰ ਵਿਚ ਸ਼ਿਵ ਸੈਨਾ ਇੱਕ ਵੱਡੀ ਪਾਰਟੀ ਸੀ, ਜਿਸ ਦਾ ਕੇਂਦਰ ਦੀ ਸਰਕਾਰ ਵਿਚ ਵੱਡਾ ਹਿੱਸਾ ਸੀ। ਇਸ ਦਾ ਮਹਾਰਾਸ਼ਟਰ ਵਿਚ ਵੱਡਾ ਆਧਾਰ ਹੈ, ਸੀ। ਟੁੱਟ-ਭੱਜ ਨਾਲ ਇਹ ਖੇਤਰੀ ਦਲ ਇਹੋ-ਜਿਹਾ ਬਿਖਰਿਆ ਕਿ ਅੱਜ ਟੁੱਟ-ਭੱਜ ਨਾਲ ਬਣੇ ਧੜੇ ਆਪਣੀ ਹੋਂਦ ਲੱਭ ਰਹੇ ਹਨ।

ਪਹਿਲਾਂ ਸ਼ਿਵ ਸੈਨਾ ਦੇ ਦੋਵਾਂ ਧੜਿਆਂ ਨੂੰ ਚਾਣਕਿਆ ਨੀਤੀ ਨਾਲ ਦੋ-ਫਾੜ ਕੀਤਾ ਗਿਆ। ਦੋਵੇਂ ਦਲ—ਵੱਖਰੇ ਹੋਏ ਅੰਗ, ਆਪਸ ਵਿਚ ਲੜਨ ਲੱਗੇ। ਦੋਵਾਂ ਦੇ ਵੱਖਰੇ ਹੋਏ ਹਿੱਸਿਆਂ ਨੇ ਸੱਤਾਧਾਰੀਆਂ ਦਾ ਹਿੱਸਾ ਬਣਨਾ ਪਸੰਦ ਕੀਤਾ।

ਅੱਜ ਭਾਜਪਾ ਦੀ ਖੇਤਰੀ ਦਲਾਂ ਨੂੰ ਖ਼ਤਮ ਕਰਨ ਦੀ ਪ੍ਰਯੋਗਸ਼ਾਲਾ ਵਿਚ ਬਿਹਾਰ ਦਰੜਿਆ ਜਾ ਰਿਹਾ ਹੈ। ਪਿਛਲੇ ਇੱਕ ਦਹਾਕੇ ਭਾਜਪਾ ਸਭ ਤੋਂ ਵੱਡੀ ਰਾਸ਼ਟਰੀ ਧਿਰ ਬਣ ਚੁੱਕੀ ਹੈ। ਉਸ ਦੀ ਹਾਈ ਕਮਾਂਡ ਇਹ ਚੇਤਾਵਨੀ ਦੇ ਚੁੱਕੀ ਹੈ ਕਿ ਬਹੁਤ ਛੇਤੀ ਖੇਤਰੀ ਪਾਰਟੀਆਂ ਦੀ ਹੋਂਦ ਮਿਟ ਜਾਏਗੀ।

ਹਾਲਾਂਕਿ 2024 ਵਿਚ ਖੇਤਰੀ ਦਲਾਂ ਦੇ ਗੱਠਜੋੜ ਦੇ ਸਹਾਰੇ ਹੀ ਉਹ ਕੇਂਦਰੀ ਹਾਕਮ ਬਣ ਸਕੀ ਹੈ। '400 ਤੋਂ ਪਾਰ' ਦਾ ਨਾਅਰਾ ਦੇਣ ਵਾਲੀ ਭਾਜਪਾ 240 ਸੀਟਾਂ ਉੱਤੇ ਸਿਮਟ ਗਈ ਅਤੇ ਖੇਤਰੀ ਦਲਾਂ ਦੇ ਸਹਾਰੇ ਤੀਜੀ ਵਾਰ ਸਰਕਾਰ ਬਣਾ ਸਕੀ ਹੈ।

ਅੱਜ ਦੇਸ਼ ਵਿਚ 50 ਦੇ ਲਗਭਗ ਖੇਤਰੀ ਦਲ ਹਨ। ਇਹ ਭਾਸ਼ਾ, ਸਭਿਆਚਾਰ, ਜਾਤ ਤੋਂ ਲੈ ਕੇ ਭੂਗੋਲਿਕ ਪਛਾਣ ਦੇ ਅਧਾਰ 'ਤੇ ਬਣੇ ਹਨ। ਖੇਤਰੀ ਧਿਰਾਂ ਅਤੇ ਉਨ੍ਹਾਂ ਦੀਆਂ ਮੰਗਾਂ ਭਾਰਤੀ ਲੋਕਤੰਤਰ ਦਾ ਹਿੱਸਾ ਹਨ ਅਤੇ ਭਾਰਤ ਦੇ ਸੰਘੀ ਢਾਂਚੇ ਦੀ ਬੁਨਿਆਦ ਬਣ ਚੁੱਕੀਆਂ ਹਨ।

ਕੇਂਦਰ ਸਰਕਾਰ ਦੇ ਖ਼ਿਲਾਫ਼ ਸੁਭਾਵਿਕ ਤੌਰ 'ਤੇ ਇਹ ਖੇਤਰੀ ਦਲ ਉਪਜਦੇ ਰਹੇ। ਭਾਰਤ ਵਿਚ ਇਨ੍ਹਾਂ ਖੇਤਰੀ ਦਲਾਂ ਦਾ ਰੋਲ ਮਹੱਤਵਪੂਰਨ ਰਿਹਾ ਹੈ। ਖੇਤਰੀ ਮੰਗਾਂ ਦੀ ਪਛਾਣ ਕਰਨਾ, ਆਪਣੇ ਖਿੱਤੇ ਦੀ ਬੋਲੀ, ਸਭਿਆਚਾਰ ਅਤੇ ਨੈਤਿਕ ਕਦਰਾਂ-ਕੀਮਤਾਂ ਦੀ ਪ੍ਰਫੁੱਲਤਾ ਲਈ ਕੰਮ ਕਰਨਾ— ਇਨ੍ਹਾਂ ਦਾ ਮੰਤਵ ਰਿਹਾ ਹੈ। ਇਹ ਦਲ ਖ਼ੁਦਮੁਖਤਿਆਰ ਹੋਣ, ਸੂਬਿਆਂ ਲਈ ਵਧੇਰੇ ਤਾਕਤਾਂ ਦੀ ਮੰਗ ਅਤੇ ਸੰਘਰਸ਼ ਕਰਦੇ ਰਹੇ। ਸ਼੍ਰੋਮਣੀ ਅਕਾਲੀ ਦਲ ਦਾ ਆਨੰਦਪੁਰ ਮਤਾ ਵਧੇਰੇ ਅਧਿਕਾਰਾਂ ਦਾ ਪ੍ਰਤੀਕ ਰਿਹਾ।

ਡੀ.ਐਮ.ਕੇ., ਤੇਲਗੂ ਦੇਸਮ, ਸ਼ਿਵ ਸੈਨਾ, ਸ਼੍ਰੋਮਣੀ ਅਕਾਲੀ ਦਲ, ਤ੍ਰਿਣਮੂਲ ਕਾਂਗਰਸ ਖੇਤਰੀ ਪਾਰਟੀਆਂ ਵਜੋਂ ਉੱਭਰੀਆਂ ਅਤੇ ਆਪੋ-ਆਪਣੇ ਖਿੱਤਿਆਂ 'ਚ ਰਾਜ-ਭਾਗ ਕਰਦੀਆਂ ਰਹੀਆਂ ਜਾਂ ਕਰ ਰਹੀਆਂ ਹਨ।

ਇਹ ਸਾਰੀਆਂ ਖੇਤਰੀ ਪਾਰਟੀਆਂ ਕਾਂਗਰਸ ਦੇ ਵਿਰੋਧ ਵਿਚੋਂ, ਉਸ ਦੀਆਂ ਨੀਤੀਆਂ ਦੇ ਵਿਰੋਧ ਅਤੇ ਖੇਤਰੀ ਹਿੱਤਾਂ ਨੂੰ ਨਜ਼ਰਅੰਦਾਜ਼ ਕਰਨ ਕਾਰਨ, ਆਪੋ ਆਪਣੇ ਖਿੱਤਿਆਂ 'ਚ ਸਰਗਰਮ ਹੋਈਆਂ। ਬਹੁ-ਚਰਚਿਤ ਭਾਰਤੀ ਰਾਸ਼ਟਰੀ ਕਾਂਗਰਸ ਦੀ ਨੇਤਾ ਮਮਤਾ ਬੈਨਰਜੀ ਪੱਛਮੀ ਬੰਗਾਲ ਵਿਚ ਖੱਬੇ ਪੱਖੀਆਂ ਦੇ ਖ਼ਿਲਾਫ਼ ਤਿੱਖਾ ਰੁਖ ਅਪਣਾਉਣ ਦੇ ਹੱਕ 'ਚ ਸੀ। ਕਾਂਗਰਸ ਨੇ ਉਸ ਦੇ ਇਸ ਦ੍ਰਿਸ਼ਟੀਕੋਣ ਨੂੰ ਨਕਾਰਿਆ। ਉਸ ਨੇ 1998 ਵਿਚ ਤ੍ਰਿਣਮੂਲ ਕਾਂਗਰਸ ਦੀ ਸਥਾਪਨਾ ਕੀਤੀ। ਉਸ ਦਾ ਦੋਸ਼ ਸੀ ਕਿ ਕਾਂਗਰਸ ਸਥਾਨਕ ਮੁੱਦਿਆਂ ਅਤੇ ਜਨਤਾ ਦੀਆਂ ਸਮੱਸਿਆਵਾਂ ਨੂੰ ਹਮੇਸ਼ਾ ਹਾਸ਼ੀਏ 'ਤੇ ਰੱਖਦੀ ਹੈ।

ਉਂਵ 1960 ਦੇ ਦਹਾਕੇ ਵਿਚ ਕਾਂਗਰਸ ਦੀ ਕੇਂਦਰੀ ਤਾਕਤ ਨੂੰ ਚੁਣੌਤੀ ਦਿੰਦੇ ਹੋਏ ਕਈ ਖੇਤਰੀ ਦਲ ਉਭਰੇ ਅਤੇ ਖੇਤਰੀ ਮੁੱਦਿਆਂ ਨੂੰ ਰਾਸ਼ਟਰੀ ਰਾਜਨੀਤੀ ਦੇ ਮੰਚ 'ਤੇ ਮੁੱਦਾ ਬਣਾਇਆ। ਭਾਰਤ ਜਿਹੇ ਵਿਸ਼ਾਲ ਭੂਗੋਲ ਦੇ ਸੰਦਰਭ ਵਿਚ ਖੇਤਰੀ ਦਲਾਂ ਦੀ ਸਿਆਸੀ ਹੋਂਦ ਨੂੰ ਸੰਘੀ ਢਾਂਚੇ ਦੀ ਰੀੜ੍ਹ ਦੀ ਹੱਡੀ ਦੇ ਰੂਪ ਵਿਚ ਵੇਖਿਆ ਗਿਆ। ਸਿਆਸਤ ਦਾ ਗਣਿਤ ਸਦਾ ਦੋ ਜਮਾਂ ਦੋ ਚਾਰ ਨਹੀਂ ਹੁੰਦਾ, ਕਦੇ ਪੰਜ ਵੀ ਹੋ ਸਕਦਾ ਹੈ। ਇਹੋ-ਜਿਹਾ ਹੀ ਕਾਂਗਰਸ ਅਤੇ ਖੇਤਰੀ ਦਲਾਂ ਦੀ ਲੜਾਈ ਵਿਚ ਹੋਇਆ। ਇਹ ਲੜਾਈ ਸਾਲ ਦਰ ਸਾਲ ਤਿੱਖੀ ਹੋਈ। ਇਸ ਦਾ ਲਾਭ ਭਾਜਪਾ ਨੇ ਚੁੱਕਿਆ ਅਤੇ ਖੇਤਰੀ ਦਲਾਂ ਵੱਲੋਂ ਖ਼ਾਲੀ ਕਰਾਈ ਕਾਂਗਰਸ ਦੀ ਜ਼ਮੀਨ ਉੱਤੇ ਕਬਜ਼ਾ ਜਮਾ ਲਿਆ। ਇਥੋਂ ਹੀ ਭਾਰਤੀ ਜਨਤਾ ਪਾਰਟੀ ਦਾ ਉਭਾਰ ਹੋਣਾ ਸ਼ੁਰੂ ਹੋਇਆ।

ਖੇਤਰੀ ਦਲ ਕਾਂਗਰਸ ਦੀ ਜਿੰਨੀ ਜ਼ਮੀਨ ਖਿਸਕਾਉਂਦੇ ਰਹੇ, ਓਨੀ ਥਾਂ 'ਤੇ ਦੂਜੇ ਸਭ ਤੋਂ ਵੱਡੇ ਰਾਸ਼ਟਰੀ ਦਲ—ਭਾਜਪਾ ਦੀ ਜ਼ਮੀਨ ਬਣਦੀ ਗਈ। ਸਮਾਂ ਇਹੋ-ਜਿਹਾ ਆ ਗਿਆ ਕਿ ਕਾਂਗਰਸ ਤੋਂ ਖ਼ਾਲੀ ਕਰਾਈ ਜ਼ਮੀਨ ਉੱਤੇ ਜਿਹੜੇ ਖੇਤਰੀ ਦਲ ਕਾਬਜ਼ ਹੋਏ, ਭਾਜਪਾ ਉਨ੍ਹਾਂ ਨੂੰ ਆਪਣੇ ਰਸਤੇ 'ਤੋਂ ਹਟਾਉਣ ਲੱਗੀ। ਇਸ ਸੰਬੰਧੀ ਉਸ ਵੱਲੋਂ ਵਧੇਰੇ ਪ੍ਰਯੋਗ ਕੀਤੇ ਗਏ। ਖੇਤਰੀ ਦਲਾਂ 'ਚ ਫੁੱਟ ਪਾਈ ਗਈ। ਕਈ ਥਾਈਂ ਖੇਤਰੀ ਨੇਤਾਵਾਂ ਨੂੰ ਲਾਲਚ ਦਿੱਤਾ ਗਿਆ।

ਲਾਲੂ ਪ੍ਰਸਾਦ ਯਾਦਵ, ਮੁਲਾਇਮ ਸਿੰਘ ਯਾਦਵ, ਮਾਇਆਵਤੀ, ਠਾਕਰੇ, ਪਵਾਰ ਜਿਹੇ ਖੇਤਰੀ ਧੁਰੰਧਰਾਂ— ਜਿਨ੍ਹਾਂ ਨੇ ਕਾਂਗਰਸ ਨੂੰ ਦੇਸ਼ ਦੀ ਸੱਤਾ ਤੋਂ ਪਾਸੇ ਕੀਤਾ ਸੀ— ਦੇ ਵਿਰੁੱਧ ਬਿਹਾਰ, ਯੂ.ਪੀ., ਮਹਾਰਾਸ਼ਟਰ ਵਿਚ ਭਾਜਪਾ ਨੇ ਲਾਲੂ, ਮੁਲਾਇਮ, ਮਾਇਆਵਤੀ, ਠਾਕਰੇ, ਪਵਾਰ ਦੇ ਅੰਕ ਗਣਿਤ ਨੂੰ ਸਮਝਦਿਆਂ ਵੱਡੇ ਝਟਕੇ ਦਿੱਤੇ ਅਤੇ ਉਨ੍ਹਾਂ ਨੂੰ ਕਮਜ਼ੋਰ ਕੀਤਾ।

ਅੱਜ ਇਹ ਤੱਥ ਕਿਸੇ 'ਤੋਂ ਲੁਕਿਆ ਨਹੀਂ ਹੈ ਕਿ ਅੰਨਾ ਹਜ਼ਾਰੇ ਦੇ ਅੰਦੋਲਨ ਦੇ ਪਿੱਛੇ ਭਾਜਪਾ- ਆਰ.ਐਸ.ਐਸ. ਸੀ। ਇਥੋਂ ਪੈਦਾ ਹੋਈ ਆਮ ਆਦਮੀ ਪਾਰਟੀ ਦਾ ਪਿਛੋਕੜ, ਸੋਚ ਤੇ ਸ਼ਕਤੀ ਸੰਗਠਨ ਆਰ.ਐਸ.ਐਸ. ਨਾਲ ਮੇਲ ਖਾਂਦੀ ਹੈ?

ਉਵੇਸੀ ਦੀ ਸਿਆਸੀ ਪਾਰਟੀ ਕਾਂਗਰਸ ਦਾ ਇੱਕ-ਇੱਕ ਵੋਟ ਕੱਟ ਕੇ ਸੱਤਾਧਾਰੀ ਦਲ ਦਾ ਘੜਾ ਭਰਦੀ ਹੈ। ਇਸ ਤਰ੍ਹਾਂ ਦੇ ਜਿੰਨੇ ਵੀ ਦਲ ਹਨ, ਉਹ ਸੱਤਾਧਾਰੀ ਦਲ ਦੇ ਕੱਟੜ ਸਮਰਥਿਤ ਵੋਟਰਾਂ ਨੂੰ ਕੱਟ ਨਹੀਂ ਸਕਦੇ। ਤਾਂ ਫਿਰ ਉਹ ਨੁਕਸਾਨ ਕਿਸ ਨੂੰ ਪਹੁੰਚਾਉਂਦੇ ਹਨ?

ਉਸ ਦਾ ਸਿੱਧਾ ਨੁਕਸਾਨ ਕਾਂਗਰਸ ਨੂੰ ਪਹੁੰਚਦਾ ਹੈ। ਲੰਬੀ ਸਿਆਸੀ ਨੀਂਦ ਸੌਣ ਤੋਂ ਬਾਅਦ ਮਾਇਆਵਤੀ ਵੀ ਤੇਜ਼ ਹੋਏ ਹਨ, ਤਾਂ ਉਨ੍ਹਾਂ ਦਾ ਨਿਸ਼ਾਨਾ ਵੀ ਕਾਂਗਰਸ ਹੈ। ਕਿਉਂਕਿ ਦੇਸ਼ ਵਿਚ ਹੁਣ ਵੀ ਕਾਂਗਰਸ ਦੂਜੇ ਨੰਬਰ 'ਤੇ ਹੈ ਅਤੇ ਸੱਤਾਧਾਰੀ ਧਿਰ ਦਾ ਨਿਸ਼ਾਨਾ ਵੀ ਕਾਂਗਰਸ ਹੈ।

ਜਿਵੇਂ ਸਿਆਸੀ ਤੌਰ 'ਤੇ ਭਾਜਪਾ ਵੱਲੋਂ ਹਰ ਚੋਣ, ਖ਼ਾਸ ਕਰਕੇ ਬਿਹਾਰ ਚੋਣਾਂ 'ਚ ਡੂੰਘੇ ਜ਼ਖ਼ਮ ਦੇਣ ਦਾ ਟੀਚਾ ਮਿੱਥਿਆ ਹੈ, ਪਰ ਇੱਥੇ ਸਵਾਲ ਪੈਦਾ ਹੁੰਦਾ ਹੈ ਕਿ ਕਾਂਗਰਸ ਦੀ ਚੁਣੌਤੀ ਦੇ ਰੂਪ 'ਚ ਉਭਰੇ ਖੇਤਰੀ ਦਲ ਅੱਗੋਂ ਭਾਜਪਾ ਨੂੰ ਚੁਣੌਤੀ ਦੇਣ ਦੀ ਸਥਿਤੀ ਵਿਚ ਹੋਣਗੇ?

ਬਿਹਾਰ ਦੀ ਚੋਣ ਇਸ ਤਰ੍ਹਾਂ ਦੇ ਕਈ ਹੋਰ ਸਵਾਲਾਂ ਦਾ ਜਵਾਬ ਵੀ ਦੇਵੇਗੀ। ਕਦੇ ਨਿਤੀਸ਼ ਕੁਮਾਰ ਨੇ ਭਾਜਪਾ ਦੇ ਵਿਰੋਧ ਵਿਚ ਕਾਂਗਰਸ ਨਾਲ ਰਲ ਕੇ ਗੱਠਜੋੜ ਬਣਾਉਣ ਦੀ ਕੋਸ਼ਸ਼ ਕੀਤੀ ਸੀ। ਉਸ ਨੂੰ ਬਿਹਾਰ ਵਿਚ ਭਾਜਪਾ ਦੇ ਲਗਾਤਾਰ ਅੱਗੇ ਵਧਣ ਦਾ ਡਰ ਸਤਾ ਰਿਹਾ ਸੀ। ਪਰ ਗੱਠਜੋੜ ਵਿਚ ਉਹ ਕਾਂਗਰਸ ਦੇ ਨਾਲ ਕੁਝ ਵਿਰੋਧਾਂ ਕਾਰਨ ਚੱਲ ਨਹੀਂ ਸਕੇ ਅਤੇ ਭਾਜਪਾ ਦੇ ਖੇਮੇ ਵਿਚ ਜਾ ਪੁੱਜੇ।

2024 ਦੀਆਂ ਚੋਣਾਂ ਬਾਅਦ ਭਾਜਪਾ ਨੂੰ ਅਹਿਸਾਸ ਹੋ ਗਿਆ ਕਿ ਉਸ ਨੂੰ ਆਪਣਾ ਪ੍ਰਭਾਵ ਬਣਾਈ ਰੱਖਣ ਲਈ ਖੇਤਰੀ ਧਿਰਾਂ ਦੀ ਲੋੜ ਹੈ, ਉਨ੍ਹਾਂ ਨੇ ਨਿਤੀਸ਼ ਅਤੇ ਨਾਇਡੂ ਦੀ ਖੇਤਰੀ ਪਾਰਟੀ ਦਾ ਸਾਥ ਲਿਆ, ਕਿਉਂਕਿ ਉਸ ਨੂੰ ਅਹਿਸਾਸ ਹੈ ਕਿ ਯੂ.ਪੀ. ਵਿਚ ਇੱਕ ਖੇਤਰੀ ਦਲ ਨੇ ਉਸ ਦੇ ਸਾਰੇ ਸਮੀਕਰਨ ਲੋਕ ਸਭਾ ਚੋਣਾਂ ਵਿਚ ਵਿਗਾੜ ਦਿੱਤੇ ਸਨ ਅਤੇ ਕੇਂਦਰ ਵਿਚਲੀ ਸਰਕਾਰ ਦਾ ਪੂਰਨ ਬਹੁਮਤ ਵਾਲਾ ਖ਼ਿਤਾਬ ਖੇਰੂੰ-ਖੇਰੂੰ ਕਰ ਦਿੱਤਾ ਸੀ।

ਰਾਜਦ (ਕਾਂਗਰਸ ਅਤੇ ਰਾਸ਼ਟਰੀ ਜਨਤਾ ਦਲ) ਵੱਲੋਂ ਬਿਹਾਰ ਵਿਚ ਹਾਲਾਂਕਿ 'ਵੋਟ ਚੋਰ, ਗੱਦੀ ਛੋੜ' ਦੇ ਨਾਅਰੇ ਲੱਗ ਰਹੇ ਹਨ। ਭਾਰਤੀ ਚੋਣ ਕਮਿਸ਼ਨ ਤੇ ਭਾਜਪਾ ਦੀ ਆਪਸੀ ਸਾਂਝ ਵਿਰੁੱਧ ਗੁੱਸੇ 'ਚ ਲੋਕ ਉਬਲੇ ਪਏ ਹਨ। ਪਰ ਨਾਲ-ਨਾਲ ਰਾਜਦ (ਭਾਜਪਾ ਅਤੇ ਜਨਤਾ ਦਲ ਯੂਨਾਈਟਡ) ਪਰਿਵਾਰਵਾਦ ਦੀ ਰਾਜਨੀਤੀ ਨੂੰ ਖ਼ਾਰਜ ਕਰਨ ਲਈ ਗੁਹਾਰ ਲਗਾ ਰਹੇ ਹਨ।

ਪਰ ਬਿਹਾਰ 'ਚ ਮਾਹੌਲ ਅਸਪੱਸ਼ਟ ਹੈ। ਚੋਣਾਂ ਸੰਬੰਧੀ ਕੋਈ ਵੀ ਅੰਦਾਜ਼ਾ ਜਾਂ ਅਜ਼ਾਦਾਨਾ ਭਵਿੱਖਬਾਣੀ ਸੰਭਵ ਨਹੀਂ ਜਾਪਦੀ। ਪਰ ਸਵਾਲਾਂ ਦਾ ਸਵਾਲ ਇਹ ਹੈ ਕਿ ਲਗਾਤਾਰ ਇੱਧਰ-ਉੱਧਰ ਤਾਕਤ ਲਈ ਭਟਕਣ ਵਾਲੇ ਨਿਤੀਸ਼ ਦਾ ਫਿਰ ਤੋਂ ਤਾਰਾ ਚਮਕੇਗਾ ਜਾਂ ਉਹ ਅਲੋਪ ਹੋ ਜਾਣਗੇ?

ਇਸ ਦਾ ਫਾਇਦਾ ਕਿਸ ਨੂੰ ਹੋਏਗਾ— ਕਾਂਗਰਸ ਜਾਂ ਭਾਜਪਾ ਨੂੰ? ਉਸ ਕਾਂਗਰਸ ਨੂੰ ਜੋ ਭਾਜਪਾ ਲਈ ਲੋਕ ਸਭਾ ਚੋਣਾਂ 'ਚ ਖ਼ਤਰਾ ਬਣੀ ਹੈ ਅਤੇ ਇਹ ਖ਼ਤਰਾ 40 ਤੋਂ 99 ਤੱਕ ਪੁੱਜ ਗਿਆ ਹੈ। ਇਸ ਸਭ-ਕੁਝ ਦੇ ਵਿਚਕਾਰ ਬਿਹਾਰ ਦੇ ਚੋਣ ਨਤੀਜੇ ਖੇਤਰੀ ਦਲਾਂ ਦੀ ਭੂਮਿਕਾ ਤੈਅ ਕਰਨਗੇ।

# ਨਕਸਲੀਆਂ ਦੇ 'ਆਤਮ-ਸਮਰਪਣ' 'ਚੋਂ ਉਠਦੇ ਸਵਾਲ

***ਮਾਓਵਾਦੀ ਬੁਲਾਰੇ ਵੇਣੂਗੋਪਾਲ ਅਤੇ ਸੈਂਕੜੇ ਮਾਓਵਾਦੀ ਗੁਰੀਲਿਆਂ ਦਾ ਭਾਜਪਾ ਸਰਕਾਰ ਅੱਗੇ ਆਤਮ-ਸਮਰਪਣ ਵੱਡਾ ਘਟਨਾਕ੍ਰਮ ਹੈ। ਕੀ ਇਹ ਨਕਸਲਵਾਦ ਦਾ ਸੂਰਜ ਅਸਤ ਹੋਣ ਦੀ ਨਿਸ਼ਾਨੀ ਹੈ ਜਾਂ ਭਾਰਤ ਦੇ ਮੌਜੂਦਾ ਪ੍ਰਬੰਧ ਅੰਦਰ ਇਸਦਾ ਮਹੱਤਵ ਅਤੇ ਇਸ ਦੀ ਪੁਨਰ-ਸੁਰਜੀਤੀ ਦੀਆਂ ਸੰਭਾਵਨਾਵਾਂ ਬਣੀਆਂ ਰਹਿਣਗੀਆਂ? ਇਨ੍ਹਾਂ ਸਵਾਲਾਂ ਦੀ ਚਰਚਾ ਸਾਡੇ ਕਾਲਮ-ਨਵੀਸ ਬੂਟਾ ਸਿੰਘ ਮਹਿਮੂਦਪੁਰ ਵੱਲੋਂ ਆਪਣੀ ਇਸ ਟਿੱਪਣੀ ਵਿਚ ਕੀਤੀ ਗਈ ਹੈ।-ਸੰਪਾਦਕ॥***




ਪਿਛਲੇ ਦਿਨੀਂ ਸੀਪੀਆਈ (ਮਾਓਵਾਦੀ) ਦੇ ਇਕ ਪ੍ਰਮੁੱਖ ਆਗੂ ਮੱਲੋਜੁਲਾ ਵੇਣੂਗੋਪਾਲ ਰਾਓ ਉਰਫ਼ ਸੋਨੂ ਅਤੇ ਇਕ ਹੋਰ ਵੱਡੇ ਆਗੂ ਰੂਪੇਸ਼ ਦੀ ਅਗਵਾਈ ਹੇਠ ਸੈਂਕੜੇ ਮਾਓਵਾਦੀਆਂ ਨੇ ਹਥਿਆਰਾਂ ਸਮੇਤ ਆਤਮ-ਸਮਰਪਣ ਕੀਤਾ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਸੰਵਿਧਾਨਕ ਦਾਇਰੇ 'ਚ ਸੰਘਰਸ਼ ਕਰਨ ਲਈ ਹਥਿਆਰਾਂ ਨੂੰ 'ਆਰਜ਼ੀ ਵਿਰਾਮ' ਦਿੱਤਾ ਗਿਆ ਹੈ।

ਮਾਓਵਾਦੀ ਪਾਰਟੀ ਦੀ ਕੇਂਦਰੀ ਕਮੇਟੀ ਦੇ ਮੌਜੂਦਾ ਅਧਿਕਾਰਕ ਬੁਲਾਰੇ 'ਅਭੈ' ਵੱਲੋਂ ਜਾਰੀ ਕੀਤੇ ਬਿਆਨ ਅਨੁਸਾਰ ਪਾਰਟੀ ਦੀ ਕੇਂਦਰੀ ਕਮੇਟੀ ਨੇ ਵੇਣੂਗੋਪਾਲ ਅਤੇ ਉਸਦੇ ਨਾਲ ਆਤਮ-ਸਮਰਪਣ ਕਰਨ ਵਾਲਿਆਂ ਨੂੰ ਪਾਰਟੀ 'ਚੋਂ ਕੱਢ ਦਿੱਤਾ ਹੈ ਅਤੇ ਆਪਣੀ ਹਥਿਆਰਬੰਦ ਫੋਰਸ ਨੂੰ ਉਨ੍ਹਾਂ ਨੂੰ ਸਜ਼ਾਵਾਂ ਦੇਣ ਦਾ ਆਦੇਸ਼ ਦਿੱਤਾ ਹੈ ਕਿਉਂਕਿ ਉਨ੍ਹਾਂ ਨੇ ਪਾਰਟੀ ਦੇ ਹਥਿਆਰ ਦੁਸ਼ਮਣ ਨੂੰ ਸੌਂਪ ਕੇ ਗ਼ਦਾਰੀ

**ਬੂਟਾ ਸਿੰਘ ਮਹਿਮੂਦਪੁਰ**

ਕੀਤੀ ਹੈ। ਪਾਰਟੀ ਦੀ ਨੀਤੀ ਅਨੁਸਾਰ ਜੇਕਰ ਕੋਈ ਵਿਅਕਤੀ ਲੜਾਈ ਦਾ ਰਾਹ ਛੱਡ ਕੇ ਆਤਮ-ਸਮਰਪਣ ਕਰਨਾ ਚਾਹੁੰਦਾ ਹੈ ਤਾਂ ਉਹ ਅਜਿਹਾ ਕਰ ਸਕਦਾ ਹੈ ਪਰ ਉਸ ਨੂੰ ਹਥਿਆਰ ਪਾਰਟੀ ਨੂੰ ਸੌਂਪਣੇ ਹੋਣਗੇ। ਇਸ ਨੀਤੀ ਦੇ ਤਹਿਤ ਪਿਛਲੇ ਦਹਾਕਿਆਂ 'ਚ ਬਹੁਤ ਸਾਰੇ ਮਾਓਵਾਦੀ ਆਤਮ-ਸਮਰਪਣ ਕਰਦੇ ਰਹੇ ਹਨ। ਕੇਂਦਰੀ ਕਮੇਟੀ ਨੇ ਹਥਿਆਰਬੰਦ ਸੰਘਰਸ਼ ਜਾਰੀ ਰੱਖਣ ਦਾ ਐਲਾਨ ਕੀਤਾ ਹੈ ਅਤੇ ਵੇਣੂਗੋਪਾਲ ਨਾਲ ਆਤਮ-ਸਮਰਪਣ ਕਰਨ ਵਾਲਿਆਂ ਨੂੰ ਮੁੜ ਸੰਘਰਸ਼ ਵਿਚ ਪਰਤ ਆਉਣ ਦੀ ਅਪੀਲ ਵੀ ਕੀਤੀ ਹੈ।

ਹਾਕਮ ਜਮਾਤਾਂ ਵੱਲੋਂ ਅਜਿਹੀਆਂ ਪਛਾੜਾਂ ਨੂੰ ਆਪਣੇ ਜਾਬਰ ਰਾਜ ਪ੍ਰਬੰਧ ਨੂੰ 'ਲੋਕਤੰਤਰ' ਵਜੋਂ ਵਾਜਬ ਠਹਿਰਾਉਣ ਲਈ ਮਨੋਵਿਗਿਆਨਕ ਯੁੱਧ-ਕਲਾ ਵਜੋਂ ਵਰਤਣਾ ਸੁਭਾਵਿਕ ਹੈ। ਅੱਜ ਜਦੋਂ ਸੱਤਾਧਾਰੀ ਭਾਜਪਾ ਇਸ ਨੂੰ 'ਖੱਬੇਪੱਖੀ ਅੱਤਵਾਦ' ਨੂੰ ਖ਼ਤਮ ਕਰਨ ਦੀ ਦਿਸ਼ਾ 'ਚ 'ਇਤਿਹਾਸਕ ਪ੍ਰਾਪਤੀ' ਦੇ ਤੌਰ 'ਤੇ ਪੇਸ਼ ਕਰ ਰਹੀ ਹੈ ਤਾਂ ਇਹ ਜ਼ਰੂਰ ਯਾਦ ਰੱਖਿਆ ਜਾਣਾ ਚਾਹੀਦਾ ਹੈ ਕਿ ਚੋਟੀ ਦੇ ਮਾਓਵਾਦੀ ਆਗੂਆਂ ਕਿਸ਼ਨਜੀ ਅਤੇ ਆਜ਼ਾਦ ਨੂੰ ਝੂਠੇ ਮੁਕਾਬਲਿਆਂ ਵਿਚ ਮਾਰਨ ਅਤੇ 'ਓਪਰੇਸ਼ਨ ਗ੍ਰੀਨ ਹੰਟ' ਰਾਹੀਂ ਆਦਿਵਾਸੀ ਇਲਾਕਿਆਂ ਨੂੰ ਫ਼ੌਜੀ ਬੂਟਾਂ ਹੇਠ ਦਰੜਦੇ ਵਕਤ ਮਨਮੋਹਨ ਸਿੰਘ-ਚਿਦੰਬਰਮ ਵੀ ਇਸੇ ਤਰ੍ਹਾਂ ਦੀ ਬਿਆਨਬਾਜ਼ੀ ਕਰਦੇ ਸਨ। 1970ਵਿਆਂ ਦੇ ਸ਼ੁਰੂ 'ਚ ਵੀ ਤਤਕਾਲੀ ਕੇਂਦਰ ਸਰਕਾਰ ਅਤੇ ਰਾਜ ਸਰਕਾਰਾਂ ਵੱਲੋਂ ਨਕਸਲੀ ਲਹਿਰ ਦਾ ਲੱਕ ਦੇਣ ਦੇ ਦਾਅਵੇ ਕੀਤੇ ਗਏ ਸਨ। ਲਹਿਰ ਦੇ ਮੁੜ ਜ਼ੋਰ ਫੜਨ ਨਾਲ ਹਮੇਸ਼ਾ ਹੀ ਬਿਲਕੁਲ ਵੱਖਰੀ ਤਸਵੀਰ ਸਾਹਮਣੇ ਆਉਂਦੀ ਰਹੀ ਹੈ।

ਮਹਾਰਾਸ਼ਟਰ ਅਤੇ ਛੱਤੀਸਗੜ੍ਹ ਦੇ ਭਾਜਪਾਈ ਮੁੱਖ ਮੰਤਰੀਆਂ ਦੀ ਮੌਜੂਦਗੀ 'ਚ ਇਨ੍ਹਾਂ ਛਾਪਾਮਾਰਾਂ ਵੱਲੋਂ ਹਥਿਆਰ ਸੁੱਟ ਕੇ 'ਮੁੱਖਧਾਰਾ 'ਚ ਵਾਪਸ ਆਉਣ' ਨੂੰ ਖ਼ਾਸ ਨੁਮਾਇਸ਼ੀ ਘਟਨਾਕ੍ਰਮ ਬਣਾ ਕੇ ਪ੍ਰਸਾਰਿਤ ਕੀਤਾ ਗਿਆ ਤਾਂ ਜੋ ਪੂਰੇ ਦੇਸ਼-ਬਦੇਸ਼ 'ਚ ਇਹ ਜ਼ੋਰਦਾਰ ਸੰਦੇਸ਼ ਜਾਵੇ ਕਿ ਮੋਦੀ ਸਰਕਾਰ 31 ਮਾਰਚ 2026 ਤੱਕ ਨਕਸਲਵਾਦ ਨੂੰ ਖ਼ਤਮ ਕਰਨ ਦੇ ਟੀਚੇ ਦੇ ਬਿਲਕੁਲ ਨੇੜੇ ਪਹੁੰਚ ਗਈ ਹੈ। 17 ਅਕਤੂਬਰ ਨੂੰ ਐਨਡੀਟੀਵੀ ਦੇ ਸੰਮੇਲਨ ਵਿਚ ਦਿੱਤੇ ਭਾਸ਼ਣ ਵਿਚ ਪ੍ਰਧਾਨ ਮੰਤਰੀ ਮੋਦੀ ਨੇ 75 ਘੰਟਿਆਂ 'ਚ 307 ਨਕਸਲੀਆਂ ਦੇ ਆਤਮ-ਸਮਰਪਣ ਦੇ 'ਇਤਿਹਾਸਕ ਮਹੱਤਵ' ਉੱਪਰ ਜ਼ੋਰ ਦਿੰਦਿਆਂ ਕਿਹਾ ਕਿ ਮਾਰਚ 2026 ਤੱਕ ਭਾਰਤ ਨੂੰ ਨਕਸਲਵਾਦ ਤੋਂ ਮੁਕੰਮਲ ਮੁਕਤ ਕਰਨਾ 'ਮੋਦੀ ਦੀ ਗਾਰੰਟੀ' ਹੈ। ਨਕਸਲੀ 'ਹਿੰਸਾ' ਵਿਚ ਮਾਰੇ ਗਿਆਂ ਦੀਆਂ 'ਮਾਵਾਂ ਦੀ ਪੀੜਾ' ਉਪਰ ਮਗਰਮੱਛੀ ਹੰਝੂ ਵਹਾਉਣ ਦਾ ਨਾਟਕ ਕਰਕੇ ਅਤੇ ਪਹਿਲੀ ਵਾਰ ਬਸਤਰ ਦੇ ਲੋਕਾਂ ਵੱਲੋਂ ਬਿਨਾਂ ਖ਼ੌਫ਼ ਦੀਵਾਲੀ ਮਨਾਉਣ ਤੇ ਆਦਿਵਾਸੀ ਇਲਾਕਿਆਂ ਦੇ ਨਿਰਵਿਘਨ ਵਿਕਾਸ ਦੇ ਦਮਗੱਜੇ ਮਾਰ ਕੇ ਮੋਦੀ ਨੇ ਖ਼ੂਬ ਵਾਹ-ਵਾਹ ਖੱਟੀ। ਉਹ ਇਹ 'ਗਾਰੰਟੀ' ਸਮੁੱਚੇ ਕਾਰਪੋਰੇਟ ਜਗਤ ਨੂੰ ਅਤੇ ਨਾਲ ਹੀ ਆਪਣੇ ਸਾਹਮਣੇ ਬੈਠੇ ਤਾੜੀਆਂ ਮਾਰਨ ਵਾਲੇ ਗੋਦੀ ਮੀਡੀਆ ਅਧਿਕਾਰੀਆਂ ਅਤੇ ਜੀ-ਹਜ਼ੂਰੀਏ ਐਂਕਰਾਂ ਨੂੰ ਦੇ ਰਿਹਾ ਸੀ, ਜਿਨ੍ਹਾਂ ਦੇ ਇਸ ਕਾਰਪੋਰੇਟ ਮਾਡਲ ਵਿਚ ਆਪੋ ਆਪਣੇ ਹਿਤ ਹਨ।

'ਖੱਬੇਪੱਖੀ ਅੱਤਵਾਦ' ਨੂੰ ਖ਼ਤਮ ਕਰਨ ਦੇ ਬਿਰਤਾਂਤ ਦੀ ਮਦਦ ਨਾਲ ਸੱਜੇਪੱਖੀ ਦਹਿਸ਼ਤਵਾਦ ਨੂੰ ਮਜ਼ਬੂਤ ਕਰਨ ਲਈ ਜ਼ਮੀਨ ਤਿਆਰ ਕੀਤੀ ਜਾ ਰਹੀ ਹੈ ਜਿਸਦੇ ਨਿਸ਼ਾਨੇ 'ਤੇ ਹਰ ਧਰਮ-ਨਿਰਪੱਖ, ਅਗਾਂਹਵਧੂ ਵਿਚਾਰ ਹੈ। ਇਹ ਭਗਵਾ ਬਿਰਤਾਂਤ ਇਕ ਤੀਰ ਨਾਲ ਕਈ ਨਿਸ਼ਾਨੇ ਲਾ ਰਿਹਾ ਹੈ: ਆਲਮੀ ਤੇ ਭਾਰਤੀ ਅਜਾਰੇਦਾਰ ਕਾਰਪੋਰੇਟ ਸਰਮਾਏ ਨੂੰ ਇਹ ਯਕੀਨ ਦਿਵਾਉਣਾ ਕਿ ਸਾਡੀ ਸਰਕਾਰ ਹੇਠ ਤੁਹਾਡੇ ਕਾਰੋਬਾਰੀ ਹਿਤ ਸਭ ਤੋਂ ਵੱਧ ਮਹਿਫ਼ੂਜ਼ ਹਨ; ਵਿਰੋਧੀ-ਧਿਰ ਦੀ ਮੁੱਖ ਪਾਰਟੀ ਕਾਂਗਰਸ ਪਾਰਟੀ ਨੂੰ ਭੰਡ ਕੇ ਰਾਜਨੀਤਕ ਲਾਹਾ ਲੈਣਾ ਕਿ ਨਕਸਲਵਾਦ ਦਾ ਵਧਾਰਾ-ਪਸਾਰਾ ਉਸਦੀ ਨਰਮ ਨੀਤੀ ਕਾਰਨ ਹੋਇਆ; ਹਕੀਕਤ ਤੋਂ ਅਣਜਾਣ ਲੋਕਾਂ 'ਚ ਇਹ ਭਰਮ ਪੈਦਾ ਕਰਨਾ ਕਿ ਨਕਸਲਵਾਦ ਵਿਕਾਸ ਦੀ ਦੁਸ਼ਮਣ ਵਿਚਾਰਧਾਰਾ ਹੈ ਜਿਸਨੇ ਆਦਿਵਾਸੀ ਇਲਾਕਿਆਂ ਦਾ ਵਿਕਾਸ ਨਹੀਂ ਹੋਣ ਦਿੱਤਾ; ਅਤੇ ਇਸ ਲੋਟੂ ਪ੍ਰਬੰਧ ਨੂੰ ਬਦਲਣ ਲਈ ਯਤਨਸ਼ੀਲ ਇਨਕਲਾਬੀ ਤਾਕਤਾਂ ਤੇ ਲੋਕਾਈ ਨੂੰ ਇਹ ਸੰਦੇਸ਼ ਦੇਣਾ ਕਿ ਦੁਨੀਆ ਦੀ ਬਹੁਤ ਹੀ ਮਜ਼ਬੂਤ ਫ਼ੌਜੀ ਤਾਕਤ ਵਾਲਾ ਭਾਰਤੀ ਰਾਜ ਬੁਨਿਆਦੀ ਤਬਦੀਲੀ ਦੇ ਕਿਸੇ ਵੀ ਯਤਨ ਨੂੰ ਕਾਮਯਾਬ ਨਹੀਂ ਹੋਣ ਦੇਵੇਗਾ।

ਸਰਕਾਰੀ ਬਿਰਤਾਂਤ ਕਦੇ ਵੀ ਇਹ ਨਹੀਂ ਦੱਸੇਗਾ ਕਿ 'ਨਕਸਲ-ਮੁਕਤ ਭਾਰਤ' ਕਿਸ ਦੀ ਖ਼ਾਤਰ ਬਣਾਇਆ ਜਾ ਰਿਹਾ ਹੈ ਅਤੇ ਕਿਸਦਾ 'ਵਿਕਾਸ' ਕੀਤਾ ਜਾ ਰਿਹਾ ਹੈ ਕਿਉਂਕਿ ਆਦਿਵਾਸੀਆਂ ਨੂੰ ਤਾਂ ਇਹ ਵਿਨਾਸ਼ਕਾਰੀ ਮਾਡਲ ਮਨਜ਼ੂਰ ਨਹੀਂ ਹੈ? ਇਹ ਵੀ ਕਿ ਸਰਕਾਰ ਦੇ ਆਪਣੇ ਦਾਅਵੇ ਅਨੁਸਾਰ ਜ਼ਿਆਦਾਤਰ ਜ਼ਿਲ੍ਹੇ ਨਕਸਲਵਾਦ ਤੋਂ ਮੁਕਤ ਕਰਵਾ ਲਏ ਗਏ ਹਨ ਤਾਂ ਨੀਮ-ਫ਼ੌਜੀ ਕੈਂਪਾਂ ਦੀ ਗਿਣਤੀ ਕਿਉਂ ਵਧਾਈ ਜਾ ਰਹੀ ਹੈ? ਜਿਨ੍ਹਾਂ ਦੀ ਹਿਤ ਪੂਰਤੀ ਲਈ ਇਸ ਮਾਡਲ ਨੂੰ ਅੰਜਾਮ ਦਿੱਤਾ ਜਾ ਰਿਹਾ, ਉਨ੍ਹਾਂ ਦੀ ਅਪਾਰ ਖ਼ੁਸ਼ੀ ਗੁੱਝੀ ਨਹੀਂ ਹੈ। ਲੌਇਡਜ਼ ਮੈਟਲਜ਼ ਐਂਡ ਐਨਰਜੀ ਲਿਮ. ਦੀ ਮੈਨੇਜਮੈਂਟ ਵੱਲੋਂ ਵੇਣੂਗੋਪਾਲ ਸਮੇਤ ਇਨ੍ਹਾਂ ਸਾਬਕਾ ਮਾਓਵਾਦੀਆਂ ਨੂੰ ਨੌਕਰੀਆਂ ਦੇਣ ਦੀ ਪੇਸ਼ਕਸ਼ ਕੀਤੀ ਗਈ ਹੈ।

ਜਿਸ ਗੜ੍ਹਚਿਰੋਲੀ ਸਦਰ-ਮੁਕਾਮ ਵਿਖੇ ਵੇਣੂਗੋਪਾਲ ਅਤੇ ਉਸਦੇ ਸਾਥੀਆਂ ਨੇ ਮੁੱਖ ਮੰਤਰੀ ਦੇਵੇਂਦਰ ਫੜਨਵੀਸ ਅੱਗੇ ਆਤਮ-ਸਮਰਪਣ ਕੀਤਾ, ਉੱਥੇ 60000 ਕਰੋੜ ਰੁਪਏ ਪੂੰਜੀਨਿਵੇਸ਼ ਕਰਵਾ ਕੇ ਜ਼ਿਲ੍ਹੇ ਨੂੰ 'ਦੁਨੀਆ ਦੀ ਸਟੀਲ ਹੱਬ' ਬਣਾਉਣਾ ਫੜਨਵੀਸ ਦਾ ਚਹੇਤਾ ਸੁਪਨਾ ਹੈ। ਲੌਇਡਜ਼ ਸਮੇਤ ਕਾਰਪੋਰੇਟ ਸਮੂਹਾਂ ਨੇ ਮਾਓਵਾਦੀ ਪ੍ਰਭਾਵ ਵਾਲੇ ਦੰਡਕਾਰਣੀਆ (ਦੰਡਕ ਦੇ ਜੰਗਲਾਂ) ਖੇਤਰ ਵਿਚ ਖਣਨ ਕਾਰੋਬਾਰ ਸ਼ੁਰੂ ਕਰਨ ਲਈ ਰਾਜ ਸਰਕਾਰਾਂ ਨਾਲ ਬਹੁਤ ਸਾਰੇ ਇਕਰਾਰਨਾਮੇ ਕੀਤੇ ਹੋਏ ਹਨ ਪਰ ਉਹ ਮਾਓਵਾਦੀਆਂ ਦੀ ਅਗਵਾਈ ਹੇਠ ਆਦਿਵਾਸੀਆਂ ਦੇ ਜ਼ਬਰਦਸਤ ਵਿਰੋਧ ਕਾਰਨ ਲਾਗੂ ਨਹੀਂ ਸੀ ਹੋ ਰਹੇ। ਲੌਇਡਜ਼ ਅਤੇ ਜਿੰਦਲ ਕਾਰਪੋਰੇਟ ਸਮੂਹਾਂ ਦੀਆਂ ਸਟੀਲ ਕੰਪਨੀਆਂ ਨੂੰ ਇਕੱਲੇ ਸੂਰਜਾਗੜ੍ਹ ਪਹਾੜੀ ਇਲਾਕੇ ਵਿਚ ਕੱਚੇ ਲੋਹੇ ਦਾ ਖਣਨ ਕਾਰੋਬਾਰ ਸ਼ੁਰੂ ਕਰਨ ਦੇ ਯਤਨਾਂ ਨੂੰ ਸੈਂਕੜੇ ਪਿੰਡਾਂ ਦੇ ਆਦਿਵਾਸੀ ਲੋਕਾਂ ਅਤੇ ਮਾਓਵਾਦੀਆਂ ਦੇ ਹਥਿਆਰਬੰਦ ਵਿਰੋਧ ਦਾ ਸਾਹਮਣਾ ਕਰਨਾ ਪੈ ਰਿਹਾ ਸੀ। 2013 'ਚ ਮਾਓਵਾਦੀਆਂ ਨੇ ਲੌਇਡਜ਼ ਸਟੀਲ ਪਲਾਂਟ ਦੇ ਉਪ ਪ੍ਰਧਾਨ ਨੂੰ ਮਾਰ ਦਿੱਤਾ ਸੀ ਅਤੇ 2016 'ਚ ਮਾਓਵਾਦੀ ਛਾਪਾਮਾਰਾਂ ਨੇ ਲੌਇਡਜ਼ ਦੇ 70 ਵਾਹਨ ਸਾੜ ਦਿੱਤੇ ਸਨ। ਮਾਓਵਾਦੀ ਲਹਿਰ ਨੂੰ ਕੁਚਲਣ ਲਈ ਵਿਆਪਕ ਨੀਮ-ਫ਼ੌਜੀ ਓਪਰੇਸ਼ਨ ਚਲਾ ਕੇ ਕਾਰਪੋਰੇਟ ਪ੍ਰੋਜਕੈਟਾਂ ਦਾ ਰਾਹ ਪੱਧਰਾ ਕੀਤਾ ਗਿਆ ਹੈ। ਪਿਛਲੇ ਦੋ ਸਾਲਾਂ 'ਚ ਦਹਿ-ਹਜ਼ਾਰਾਂ ਨੀਮ-ਫ਼ੌਜੀ ਲਸ਼ਕਰਾਂ ਦੀ ਮੱਦਦ ਨਾਲ ਮਾਓਵਾਦੀ ਛਾਪਾਮਾਰ ਦਸਤਿਆਂ ਨੂੰ ਘੇਰਾ ਪਾ ਕੇ ਕਤਲੇਆਮ ਕੀਤੇ ਗਏ। ਗੜ੍ਹਚਿਰੌਲੀ, ਬਸਤਰ, ਉੜੀਸਾ ਅਤੇ ਝਾਰਖੰਡ ਵਿਚ ਮਜ਼ਬੂਤ ਮਾਓਵਾਦੀ ਆਧਾਰ ਨੂੰ ਕੁਚਲ ਕੇ ਜੰਗਲੀ-ਪਹਾੜੀ ਚੌਗਿਰਦੇ ਲਈ ਬੇਹੱਦ ਵਿਨਾਸ਼ਕਾਰੀ ਪ੍ਰੋਜੈਕਟ ਥੋਪੇ ਜਾ ਰਹੇ ਹਨ ਜਿਨ੍ਹਾਂ ਨੂੰ ਮੋਦੀ ਅਤੇ ਭਾਜਪਾਈ ਮੁੱਖ ਮੰਤਰੀ ਆਦਿਵਾਸੀਆਂ ਦਾ 'ਵਿਕਾਸ' ਦੱਸ ਰਹੇ ਹਨ। ਇਸ ਸਾਲ 21 ਮਈ ਨੂੰ ਮਾਓਵਾਦੀ ਪਾਰਟੀ ਦੇ ਜਨਰਲ ਸਕੱਤਰ ਬਸਵਾਰਾਜੂ ਸਮੇਤ 27 ਨਕਸਲੀਆਂ ਨੂੰ ਕਥਿਤ ਮੁਕਾਬਲੇ ਵਿਚ ਮਾਰਨ ਦੇ ਦਿਨ ਫੜਨਵੀਸ ਸਰਕਾਰ ਵੱਲੋਂ ਗੜ੍ਹਚਿਰੌਲੀ ਵਿਚ ਕੰਪਨੀ ਨੂੰ 1 ਲੱਖ 23 ਹਜ਼ਾਰ ਜੰਗਲੀ ਰੁੱਖ ਕੱਟਣ ਦੀ ਮਨਜ਼ੂਰੀ ਦਿੱਤੀ ਗਈ। 22 ਜੁਲਾਈ ਨੂੰ ਕੰਪਨੀ ਦੇ ਪ੍ਰੋਜੈਕਟਾਂ ਦੇ ਉਦਘਾਟਨ ਵੀ ਕਰ ਦਿੱਤੇ ਗਏ। ਆਦਿਵਾਸੀ ਜਵਾਨੀ ਲਈ ਰੋਜ਼ਗਾਰ ਦਾ ਵਸੀਲਾ ਸਿਰਫ਼ ਖਣਨ ਖੇਤਰ ਵਿਚ ਕੁਝ ਨੌਕਰੀਆਂ ਅਤੇ ਨਕਸਲੀ ਵਿਰੋਧੀ ਸਥਾਨਕ ਫੋਰਸ - ਜ਼ਿਲ੍ਹਾ ਰਿਜ਼ਰਵ ਗਾਰਡਜ਼ - ਵਿਚ ਭਰਤੀ ਹੈ।

ਆਤਮ-ਸਮਰਪਣ ਕਰਨ ਵਾਲਿਆਂ ਵੱਲੋਂ ਹਥਿਆਰ ਸੁੱਟਣ ਨੂੰ ਦਰੁਸਤ ਠਹਿਰਾਉਣ ਲਈ ਮੁੱਖ ਦਲੀਲ ਇਹ ਦਿੱਤੀ ਗਈ ਹੈ ਕਿ ਉਹ ਹੁਣ ਕਾਨੂੰਨੀ, ਸ਼ਾਂਤਮਈ ਤਰੀਕੇ ਨਾਲ ਲੋਕ ਹਿਤਾਂ ਲਈ ਸੰਘਰਸ਼ ਕਰਨਗੇ। ਭਾਰਤੀ ਹਾਕਮ ਜਮਾਤਾਂ ਵੀ ਇਹੋ ਕਹਿੰਦੀਆਂ ਹਨ ਕਿ ਜਦੋਂ ਲੋਕਤੰਤਰ ਵਿਚ ਸ਼ਾਂਤਮਈ ਤਰੀਕੇ ਨਾਲ ਮਸਲੇ ਹੱਲ ਕੀਤੇ ਜਾ ਸਕਦੇ ਹਨ ਤਾਂ ਹਿੰਸਾ ਅਤੇ ਹਥਿਆਰ ਚੁੱਕਣ ਦੀ ਕੋਈ ਵਾਜਬੀਅਤ ਨਹੀਂ ਹੈ। ਹਕੀਕਤ ਇਸ ਤੋਂ ਬਿਲਕੁਲ ਵੱਖਰੀ ਹੈ।

ਇਤਿਹਾਸਕ ਤੱਥਾਂ ਨੂੰ ਦੇਖੀਏ ਤਾਂ ਨਕਸਲਬਾੜੀ, ਉੱਤਰੀ ਤੇਲੰਗਾਨਾ, ਬਿਹਾਰ ਜਾਂ ਲਾਲਗੜ੍ਹ, ਕਸ਼ਮੀਰ ਜਾਂ ਉਤਰ-ਪੂਰਬ ਸਮੇਤ ਕੋਈ ਵੀ ਸੰਘਰਸ਼ ਸ਼ੁਰੂ ਤੋਂ ਹੀ ਹਥਿਆਰਬੰਦ ਨਹੀਂ ਸੀ। ਲੰਮੇ ਸਮੇਂ ਤੋਂ ਉਹ ਲੋਕ ਆਪਣੇ ਮਸਲਿਆਂ ਦੇ ਹੱਲ ਲਈ ਸੰਵਿਧਾਨਕ ਤੇ ਪੁਰਅਮਨ ਤਰੀਕੇ ਨਾਲ ਸੰਘਰਸ਼ ਕਰ ਰਹੇ ਸਨ। ਕੋਈ ਸੁਣਵਾਈ ਨਾ ਹੋਣ 'ਤੇ (ਦਰਅਸਲ, ਹਕੂਮਤ ਵੱਲੋਂ ਰਾਜਕੀ ਹਿੰਸਾ ਦੇ ਜ਼ੋਰ ਲੋਕ ਸੰਘਰਸ਼ਾਂ ਨੂੰ ਕੁਚਲਣ ਲਈ ਕੀਤੇ ਹਮਲਿਆਂ ਤੋਂ ਬਾਅਦ) ਹੀ ਸਵੈ-ਰੱਖਿਆ ਲਈ ਹਥਿਆਰ ਚੁੱਕੇ ਗਏ। ਸਰਕਾਰਾਂ ਵੱਲੋਂ ਸਿਰਫ਼ ਹਥਿਆਰਾਂ ਅਤੇ ਹਿੰਸਾ 'ਚ ਯਕੀਨ ਨੂੰ ਮੁੱਦਾ ਬਣਾਇਆ ਜਾਂਦਾ ਹੈ, ਉਨ੍ਹਾਂ ਮੂਲ ਕਾਰਨਾਂ, ਹਾਲਾਤਾਂ ਦੀ ਗੱਲ ਨਹੀਂ ਕੀਤੀ ਜਾਂਦੀ, ਜਿਨ੍ਹਾਂ ਦੇ ਸਤਾਏ ਤੇ ਦਬਾਏ ਮਜ਼ਲੂਮ ਲੋਕ ਹਥਿਆਰ ਚੁੱਕਦੇ ਹਨ ਕਿਉਂਕਿ ਇਸ ਰਾਜ ਪ੍ਰਬੰਧ ਨੇ ਉਨ੍ਹਾਂ ਕੋਲ ਕੋਈ ਹੋਰ ਰਸਤਾ ਛੱਡਿਆ ਹੀ ਨਹੀਂ।

ਹਾਕਮ ਜਮਾਤਾਂ ਨੇ ਆਪਣੇ ਹਿਤਾਂ ਨੂੰ ਸਦੀਵੀ ਤੌਰ 'ਤੇ ਮਹਿਫ਼ੂਜ਼ ਕਰਨ ਲਈ ਦੇਸ਼ ਦੇ ਹਿਤਾਂ ਦੇ ਨਾਂ ਹੇਠ ਮਜ਼ਬੂਤ ਫ਼ੌਜੀ-ਨੀਮ ਫ਼ੌਜੀ ਤਾਕਤ ਖੜ੍ਹੀ ਕੀਤੀ ਹੋਈ ਹੈ ਅਤੇ ਇਸ ਦੀ ਸਭ ਤੋਂ ਵੱਧ ਵਰਤੋਂ ਆਪਣੇ ਹੀ ਦੇਸ਼ ਦੇ ਲੋਕਾਂ ਨੂੰ ਦਬਾਉਣ ਲਈ ਕੀਤੀ ਜਾਂਦੀ ਹੈ। ਹੁਕਮਰਾਨ ਨਹੀਂ ਚਾਹੁੰਦੇ ਕਿ ਲੋਕਾਂ ਕੋਲ ਆਪਣੀ ਰਾਖੀ ਲਈ ਹਥਿਆਰ ਹੋਣ। ਅੰਗਰੇਜ਼ ਬਸਤੀਵਾਦੀ ਰਾਜ ਨੇ ਲਾਇਸੰਸ ਵਿਵਸਥਾ ਲਾਗੂ ਕਰਕੇ ਸਵੈ-ਰੱਖਿਆ ਲਈ ਹਥਿਆਰ ਰੱਖਣ ਦੇ ਭਾਰਤੀ ਲੋਕਾਂ ਦੇ ਹੱਕ ਨੂੰ ਗ਼ੈਰਕਾਨੂੰਨੀ ਕਰਾਰ ਦਿੱਤਾ ਅਤੇ ਇਹੀ ਦਸਤੂਰ 'ਆਜ਼ਾਦ' ਭਾਰਤ ਦੇ ਕਥਿਤ ਸੰਵਿਧਾਨਕ ਰਾਜ ਵਿਚ ਹੈ। ਨਕਸਲੀ ਜਾਂ ਕਿਸੇ ਵੀ ਹੋਰ ਹਥਿਆਰਬੰਦ ਲਹਿਰ ਜਾਂ ਕਥਿਤ ਅਤਿਵਾਦੀ ਲਹਿਰ ਦੇ ਮੁਕਾਬਲੇ ਹਾਕਮ ਜਮਾਤਾਂ ਦੇ ਪਾਲੇ ਹੋਏ ਤਰ੍ਹਾਂ-ਤਰ੍ਹਾਂ ਦੇ ਮਾਫ਼ੀਆ ਗਰੋਹਾਂ ਅਤੇ ਸੰਘ ਪਰਿਵਾਰ ਦੀਆਂ ਖੁੱਲ੍ਹੀਆਂ-ਗੁਪਤ ਜਥੇਬੰਦੀਆਂ ਕੋਲ ਸਰਕਾਰੀ ਸੁਰੱਖਿਆ ਗਾਰਦਾਂ ਤੋਂ ਇਲਾਵਾ ਸਰਕਾਰੀ ਸਰਪ੍ਰਸਤੀ ਹੇਠ ਬੇਸ਼ੁਮਾਰ ਗ਼ੈਰਕਾਨੂੰਨੀ ਹਥਿਆਰ ਹਨ, ਜਿਨ੍ਹਾਂ ਦੀ ਝਲਕ ਸਮੇਂ-ਸਮੇਂ ਵੱਖ-ਵੱਖ ਰੂਪਾਂ 'ਚ ਅਕਸਰ ਦੇਖਣ ਨੂੰ ਮਿਲਦੀ ਹੈ। ਸਰਕਾਰ ਚਾਹੇ ਕਿਸੇ ਪਾਰਟੀ ਦੀ ਹੋਵੇ, ਯਥਾਸਥਿਤੀ ਪੱਖੀ ਇਹ ਸਾਰੇ ਗਰੋਹ ਅਤੇ ਇਨ੍ਹਾਂ ਦੇ ਨਾਜਾਇਜ਼ ਹਥਿਆਰਾਂ ਦੇ ਜ਼ਖ਼ੀਰੇ ਕਾਨੂੰਨੀ ਮੰਨੇ ਜਾਂਦੇ ਹਨ ਕਿਉਂਕਿ ਇਹ ਇਸ ਪ੍ਰਬੰਧ ਦੀ ਸਲਾਮਤੀ ਲਈ ਵਰਤੇ ਜਾਂਦੇ ਹਨ।

ਬਸਤਰ ਵਿਚ 'ਸਲਵਾ ਜੁਡੁਮ', ਬਿਹਾਰ ਵਿਚ ਅੱਧੀ ਦਰਜਨ ਨਿੱਜੀ ਜਗੀਰੂ ਸੈਨਾਵਾਂ, ਅਤੇ ਕਸ਼ਮੀਰ, ਮਨੀਪੁਰ ਸਮੇਤ ਵੱਖ-ਵੱਖ ਰਾਜਾਂ ਵਿਚ ਸਰਕਾਰੀ ਸਰਪ੍ਰਸਤੀ ਨਾਲ ਜੋ 'ਬਲੈਕ ਕੈਟ' ਤਰਜ਼ ਦੇ ਗ਼ੈਰਕਾਨੂੰਨੀ ਗਰੋਹ ਬਣਾਏ ਗਏ, ਹਕੂਮਤੀ ਬਿਰਤਾਂਤ ਉਨ੍ਹਾਂ ਦੀ ਗੱਲ ਨਹੀਂ ਕਰਦੇ। ਪਰ ਜਦੋਂ ਨਕਸਲੀ ਲਹਿਰ ਜਾਂ ਸੱਤਾ ਨੂੰ ਹਥਿਆਰਬੰਦ ਚੁਣੌਤੀ ਦੇਣ ਵਾਲੀ ਅਜਿਹੀ ਕਿਸੇ ਹੋਰ ਲਹਿਰ ਦੀ ਗੱਲ ਕੀਤੀ ਜਾਂਦੀ ਹੈ ਤਾਂ 'ਮੁੱਖਧਾਰਾ' ਦਾ ਹਿੰਸਾ ਅਤੇ ਹਥਿਆਰਾਂ ਬਾਰੇ ਪੈਮਾਨਾ ਬਿਲਕੁਲ ਵੱਖਰਾ ਹੁੰਦਾ ਹੈ। ਸਮਾਜਿਕ ਅਨਿਆਂ ਅਤੇ ਲੁੱਟ-ਖਸੁੱਟ ਤੇ ਘਿਣਾਉਣੇ ਦਾਬੇ ਨੂੰ ਖ਼ਤਮ ਕਰਨ ਦੇ ਨਕਸਲੀ ਲਹਿਰ ਦੇ ਬੁਨਿਆਦੀ ਉਦੇਸ਼ ਦੀ ਗੱਲ ਨਾ ਕਰਕੇ ਸਰਕਾਰਾਂ ਵੱਲੋਂ ਸਿਰਫ਼ ਤੇ ਸਿਰਫ਼ ਉਨ੍ਹਾਂ ਦੇ ਹਥਿਆਰਬੰਦ ਪੱਖ ਨੂੰ ਪ੍ਰਚਾਰਿਆ ਜਾਂਦਾ ਹੈ ਤਾਂ ਜੋ ਉਨ੍ਹਾਂ ਦਾ ਅਕਸ ਲਹੂ ਦੇ ਤਿਹਾਏ ਦਰਿੰਦਾ ਟੋਲੇ ਦਾ ਬਣੇ। ਇਹ ਗੱਲ ਬਹੁਤ ਪ੍ਰਚਾਰੀ ਜਾਂਦੀ ਹੈ ਕਿ ਨਕਸਲੀ ਸੰਵਿਧਾਨ ਨੂੰ ਨਹੀਂ ਮੰਨਦੇ ਅਤੇ ਹਿੰਸਕ ਤਬਦੀਲੀ ਵਿਚ ਵਿਸ਼ਵਾਸ ਰੱਖਦੇ ਹਨ। ਕੀ ਆਰਐੱਸਐੱਸ-ਭਾਜਪਾ ਅਤੇ ਹੋਰ ਹਾਕਮ ਜਮਾਤੀ ਪਾਰਟੀਆਂ ਸੰਵਿਧਾਨ ਅਤੇ ਅਹਿੰਸਾ ਦੀ ਪਾਲਣਾ ਕਰਦੀਆਂ ਹਨ?

ਮੌਜੂਦਾ 'ਆਤਮ-ਸਮਰਪਣ' ਦੇ ਪ੍ਰਸੰਗ 'ਚ ਵੱਡਾ ਸਵਾਲ ਇਹ ਹੈ: ਕੀ ਮੌਜੂਦਾ ਰਾਜ ਪ੍ਰਬੰਧ, ਖ਼ਾਸ ਕਰਕੇ ਅਜੋਕੀ ਭਗਵਾ ਹਕੂਮਤ ਹੇਠ ਮਸਲਿਆਂ ਲਈ ਪੁਰਅਮਨ ਲੋਕ ਸੰਘਰਸ਼ ਦੀ ਕੋਈ ਗੁੰਜਾਇਸ਼ ਹੈ ਜਿਸ ਵੱਲੋਂ ਅਸਹਿਮਤੀ ਨੂੰ ਹੀ ਐਨਾ ਸੰਗੀਨ ਜੁਰਮ ਬਣਾ ਦਿੱਤਾ ਗਿਆ ਹੈ ਕਿ ਯੂਏਪੀਏ, ਐੱਨਐੱਸਏ ਆਦਿ ਲਗਾ ਕੇ ਕਿਸੇ ਵੀ ਸਵਾਲ ਕਰਨ ਵਾਲੀ ਅਸਹਿਮਤ ਆਵਾਜ਼ ਉੱਪਰ ਦੇਸ਼ਧ੍ਰੋਹੀ ਦਾ ਠੱਪਾ ਲਾ ਕੇ ਕਈ-ਕਈ ਸਾਲ ਜੇਲ੍ਹ ਵਿਚ ਸਾੜਨਾ ਆਮ ਗੱਲ ਹੈ?

ਭਾਰਤ ਦੀ ਹੁਕਮਰਾਨ ਜਮਾਤ ਨੇ ਯੂਏਪੀਏ, ਐੱਨਐੱਸਏ ਵਰਗੇ ਬਹੁਤ ਸਾਰੇ ਕਾਲੇ ਕਾਨੂੰਨਾਂ ਰਾਹੀਂ ਐਨੀਆਂ ਵਿਆਪਕ 'ਸੰਵਿਧਾਨਕ' ਤਾਕਤਾਂ ਹਥਿਆ ਰੱਖੀਆਂ ਹਨ ਕਿ ਕਿਸੇ ਵੀ ਪੁਰਅਮਨ ਸੰਘਰਸ਼ ਦੀ ਇਜਾਜ਼ਤ ਦੇਣਾ ਜਾਂ ਨਾ ਦੇਣਾ ਜਾਂ ਗ਼ੈਰਕਾਨੂੰਨੀ-ਕਾਨੂੰਨੀ ਕਰਾਰ ਦੇਣਾ ਪੂਰੀ ਤਰ੍ਹਾਂ ਸਮੇਂ ਦੀ ਸਰਕਾਰ ਦੀ ਮਰਜ਼ੀ 'ਤੇ ਨਿਰਭਰ ਹੈ। ਤੂਤੀਕੋਰੀਨ (ਤਾਮਿਲਨਾਡੂ) ਵਿਚ ਕੌਪਰ ਪਲਾਂਟ ਦੇ ਪ੍ਰਦੂਸ਼ਣ ਵਿਰੁੱਧ ਸੰਘਰਸ਼, ਧਾਰਾ 370 ਨੂੰ ਖ਼ਤਮ ਕਰਨ ਵਿਰੁੱਧ ਕਸ਼ਮੀਰੀਆਂ ਦੇ ਸੰਘਰਸ਼, ਨਾਗਰਿਕਤਾ ਸੋਧ ਕਾਨੂੰਨ ਵਿਰੁੱਧ ਸ਼ਾਹੀਨ ਬਾਗ਼ ਸੰਘਰਸ਼, ਇਤਿਹਾਸਕ ਕਿਸਾਨ ਅੰਦੋਲਨ, ਜਿਨਸੀ ਸ਼ੋਸ਼ਣ ਵਿਰੁੱਧ ਪਹਿਲਵਾਨ ਕੁੜੀਆਂ ਦੇ ਸੰਘਰਸ਼ ਅਤੇ ਹੁਣ ਲਦਾਖ਼ ਦੇ ਸੰਘਰਸ਼ ਨੂੰ ਦਬਾਉਣ ਲਈ ਹਕੂਮਤੀ ਹਿੰਸਾ ਦੀ ਬੇਦਰੇਗ ਵਰਤੋਂ ਦੀਆਂ ਚਰਚਿਤ ਮਿਸਾਲਾਂ ਹਨ ਜੋ ਪੁਰਅਮਨ ਸੰਘਰਸ਼ਾਂ ਲਈ ਜਮਹੂਰੀ ਸਪੇਸ ਥੋਥ ਨੰਗਾ ਕਰਦੀਆਂ ਹਨ। ਜੇ ਨਕਸਲੀ ਲਹਿਰ ਦੀ ਗੱਲ ਕਰਨੀ ਹੋਵੇ ਤਾਂ ਨਕਸਲੀ ਪ੍ਰਭਾਵ ਵਾਲੇ ਸੂਬਿਆਂ ਵਿਚ ਮਜ਼ਦੂਰ, ਕਿਸਾਨ, ਵਿਦਿਆਰਥੀ, ਔਰਤ ਜਥੇਬੰਦੀਆਂ ਅਤੇ ਇੱਥੋਂ ਤੱਕ ਕਿ ਨਾਟਕ-ਸੱਭਿਆਚਾਰਕ ਮੰਡਲੀਆਂ ਵੀ ਦਹਾਕਿਆਂ ਤੋਂ ਪਾਬੰਦੀਸ਼ੁਦਾ ਐਲਾਨੀਆਂ ਹੋਈਆਂ ਹਨ। ਤਾਜ਼ਾ ਮਿਸਾਲ ਬਸਤਰ ਵਿਚ ਆਦਿਵਾਸੀ ਹਿਤਾਂ ਲਈ ਪੁਰਅਮਨ ਸੰਘਰਸ਼ ਕਰਨ ਵਾਲੇ 'ਮੂਲਵਾਸੀ ਬਚਾਓ ਮੰਚ' ਦੀ ਹੈ।

ਆਤਮ-ਸਮਰਪਣ ਦੇ ਘਟਨਾਕ੍ਰਮ ਦਰਮਿਆਨ ਸੱਤਾ ਵੱਲੋਂ ਜਨਤਕ-ਜਮਹੂਰੀ ਹੱਕਾਂ ਉੱਪਰ ਲਾਈ ਕਿਸੇ ਵੀ ਪਾਬੰਦੀ 'ਚ ਮਾਮੂਲੀ ਢਿੱਲ ਦੇਣ ਦੇ ਸਵਾਲ ਨੂੰ ਵਿਚਾਰਿਆ ਤੱਕ ਨਹੀਂ ਗਿਆ। ਰਿਪੋਰਟਾਂ ਅਨੁਸਾਰ ਵੇਣੂਗੋਪਾਲ ਅਤੇ ਉਸਦੇ ਸਾਥੀਆਂ ਨੇ ਆਤਮ-ਸਮਰਪਣ ਕਰਨ ਦੀ ਪ੍ਰਕਿਰਿਆ ਦੌਰਾਨ 10 ਮੰਗਾਂ ਭਾਜਪਾ ਸਰਕਾਰਾਂ ਅੱਗੇ ਰੱਖੀਆਂ। ਤਿੰਨ ਮੁੱਦਿਆਂ ਉੱਪਰ ਵਿਚਾਰ ਕਰਨ ਦਾ ਵਿਸ਼ਵਾਸ ਦਿਵਾਏ ਜਾਣ ਦੀ ਚਰਚਾ ਹੈ: 'ਮੂਲਵਾਸੀ ਬਚਾਓ ਮੰਚ' ਉੱਪਰ ਪਾਬੰਦੀ ਦੀ ਮਿਆਦ ਨਾ ਵਧਾਉਣਾ (ਨਾ ਕਿ ਸਾਰੀਆਂ ਜਨਤਕ ਜਥੇਬੰਦੀਆਂ ਉੱਪਰੋਂ ਪਾਬੰਦੀ ਹਟਾਉਣਾ); ਆਤਮ-ਸਮਰਪਣ ਕਰਨ ਵਾਲਿਆਂ ਨੂੰ ਜ਼ਿਲ੍ਹਾ ਰਿਜ਼ਰਵ ਗਾਰਡ ਵਿਚ ਜਬਰੀ ਭਰਤੀ ਨਾ ਕਰਨਾ; ਅਤੇ ਨਕਸਲੀ ਕੇਸਾਂ 'ਚ ਜੇਲ੍ਹਾਂ 'ਚ ਬੰਦ ਉਨ੍ਹਾਂ ਲੋਕਾਂ ਦੀ ਰਿਹਾਈ ਬਾਰੇ ਵਿਚਾਰ ਕਰਨਾ ਜੋ 'ਮੁੱਖਧਾਰਾ' ਵਿਚ ਵਾਪਸ ਆਉਣਾ ਚਾਹੁੰਦੇ ਹਨ (ਨਾ ਕਿ ਜੇਲ੍ਹਾਂ ਵਿਚ ਡੱਕੇ ਸਾਰੇ ਆਮ ਲੋਕਾਂ ਤੇ ਰਾਜਨੀਤਕ ਕੈਦੀਆਂ ਦੀ ਰਿਹਾਈ ਦੀ ਮੰਗ)। ਇਸ ਸਮੁੱਚੇ ਅਮਲ ਵਿਚ ਆਦਿਵਾਸੀਆਂ ਦੀ ਹੋਂਦ, ਉਨ੍ਹਾਂ ਦੇ ਹਿਤਾਂ ਅਤੇ ਸੁਰੱਖਿਆ ਦਾ ਸਵਾਲ ਬਿਲਕੁਲ ਮਨਫ਼ੀ ਹੈ ਜੋ ਇਸ ਲੜਾਈ ਦਾ ਕੇਂਦਰੀ ਮੁੱਦਾ ਹੈ। ਸੱਤਾਧਾਰੀ ਧਿਰ ਦਾ ਐਲਾਨ ਬਿਲਕੁਲ ਸਪਸ਼ਟ ਹੈ: 'ਲਾਭਦਾਇਕ ਮੁੜ-ਵਸੇਬਾ ਨੀਤੀ' ਦਾ ਲਾਭ ਲੈ ਕੇ ਹਥਿਆਰ ਸੁੱਟੋ, ਆਪਣੀ ਜਾਨ ਬਚਾਓ ਅਤੇ ਪਾਸੇ ਹੋ ਜਾਓ, ਸਰਕਾਰ ਨੂੰ ਬੇਰੋਕ-ਟੋਕ ਕਾਰਪੋਰੇਟ ਸੇਵਾ ਕਰਨ ਦਿਓ।

ਨਿਰਸੰਦੇਹ ਦੰਡਕਾਰਣੀਆ ਖੇਤਰ ਦੀਆਂ ਆਗੂ ਕਮੇਟੀਆਂ ਦੇ ਇਕ ਹਿੱਸੇ ਸਮੇਤ ਲੰਮੇ ਇਨਕਲਾਬੀ ਤਜਰਬੇ ਵਾਲੇ ਪ੍ਰਮੁੱਖ ਆਗੂ ਵੇਣੂਗੋਪਾਲ ਵੱਲੋਂ ਹਥਿਆਰ ਸੁੱਟ ਦੇਣ ਨਾਲ ਮਾਓਵਾਦੀ ਪਾਰਟੀ ਦੀ ਲੜਾਕੂ ਤਾਕਤ ਕਮਜ਼ੋਰ ਹੋ ਗਈ ਹੈ ਜਿਸ ਨੂੰ ਹਕੂਮਤੀ ਤਾਕਤਾਂ ਦੇ ਹਮਲਿਆਂ ਕਾਰਨ ਪਹਿਲਾਂ ਹੀ ਲਗਾਤਾਰ

***(ਬਾਕੀ ਸਫਾ 13 'ਤੇ)***

# ਖਾਲਸਾਈ ਜਾਹੋ-ਜਲਾਲ ਨਾਲ ਸਜਾਇਆ ਨਗਰ ਕੀਰਤਨ

## ਸੈਂਕੜਿਆਂ ਦੀ ਗਿਣਤੀ ਵਿਚ ਪਹੁੰਚੀ ਸੰਗਤ ਨੇ ਕੀਤਾ ਸ਼ਰਧਾ ਦਾ ਪ੍ਰਗਟਾਵਾ; ਗਤਕਾ ਟੀਮਾਂ ਨੇ ਗਤਕੇ ਦੇ ਜੌਹਰ ਵਿਖਾਏ





**ਪੈਲਾਟਾਈਨ:** ਇੱਥੋਂ ਦੇ ਗੁਰਦੁਆਰਾ ਸਿੱਖ ਰਿਲੀਜੀਅਸ ਸੁਸਾਇਟੀ ਵਲੋਂ ਲੰਘੀ ਅਠਾਰਾਂ ਅਕਤੂਬਰ ਨੂੰ ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ਼ ਬਹਾਦਰ ਜੀ ਦੇ 350ਵੇਂ ਸ਼ਹੀਦੀ ਦਿਹਾੜੇ ਅਤੇ ਪਹਿਲੇ ਪਾਤਸ਼ਾਹ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਨਗਰ ਕੀਰਤਨ ਪ੍ਰਧਾਨ ਜੈਰਾਮ ਸਿੰਘ ਕਾਹਲੋਂ ਦੀ ਅਗਵਾਈ ਅਤੇ ਪ੍ਰਬੰਧਕ ਕਮੇਟੀ ਤੇ ਸੰਗਤਾਂ ਦੇ ਸਹਿਯੋਗ ਨਾਲ ਸਜਾਇਆ ਗਿਆ।

ਸਵੇਰ ਤੋਂ ਹੀ ਭਾਵੇਂ ਬੱਦਲਵਾਈ ਸੀ ਤੇ ਇੰਦਰ ਦੇਵਤਾ ਨੇ ਆਪਣਾ ਰੰਗ ਵਿਖਾ ਵੀ ਦਿੱਤਾ ਪਰ ਨਗਰ ਕੀਰਤਨ ਦੇ ਸਮੇਂ ਵਾਹਿਗੁਰੂ ਜੀ ਦੀ ਕਿਰਪਾ ਨਾਲ ਦਿਨ ਨਿਖਰ ਗਿਆ। ਫਿਜ਼ਾ ਵਿਚ ਇਲਾਹੀ ਬਾਣੀ ਦੇ ਕੀਰਤਨ ਦੀਆਂ ਧੁਨਾਂ ਰੂਹਾਨੀ ਰੰਗ ਬਿਖੇਰਨ ਲੱਗੀਆਂ ਤੇ ਨੀਲੇ, ਲਾਲ, ਕੇਸਰੀ ਰੰਗਾਂ ਦੀਆਂ ਦਸਤਾਰਾਂ, ਚੁੰਨੀਆਂ ਅਤੇ ਚਿੱਟੇ, ਪੀਲੇ ਰੁਮਾਲ ਸਿਰਾਂ 'ਤੇ ਬੰਨ੍ਹੀ ਸੰਗਤਾਂ ਨਗਰ ਕੀਰਤਨ ਅਰੰਭ ਹੋਣ ਦੀ ਬੇਸਬਰੀ ਨਾਲ ਉਡੀਕ ਕਰਨ ਲੱਗੀਆਂ। ਮਾਪਿਆਂ ਦੀਆਂ ਉਂਗਲਾਂ ਫੜ ਕੇ ਤੁਰਦੇ ਹੋਏ ਨਿੱਕੇ ਬੱਚਿਆਂ ਦੀਆਂ ਭਵਿੱਖਮੁਖੀ ਨਿਗਾਹਾਂ ਆਪਣੇ ਵਿਰਸੇ ਦੀਆਂ ਤਣੀਆਂ ਫੜਨ ਦੀ ਕੋਸ਼ਿਸ਼ ਕਰਦੀਆਂ ਪ੍ਰਤੀਤ ਹੋ ਰਹੀਆਂ ਸਨ। ਅਨੇਕਾਂ ਤਰ੍ਹਾਂ ਦੇ ਭੋਜਨ ਪਦਾਰਥ ਸੰਗਤਾਂ ਨੂੰ ਛਕਾਏ ਜਾ ਰਹੇ ਸਨ।

ਨਗਰ ਕੀਰਤਨ ਸਵੇਰੇ ਕਰੀਬ 11 ਵਜੇ ਬਹੁਤ ਹੀ ਸੁੰਦਰ ਸਜੀ ਹੋਈ ਪਾਲਕੀ ਵਿਚ ਸੁਸ਼ੋਭਿਤ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਛਤਰ ਛਾਇਆ ਹੇਠ ਗੁਰਦੁਆਰਾ ਸਾਹਿਬ ਤੋਂ ਅਰਦਾਸ ਉਪਰੰਤ ਜੈਕਾਰਿਆਂ ਦੀ ਗੂੰਜ ਵਿਚ ਰਵਾਇਤੀ ਸ਼ਾਨੋ-ਸ਼ੌਕਤ ਅਤੇ ਖਾਲਸਾਈ ਜਾਹੋ-ਜਲਾਲ ਨਾਲ ਅਰੰਭ ਹੋਇਆ। ਸੰਗਤ ਨੇ ਗੁਲਾਬ ਦੇ ਫੁੱਲਾਂ ਦੀ ਵਰਖਾ ਕਰ ਕੇ ਸ਼ਰਧਾ ਦਾ ਪ੍ਰਗਟਾਵਾ ਕੀਤਾ। ਨਗਰ ਕੀਰਤਨ ਦੀ ਅਗਵਾਈ ਰਵਾਇਤੀ ਬਾਣੇ ਅਤੇ ਸ਼ਸਤਰਾਂ ਨਾਲ ਸਜੇ ਪੰਜ ਪਿਆਰੇ ਕਰ ਰਹੇ ਸਨ। ਝਾੜੂਬਰਦਾਰ ਗੁਰੂ ਮਹਾਰਾਜ ਦੀ ਪਾਲਕੀ ਦੇ ਅੱਗੇ-ਅੱਗੇ ਸੜਕ ਸਾਫ ਕਰ ਰਹੇ ਸਨ। ਗੁਰੂ ਮਹਾਰਾਜ ਦੀ ਪਾਲਕੀ ਤੋਂ ਰਾਗੀ ਜਥਿਆਂ ਵਲੋਂ ਕੀਤੇ ਜਾ ਰਹੇ ਸ਼ਬਦ ਕੀਰਤਨ ਦੀਆਂ ਧੁਨਾਂ ਮਾਹੌਲ ਵਿਚ ਇਲਾਹੀ ਰਸ ਘੋਲ ਰਹੀਆਂ ਸਨ। ਜਦੋਂਕਿ ਗਤਕਾ ਖਿਡਾਰੀ ਗਤਕੇ ਦੇ ਜੌਹਰ ਵਿਖਾ ਰਹੇ ਸਨ। ਸੰਗਤ ਵਲੋਂ 'ਸਤਨਾਮ ਵਾਹਿਗੁਰੂ' ਦਾ ਜਾਪ ਵੀ ਲਗਾਤਾਰ ਕੀਤਾ ਜਾ ਰਿਹਾ ਸੀ।

ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਅਤੇ ਕੁਝ ਹੋਰ ਪਤਵੰਤੇ ਗੁਰੂ ਮਹਾਰਾਜ ਦੀ ਪਾਲਕੀ ਦੇ ਨਾਲ ਨਾਲ ਚੱਲ ਰਹੇ ਸਨ। ਪਿਛੇ ਪਿਛੇ ਸੈਂਕੜਿਆਂ ਦੀ ਗਿਣਤੀ ਵਿਚ ਸੰਗਤਾਂ ਚੱਲ ਰਹੀਆਂ ਸਨ, ਜਿਵੇਂ ਰੰਗ ਬਰੰਗੀਆਂ ਦਸਤਾਰਾਂ ਅਤੇ ਦੁਪੱਟਿਆਂ ਦਾ ਹੜ੍ਹ ਆ ਗਿਆ ਹੋਵੇ।

ਨਗਰ ਕੀਰਤਨ ਗੁਰਦੁਆਰਾ ਪੈਲਾਟਾਈਨ ਤੋਂ ਹੁੰਦਾ ਹੋਇਆ ਬਾਹਰ ਵਾਰ ਕੋਈ ਤਿੰਨ ਮੀਲ ਦਾ ਸਫਰ ਤੈਅ ਕਰਕੇ ਬਾਅਦ ਦੁਪਹਿਰ 1 ਵਜੇ ਦੇ ਕਰੀਬ ਵਾਪਸ ਪਰਤਿਆ। ਇਸ ਨਗਰ ਕੀਰਤਨ ਵਿਚ ਸ਼ਿਕਾਗੋਲੈਂਡ ਦੀ ਸੰਗਤ ਤੋਂ ਇਲਾਵਾ ਇੰਡੀਅਨਐਪੋਲਿਸ, ਮਿਲਵਾਕੀ ਆਦਿ ਤੋਂ ਵੀ ਸੰਗਤਾਂ ਹੁੰਮ ਹੁਮਾ ਕੇ ਪੁੱਜੀਆਂ ਹੋਈਆਂ ਸਨ। ਗੁਰਦੁਆਰਾ ਸਾਹਿਬ ਦੇ ਪ੍ਰਧਾਨ ਸ. ਜੈਰਾਮ ਸਿੰਘ ਕਾਹਲੋਂ ਅਤੇ ਸਕੱਤਰ ਸ. ਤਰਲੋਚਨ ਸਿੰਘ ਮੁਲਤਾਨੀ ਨੇ ਸੰਗਤ ਨੂੰ ਗੁਰੂ ਸਾਹਿਬ ਦੀ ਵਿਚਾਰਧਾਰਾ ਅਨੁਸਾਰ ਜੀਵਨ ਜਿਊਣ ਦੀ ਪ੍ਰੇਰਨਾ ਕੀਤੀ। ਗੁਰਦੁਆਰਾ ਸਾਹਿਬ ਦੇ ਪ੍ਰਬੰਧਕ ਅਤੇ ਵਾਲੰਟੀਅਰ ਕਈ ਦਿਨਾਂ ਤੋਂ ਨਗਰ ਕੀਰਤਨ ਦੀ ਤਿਆਰੀ ਵਿਚ ਜੁਟੇ ਹੋਏ ਸਨ। ਗੁਰਦੁਆਰਾ ਸਾਹਿਬ ਵਲੋਂ ਤਿਆਰ ਕੀਤਾ ਖੂਬਸੂਰਤ ਫੁੱਲਾਂ ਨਾਲ ਸਜਾਇਆ ਫਲੋਟ ਸਭ ਦਾ ਧਿਆਨ ਖਿੱਚ ਰਿਹਾ ਸੀ। ਫਲੋਟ 'ਤੇ ਪੀਲੇ ਅਤੇ ਨੀਲੇ ਰੰਗ ਦੇ ਲਗਾਤਾਰ ਝੂਲ ਰਹੇ ਝੰਡੇ ਸਿੱਖ ਪੰਥ ਦੀ ਚੜ੍ਹਦੀਕਲਾ ਦੀ ਗਵਾਹੀ ਭਰ ਰਹੇ ਸਨ। ਇਸ ਦੌਰਾਨ ਗੋਰੇ ਆਪਣੇ ਘਰਾਂ ਵਿਚੋਂ ਬਾਹਰ ਨਿਕਲ ਕੇ ਇਸ ਸਾਰੇ ਦ੍ਰਿਸ਼ ਨੂੰ ਆਪਣੇ ਫੋਨਾਂ ਵਿਚ ਕੈਦ ਕਰ ਰਹੇ ਸਨ।

ਗੁਰੂਘਰ ਵਲੋਂ ਪੰਜਾਂ ਪਿਆਰਿਆਂ ਤੇ ਨਿਸ਼ਾਨਚੀ ਦੀ ਸੇਵਾ ਨਿਭਾ ਰਹੇ ਸਿੰਘਾਂ ਨੂੰ ਸਿਰੋਪਾ ਦੇ ਕੇ ਸਨਮਾਨਤ ਕੀਤਾ ਗਿਆ। ਪਾਲਕੀ ਬਣਾਉਣ ਦੀ ਸੇਵਾ ਮਨਜੀਤ ਸਿੰਘ ਮਟਰੋਲਾ ਵਾਲਿਆਂ ਨੇ ਕੀਤੀ ਅਤੇ ਲੰਗਰ ਦੀ ਸੇਵਾ ਸੰਗਤਾਂ ਨੇ ਰਲ-ਮਿਲ ਕੇ ਕੀਤੀ। ਇਕ ਜਿਪਸੀ ਪਿੱਛੇ ਲਾਏ ਟਰਾਲੀਨੁਮਾ ਵਾਹਨ ਵਿਚ ਬਜ਼ੁਰਗ ਤੇ ਛੋਟੇ ਬੱਚੇ ਬੈਠੇ ਹੋਏ ਸਨ, ਇਹ ਦ੍ਰਿਸ਼ ਪੰਜਾਬ ਦੇ ਨਗਰ ਕੀਰਤਨਾਂ ਦੀ ਯਾਦ ਤਾਜ਼ਾ ਕਰਵਾ ਰਿਹਾ ਸੀ। ਨੀਲੇ-ਪੀਲੇ ਰੰਗ ਦੀਆਂ ਚੁੰਨੀਆਂ ਤੇ ਦਸਤਾਰਾਂ ਨਗਰ ਕੀਰਤਨ ਦੀ ਸ਼ਾਨ ਵਧਾ ਰਹੀਆਂ ਸਨ। ਗੁਰਦੁਆਰਾ ਸਾਹਿਬ ਵਿਖੇ ਸੰਗਤ ਲਈ ਲੰਗਰ ਤੇ ਚਾਹ ਪਾਣੀ ਦਾ ਵੀ ਖਾਸ ਪ੍ਰਬੰਧ ਕੀਤਾ ਗਿਆ ਸੀ। ਨਗਰ ਕੀਰਤਨ ਦੇ ਰਸਤੇ ਵਿਚ ਸ. ਕੁਲਦੀਪ ਸਿੰਘ ਦਿਓਲ ਤੇ ਪਰਿਵਾਰ ਨੇ ਜੂਸ, ਪਾਣੀ, ਬੱਚਿਆਂ ਲਈ ਕੈਂਡੀ ਦੇ ਲੰਗਰ ਲਾਏ ਹੋਏ ਸਨ। ਸੰਗਤ ਡਸਿਪਲਿਨ ਵਿਚ ਰਹਿ ਕੇ ਨਗਰ ਕੀਰਤਨ ਵਿਚ ਹਿੱਸਾ ਲੈ ਰਹੀ ਸੀ।

ਨਗਰ ਕੀਰਤਨ ਦੇ ਨਾਲ ਨਾਲ ਗੱਤਕਾ ਟੀਮਾਂ ਗੱਤਕੇ ਦੇ ਜੌਹਰ ਦਿਖਾ ਰਹੀਆਂ ਸਨ। ਨਗਰ ਕੀਰਤਨ ਦੇ ਵਾਪਸ ਗੁਰਦੁਆਰਾ ਸਾਹਿਬ ਪਹੁੰਚਣ 'ਤੇ ਗੱਤਕਾ ਟੀਮਾਂ ਨੇ ਜੋਸ਼ੀਲੀਆਂ ਵਾਰਾਂ ਨਾਲ ਗੱਤਕਾ ਖੇਡ ਕੇ ਸੰਗਤ ਵਿਚ ਵੀ ਜੋਸ਼ ਭਰ ਦਿੱਤਾ। 'ਬੋਲੇ ਸੋ ਨਿਹਾਲ ਸਤਿ ਸ੍ਰੀ ਅਕਾਲ' ਦੇ ਜੈਕਾਰੇ ਲਗਾਤਾਰ ਗੂੰਜਦੇ ਰਹੇ। ਮਗਰੋਂ ਦੀਵਾਨ ਹਾਲ ਵਿਚ ਅਰਦਾਸ ਤੇ ਹੁਕਮਨਾਮੇ ਨਾਲ ਨਗਰ ਕੀਰਤਨ ਸਮਾਪਤ ਹੋਇਆ। ਸਾਰੇ ਪ੍ਰੋਗਰਾਮ ਦੀ ਵੀਡੀਓਗ੍ਰਾਫੀ ਅਤੇ ਤਸਵੀਰਾਂ ਖਿੱਚਣ ਦੀ ਸੇਵਾ ਸੁਰੇਸ਼ ਬੋਦੀਵਾਲਾ ਨੇ ਨਿਭਾਈ। ਇਸ ਸਾਰੇ ਪ੍ਰੋਗਰਾਮ ਦੌਰਾਨ ਪੁਲਿਸ ਵੀ ਮੁਸਤੈਦ ਰਹੀ। ਸ਼ੈਰਿਫ ਬਾਖੂਬੀ ਆਪਣੀ ਡਿਊਟੀ ਨਿਭਾ ਰਹੇ ਸਨ।















### ਸੰਗਤਾਂ ਦੀ ਖਿੱਚ ਦਾ ਕੇਂਦਰ ਬਣੀ 'ਚੰਡੀ'

ਨਗਰ ਕੀਰਤਨ ਵਿਚ ਚੰਡੀ ਨਾਂ ਦੀ ਸੁੰਦਰ ਘੋੜੀ ਵੀ ਸ਼ਾਮਲ ਸੀ। ਇਹ ਘੋੜੀ ਡੇਰਾ ਮਿਸਲ ਸ਼ਿਕਾਗੋ ਦੇ ਬੱਚਿਆਂ ਵੱਲੋਂ ਕੀਤੀ ਗਈ ਘੋੜ ਸਵਾਰੀ ਦਾ ਖਾਸ ਹਿੱਸਾ ਬਣੀ। ਬੱਚਿਆਂ ਨੇ ਪੂਰੇ ਸ਼ਰਧਾ ਤੇ ਖੁਸ਼ੀ ਨਾਲ ਘੋੜ ਸਵਾਰੀ ਕੀਤੀ ਅਤੇ ਸੰਗਤਾਂ ਨੇ ਵੀ ਬੜੇ ਚਾਉ ਨਾਲ ਇਹਦੇ ਦਰਸ਼ਨ ਕੀਤੇ। ਚੰਡੀ ਘੋੜੀ ਸੰਗਤਾਂ ਲਈ ਖੁਸ਼ੀ ਤੇ ਪ੍ਰੇਰਨਾ ਦਾ ਪ੍ਰਤੀਕ ਬਣੀ।




ਤਸਵੀਰਾਂ: ਏਸ਼ੀਅਨ ਮੀਡੀਆ ਯੂ.ਐੱਸ.ਏ.

### ਹਰ ਆਂਖ ਜਾਗਤੀ ਹੈ, ਬੋਲਤਾ ਕੋਈ ਭੀ ਨਹੀਂ।

# ਪੰਡੋਰਾ ਬਾਕਸ ਖੁੱਲ੍ਹ ਗਿਆ ਹੈ, ਪਰ ਹਰ ਕੋਈ ਖਾਮੋਸ਼ ਹੈ

ਓਧਰ ਪੰਡੋਰਾ ਬਾਕਸ ਖੁੱਲ੍ਹ ਗਿਆ ਹੈ ਤੇ ਤੁਸੀਂ ਚੁੱਪ ਕਰਕੇ ਬੈਠੇ ਹੋ। ਬਿਲਕੁਲ ਭੁਨ-ਵੱਟਾ ਬਣੇ ਲੱਗਦੇ ਹੋ। ਜਿਹੜੇ ਕੁਝ ਬੋਲਦੇ ਵੀ ਹਨ ਉਨ੍ਹਾਂ ਦੀਆਂ ਲਿਖਤਾਂ, ਗੱਲਾਂ ਤੇ ਬੋਲਾਂ ਵਿਚ ਜ਼ਿੰਦਗੀ ਦੀ ਧੜਕਣ ਨਹੀਂ, ਇੱਕ ਖਾਮੋਸ਼ ਬਗ਼ਾਵਤ ਵੀ ਨਹੀਂ, ਗੁੱਸੇ ਤੇ ਰੋਸ ਵਿਚ ਦਿਸ਼ਾ ਵੀ ਨਹੀਂ। ਉਹ ਢਿੱਡ ਵਾਲੀ ਗੱਲ ਅਜੇ ਢਿੱਡ ਵਿਚ ਹੀ ਰੱਖ ਰਹੇ ਹਨ।

ਹਾਲ ਦੀ ਘੜੀ ਇਹ ਸਪਸ਼ਟ ਨਹੀਂ ਹੋਇਆ ਕਿ ਪੰਡੋਰਾ ਬਾਕਸ ਸੀ.ਬੀ.ਆਈ. ਨੇ ਖੋਲ੍ਹਿਆ ਹੈ, ਜਾਂ ਭਾਜਪਾ ਨੇ ਅਤੇ ਜਾਂ ਫਿਰ ਡੀ.ਆਈ.ਜੀ. ਭੁੱਲਰ ਸਾਹਿਬ ਨੇ ਅਤੇ ਜਾਂ ਸਕਰੈਪ ਡੀਲਰ ਕ੍ਰਿਸ਼ਨੂ ਨੇ।



ਪਹਿਲਾਂ ਪੰਡੋਰਾ ਬਾਕਸ ਦੀ ਕਹਾਣੀ ਸੁਣ ਲਓ ਜਿਸ ਦੇ ਹੁਣ ਵਨ-

**ਕਰਮਜੀਤ ਸਿੰਘ ਚੰਡੀਗੜ੍ਹ**
**ਫੋਨ: 99150-91063**

ਸੁਵੰਨੇ ਅਰਥ ਮਿਲਦੇ ਹਨ। ਯੂਨਾਨ ਦੀ ਪਰੀ ਕਹਾਣੀਆਂ ਵਰਗੀ ਕਹਾਣੀ ਹੈ ਜਿੱਥੇ ਦੇਵਤਿਆਂ ਦੇ ਸਮਰਾਟ ਜ਼ੀਸਸ ਨੇ ਪਹਿਲਾਂ ਇੱਕ ਸੁੰਦਰ ਮੁਟਿਆਰ ਪੰਡੋਰਾ ਪੈਦਾ ਕੀਤੀ ਤੇ ਫਿਰ ਉਸਨੂੰ ਵਿਆਹ ਦਾ ਇੱਕ ਤੋਹਫਾ ਦਿੱਤਾ, ਪਰ ਨਾਲ ਹੀ ਖ਼ਬਰਦਾਰ ਕੀਤਾ ਕਿ ਇਸ ਨੂੰ ਖੋਲ੍ਹਣਾ ਨਹੀਂ। ਵੈਸੇ ਇਸ ਤੋਹਫੇ ਨੂੰ 'ਸੁੰਦਰ ਧੋਖਾ' ਵੀ ਕਹਿੰਦੇ ਹਨ, ਜਿੱਥੇ ਦੋ ਵਿਰੋਧਤਾਈਆਂ ਦਾ ਮਿਲਣ ਹੁੰਦਾ ਹੈ। ਮਿਸਾਲ ਵਜੋਂ ਗੁਰਬਖਸ਼ ਸਿੰਘ ਪ੍ਰੀਤ ਲੜੀ ਦੀ ਰਚਨਾ 'ਅਣਵਿਆਹੀ ਮਾਂ' ਜਾਂ ਨਾਨਕ ਸਿੰਘ ਦਾ ਨਾਵਲ 'ਚਿੱਟਾ ਲਹੂ'।

ਪੰਡੋਰਾ ਦੇ ਅੰਦਰ ਜਗਿਆਸਾ ਤੂਫਾਨ ਬਣ ਕੇ ਸਾਹਮਣੇ ਆਣ ਖਲੋਤੀ ਕਿ ਆਖਰਕਾਰ ਦੇਖਾਂ ਤਾਂ ਸਹੀ ਪਈ ਇਸ ਬਾਕਸ ਦੇ ਅੰਦਰ ਹੈ ਕੀ! ਉਹ ਵਿਚਾਰੀ ਆਪਣੇ-ਆਪ 'ਤੇ ਕਾਬੂ ਨਾ ਕਰ ਸਕੀ ਤੇ ਉਸਨੇ ਬਾਕਸ ਦਾ ਢੱਕਣ ਖੋਲ੍ਹ ਦਿੱਤਾ। ਜਿਉਂ ਹੀ ਉਸਨੇ ਬਾਕਸ ਖੋਲ੍ਹਿਆ ਤਾਂ ਧਰਤੀ ਦੀਆਂ ਸਾਰੀਆਂ ਬੁਰਾਈਆਂ, ਪਾਪ, ਬਿਮਾਰੀਆਂ, ਦੁੱਖ, ਤਕਲੀਫਾਂ, ਮੁਸੀਬਤਾਂ, ਪਰੇਸ਼ਾਨੀਆਂ, ਧੋਖੇ, ਨਫਰਤਾਂ, ਈਰਖਾ, ਸਾੜਾ, ਪੱਖਪਾਤ, ਸਮੱਸਿਆਵਾਂ, ਉਲਝਣਾਂ ਅਤੇ ਮਕਾਰੀਆਂ ਦੇ ਕਾਲੇ ਬੱਦਲਾਂ ਅਸਮਾਨ ਨੂੰ ਘੇਰਾ ਪਾ ਲਿਆ। ਪੰਡੋਰਾ ਘਬਰਾ ਗਈ ਕਿ ਮੈਂ ਇਹ ਕੀ ਕਰ ਬੈਠੀ। ਉਸਨੇ ਝਟਪਟ ਬਾਕਸ ਨੂੰ ਬੰਦ ਕਰ ਦਿੱਤਾ, ਜਿਸ ਦਾ ਮਤਲਬ ਇਹ ਕੱਢਿਆ ਗਿਆ ਹੈ ਕਿ ਜੇ ਹੁਣ ਕੁਝ ਬਚਿਆ ਵੀ ਹੈ ਤਾਂ ਇਹ ਕੇਵਲ ਉਮੀਦ ਹੀ ਹੈ।

ਅੱਜ ਕੱਲ ਪੰਡੋਰਾ ਬਾਕਸ ਨੂੰ ਨੈਤਿਕ ਅਰਥਾਂ ਵਿਚ ਵੀ ਲਿਆ ਜਾਂਦਾ ਹੈ ਇਸ ਦੇ ਕਈ ਸਬਕ ਮਿਲਦੇ ਹਨ, ਜਿੱਥੇ ਕਈ ਵਾਰ ਇਕੋ ਘਟਨਾ ਹਜ਼ਾਰਾਂ ਲੋਕਾਂ ਨੂੰ ਧੁੜਕੂ ਲਾ ਦਿੰਦੀ ਹੈ। ਜਿਵੇਂ ਡੀ.ਆਈ.ਜੀ. ਭੁੱਲਰ ਦਾ ਪੰਡੋਰਾ ਬਾਕਸ ਜਿਵੇਂ ਖੁੱਲ੍ਹਿਆ ਤਾਂ ਹੁਣ ਉਹ ਸਾਰੇ ਡੀ.ਐਸ.ਪੀ., ਥਾਣੇਦਾਰ, ਵੱਡੇ ਵੱਡੇ ਅਫਸਰ, ਤਹਿਸੀਲਦਾਰ ਤੇ ਇਥੋਂ ਤੱਕ ਪਟਵਾਰੀਆਂ ਨੂੰ ਵੀ ਇਹ ਡਰ ਖਾ ਰਿਹਾ ਹੈ ਕਿ ਸਾਡੀ ਵਾਰੀ ਆਈ ਕਿ ਆਈ। ਸੀ.ਬੀ.ਆਈ. ਨੇ ਕਿੰਨੇ ਸਾਰੇ ਡੀ.ਐਸ.ਪੀ. ਸੱਦ ਵੀ ਲਏ ਹਨ ਜਿਨ੍ਹਾਂ ਤੋਂ ਪਤਾ ਲੱਗੇਗਾ ਕਿ ਕਿੰਨਿਆਂ ਲੋਕਾਂ ਨੇ ਕਿੰਨੀਆਂ ਜਾਇਦਾਦਾਂ ਖੜੀਆਂ ਕੀਤੀਆਂ, ਵੱਡੇ ਵੱਡੇ ਘਰ ਬਣਾਏ। ਇਹ ਵੀ ਕਿਹਾ ਜਾਂਦਾ ਹੈ ਕਿ ਪੰਜਾਬ ਵਿਚ ਕਈ ਮੈਰਿਜ ਪੈਲਸ ਪੁਲਿਸ ਅਫਸਰਾਂ ਦੇ ਹਨ ਜਿਨ੍ਹਾਂ ਨੇ ਜੁਝਾਰੂ ਲਹਿਰ ਦੌਰਾਨ ਲੁੱਟ ਦੇ ਮਾਲ ਉਤੇ ਕਈ ਹੋਟਲ ਖੜ੍ਹੇ ਕੀਤੇ ਤੇ ਕਈਆਂ ਨੇ ਬਾਹਰ ਬੈਂਕਾਂ ਵਿਚ ਇਹ ਪੈਸੇ ਜਮ੍ਹਾਂ ਕਰਵਾਏ। ਈ.ਡੀ. ਦੇ ਇੱਕ ਸਾਬਕਾ ਤੇ ਇਮਾਨਦਾਰ ਡਾਇਰੈਕਟਰ ਨਿਰੰਜਨ ਸਿੰਘ ਨੇ ਹਾਲ ਵਿਚ ਹੀ ਇੱਕ ਇੰਟਰਵਿਊ ਵਿਚ ਦੱਸਿਆ ਕਿ ਭੁੱਲਰ ਸਾਹਿਬ ਦਾ ਪੰਡੋਰਾ ਬਾਕਸ ਖੁੱਲ੍ਹਣ ਪਿੱਛੋਂ ਸੱਚ-ਮੁੱਚ ਹੋਰ ਕਈਆਂ ਨੂੰ ਧੁੜਕੂ ਲੱਗ ਸਕਦਾ ਹੈ। ਪਿਛਲੇ ਦਿਨਾਂ ਤੋਂ ਪੰਜਾਬ ਸਕੱਤਰੇਤ ਵਿਚ ਛਾਈ ਇੱਕ ਡਰਾਉਣੀ ਚੁੱਪ ਵਿਚੋਂ ਕਿੰਨਾ ਕੁਝ ਸੁਣਿਆ ਜਾ ਸਕਦਾ ਹੈ। ਪਰ ਸੁਣਨ ਵਾਲੇ ਉਹੋ ਜਿਹੇ ਕੰਨ ਵੀ ਸਾਰਿਆਂ ਕੋਲ ਤਾਂ ਨਹੀਂ ਹੁੰਦੇ। ਉਂਝ ਪੰਡੋਰਾ ਬਾਕਸ ਦੇ ਰਾਜਨੀਤਕ ਅਰਥ ਵੀ ਲਏ ਜਾਂਦੇ ਹਨ ਜਿਵੇਂ ਟਰੰਪ ਨੇ ਪੰਡੋਰਾ ਬਾਕਸ ਜਿਵੇਂ ਖੋਲ੍ਹਿਆ ਹੈ, ਉਸ ਨਾਲ ਸਾਰੇ ਵਪਾਰਕ ਹਲਕਿਆਂ ਵਿਚ ਹਲਚਲ ਮੱਚ ਗਈ ਹੈ।

ਪੰਡੋਰਾ ਬਾਕਸ ਦਾ ਇੱਕ ਤਰਜਮਾ 'ਭਾਨੂਮਤੀ ਕਾ ਪਿਟਾਰਾ' ਵੀ ਕੀਤਾ ਜਾਂਦਾ ਹੈ। ਭਾਨੂਮਤੀ ਮਹਾਂਭਾਰਤ ਦੇ ਯੋਧੇ ਦੁਰਯੋਧਨ ਦੀ ਪਤਨੀ ਸੀ ਪਰ ਮਹਾਂਭਾਰਤ ਦੀ ਜੰਗ ਖਤਮ ਹੋਣ ਪਿੱਛੋਂ ਭਾਨੂਮਤੀ ਨੇ ਸੋਚਿਆ, ਪਈ ਮੇਰੇ ਕੁਨਬੇ ਦਾ ਹੋਰ ਕਿਤੇ ਖ਼ੂਨ ਖਰਾਬਾ ਨਾ ਹੋਵੇ, ਇਸ ਲਈ ਉਸਨੇ ਸਿਆਣਪ ਕੀਤੀ ਅਤੇ ਆਪਣੇ ਕੁਨਬੇ ਨੂੰ ਬਚਾਉਣ ਲਈ ਪਾਂਡਵ ਅਰਜਨ ਨਾਲ ਵਿਆਹ ਕਰ ਲਿਆ, ਉਥੋਂ ਇਹ ਕਹਾਵਤ ਚਲੀ ਕਿ 'ਕਹੀਂ ਕੀ ਈਟ ਕਹੀਂ ਕਾ ਰੋੜਾ, ਭਾਨੂਮਤੀ ਕਾ ਪਟੋਰਾ'। ਯਾਨੀ ਇੱਕ ਦੂਜੇ ਦੇ ਉਲਟ ਦੇ ਵਿਚਾਰਧਾਰਾਵਾਂ ਦਾ ਮਿਲਾਪ ਕਰਾਉਣ ਵਿਚ ਕਾਮਯਾਬੀ ਹਾਸਲ ਕਰਨੀ। ਕਈ ਰਾਜਨੀਤਕ ਪਾਰਟੀਆਂ ਦੇ ਸੰਗਠਨ ਨੂੰ ਵੀ ਖਿਚੜੀ ਯੂਨੀਅਨ ਕਿਹਾ ਜਾਂਦਾ ਹੈ, ਪਰ ਫਿਰ ਵੀ ਪੰਡੋਰਾ ਬਾਕਸ ਦੇ ਅਰਥ ਇਸ ਨਾਲੋਂ ਵੱਖਰੇ ਹਨ।

ਸੱਤਾ ਦੇ ਬਰਾਂਡਿਆਂ ਵਿਚ ਆਮ ਆਦਮੀ ਪਾਰਟੀ ਦੇ ਤਮਾਮ ਆਗੂ ਬੌਂਦਲੇ ਹੋਏ ਨਜ਼ਰ ਆਉਂਦੇ ਹਨ, ਇਹ ਸਤਰਾਂ ਲਿਖਣ ਤਕ ਨਾ ਤਾਂ ਕੇਜਰੀਵਾਲ ਬੋਲਿਆ, ਨਾ ਹੀ ਲਤੀਫੇ ਘੜਨ ਦੇ ਬਾਦਸ਼ਾਹ ਭਗਵੰਤ ਮਾਨ ਜੀ ਨੂੰ ਕੁਝ ਸਮਝ ਆ ਰਹੀ ਹੈ, ਕਿ ਹੁਣ ਕਿਹੜੇ ਲਤੀਫੇ ਨਾਲ ਸੰਗਤਾਂ ਨੂੰ ਤਸੱਲੀਆਂ ਦੇਣ, ਤਰਨਤਾਰਨ ਹਲਕੇ ਵਿਚ ਕਿਹੜਾ ਮੂੰਹ ਲੈ ਕੇ ਜਾਣ, ਸਸੋਦੀਏ ਦਾ ਘੜੀ ਮੁੜੀ ਬੋਰ ਕਰਦਾ 'ਜ਼ੀਰੋ ਟਾਲਰੈਂਸ ਇਨਕਲਾਬ' ਦਾ ਨਾਅਰਾ ਵੀ ਨਹੀਂ ਗੂੰਜ ਰਿਹਾ। ਵਿਧਾਨ ਸਭਾ ਵਿਚ ਗਰਜ ਕੇ ਆਪਣੀ ਆਵਾਜ਼ ਬੁਲੰਦ ਕਰਨ ਵਾਲਾ ਬਾਜਵਾ ਵੀ ਨਹੀਂ ਬੋਲ ਰਿਹਾ ਤੇ ਨਾ ਹੀ ਉਸ ਨੂੰ ਜਵਾਬ ਦੇਣ ਵਾਲਾ ਚੀਮਾ ਬੋਲ ਰਿਹਾ ਹੈ ਜੋ ਅਕਸਰ ਇਹ ਧਮਕੀਆਂ ਦਿੰਦਾ ਕਿ ਠੋਕ ਕੇ ਰੱਖ ਦੇਵਾਂਗੇ। ਸਿਰਫ ਸੁਖਪਾਲ ਖਹਿਰਾ ਹੀ ਜੁਗਨੂੰ



ਵਾਂਗ ਰੋਸ਼ਨੀ ਦੇ ਰਿਹਾ ਹੈ। ਆਮ ਆਦਮੀ ਪਾਰਟੀ ਦਾ ਤਾਂ ਛੱਡੋ, ਸਗੋਂ ਸਾਰੀਆਂ ਪਾਰਟੀਆਂ ਵਿਚ ਵੀ ਇਸ ਘਟਨਾ ਨਾਲ ਇੱਕ ਤਰ੍ਹਾਂ ਨਾਲ ਸੱਪ ਸੁੰਘ ਗਿਆ ਹੈ। ਹਰ ਇੱਕ ਨੂੰ ਲੱਗ ਰਿਹਾ ਹੈ ਕਿ ਪਤਾ ਨਹੀਂ ਸਾਡੀ ਵਾਰੀ ਕਦੋਂ ਆ ਜਾਣੀ ਹੈ। ਇਸ ਲਈ ਸਾਰਿਆਂ ਦੀ ਸਾਂਝੀ ਅਰਦਾਸ ਹੈ ਕਿ ਇਹ ਤੂਫਾਨ ਬਿਨਾਂ ਕੋਈ ਨੁਕਸਾਨ ਪਹੁੰਚਾਏ ਚੁੱਪ-ਚੁਪੀਤਾ ਲੰਘ ਜਾਵੇ। ਪਰ ਪਾਠਕੋ, ਜੇ ਭਾਜਪਾ ਨੂੰ ਲੱਗਿਆ ਕਿ ਇਹ ਤੂਫਾਨ ਤਾਂ ਉਨ੍ਹਾਂ ਨੂੰ ਵੀ ਇੱਕ ਦਿਨ ਲਪੇਟ ਵਿਚ ਲੈ ਸਕਦਾ ਹੈ ਤਾਂ ਉਨ੍ਹਾਂ ਨੇ ਪੰਡੋਰਾ ਬਾਕਸ ਦਾ ਢੱਕਣ ਤੁਰੰਤ ਬੰਦ ਕਰ ਦੇਣਾ ਹੈ ਅਤੇ ਫਿਰ ਡੀ.ਆਈ.ਜੀ. ਭੁੱਲਰ ਸਾਹਿਬ ਦੀ ਜ਼ਮਾਨਤ ਦੇ ਸਾਰੇ ਰਸਤੇ ਵੀ ਪੱਧਰੇ ਹੋ ਜਾਣਗੇ। ਸੁਘੜ-ਸਿਆਣੇ ਐਸੀ ਭਵਿੱਖਬਾਣੀ ਕਰ ਵੀ ਰਹੇ ਹਨ।

ਵੈਸੇ ਤਾਜ਼ਾ ਹਾਲਾਤ ਇਹ ਹੈ ਕਿ:

ਹਰ ਆਂਖ ਜਾਗਤੀ ਹੈ ਪਰ ਬੋਲਤਾ ਕੋਈ ਭੀ ਨਹੀਂ।

ਸੌਂ ਰਹੇ ਹਨ ਸਭ ਲੋਗ, ਦਰਵਾਜ਼ਾ ਖੁੱਲਾ ਕੋਈ ਭੀ ਨਹੀਂ।

ਕਾਂਗਰਸੀ ਤੇ ਅਕਾਲੀ ਦਲ ਦੇ ਵੱਡੇ ਲੀਡਰ ਕਿਉਂ ਨਹੀਂ ਬੋਲਦੇ ਖੁੱਲ੍ਹ ਕੇ ਹੁਣ! ਕਿਉਂਕਿ ਇਹ ਦੋਵਾਂ ਦਾ ਚਹੇਤਾ ਰਹਿਆ! ਕਾਂਗਰਸ ਵੱਲੋਂ ਸੁਖਪਾਲ ਸਿੰਘ ਖਹਿਰਾ ਤੇ ਬਾਦਲ ਦਲ ਵੱਲੋਂ ਬੰਟੀ ਰੋਮਾਣਾ ਥੋੜ੍ਹਾ ਜਿਹਾ ਬੋਲੇ ਨੇ! ਬਾਕੀ ਸਭ ਨੇ ਚੁੱਪ ਧਾਰੀ ਹੋਈ ਹੈ। ਕਾਂਗਰਸ ਇਸ ਕਰਕੇ ਨਹੀਂ ਬੋਲਦੀ ਕਿ ਡੀ.ਆਈ.ਜੀ. ਹਰਚਰਨ ਸਿੰਘ ਭੁੱਲਰ ਦਾ ਭਰਾ ਕੁਲਦੀਪ ਭੁੱਲਰ ਕਾਂਗਰਸ ਦਾ ਐਮ.ਐਲ.ਏ. ਰਿਹਾ ਹੈ! ਮੌਜਾਂ ਮਾਣੀਆਂ ਖ਼ੂਬ! ਪਿਆਰ ਤਾਂ ਹੁੰਦਾ ਹੀ ਹੈ ਕਿਸ ਤਰ੍ਹਾਂ ਬੋਲਣ! ਹਰਚਰਨ ਸਿੰਘ ਖ਼ੁਦ ਪਟਿਆਲਾ ਦਾ ਐਸ.ਐਸ.ਪੀ. ਰਿਹਾ ਕਾਂਗਰਸ ਵੇਲੇ, ਮੌਜਾਂ ਮਾਣੀਆਂ! ਸੋ ਨਹੀਂ ਬੋਲ ਸਕਦੇ!

ਬਾਦਲ ਦਲ ਦਾ ਇਹ ਖ਼ਾਸ ਚਹੇਤਾ ਰਿਹਾ! ਸਾਬਕਾ ਡੀ.ਜੀ.ਪੀ. ਮਹਿਲ ਸਿੰਘ ਭੁੱਲਰ ਇਨ੍ਹਾਂ ਦੇ ਪਿਤਾ ਨਾਲ ਸਾਂਝ ਰਹੀ ਹੈ ਸਾਰਿਆਂ ਲੀਡਰਾਂ ਦੀ, ਪਰਿਵਾਰਾਂ ਦੀ ਸਾਂਝ ਰਹੀ ਹੈ! ਨਹੀਂ ਬੋਲ ਸਕਦੇ! ਰਾਜਨੀਤਿਕ ਪਾਰਟੀਆਂ ਬਿਊਰੋਕਰੀਏਟਸ ਦੇ ਹੈਂਡ ਸ਼ੇਕ ਹੁੰਦੀਆਂ! ਹੱਥ ਮਿਲੇ ਹੁੰਦੇ ਹਨ, ਉਨ੍ਹਾਂ ਦੀਆਂ ਮਜ਼ਬੂਰੀਆਂ ਹੁੰਦੀਆਂ! ਕਈ ਜਾਇਜ਼-ਨਾਜਾਇਜ਼ ਕੰਮ ਕਰਾਉਣੇ ਹੁੰਦੇ ਹਨ!

ਕਿਸੇ ਨੂੰ ਦਬਕੇ ਮਰਵਾਉਣੇ, ਕਿਸੇ ਨੂੰ ਪਟੇ ਮਰਵਾਉਣੇ, ਕਿਸੇ ਦੀਆਂ ਲੱਤਾਂ ਤੁੜਾਉਣੀਆਂ! ਐਵੇਂ ਥੋੜ੍ਹੀ ਸਰਕਾਰਾਂ, ਹਕੂਮਤਾਂ ਚੱਲਦੀਆਂ!

ਸੁਖਬੀਰ ਸਿੰਘ ਬਾਦਲ ਦੇ ਰਾਜ ਵਿਚ ਵੀ ਇਹ ਚੰਗੀਆਂ ਪ੍ਰਮੋਸ਼ਨਾਂ, ਚੰਗੀਆਂ ਪੋਸਟਾਂ ਤੇ ਰਿਹਾ ਹੈ! ਚੰਗੀਆਂ ਜਗ੍ਹਾ ਤੇ ਤੈਨਾਤ ਰਿਹਾ ਹੈ! ਬਰਨਾਲਾ ਤੇ ਸੰਗਰੂਰ ਐਸ.ਐਸ.ਪੀ. ਰਿਹਾ! ਕਹਿੰਦੇ ਚਿੜ੍ਹੀ ਨਹੀਂ ਸੀ ਫੜਕਣ ਦਿੰਦਾ!

ਉਦੋਂ ਚੰਡਿਆਂ ਤੇ ਬਾਦਲਾਂ ਦਾ ਖ਼ਾਸ ਰਿਹਾ ਇਹ! ਸੋ ਕਿਸ ਤਰ੍ਹਾਂ ਕਹਿ ਸਕਦੇ ਕਿ ਉਹ ਬੋਲਣਗੇ! ਆਪ ਹੀ ਕਈ ਜਗ੍ਹਾ ਤੈਨਾਤ ਕੀਤਾ! ਜਾਇਜ਼-ਨਾਜਾਇਜ਼ ਕੰਮ ਕਰਾਏ ਹੋਣੇ! ਜੇ ਬੋਲਣਗੇ ਲੋਕਾਂ ਕਹਿਣਾ ਤੁਸੀਂ ਆਪ ਤੇ ਤੈਨਾਤ ਕਰਦੇ ਰਹੇ ਹੋ!

ਹੁਣ ਆਮ ਆਦਮੀ ਪਾਰਟੀ ਵੇਲੇ ਵੀ ਅੱਖਾਂ ਦਾ ਤਾਰਾ ਬਣਿਆ ਹੋਇਆ ਸੀ! ਲਿਆਉ ਜੀ ਮੈਨੂੰ, ਆਹ ਵੀ ਕਰਦਾਂਗਾ, ਉਹ ਵੀ ਕਰਦਾਂਗਾ, ਚੱਕਦਾਂਗੇ ਫੱਟੇ, ਪ੍ਰਵਾਹ ਨਾ ਕਰੋ! ਪਰ ਕੁਝ ਸੋਚਣਾ ਚਾਹੀਦਾ ਸੀ! ਇਹ ਲੁੱਟ ਖਸੁੱਟ ਹੁਣ ਦੀ ਨਹੀਂ ਕਰਦਾ ਹੋਣਾ! ਜਦੋਂ ਦਾ ਭਰਤੀ ਹੋਇਆ ਹੋਣਾ! ਉਦੋਂ ਹੀ ਸ਼ੁਰੂ ਕਰ 'ਤਾ ਹੋਣਾ! ਇੱਕ ਦਮ ਨਹੀਂ ਕੋਈ ਕਰਦਾ ਇਸ ਤਰ੍ਹਾਂ!

100 ਕਰੋੜ ਤੋਂ ਉੱਪਰ ਦੀ ਪ੍ਰਾਪਰਟੀ ਬਣਾ ਰੱਖੀ! ਇੱਕ ਦਿਨ ਵਿਚ ਤਾਂ ਨਹੀਂ ਬਣਦੀ! ਇਹ ਉਦੋਂ ਬਣਦੀ ਜਦੋਂ ਅਫ਼ਸਰ ਸਰਕਾਰਾਂ ਦੈ **ਏਸ ਮਅਨ** ਬਣ ਜਾਣ! ਇਸ ਤਰ੍ਹਾਂ ਦੇ ਅਫ਼ਸਰ ਪੰਜਾਬ ਲਈ ਬਹੁਤ ਘਾਤਕ ਨੇ! ਪੰਜਾਬ ਦੀ ਰਾਜਨੀਤੀ ਹਮੇਸ਼ਾ ਅਫ਼ਸਰਾਂ ਨੂੰ ਵਰਤਦੀ ਹੈ! ਅਫ਼ਸਰ ਰਾਜਨੀਤੀ ਨੂੰ! ਇਸ ਗਠਜੋੜ ਨਾਲ ਹੀ ਅਫਸਰਾਂ ਤੇ ਲੀਡਰਾਂ ਦੀ ਪ੍ਰਾਪਰਟੀ ਦਿਨ-ਦੁੱਗਣੀ ਰਾਤ-ਚੁੱਗਣੀ ਵੱਧਦੀ ਹੈ!

ਪੋਲੀਟੈਕਨੀਕਲ ਲੋਕਾਂ ਨੂੰ ਵੀ ਅਜਿਹੇ ਅਫ਼ਸਰ ਚਾਹੀਦੇ ਹੁੰਦੇ ਕਿ (ਸਾਡੀ ਪੰਜ ਸਾਲ ਸਰਕਾਰ ਹੈ) ਜਿਹੜੇ ਸਾਡੀ ਗੱਲ ਮੰਨਣ, ਵਿਰੋਧੀਆਂ ਦਾ ਡੰਡਾ ਪਰੇਡ ਕਰਨ!

ਦਿਲਚਸਪ ਗੱਲ— ਪ੍ਰਕਾਸ਼ ਸਿੰਘ ਬਾਦਲ ਮੁੱਖ ਮੰਤਰੀ ਸੀ ਪੰਜਾਬ ਦੇ! ਕਹਿੰਦੇ ਜਲੰਧਰ ਸਰਕਟ ਹਾਉਸ ਵਿਖੇ ਠਹਿਰੇ ਸੀ!

ਉੱਥੇ ਆ ਗਏ 4-5 ਜਥੇਦਾਰ ਮਿਲਣ ਮਾਲਵੇ ਤੋਂ! ਤੇ ਮਸਲਾ ਵੀ ਕੋਈ ਮਾਲਵੇ ਦਾ ਸੀ ਟਰੱਕਾਂ ਦਾ! ਕਹਿੰਦੇ ਬਾਦਲ ਸਾਬ੍ਹ ਫਲਾਣਾ ਜੀ ਐਸ.ਐਸ.ਪੀ. ਨੇ ਬਹੁਤ ਤੰਗ ਕੀਤਾ ਹੋਇਆ! ਤੁਸੀਂ ਦੇਖੋ ਜੀ, ਸਾਨੂੰ ਬਹੁਤ ਔਖਾ ਕੀਤਾ ਹੋਇਆ!

ਬਾਦਲ ਸਾਬ੍ਹ ਕਹਿੰਦੇ, ਠੀਕ ਆ ਜੀ, ਮੈਂ ਕਹਿ ਦਿੰਦਾ ਹਾਂ! ਨਾਲ ਖੜ੍ਹਾ ਸੀ **ਫੌਂ** ਕਹਿੰਦੇ: ਕਾਕਾ ਜੀ ਆਹ ਨੋਟ ਕਰ ਲਵੋ! ਤੇ ਐਸ.ਐਸ.ਪੀ. ਨੂੰ ਕਹਿ ਦਿਉ! ਸਿਆਸਤ ਦਾਨਾਂ ਦੀ ਆਪਣੀ ਸਿਆਸਤ ਹੁੰਦੀ ਹੈ! ਮਗਰੋਂ ਉਨ੍ਹਾਂ ਐਸ.ਐਸ.ਪੀ. ਨੂੰ ਫੋਨ ਕੀਤਾ! ਕਹਿੰਦੇ 'ਕਾਕਾ ਜੀ ਹੁਣ ਇਹ ਮੇਰੇ ਕੋਲ ਆ ਗਏ ਆ! ਟੈਟ ਤੁਸੀਂ ਕੀਤਾ! ਹੁਣ ਇਹ ਗੋਡਿਆਂ ਭਾਰ ਆ ਗਏ ਨੇ! ਹੁਣ ਠੰਢਾ ਕਰ ਦਿਉ ਕੰਮ ਨੂੰ!'

ਮਤਲਬ ਇਸ ਤਰ੍ਹਾਂ ਵਰਤਦੇ ਨੇ ਪੁਲਿਸ ਅਫ਼ਸਰਾਂ ਨੂੰ ਕਿ ਫਲਾਣੇ ਨੂੰ ਟੈਟ ਕਰੋ ਤੇ ਮੇਰੇ ਦਰਵਾਜ਼ੇ ਤੱਕ ਲਿਆ ਕੇ ਗੋਡਿਆਂ ਭਾਰ ਬਿਠਾ ਦਿਉ!

ਦੂਜੀ ਦਿਲਚਸਪ ਗੱਲ—2012 ਤੋਂ ਬਾਅਦ ਦੀ:

ਮੋਗੇ ਦਾ ਸੀ ਐਲ ਐਲ ਏ ਜੈਨ ਕਾਂਗਰਸ ਦਾ! ਤੇ ਸੁਖਬੀਰ ਬਾਦਲ ਨੂੰ ਸੀ ਕਿ ਮੈਂ ਆਪਣੇ 58 ਤੋਂ 59 ਵਿਧਾਇਕ ਪੂਰੇ ਕਰਨੇ ਆ! ਬੀ.ਜੇ.ਪੀ. 'ਤੇ ਡਿਪੈਂਡ ਨਹੀਂ ਰਹਿਣਾ! ਜੈਨ ਸੀ ਕਾਲੋਨਾਈਜ਼ਰ! ਉਸ ਦੀਆਂ ਕਲੋਨੀਆਂ 'ਤੇ ਟਾਇਟਨਸ ਕਰਵਾ ਦਿੱਤੀ ਅਫਸਰਾਂ ਕੋਲੋਂ! ਡਰ ਪੈਦਾ ਕਰ ਦਿੱਤਾ ਕਿ ਪਰਚਾ ਹੋ ਚੱਲਿਆ ਵਿਜੀਲੈਂਸ ਦਾ! ਜੈਨ ਹੋਣੀ ਆ ਗਏ ਗੋਡਿਆਂ ਭਾਰ! ਸੁਖਬੀਰ ਬਾਦਲ ਕਹਿੰਦਾ ਕਰ ਕਾਂਗਰਸ ਨੂੰ ਰਿਜ਼ਾਈਨ ਤੇ ਅਕਾਲੀ ਦਲ ਵਿਚ ਕਰ ਸ਼ਮੂਲੀਅਤ! ਅਕਾਲੀ ਦਲ ਜੁਆਇੰਨ ਕਰਾਇਆ ਤੇ ਫਿਰ ਜਤਾਇਆ ਤੇ ਆਪਣੇ 59 ਪੂਰੇ ਕੀਤੇ! ਤੇ ਕਲੋਨੀਆਂ ਦੇ ਕੱਚੇ ਚਿੱਠੇ ਸਾਰੇ ਬੰਦ ਹੋ ਗਏ! ਇਸ ਤਰੀਕੇ ਨਾਲ ਵਰਤਦੇ ਨੇ ਅਫ਼ਸਰਾਂ ਨੂੰ!

ਪਰ ਹੁਣ ਥੋੜ੍ਹਾ ਜਿਹਾ ਫ਼ਰਕ ਪੈ ਗਿਆ ਕਈ ਅਫ਼ਸਰ ਕਹਿ ਦਿੰਦੇ ਹੁਣ ਜਾਇਜ਼ ਕੰਮ ਕਰਾ ਲਉ, ਨਾਜਾਇਜ਼ ਨਹੀਂ ਕਰਨੀ ਕਿਸੇ ਨਾਲ!

ਜਿਸ ਤਰ੍ਹਾਂ ਜਲੰਧਰ ਦੀ ਕਮਿਸ਼ਨਰ ਹੈ ਮੈਡਮ ਧੰਨਪ੍ਰੀਤ ਕੌਰ। ਮੈਡਮ ਅਮਨੀਤ ਕੋਂਡਲ ਹੈ ਐਸ.ਐਸ.ਪੀ. ਬਠਿੰਡੇ ਤੋਂ। ਡਾ. ਰਵਜੋਤ ਕੌਰ ਗਰੇਵਾਲ ਹੈ ਤਰਨਤਾਰਨ ਦੇ ਐਸ.ਐਸ.ਪੀ.!

ਜੋ ਮਰਜ਼ੀ ਕੋਈ ਕਹਿੰਦਾ ਰਹੇ ਇਹ ਨਹੀਂ ਨਾਜਾਇਜ਼ ਕਰਦੀਆਂ ਕਿਸੇ ਨਾਲ!

## ਨਕਸਲੀਆਂ ਦੇ 'ਆਤਮ-ਸਮਰਪਣ' 'ਚੋਂ ਉੱਠਦੇ ਸਵਾਲ

*(ਸਫਾ 11 ਦਾ ਬਾਕੀ)*

ਨੁਕਸਾਨ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਅਤੇ ਜਿਸ ਦੇ ਕਈ ਵੱਡੇ ਆਗੂ ਤੇ ਸੈਂਕੜੇ ਕਾਡਰ ਨੀਮ-ਫ਼ੌਜੀ ਲਸ਼ਕਰਾਂ ਵੱਲੋਂ ਕਤਲ ਕਰ ਦਿੱਤੇ ਗਏ ਹਨ। ਮਾਓਵਾਦੀ ਉਥੇ ਡਟੇ ਰਹਿੰਦੇ ਹਨ ਜਾਂ ਪਿੱਛੇ ਹਟਦੇ ਹਨ ਇਹ ਵੱਖਰਾ ਸਵਾਲ ਹੈ, ਕੀ ਆਦਿਵਾਸੀ ਆਪਣੀ ਹੋਂਦ ਲਈ ਸੰਘਰਸ਼ ਛੱਡ ਦੇਣਗੇ? ਇਤਿਹਾਸ ਦੱਸਦਾ ਹੈ ਕਿ ਯੁਗ-ਪਲਟਾਊ ਲਹਿਰਾਂ ਵਿਚ ਅਜਿਹੀਆਂ ਪਛਾੜਾਂ ਆਰਜ਼ੀ ਹੁੰਦੀਆਂ ਹਨ। ਇਨਕਲਾਬੀ ਤਬਦੀਲੀ ਲਈ ਲੜ ਰਹੀਆਂ ਤਾਕਤਾਂ ਹਾਰਾਂ/ਪਛਾੜਾਂ ਤੋਂ ਸਬਕ ਸਿੱਖ ਕੇ ਮੁੜ ਜਥੇਬੰਦ ਹੁੰਦੀਆਂ ਹਨ ਅਤੇ ਮਜ਼ਬੂਤ ਤਾਕਤ ਬਣ ਕੇ ਉਭਰਦੀਆਂ ਹਨ।

ਤੇਲੰਗਾਨਾ ਖੇਤਰ ਦੇ ਨਿਜ਼ਾਮ ਹੈਦਰਾਬਾਦ ਦੇ ਰਿਆਸਤੀ ਰਾਜ ਵਿਰੁੱਧ ਹਥਿਆਰਬੰਦ ਕਿਸਾਨ ਸੰਘਰਸ਼ (1946-51) ਸਮੇਂ ਨਹਿਰੂ ਸਰਕਾਰ ਦੇ ਫ਼ੌਜੀ ਐਕਸ਼ਨ ਦੇ ਦਬਾਅ ਦੌਰਾਨ ਕੇਂਦਰੀ ਲੀਡਰਸ਼ਿਪ ਦੇ ਆਦੇਸ਼ 'ਤੇ ਫਰੰਟ ਲਾਈਨ ਆਗੂਆਂ ਨੂੰ ਹਥਿਆਰ ਸੁੱਟਣੇ ਪਏ ਸਨ। ਪਰ ਇਸ ਨਾਲ ਕਮਿਊਨਿਸਟਾਂ ਦੀ ਜੁਝਾਰੂ ਧਾਰਾ ਖ਼ਤਮ ਨਹੀਂ ਸੀ ਹੋਈ। ਕਮਿਊਨਿਸਟ ਪਾਰਟੀ ਅੰਦਰ ਤਿੱਖਾ ਵਿਚਾਰਧਾਰਕ-ਰਾਜਨੀਤਕ ਸੰਘਰਸ਼ ਚੱਲਦਾ ਰਿਹਾ ਅਤੇ ਨਤੀਜਾ 1967 ਦੀ ਨਕਸਲਬਾੜੀ ਕਿਸਾਨ ਬਗ਼ਾਵਤ 'ਚ ਨਿਕਲਿਆ। ਬੇਸ਼ੱਕ ਭਾਰਤੀ ਰਾਜ ਵੱਲੋਂ ਕਰੂਰ ਕਤਲੇਆਮ, ਗ੍ਰਿਫ਼ਤਾਰੀਆਂ ਅਤੇ ਜੇਲ੍ਹਬੰਦੀਆਂ ਰਾਹੀਂ 1970ਵਿਆਂ ਦੇ ਸ਼ੁਰੂ 'ਚ ਨਕਸਲੀ ਲਹਿਰ ਦਬਾ ਦਿੱਤੀ ਗਈ। ਪਰ ਇਹ ਪਛਾੜ ਆਰਜ਼ੀ ਸਾਬਤ ਹੋਈ ਅਤੇ ਕੁਝ ਸਾਲਾਂ ਬਾਅਦ ਹੀ ਲਹਿਰ ਪਹਿਲਾਂ ਨਾਲੋਂ ਵੀ ਮਜ਼ਬੂਤ ਰਾਜਨੀਤਕ ਤਾਕਤ ਬਣ ਕੇ ਉਭਰੀ।

ਸੀਪੀਆਈ (ਐੱਮ.ਐੱਲ.) ਦੇ ਆਗੂਆਂ ਨੇ 1970-72 ਦੀ ਪਛਾੜ ਨੂੰ ਸਵੀਕਾਰ ਕਰਦਿਆਂ ਬੀਤੇ ਦੀਆਂ ਗ਼ਲਤੀਆਂ ਦੀ ਨਿਸ਼ਾਨਦੇਹੀ ਕਰਕੇ ਲਹਿਰ ਨੂੰ ਮੁੜ ਉਸਾਰਿਆ। ਪੁਰਾਣੇ ਆਂਧਰਾ ਪ੍ਰਦੇਸ਼ ਅਤੇ ਬਿਹਾਰ-ਝਾਰਖੰਡ ਵਿਚ ਲਹਿਰ ਮੁੜ ਖੜ੍ਹੀ ਹੋਈ ਅਤੇ ਇਸੇ ਸਿਲਸਿਲੇ ਵਿਚ ਛੱਤੀਸਗੜ੍ਹ ਸਮੇਤ ਚਾਰ ਰਾਜਾਂ ਵਿਚ ਫੈਲੇ ਪੂਰੇ ਡੰਡਕਾਰਣੀਆ ਖੇਤਰ, ਮਹਾਰਾਸ਼ਟਰ-ਕਰਨਾਟਕ-ਕੇਰਲਾ ਅਤੇ ਪੱਛਮੀ ਬੰਗਾਲ ਦੇ ਕਈ ਜ਼ਿਲ੍ਹਿਆਂ ਤੱਕ ਇਸਦਾ ਵਧਾਰਾ-ਪਸਾਰਾ ਹੋਇਆ। ਸੀਪੀਆਈ (ਮਾਓਵਾਦੀ) ਦੇ ਨਾਂ ਹੇਠ ਇਕਜੁੱਟ ਹੋਈ ਧਾਰਾ ਨੂੰ ਅਗਸਤ 2008 'ਚ ਮਨਮੋਹਨ-ਚਿਦੰਬਰਮ ਵੱਲੋਂ 'ਦੇਸ਼ ਦੀ ਅੰਦਰੂਨੀ ਸੁਰੱਖਿਆ ਲਈ ਸਭ ਤੋਂ ਵੱਡਾ ਖ਼ਤਰਾ' ਕਰਾਰ ਦੇ ਕੇ ਇਸ ਵਿਰੁੱਧ 'ਓਪਰੇਸ਼ਨ ਗ੍ਰੀਨ ਹੰਟ' ਨਾਂ ਦਾ ਨੀਮ-ਫ਼ੌਜੀ ਓਪਰੇਸ਼ਨ ਸ਼ੁਰੂ ਕੀਤਾ ਗਿਆ ਤਾਂ ਜੋ ਵਿਸ਼ਾਲ ਜੰਗਲੀ-ਪਹਾੜੀ ਖੇਤਰ ਖਾਲੀ ਕਰਾ ਕੇ ਇੱਥੋਂ ਦੇ ਵਡਮੁੱਲੇ ਕੁਦਰਤੀ ਵਸੀਲੇ ਲੁੱਟਣ ਲਈ ਕਾਰਪੋਰੇਟ ਪ੍ਰੋਜੈਕਟ ਲਗਾਏ ਜਾ ਸਕਣ। ਸਰਕਾਰ ਵੱਲੋਂ ਵਿੱਢੇ 'ਸਲਵਾ ਜੁਡਮ' ਅਤੇ ਹੋਰ ਓਪਰੇਸ਼ਨਾਂ ਦੁਆਰਾ ਕਤਲੇਆਮ, ਤਬਾਹੀ ਅਤੇ ਉਜਾੜੇ ਕਾਰਨ ਆਮ ਆਦਿਵਾਸੀ ਹੋਰ ਵੀ ਵੱਡੇ ਪੱਧਰ 'ਤੇ ਮਾਓਵਾਦੀ ਲਹਿਰ ਦੀਆਂ ਸਫ਼ਾਂ ਵਿਚ ਸ਼ਾਮਲ ਹੁੰਦੇ ਗਏ।

ਭਾਰਤੀ ਰਾਜ ਦੇ ਜਾਬਰ ਅਨਿਆਂਕਾਰੀ ਸੁਭਾਅ ਕਾਰਨ ਇਹ ਸਮਝਣਾ ਮੁਸ਼ਕਲ ਨਹੀਂ ਹੈ ਕਿ ਭਿਆਨਕ ਕਤਲੇਆਮ ਅਤੇ ਜਬਰ ਦੀ ਮੱਦਦ ਨਾਲ ਦਬਾਈਆਂ ਬਾਗ਼ੀ ਲਹਿਰਾਂ ਕੁਝ ਸਾਲਾਂ ਬਾਅਦ ਮੁੜ ਸੁਰਜੀਤ ਕਿਵੇਂ ਹੋ ਜਾਂਦੀਆਂ ਹਨ। ਇਤਿਹਾਸਕ ਤਜਰਬੇ ਦੇ ਮੱਦੇਨਜ਼ਰ ਮਾਓਵਾਦੀ ਲਹਿਰ ਦੀ ਮੌਜੂਦਾ ਪਛਾੜ ਵੀ ਆਰਜ਼ੀ ਸਾਬਤ ਹੋਵੇਗੀ। ਉਹ ਸਾਰੇ ਬੁਨਿਆਦੀ ਕਾਰਨ ਤੇ ਹਾਲਾਤ ਮੌਜੂਦ ਹਨ ਜਿਨ੍ਹਾਂ ਕਾਰਨ ਨਕਸਲਬਾੜੀ ਵਰਗੀਆਂ ਬਗ਼ਾਵਤਾਂ ਜਨਮ ਲੈਂਦੀਆਂ ਹਨ। ਪਿਛਲੀਆਂ ਸਰਕਾਰਾਂ ਨੇ ਵੱਖ-ਵੱਖ ਖੇਤਰਾਂ ਦੇ ਮਾਹਿਰਾਂ ਦੀਆਂ ਕਮੇਟੀਆਂ ਬਣਾ ਕੇ ਉਨ੍ਹਾਂ ਨੂੰ ਕਥਿਤ ਖੱਬੇਪੱਖੀ ਅੱਤਵਾਦ ਦੇ ਮੂਲ ਕਾਰਨਾਂ ਦਾ ਅਧਿਐਨ ਕਰਨ ਦਾ ਕੰਮ ਸੌਂਪਿਆ ਸੀ। ਉਨ੍ਹਾਂ ਦੀਆਂ ਸਿਫ਼ਾਰਸ਼ਾਂ ਕਾਰਪੋਰੇਟ ਹਿਤਾਂ ਦੇ ਵਿਰੁੱਧ ਹੋਣ ਕਾਰਨ ਭਾਰਤੀ ਹਾਕਮ ਉਨ੍ਹਾਂ ਨੂੰ ਵੀ ਮੰਨਣ ਲਈ ਤਿਆਰ ਨਹੀਂ ਜੋ ਕਹਿੰਦੀਆਂ ਹਨ ਕਿ ਹਾਸ਼ੀਏ 'ਤੇ ਧੱਕੇ ਤੇ ਦਬਾਏ ਹੋਏ ਹਿੱਸਿਆਂ ਦੇ ਜੀਵਨ-ਪੱਧਰ ਨੂੰ ਸੁਧਾਰਨ ਲਈ ਠੋਸ ਕੰਮ ਕੀਤੇ ਬਿਨਾਂ ਮਹਿਜ਼ ਫ਼ੌਜੀ ਹੱਲ 'ਖੱਬੇਪੱਖੀ ਅੱਤਵਾਦ' ਦੇ ਮਸਲੇ ਨੂੰ ਹੱਲ ਨਹੀਂ ਕਰ ਸਕਦਾ। ਆਰਐੱਸਐੱਸ-ਭਾਜਪਾ ਤਾਂ ਅਜਿਹੀਆਂ ਸਿਫ਼ਾਰਸ਼ਾਂ ਨੂੰ ਬਿਲਕੁਲ ਹੀ ਨਹੀਂ ਮੰਨੇਗੀ ਕਿਉਂਕਿ ਇਸਦੀ ਵਿਚਾਰਧਾਰਾ ਦਾ ਮੂਲ ਹੀ ਰਾਜ ਪ੍ਰਤੀ ਪਰਜਾ ਦੇ 'ਕਰਤੱਵ' ਹਨ ਅਤੇ ਅਧਿਕਾਰਾਂ ਦੀ ਕੋਈ ਗੁੰਜਾਇਸ਼ ਹੀ ਨਹੀਂ ਹੈ।

ਰਾਜ ਦੇ ਮੂਲ ਸੁਭਾਅ ਅਤੇ ਲੋਕ ਵਿਰੋਧੀ ਹਕੂਮਤੀ ਨੀਤੀਆਂ ਕਾਰਨ, ਖ਼ਾਸ ਕਰਕੇ ਭਾਜਪਾ ਦੇ ਘੋਰ ਪਿਛਾਖੜੀ ਪ੍ਰੋਜੈਕਟ ਕਾਰਨ ਸਮਾਜਿਕ ਅਨਿਆਂ, ਨਾਬਰਾਬਰੀ, ਲੁੱਟ-ਖਸੁੱਟ, ਧੌਂਸ ਅਤੇ ਦਾਬੇ ਦਾ ਵਧਣਾ ਤੈਅ ਹੈ ਅਤੇ ਇਨ੍ਹਾਂ ਅਸਹਿ ਹਾਲਾਤ ਤੋਂ ਨਿਜ਼ਾਤ ਹਾਸਲ ਕਰਨ ਲਈ ਸਟੇਟ ਵਿਰੋਧੀ ਬਗ਼ਾਵਤਾਂ ਦੀ ਵਿਚਾਰਧਾਰਾ ਦੀ ਪ੍ਰਸੰਗਿਕਤਾ ਇਸ ਕਰਕੇ ਬਣੀ ਰਹੇਗੀ ਕਿਉਂਕਿ ਕਥਿਤ ਸੰਵਿਧਾਨਕ ਚੌਖਟੇ ਅੰਦਰ ਲੋਕਾਂ ਦੀ ਆਵਾਜ਼ ਦੀ ਸੁਣਵਾਈ ਲਈ ਕੋਈ ਹਕੀਕੀ ਸਪੇਸ ਹੈ ਹੀ ਨਹੀਂ। ਜੋ ਰਸਮੀ ਸਪੇਸ ਸੀ ਉਹ ਵੀ ਖ਼ਤਮ ਕੀਤੀ ਜਾ ਰਹੀ ਹੈ। ਸੱਤਾਧਾਰੀ ਭਾਜਪਾ ਇਸ ਹਕੀਕਤ ਨੂੰ ਬਾਖ਼ੂਬੀ ਸਮਝਦੀ ਹੈ ਅਤੇ ਉਸਦੀ ਮੁਕੰਮਲ ਟੇਕ ਫਾਸ਼ੀਵਾਦੀ ਜਬਰ ਨੂੰ ਜ਼ਰਬਾਂ ਦੇ ਕੇ ਲੋਕਾਂ ਦੀ ਬੇਚੈਨੀ ਨੂੰ ਰੋਕਣ ਲਈ ਹਮਲੇ ਹੋਰ ਤੇਜ਼ ਤੇ ਤਿੱਖੇ ਕਰਨ ਉੱਪਰ ਹੈ। 'ਸ਼ਹਿਰੀ ਨਕਸਲੀ' ਦੇ ਝੂਠੇ ਬਿਰਤਾਂਤ ਦਾ ਧੂੰਆਂਧਾਰ ਪ੍ਰਚਾਰ ਸਮਾਜਿਕ ਬੇਚੈਨੀ ਦੀ ਵਿਆਪਕਤਾ ਨਾਲ ਨਜਿੱਠਣ ਦੀ ਪੇਸ਼ਬੰਦੀ ਹੈ ਜਿਸਦਾ ਖ਼ਾਸ ਨਿਸ਼ਾਨਾ ਯੂਨੀਵਰਸਿਟੀਆਂ ਸਮੇਤ ਬੌਧਿਕ ਗਿਆਨ ਦੀਆਂ ਸਿਖ਼ਰਲੀਆਂ ਸੰਸਥਾਵਾਂ ਹਨ।

ਜਿਹੜੇ ਸਮਾਜਿਕ ਤਬਦੀਲੀ ਦੇ ਖ਼ੈਰ-ਖਵਾਹ ਇਸ ਵਰਤਾਰੇ ਉੱਪਰ ਉਪਦੇਸ਼ਨੁਮਾ ਟਿੱਪਣੀਆਂ ਕਰਨ 'ਚ ਮਸਰੂਫ਼ ਹਨ, ਉਨ੍ਹਾਂ ਨੂੰ ਆਪਣੀ ਊਰਜਾ ਇਸ ਦੀ ਬਜਾਏ ਅੱਜ ਮੁਲਕ ਨੂੰ ਦਰਪੇਸ਼ ਵੱਡੀ ਚੁਣੌਤੀ ਉੱਪਰ ਲਗਾਉਣੀ ਚਾਹੀਦੀ ਹੈ ਕਿ ਮੌਜੂਦਾ ਫਾਸ਼ੀਵਾਦੀ ਹਕੂਮਤ ਦੀਆਂ ਮਨਮਾਨੀਆਂ ਨੂੰ ਠੱਲ੍ਹ ਪਾਉਣ ਲਈ ਅਸਰਦਾਰ ਜਨਤਕ-ਜਮਹੂਰੀ ਵਿਰੋਧ ਉਸਾਰਿਆ ਕਿਵੇਂ ਜਾਵੇ ਅਤੇ ਇਸਦਾ ਠੋਸ ਪ੍ਰੋਗਰਾਮ ਕੀ ਹੋਵੇ।

ਮਾਓਵਾਦੀ ਲਹਿਰ ਦੀਆਂ ਕਮਜ਼ੋਰੀਆਂ ਤੇ ਗ਼ਲਤੀਆਂ ਦੀ ਨਿਸ਼ਾਨਦੇਹੀ ਅਤੇ ਦਰੁਸਤੀ ਦਾ ਕੰਮ ਮਾਓਵਾਦੀਆਂ ਦਾ ਹੈ ਜੋ ਉਨ੍ਹਾਂ 'ਤੇ ਹੀ ਛੱਡ ਦੇਣਾ ਚਾਹੀਦਾ ਹੈ।

# ਸ਼ਹਿਦ ਦਾ ਛੱਤਾ-ਹੰਸ ਰਾਜ ਪ੍ਰਭਾਕਰ

*ਵਰਿਆਮ ਸੰਧੂ ਆਪਣੇ ਕੱਦ ਵਾਂਗ ਲੰਮਾ ਅਤੇ ਆਪਣੇ ਨਾਂ ਵਾਂਗ ਵਰਿਆਮ ਕਹਾਣੀਕਾਰ ਹੋ ਨਿਬੜਿਆ ਹੈ। ਉਹ ਪੰਜਾਬੀ ਕਹਾਣੀ ਦਾ ਅਜਿਹਾ ਹਸਤਾਖਰ ਹੈ ਜਿਸ ਨੇ ਪੰਜਾਬੀ ਨਿੱਕੀ ਕਹਾਣੀ ਵਿਚ ਮੁੱਢੋਂ-ਸੁੱਢੋਂ ਸਿਫਤੀ ਤਬਦੀਲੀ ਲਿਆਂਦੀ। ਵਰਿਆਮ ਸੰਧੂ ਨੇ ਜਦੋਂ ਵਾਰਤਕ ਲਿਖੀ ਤਾਂ ਉਸ ਦਾ ਰੰਗ ਵੀ ਕਹਾਣੀ ਵਰਗਾ ਸੀ। ਲੇਖਕ ਆਪਣੀਆਂ ਗੱਲਾਂ ਬੜੇ ਸਹਿਜ ਨਾਲ ਤੁਹਾਡੇ ਨਾਲ ਕਰੀ ਜਾ ਰਿਹਾ ਹੈ ਜਿਵੇਂ ਸੂਤ ਅਟੇਰਦੀ ਕਿਸੇ ਤ੍ਰੀਮਤ ਦਾ ਗਲੋਟਾ ਉਧੜਦਾ ਚਲਾ ਜਾਂਦਾ ਹੈ। ਇਸ ਲੇਖ ਵਿਚ ਉਸ ਨੇ ਗੱਲ ਕੀਤੀ ਹੈ ਕਿ ਸਾਹਿਤ ਪੜ੍ਹਨ ਦੀ ਚੇਟਕ ਉਸ ਨੂੰ ਕਿਵੇਂ ਲੱਗੀ। -ਸੰਪਾਦਕ*

ਮੈਨੂੰ ਤੇ ਮੇਰੇ ਪਿਤਾ ਨੂੰ ਕਿਤਾਬਾਂ ਪੜ੍ਹਨ ਦਾ ਸ਼ੌਕ ਅਮਲ ਦੀ ਹੱਦ ਤੱਕ ਸੀ। ਅਸੀਂ ਪੜ੍ਹਨ ਲਈ ਏਧਰ-ਓਧਰ ਕਿਤਾਬਾਂ ਲੱਭਦੇ ਰਹਿੰਦੇ। ਮੈਨੂੰ ਆਪਣੇ ਪਿਤਾ ਤੋਂ ਪਤਾ ਲੱਗਾ ਕਿ ਸਾਡੇ ਪਿੰਡ ਦੇ ਸਰਪੰਚ ਸੇਵਾ ਸਿੰਘ ਦੇ ਘਰ ਸਰਕਾਰ ਨੇ ਲਾਇਬ੍ਰੇਰੀ ਬਣਾਉਣ ਵਾਸਤੇ ਕਿਤਾਬਾਂ ਭੇਜੀਆਂ ਹਨ। ਮੈਂ ਸੇਵਾ ਸਿੰਘ ਦੇ ਛੋਟੇ ਭਰਾ ਸੂਰਤਾ ਸਿੰਘ ਨੂੰ ਮਿਲਿਆ।

'ਚਾਚਾ! ਸੁਣਿਐਂ ਸਰਕਾਰ ਨੇ ਪੰਚਾਇਤ ਨੂੰ ਲਾਇਬ੍ਰੇਰੀ ਬਣਾਉਣ ਲਈ ਕਿਤਾਬਾਂ ਘੱਲੀਆਂ ਨੇ। ਮੈਂ ਪੜ੍ਹਨ ਲਈ ਲੈਣੀਆਂ ਨੇ।' ਚਾਚਾ ਸੂਰਤਾ ਸਿੰਘ ਕਹਿੰਦਾ, 'ਵਰਿਆਮ ਸਿਹਾਂ! ਜਿੰਨੀਆਂ ਮਰਜੀ ਲੈ ਜਾ। ਆ ਮੇਰੇ ਨਾਲ।'



ਉਹਨੇ ਮੈਨੂੰ ਤੂੜੀ ਵਾਲੇ ਕੋਠੇ ਵਿਚ ਇੱਕ ਨੁੱਕਰੇ ਕਿਤਾਬਾਂ ਦੀਆਂ ਭਰੀਆਂ ਦੋ ਬੋਰੀਆਂ ਵੱਲ ਇਸ਼ਾਰਾ ਕੀਤਾ, 'ਲੈ, ਲੈ ਜਾ ਜਿੰਨੀਆਂ ਚਾਹੀਦੀਆਂ ਨੇ। ਪੜ੍ਹ-ਪੁੜ ਕੇ ਮੋੜ ਜਾਈਂ।

**ਵਰਿਆਮ ਸਿੰਘ ਸੰਧੂ**
ਫੋਨ: 647-535-1539
+91-98726-02296

ਐਵੇਂ ਕੋਈ ਭੈਣ ਦੇਣਾ ਕਿਤਾਬਾਂ ਦਾ ਹਿਸਾਬ-ਕਿਤਾਬ ਲੈਣ ਆ ਜਾਂਦਾ ਹੋਵੇ!'

ਅਸੀਂ ਕੁੱਝ ਮਹੀਨਿਆਂ ਵਿਚ ਦੋਵੇਂ ਬੋਰੀਆਂ ਪੜ੍ਹ ਕੇ 'ਮੁਕਾ' ਦਿੱਤੀਆਂ।

ਇੰਝ ਹੀ ਅਤਰ ਸਿੰਘ ਦੇ ਸਾਥ ਨੇ ਮੈਨੂੰ ਕਿਤਾਬਾਂ ਲੱਭਣ ਵਿਚ ਹੋਰ ਵੀ ਹੁਲਾਰਵਾਂ ਉਤਸ਼ਾਹ ਦਿੱਤਾ। ਇੱਕ ਦਿਨ ਉਹਨੂੰ ਖ਼ਿਆਲ ਆਇਆ, 'ਉਏ! ਆਪਣੇ ਸਕੂਲ ਵਿਚ ਵੀ ਤਾਂ ਅਲਮਾਰੀਆਂ ਵਿਚ ਕਿਤਾਬਾਂ ਭਰੀਆਂ ਪਈਆਂ ਨੇ। ਓਧਰ ਹੱਲਾ ਮਾਰੀਏ!' ਫਿਰ ਅਤਰ ਸਿੰਘ ਨੇ ਹੀ 'ਹੱਲਾ ਮਾਰਨ' ਦੀ ਇੱਕ ਤਰਕੀਬ ਸੋਚੀ।

ਅਤਰ ਸਿੰਘ ਦੀ ਤਰਕੀਬ ਬਾਰੇ ਬਾਅਦ ਵਿਚ ਗੱਲ ਕਰਦੇ ਹਾਂ, ਪਹਿਲਾਂ ਉਸ ਵਿਅਕਤੀ ਦਾ ਜ਼ਿਕਰ ਕਰ ਲਈਏ ਜੋ ਇਸ ਤਰਕੀਬ ਦਾ ਸ਼ਿਕਾਰ ਵੀ ਹੋਇਆ ਪਰ ਜਿਸਨੇ ਅਣਜਾਣੇ ਵਿਚ ਹੀ ਮੇਰੀ ਏਨੀ 'ਸਹਾਇਤਾ' ਕੀਤੀ ਕਿ ਮੇਰੇ ਅੰਦਰ ਸ਼ਹਿਦ ਦਾ ਛੱਤਾ ਭਰ ਕੇ ਚੋਣ-ਚੋਣ ਕਰਨ ਲੱਗਾ।

ਉਹ ਵਿਅਕਤੀ ਸੀ ਮੇਰਾ ਅਧਿਆਪਕ ਮਾਸਟਰ ਹੰਸ ਰਾਜ ਪ੍ਰਭਾਕਰ। ਹੰਸ ਰਾਜ ਹਿਮਾਚਲ ਦੇ ਰਹਿਣ ਵਾਲਾ ਸੀ। ਸਾਡੇ ਸਕੂਲ ਵਿਚ ਉਹਦੀ ਪਹਿਲੀ ਨਿਯੁਕਤੀ ਸੀ। ਜਦੋਂ ਉਹਦੇ ਪਹਿਲੀ ਵਾਰ ਦਰਸ਼ਨ ਕੀਤੇ, ਉਹਨੇ ਚਿੱਟੇ ਲੱਠੇ ਦਾ ਕਮੀਜ਼-ਪਜਾਮਾ ਪਹਿਨਿਆ ਹੋਇਆ ਸੀ। ਅਸੀਂ ਅਜੇ ਛੇਵੀਂ-ਸਤਵੀਂ ਵਿਚ ਹੋਵਾਂਗੇ। ਉਹ ਸਾਨੂੰ ਦੋ ਗੱਲਾਂ ਕਰ ਕੇ ਬਹੁਤ ਦਿਲਚਸਪ ਲੱਗਦਾ। ਪਹਿਲੀ ਤੇ ਖ਼ਾਸ ਗੱਲ ਇਹ ਸੀ ਕਿ ਉਹ ਗੱਲ-ਬਾਤ ਪੰਜਾਬੀ ਵਿਚ ਨਹੀਂ, ਸਗੋਂ ਸਦਾ ਹਿੰਦੀ ਵਿਚ ਕਰਦਾ। ਉਦੋਂ ਤੱਕ ਪਿੰਡ ਵਿਚ ਅਸੀਂ ਹਿੰਦੀ ਵਿਚ ਗੱਲ ਕਰਦੇ ਬੰਦੇ ਬਹੁਤ ਘੱਟ ਵੇਖੇ-ਸੁਣੇ ਸਨ। ਦੂਜੀ ਗੱਲ ਕੋਈ ਬਹੁਤੀ ਚੰਗੀ ਨਹੀਂ ਸੀ, ਪਰ ਉਸ ਵੱਲ ਸਭ ਦਾ ਧਿਆਨ ਚਲਾ ਗਿਆ। ਉਹਨੂੰ ਸਿਗਰਟ ਪੀਣ ਦੀ ਭੈੜੀ ਆਦਤ ਸੀ। ਜਦੋਂ ਉਹਦਾ ਪੀਰੀਅਡ ਮੁੱਕਦਾ; ਉਹ ਸਕੂਲ ਦਾ ਪਿਛਲਾ ਦਰਵਾਜ਼ਾ ਲੰਘ ਕੇ ਬਾਹਰ ਨਿਕਲ ਜਾਂਦਾ ਤੇ ਅਗਲੇ ਹੀ ਪਲ ਕੰਧ ਦੇ ਉੱਤੋਂ ਦੀ ਸਿਗਰਟ ਦਾ ਧੂੰਆਂ ਵਰੋਲਾ ਬਣ ਕੇ ਉੱਚਾ ਉੱਠਣ ਲੱਗਦਾ। ਸਾਡੇ ਲਈ ਇਹ ਵੀ ਦਿਲਚਸਪ ਝਾਕੀ ਹੁੰਦੀ। ਅਸੀਂ ਕਹਿੰਦੇ, 'ਔਹ ਚੱਲ ਪਿਆ ਜੇ ਬੰਬੂ ਕਾਟ!'

ਉਹ ਸਾਨੂੰ ਹਿੰਦੀ ਪੜ੍ਹਾਉਂਦਾ। ਉਹ ਆਪਣੇ ਵਿਸ਼ੇ ਦਾ ਮਾਹਰ ਸੀ। ਮੁਹਾਵਰਿਆਂ ਨੂੰ ਵਾਕਾਂ ਵਿਚ ਬਦਲਣ ਦੀ ਉਹਦੀ ਇੱਕ ਉਦਾਹਰਣ ਅੱਜ ਵੀ ਚੇਤੇ ਹੈ। ਉਹਨੇ ਕਿਹਾ, 'ਆਂਖ ਲਗਨਾ' ਨੂੰ ਵਾਕ ਵਿਚ ਵਰਤੋ। ਕਿਸੇ ਕੋਲੋਂ ਹਿੰਦੀ ਵਿਚ ਵਾਕ ਵਰਤੋਂ ਦੀ ਗੱਲ ਜਿਹੀ ਨਾ ਬਣਦੀ ਵੇਖ ਕੇ ਉਹਨੇ ਕਿਹਾ, 'ਆਂਖ ਲਗਨਾ, ਨੀਂਦ ਆ ਜਾਨਾ। ਆਂਖ ਲਗਨਾ-ਕਿਸੀ ਸੇ ਪ੍ਰੇਮ ਹੋ ਜਾਨਾ। ਜਬ ਆਂਖ ਲਗਤੀ ਹੈ ਤੋਂ ਆਂਖ ਨਹੀਂ ਲਗਤੀ!' ਉਹਦੀ ਇਹ ਮਿਸਾਲ ਸਾਰੀ ਉਮਰ ਨਹੀਂ ਭੁੱਲੀ।

ਪਰ ਏਥੇ ਉਹਦੇ ਬਾਰੇ ਦੱਸਣ ਵਾਲ਼ੀ ਵੱਡੀ ਗੱਲ ਤਾਂ ਅਤਰ ਸਿੰਘ ਦੀ ਉਸ ਹੱਲਾ-ਬੋਲੂ ਤਰਕੀਬ ਦੀ ਹੈ, ਜਿਸ ਦਾ ਜ਼ਿਕਰ ਅਸੀਂ ਸ਼ੁਰੂ ਵਿਚ ਕਰ ਆਏ ਹਾਂ। ਹੰਸ ਰਾਜ ਨੂੰ ਸਕੂਲ ਦੀ ਲਾਇਬ੍ਰੇਰੀ ਦਾ ਨਵਾਂ ਚਾਰਜ ਦਿੱਤਾ ਗਿਆ। ਉਹ ਖ਼ੁਦ ਪੰਜਾਬੀ ਪੜ੍ਹਨੀ ਨਹੀਂ ਸੀ ਜਾਣਦਾ। ਅਤਰ ਤੇ ਮੈਂ ਪਹਿਲਾਂ ਸੋਚੀ ਤਰਕੀਬ ਅਨੁਸਾਰ ਕੋਈ ਪੁਸਤਕ ਲਾਇਬ੍ਰੇਰੀ 'ਚੋਂ ਕਢਵਾਉਣੀ। ਪੜ੍ਹਨ ਤੋਂ ਪਿੱਛੋਂ ਉਸ ਕਿਤਾਬ ਦੀ ਟਾਈਟਲ ਵਾਲ਼ੀ ਜਿਲਦ ਉਖਾੜ ਲੈਣੀ ਅਤੇ ਜਿਲਦ ਵਿਚ ਕੋਈ ਹੋਰ ਪਿਛਲੀ ਜਮਾਤ ਦੀ ਓਡੇ ਕੁ ਆਕਾਰ ਦੀ ਕਿਤਾਬ ਲੇਵੀ ਨਾਲ ਜੋੜ ਦੇਣੀ। ਪ੍ਰਭਾਕਰ ਨੂੰ ਦਿਖਾਉਣੀ। ਉਸ ਨੇ ਟਾਈਟਲ ਵੇਖ ਕੇ ਆਖਣਾ, 'ਠੀਕ ਹੈ! ਅਲਮਾਰੀ 'ਚ ਰੱਖ ਦਿਓ ਅਤੇ ਹੋਰ ਮਨ-ਪਸੰਦ ਕਿਤਾਬ ਲੈ ਲਓ ... ।'

ਉਸਨੂੰ ਸਾਡੇ 'ਤੇ ਅਜਿਹੀ ਕਰਤੂਤ ਕਰਨ ਦਾ ਕੋਈ ਸ਼ੱਕ ਹੈ ਹੀ ਨਹੀਂ ਸੀ। ਇਸ ਸਮੇਂ ਤੱਕ ਅਸੀਂ ਸਕੂਲ ਦੇ ਬਹੁਤ 'ਲਾਇਕ ਅਤੇ ਹੋਣਹਾਰ' ਵਿਦਿਆਰਥੀਆਂ ਵਿਚ ਗਿਣੇ ਜਾਣ ਲੱਗੇ ਸਾਂ। ਉਂਝ ਵੀ ਉਹ ਸਾਡੇ ਪੜ੍ਹਨ ਦੇ ਸ਼ੌਕ ਨੂੰ ਸਨੇਹ ਅਤੇ ਪ੍ਰਸੰਸਾ ਦੀਆਂ ਨਜ਼ਰਾਂ ਨਾਲ ਦੇਖਦਾ ਸੀ ਤੇ ਬੜੇ ਪਿਆਰ ਨਾਲ ਕਹਿੰਦਾ, 'ਜੋ ਪੁਸਤਕ ਆਪ ਕੋ ਅੱਛੀ ਲਗਤੀ ਹੈ, ਲੇ ਜਾਓ। ਪੜ੍ਹ ਕੇ ਜਲਦੀ ਵਾਪਸ ਕਰ ਦੇਣਾ ਔਰ ਬਾਅਦ ਮੇਂ ਔਰ ਪੁਸਤਕ ਲੇ ਜਾਣਾ। ਮੁਝੇ ਸਾਹਿਤਯ ਪੜ੍ਹਨੇ ਵਾਲੇ ਵਿਦਿਆਰਥੀ ਅੱਛੇ ਲੱਗਤੇ ਹੈਂ। ਤੁਮ ਭੀ ਹਮਾਰੇ ਬਹੁਤ ਅੱਛੇ ਵਿਦਿਆਰਥੀ ਹੋ।'

ਪਰ ਉਸਨੂੰ ਭੁਲੇਖਾ ਸੀ। ਅਸੀਂ 'ਏਨੇ ਅੱਛੇ ਵਿਦਿਆਰਥੀ' ਨਹੀਂ ਸਾਂ, ਜਿੰਨੇ ਉਸਨੇ ਸੋਚ ਰੱਖਿਆ ਸੀ। ਅਸੀਂ ਤਾਂ ਉਹਦੀਆਂ ਕਿਤਾਬਾਂ ਦੇ ਚੋਰ ਸਾਂ। ਸਾਡੇ ਘਰ ਚੋਰੀ ਕੀਤੀਆਂ ਪੁਸਤਕਾਂ ਦੀ ਲਾਇਬ੍ਰੇਰੀ ਬਣਦੀ ਰਹੀ ਅਤੇ ਸਕੂਲ ਦੀ ਲਾਇਬ੍ਰੇਰੀ ਵਿਚ ਰੱਦੀ ਇਕੱਠੀ ਹੁੰਦੀ ਰਹੀ। ਹੁਣ ਇਹ ਸੋਚ ਕੇ ਹੈਰਾਨੀ ਭਰੀ ਖ਼ੁਸ਼ੀ ਵੀ ਹੁੰਦੀ ਹੈ ਕਿ ਸਾਡੀ ਲਾਇਬ੍ਰੇਰੀ ਉੱਤਮ ਸਾਹਿਤ ਦਾ ਖ਼ਜ਼ਾਨਾ ਸੀ। ਪੰਜਾਬੀ, ਹਿੰਦੀ, ਉਰਦੂ ਅਤੇ ਅੰਗਰੇਜ਼ੀ ਦੀਆਂ ਕਿਤਾਬਾਂ ਦੀਆਂ ਦੋ ਤਿੰਨ ਅਲਮਾਰੀਆਂ ਭਰੀਆਂ ਪਈਆਂ ਸਨ। ਅਸੀਂ ਹਿੰਦੀ ਤੇ ਪੰਜਾਬੀ ਦੀਆਂ ਪੁਸਤਕਾਂ ਹੀ ਪੜ੍ਹ ਸਕਦੇ ਸਾਂ। ਮੈਂ ਉਸ ਵੇਲੇ ਤੱਕ ਨਾਨਕ ਸਿੰਘ, ਗੁਰਬਖ਼ਸ਼ ਸਿੰਘ ਪ੍ਰੀਤਲੜੀ, ਗੁਰਮੁਖ ਸਿੰਘ ਮੁਸਾਫ਼ਿਰ, ਜਸਵੰਤ ਸਿੰਘ ਕੰਵਲ, ਸੁਰਿੰਦਰ ਸਿੰਘ ਨਰੂਲਾ, ਸੰਤ ਸਿੰਘ ਸੇਖੋਂ, ਸੁਜਾਨ ਸਿੰਘ, ਕਰਤਾਰ ਸਿੰਘ ਦੁੱਗਲ, ਕੁਲਵੰਤ ਸਿੰਘ ਵਿਰਕ, ਅੰਮ੍ਰਿਤਾ ਪ੍ਰੀਤਮ, ਮੋਹਨ ਸਿੰਘ ਆਦਿ ਦੀਆਂ ਉਦੋਂ ਤੱਕ ਛਪ ਚੁੱਕੀਆਂ ਪੁਸਤਕਾਂ ਲਾਇਬ੍ਰੇਰੀ ਦੀ ਬਦੌਲਤ ਹੀ ਪੜ੍ਹੀਆਂ। ਹਿੰਦੀ ਵਿਚ ਪ੍ਰੇਮ ਚੰਦ ਦੇ 'ਗ਼ੋਦਾਨ', 'ਨਿਰਮਲਾ' ਤੇ ਹੋਰ ਨਾਵਲ ਪੜ੍ਹੇ। ਉਪੰਦਰ ਨਾਥ ਅਸ਼ਕ, ਯਸ਼ਪਾਲ ਤੇ ਕ੍ਰਿਸ਼ਨਾ ਸੋਬਤੀ ਦੀਆਂ ਕਿਤਾਬਾਂ ਪੜ੍ਹੀਆਂ। ਇਨ੍ਹਾਂ ਕਿਤਾਬਾਂ ਨੇ ਮੈਨੂੰ 'ਮਾਲਾ-ਮਾਲ' ਕਰ ਦਿੱਤਾ। ਇੱਕ ਅਲਮਾਰੀ ਉਰਦੂ ਦੀਆਂ ਕਿਤਾਬਾਂ ਦੀ ਵੀ ਸੀ, ਪਰ ਉਰਦੂ ਸਾਨੂੰ ਆਉਂਦੀ ਨਹੀਂ ਸੀ।

ਬਹੁਤ ਸਾਲਾਂ ਪਿੱਛੋਂ ਕਿਤੇ ਪ੍ਰਭਾਕਰ ਨੂੰ ਇਸ ਗੱਲ ਦਾ ਪਤਾ ਲੱਗਾ। ਉਦੋਂ ਤੱਕ ਮੈਂ ਪੜ੍ਹ ਕੇ ਮਾਸਟਰ ਲੱਗ ਚੁੱਕਾ ਸਾਂ। ਪ੍ਰਭਾਕਰ ਹੰਸ ਰਾਜ ਨੂੰ ਇਹ ਨਹੀਂ ਸੀ ਪਤਾ ਕਿ ਇਹ ਕਾਰਾ ਮੇਰਾ ਅਤੇ ਅਤਰ ਸਿੰਘ ਦਾ ਹੈ।

ਇਹ ਉਦੋਂ ਦੀ ਗੱਲ ਹੈ ਜਦੋਂ ਅਕਾਲੀ ਸਰਕਾਰ ਨੇ ਸਕੂਲ ਮਾਸਟਰਾਂ ਨੂੰ ਸਜ਼ਾ ਦੇਣ ਲਈ ਉਨ੍ਹਾਂ ਦੀਆਂ ਬਦਲੀਆਂ ਦੂਰ-ਦਰਾਜ਼ ਦੇ ਪਿੰਡਾਂ ਵਿਚ ਕਰ ਦਿੱਤੀਆਂ। ਬਹਾਨਾ ਇਹ ਬਣਾਇਆ ਕਿ ਮਾਸਟਰ ਆਪਣੇ ਪਿੰਡਾਂ ਵਿਚ ਜਾਂ ਨੇੜੇ ਦੇ ਸਕੂਲਾਂ ਵਿਚ ਪੜ੍ਹਾਉਂਦੇ ਹੋਣ ਕਰ ਕੇ, ਫਰਲੋ ਮਾਰ ਕੇ, ਆਪਣੇ ਘਰੇਲੂ ਕੰਮਾਂ ਵਿਚ ਜਾਂ ਵਾਹੀ ਖੇਤੀ ਵਿਚ ਲੱਗੇ ਰਹਿੰਦੇ ਨੇ। ਅਸਲ ਕਾਰਨ ਇਹ ਸੀ ਕਿ ਉਨ੍ਹਾਂ ਨੂੰ ਸ਼ੱਕ ਸੀ ਕਿ ਅਧਿਆਪਕਾਂ ਨੇ ਉਨ੍ਹਾਂ ਦੀ ਪਾਰਟੀ ਦਾ ਚੋਣਾਂ ਵਿਚ ਵਿਰੋਧ ਕੀਤਾ ਸੀ। ਇਹ 1971 ਦਾ ਸਾਲ ਸੀ। ਹੰਸ ਰਾਜ ਨੇ ਬਦਲੀ ਹੋਣ ਕਾਰਨ ਨਵੇਂ ਆਏ ਅਧਿਆਪਕ ਨੂੰ ਲਾਇਬ੍ਰੇਰੀ ਦਾ ਚਾਰਜ ਦੇਣਾ ਸੀ। ਚਾਰਜ ਦੇਣ ਵੇਲੇ ਇਹ ਗੱਲ ਖੁੱਲ੍ਹੀ ਕਿ ਕਿਤਾਬਾਂ ਤਾਂ ਕਈ ਸਾਲ ਪਹਿਲਾਂ ਹੀ ਭੇਸ ਵਟਾ ਕੇ ਲਾਇਬ੍ਰੇਰੀ ਵਿਚੋਂ ਗ਼ਾਇਬ ਹੋ ਚੁੱਕੀਆਂ ਸਨ। ਉਨ੍ਹਾਂ ਵੇਲਿਆਂ ਵਿਚ ਗ਼ਾਇਬ ਹੋਈਆਂ ਕਿਤਾਬਾਂ ਦੀ ਕੀਮਤ ਤਿੰਨ-ਚਾਰ ਹਜ਼ਾਰ ਬਣਦੀ ਸੀ। ਉਦੋਂ ਅਧਿਆਪਕਾਂ ਦੀਆਂ ਤਨਖ਼ਾਹਾਂ ਵੀ ਕਿਤੇ ਕਿੰਨੀਆਂ ਕੁ ਹੁੰਦੀਆਂ ਸਨ! ਜਿਨ੍ਹਾਂ ਦਿਨਾਂ ਵਿਚ ਕਿਤਾਬਾਂ ਚੁਰਾਈਆਂ ਗਈਆਂ ਸਨ, ਉਹ 1957-58-59-60 ਦੇ ਸਾਲ ਸਨ। ਉਦੋਂ ਕਿਤਾਬ ਦੀ ਕੀਮਤ ਵੀ ਮਸਾਂ ਦੋ ਢਾਈ ਰੁਪਏ ਹੁੰਦੀ ਸੀ। ਵਿਚਾਰਾ ਪ੍ਰਭਾਕਰ ਇਹ ਪੈਸੇ ਕਿੱਥੋਂ ਭਰਦਾ! ਕਿਤਾਬਾਂ ਗ਼ਾਇਬ ਹੋ ਜਾਣ ਦੀ ਗੱਲ ਬੜੀ ਅਚੰਭੇ ਭਰੀ ਸੀ। ਬਾਹਰਲੇ ਟਾਈਟਲ ਤੇ ਜਿਲਦਾਂ ਸਹੀ ਸਲਾਮਤ ਸਨ, ਪਰ ਵਿਚ ਰੱਦੀ ਕਿਤਾਬਾਂ। ਇਹ ਕਿਸ ਦਾ ਕੰਮ ਹੋ ਸਕਦਾ ਹੈ! ਕੌਣ ਦੱਸੇ? 1956 ਤੋਂ ਲੈ ਕੇ 1971 ਤੱਕ ਬਹੁਤ ਸਾਲ ਗੁਜ਼ਰ ਚੁੱਕੇ ਸਨ। ਭਲਾ ਇਹ ਹੋਇਆ ਕਿ ਕੁੱਝ ਚਿਰ ਬਾਅਦ ਹੀ ਬਦਲੀਆਂ ਰੱਦ ਹੋ ਗਈਆਂ ਤੇ ਹੰਸ ਰਾਜ ਦੋਬਾਰਾ ਸਾਡੇ ਪਿੰਡ ਹੀ ਆ ਗਿਆ।



ਪ੍ਰਭਾਕਰ ਰਿਟਾਇਰ ਹੋਣ ਤੱਕ ਮੇਰੇ ਪਿੰਡ ਸੁਰ ਸਿੰਘ ਦੇ ਹਾਈ ਸਕੂਲ ਵਿਚ ਹੀ ਪੜ੍ਹਾਉਂਦਾ ਰਿਹਾ ਅਤੇ ਲਾਇਬ੍ਰੇਰੀ ਦਾ ਚਾਰਜ ਵੀ ਉਸ ਕੋਲ ਹੀ ਰਿਹਾ। ਅਜਿਹੀ 'ਅਧੂਰੀ' ਲਾਇਬ੍ਰੇਰੀ ਹੋਰ ਕੋਈ ਵੀ ਅਧਿਆਪਕ ਲੈਣ ਲਈ ਤਿਆਰ ਨਹੀਂ ਸੀ। ਆਖ਼ਰ ਜਦੋਂ ਮੈਂ ਤਬਦੀਲ ਹੋ ਕੇ ਸੁਰ ਸਿੰਘ ਦੇ ਹਾਈ ਸਕੂਲ ਵਿਚ ਪ੍ਰਭਾਕਰ ਦਾ ਸਹਿਕਰਮੀ ਬਣ ਕੇ ਪੜ੍ਹਾਉਣ ਜਾ ਲੱਗਾ ਤਾਂ ਮੈਂ ਇੱਕ ਦਿਨ ਉਹਨੂੰ ਸਹਿਜ-ਭਾਅ ਪੁੱਛਿਆ, 'ਗੁਰੂਦੇਵ! ਸੁਣਿਐਂ ਤੁਹਾਡੀ ਲਾਇਬ੍ਰੇਰੀ ਵਿਚੋਂ ਬਹੁਤ ਸਾਰੀਆਂ ਕਿਤਾਬਾਂ ਚੋਰੀ ਹੋ ਗਈਆਂ ਸਨ।'

ਉਸ ਨੇ ਬੜੀ ਬੇਪ੍ਰਵਾਹੀ ਨਾਲ ਕਿਹਾ, 'ਪਤਾ ਨਹੀਂ ਕੀਹਨੇ ਇਹ ਕਰਤੂਤ ਕੀਤੀ। ਹੁਣ ਤਾਂ ਰਿਟਾਇਰਮੈਂਟ ਵੇਲੇ ਵੇਖਾਂਗੇ ... ।' ਹੁਣ ਤੱਕ ਉਹ ਪੂਰਾ ਪੰਜਾਬੀ ਹੋ ਚੁੱਕਾ ਸੀ ਤੇ ਹਿੰਦੀ ਛੱਡ ਕੇ ਠੁੱਕਦਾਰ ਪੰਜਾਬੀ ਵਿਚ ਗੱਲ ਕਰਨ ਲੱਗਾ ਸੀ।

'ਜੇ ਮੈਂ ਤੁਹਾਨੂੰ ਉਸ ਕਿਤਾਬ-ਚੋਰ ਦਾ ਪਤਾ ਦੱਸਾਂ ਤਾਂ ਉਹਨੂੰ ਕੀ ਸਜ਼ਾ ਦਿਉਗੇ? 'ਸਜ਼ਾ ਉਹਨੂੰ ਮੈਂ ਕੀ ਦੇਣੀ ਏਂ। ਮੈਂ ਕਿਹੜਾ ਠਾਣੇਦਾਰ ਲੱਗਾਂ? ਨਾਲੇ ਉਹਨੇ ਹੁਣ ਕਿੱਥੇ ਲੱਭਣਾ ਏਂ! ਲੱਭ ਵੀ ਜਾਊ ਤਾਂ ਮੈਂ ਕੀ ਕਰ ਲਵਾਂਗਾ!' 'ਚੋਰ ਤੁਹਾਡੇ ਸਾਹਮਣੇ ਬੈਠਾ ਏ!'

ਉਹਨੇ ਮੇਰੇ ਵੱਲ ਮੁੜ ਕੇ ਹੈਰਾਨੀ ਨਾਲ ਵੇਖਿਆ, 'ਹੈਂਅ! ਸੱਚ ਕਹਿੰਦਾ ਏਂ? ਕਦੋਂ ਕੀਤੀਆਂ ਸਨ ਚੋਰੀ?

ਮੈਂ ਆਪਣੀ ਤੇ ਅਤਰ ਦੀ ਪੂਰੀ ਕਰਤੂਤ ਬਿਆਨ ਕਰ ਦਿੱਤੀ। ਉਹ ਮੁਸਕਰਾਇਆ ਤੇ ਕਹਿਣ ਲੱਗਾ, 'ਹੁਣ ਤੂੰ ਹੀ ਕਰਾਏਂਗਾ ਇਨ੍ਹਾਂ ਕਿਤਾਬਾਂ ਤੋਂ ਮੇਰਾ ਛੁਟਕਾਰਾ?'

ਉਹਨੂੰ ਪਤਾ ਸੀ ਕਿ ਹੈੱਡਮਾਸਟਰ ਪਿਆਰੇ ਲਾਲ ਮੇਰੀ ਮੰਨਦਾ ਹੈ ਤੇ ਮੇਰਾ ਕਦਰਦਾਨ ਹੈ। ਅਸੀਂ ਦੋਵੇਂ ਦਫ਼ਤਰ ਵਿਚ ਗਏ ਤੇ ਹੈੱਡਮਾਸਟਰ ਪਿਆਰਾ ਲਾਲ ਨੂੰ ਸਾਰੀ ਵਾਰਤਾ ਹੂ-ਬ-ਹੂ ਸੁਣ ਦਿੱਤੀ। ਉਹ ਤੇ ਕੋਲ ਬੈਠੇ ਅਧਿਆਪਕ ਹੱਸੀ ਜਾਣ।

'ਵੇਖ ਲੌ ਪ੍ਰਭਾਕਰ ਜੀ! ਤੁਹਾਡੇ ਸ਼ਾਗਿਰਦਾਂ ਦੇ ਕਾਰੇ? ਇਹ ਕੁੱਝ ਪੜ੍ਹਾਉਂਦੇ ਰਹੇ ਸਾਓ ਇਨ੍ਹਾਂ ਨੂੰ।' ਹੈੱਡਮਾਸਟਰ ਨੂੰ ਹੱਸਦਾ ਵੇਖ ਕੇ ਮਾਹੌਲ ਸੁਖਾਵਾਂ ਹੋ ਗਿਆ। ਇਸ ਨੂੰ ਮੁਨਾਸਬ ਮੌਕਾ ਜਾਣ ਕੇ, ਮੈਂ ਆਪਣੀ ਬੇਨਤੀ ਉਸ ਅੱਗੇ ਰੇੜ੍ਹ ਦਿੱਤੀ, 'ਹੁਣ ਤੁਸੀਂ ਕਰੋ ਸਾਨੂੰ ਇਸ ਭਉਜਲ 'ਚੋ ਪਾਰ! ਦਾਸ ਆਪ ਅੱਗੇ ਹੱਥ ਬੰਨ੍ਹੀ ਖੜੇ ਹਨ!'

ਪਿਆਰਾ ਲਾਲ ਹੱਸੀ ਜਾਵੇ। ਫਿਰ ਕਹਿੰਦਾ, 'ਪਹਿਲਾਂ ਗੁੰਮ ਹੋਈਆਂ ਕਿਤਾਬਾਂ ਦੀ ਲਿਸਟ ਬਣਾਓ ਗੁਰੂ ਚੇਲਾ ਮਿਲ ਕੇ।'

ਅਸੀਂ ਦੋਵਾਂ ਨੇ ਰਲ ਕੇ ਉਨ੍ਹਾਂ ਸਾਰੀਆਂ ਕਿਤਾਬਾਂ ਦੀ ਸੂਚੀ ਤਿਆਰ ਕੀਤੀ ਜੋ 'ਗੁੰਮ' ਹੋ ਚੁੱਕੀਆਂ ਸਨ। ਫ਼ਿਰ ਹੈੱਡਮਾਸਟਰ ਪਿਆਰੇ ਲਾਲ ਕੋਲੋਂ 'ਸਿਓਂਕ ਖਾ ਗਈ' ਲਿਖਵਾ ਕੇ ਇਹ ਕਿਤਾਬਾਂ ਕਟਵਾਈਆਂ। ਇਹ ਮੇਰੀ ਜ਼ਿੰਦਗੀ ਦੀ ਪਹਿਲੀ ਅਤੇ ਆਖ਼ਰੀ ਚੋਰੀ ਸੀ।

ਇੰਝ ਅਤਰ ਸਿੰਘ ਤੋਂ ਬਾਅਦ ਲੇਖਕ ਬਣਨ ਵਿਚ ਮਾਸਟਰ ਹੰਸ ਰਾਜ ਦੇ ਸਹਿਜ ਤੇ ਅਛੋਪਲੇ ਯੋਗਦਾਨ ਤੋਂ ਇਨਕਾਰੀ ਨਹੀਂ ਹੋਇਆ ਜਾ ਸਕਦਾ। ਚੋਰੀ ਕਰ ਕੇ ਪੜ੍ਹੀਆਂ ਕਿਤਾਬਾਂ ਨੇ ਮੇਰੇ ਅੰਦਰ ਸਮੁੰਦਰ ਖੋਲਣ ਲਾ ਦਿੱਤਾ। ਚੰਗਾ ਸਾਹਿਤ ਪੜ੍ਹਨਾ ਮੇਰਾ ਪਹਿਨਣ-ਪੱਚਰਣ ਬਣ ਚੁੱਕਾ ਸੀ।

ਮੇਰਾ ਹੰਸ ਰਾਜ ਨਾਲ ਪਿਆਰ ਅਤੇ ਸਤਿਕਾਰ ਦਾ ਰਿਸ਼ਤਾ ਸਦਾ ਬਣਿਆ ਰਿਹਾ। ਅਸੀਂ ਕਈ ਸਾਲ ਇਕੱਠਿਆਂ ਵੀ ਪੜ੍ਹਾਇਆ। ਮੇਰੇ ਉਸ ਸਕੂਲ ਵਿਚ ਹੁੰਦਿਆਂ ਹੀ ਹੰਸ ਰਾਜ ਰਿਟਾਇਰ ਹੋਇਆ। ਉਸ ਵੇਲੇ ਤੱਕ ਮੇਰੇ ਸਮੇਤ ਉਹਦੇ ਤਿੰਨ ਵਿਦਿਆਰਥੀ ਓਸੇ ਸਕੂਲ ਵਿਚ ਉਹਦੇ ਸਹਿਕਰਮੀ ਬਣ ਕੇ ਪੜ੍ਹਾ ਰਹੇ ਸਨ। ਅਸੀਂ ਤਿੰਨਾਂ ਨੇ ਮਿਲ ਕੇ ਹੰਸ ਰਾਜ ਦੀ ਬੜੀ ਸ਼ਾਨਦਾਰ ਵਿਦਾਇਗੀ ਪਾਰਟੀ ਦਿੱਤੀ। ਇਸ ਵਿਚ ਕੁੜੀਆਂ ਮੁੰਡਿਆਂ ਦੇ ਪ੍ਰਾਇਮਰੀ ਤੇ ਹਾਈ ਸਕੂਲਾਂ ਦੇ ਸਾਰੇ ਅਧਿਆਪਕਾਂ ਨੂੰ ਸੱਦਾ ਦਿੱਤਾ ਗਿਆ। ਬੋਲਦਿਆਂ ਹੋਇਆਂ ਮੈਂ ਲੇਖਕ ਬਣਨ ਵਿਚ ਉਹਦੇ ਗੁੱਝੇ ਤੇ ਸਹਿਜ ਯੋਗਦਾਨ ਦਾ ਚੋਰੀ ਕੀਤੀਆਂ ਕਿਤਾਬਾਂ ਦੇ ਹਵਾਲੇ ਨਾਲ ਜ਼ਿਕਰ ਕੀਤਾ ਤਾਂ ਸਾਰੇ ਹੱਸ-ਹੱਸ ਦੂਹਰੇ ਹੋ ਗਏ।

ਹੰਸ ਰਾਜ ਚੜ੍ਹਦੀ ਜਵਾਨੀ ਵੇਲੇ ਸੁਰ ਸਿੰਘ ਆਇਆ ਸੀ ਤੇ ਉਹਨੇ ਸਾਰੀ ਜ਼ਿੰਦਗੀ ਸੁਰ ਸਿੰਘ ਦੇ ਲੇਖੇ ਲਾ ਦਿੱਤੀ। ਏਨੇ ਸਾਲਾਂ ਵਿਚ ਉਹਦੇ ਪੜ੍ਹਾਏ ਮੁੰਡਿਆਂ ਦੀ ਗਿਣਤੀ ਕਰਨੀ ਤਾਂ ਔਖੀ ਹੈ, ਪਰ ਏਨਾ ਨਿਸ਼ਚੇ ਹੀ ਕਿਹਾ ਜਾ ਸਕਦਾ ਹੈ ਕਿ ਲਗਭਗ ਹਰੇਕ ਘਰ ਵਿਚ ਉਸ ਕੋਲੋਂ ਪੜ੍ਹ ਕੇ ਗਿਆ ਕੋਈ ਨਾ ਕੋਈ ਵਿਦਿਆਰਥੀ ਮੌਜੂਦ ਸੀ। ਹੰਸ ਰਾਜ ਦੀ ਸਾਰੇ ਪਿੰਡ ਵਿਚ ਬੜੀ ਇੱਜ਼ਤ ਸੀ। ਕੇਵਲ ਉਹ ਇਕੱਲਾ ਅਧਿਆਪਕ ਸੀ ਜਿਸ ਨੇ ਆਪਣੀ ਨੌਕਰੀ ਦਾ ਸਾਰਾ ਸਮਾਂ ਸੁਰ ਸਿੰਘ ਨੂੰ ਭੇਟ ਕਰ ਦਿੱਤਾ ਸੀ। ਏਥੇ ਰਹਿੰਦਿਆਂ ਹੀ ਉਹਦਾ ਵਿਆਹ ਹੋਇਆ, ਬੱਚੇ ਜੰਮੇ, ਪੜ੍ਹੇ ਤੇ ਵੱਡੇ ਹੋਏ। ਰਿਟਾਇਰ ਹੋਣ ਤੋਂ ਬਾਅਦ ਸਿਵਾਇ ਮਾਮੂਲੀ ਜਿਹੀ ਪੈਨਸ਼ਨ ਦੇ ਉਸ ਕੋਲ ਗੁਜ਼ਾਰੇ ਲਈ ਹੋਰ ਕੋਈ ਵਸੀਲਾ ਨਹੀਂ ਸੀ। 'ਮਹਿਲਾਂ ਦੀ ਪੱਤੀ' ਵਿਚ ਇੱਕ ਕਿਰਾਏ ਦੇ ਮਕਾਨ ਵਿਚ ਹੀ ਉਹਨੇ ਸਾਰੀ ਉਮਰ ਕੱਟ ਦਿੱਤੀ।

ਉਹ ਦਾਰੂ ਪੀਣ ਦਾ ਵੀ ਸ਼ੌਕੀਨ ਸੀ। ਇੱਕ ਦਿਨ ਮੈਂ ਆਪਣੇ ਖੇਤਾਂ ਵੱਲੋਂ ਪਿੰਡ ਪਰਤ ਰਿਹਾ ਸਾਂ ਤੇ ਪ੍ਰਭਾਕਰ ਤੇ ਡਰਾਇੰਗ ਮਾਸਟਰ ਤਰਲੋਕ ਸਿੰਘ ਤਿੱਖੇ ਕਦਮੀ ਅੱਗੋਂ ਆਉਂਦੇ ਮਿਲੇ। ਮੈਂ ਪੁੱਛਿਆ, 'ਗੁਰੂਦੇਵ ਕਿਧਰ ਦੀਆਂ ਤਿਆਰੀਆਂ ਨੇ? ਬੈਕੇ ਚੱਲੇ ਓ? ਕਿਉਂ? ਕਿਧਰ?'

ਸਾਡੀ ਜ਼ਮੀਨ ਦੇ ਨਾਲ ਲੱਗਦਾ ਸੂਇਉਂ ਪਾਰਲਾ ਪਿੰਡ ਬੈਂਕਾ ਸੀ। ਮੈਂ ਸੋਚ ਰਿਹਾ ਸਾਂ ਕਿ ਬੈਂਕੇ ਇਨ੍ਹਾਂ ਨੂੰ ਕੀ ਕੰਮ ਹੋਵੇਗਾ ਕਿ ਤਰਲੋਕ ਸਿੰਘ ਕਹਿੰਦਾ, 'ਸੰਧੂ ਸਾਹਿਬ! ਸਾਡਾ ਪੈਂਡਾ ਖੋਟਾ ਨਾ ਕਰੋ। ਦੋ ਫ਼ਰਲਾਂਗ ਰਹਿ ਗਏ ਨੇ ਸਾਰੇ। ਅਸੀਂ ਪਰਸੋਂ ਦੋਵਾਂ ਨੇ ਸਹੁੰ ਪਾਈ ਸੀ ਕਿ 'ਅੱਜ ਤੋਂ ਬਾਅਦ ਨਹੀਂ ਪੀਣੀ ਤਾਂ ਤੁਹਾਡੇ ਗੁਰੂਦੇਵ ਕਹਿੰਦੇ, 'ਕਦੀ ਨਾ ਪੀਣ ਵਾਲ਼ੀ ਏਡੀ ਕਰੜੀ ਸਹੁੰ ਨਾ ਪਾਓ। ਕਦੀ ਨਾ ਕਦੀ ਤਾਂ ਪੀਣੀ ਪੈ ਹੀ ਸਕਦੀ ਏ। ਐਂ ਕਰਦੇ ਆਂ ਕਿ ਇਹ ਸਹੁੰ ਪਾਈਏ ਕਿ ਅੱਜ ਤੋਂ ਬਾਅਦ ਪਿੰਡ ਦੀ ਜੂਹ ਵਿਚ ਨਹੀਂ ਪੀਣੀ। ਕੱਲ੍ਹ ਦੀ ਦਿਹਾੜੀ ਅਸੀਂ ਔਖਿਆਂ-ਸੌਖਿਆਂ ਬਿਨਾਂ ਪੀਤਿਆਂ ਲੰਘਾ ਲਈ ਪਰ ਅੱਜ ਦਿਨ ਲੰਘਣਾ ਔਖਾ ਹੋ ਗਿਆ। ਸਾਨੂੰ ਹੁਣ ਛੇਤੀ ਪਿੰਡ ਦੀ ਜੂਹੋਂ ਪਾਰ ਜਾ ਲੈਣ ਦਿਉ; ਅਸੀਂ ਆਪਣਾ ਕਾਰਜ ਛੇਤੀ ਕਰ ਸਕੀਏ!'

ਉਹਨੇ ਡੱਬ ਵਿਚੋਂ ਅਧੀਆ ਕੱਢ ਕੇ ਵਿਖਾਇਆ। ਮੈਂ ਹੱਸਦਿਆਂ ਉਨ੍ਹਾਂ ਦਾ ਰਾਹ ਛੱਡ ਦਿੱਤਾ ਤੇ ਫੌਜਾਂ ਨੇ ਜੇਤੂ ਅੰਦਾਜ਼ ਵਿਚ 'ਪਾਨੀਪਤ ਦਾ ਮੈਦਾਨ' ਫ਼ਤਿਹ ਕਰਨ ਲਈ ਅੱਗੇ ਕੂਚ ਕਰ ਦਿੱਤਾ।

ਹੰਸ ਰਾਜ ਜਦੋਂ ਰਿਟਾਇਰ ਹੋਇਆ ਤਾਂ ਮੈਂ ਉਨ੍ਹਾਂ ਦਿਨਾਂ ਵਿਚ ਸੁਰ ਸਿੰਘ ਵਿਚ ਖੁੱਲ੍ਹੇ ਹਰਕ੍ਰਿਸ਼ਨ ਪਬਲਿਕ ਸਕੂਲ ਦਾ ਮੈਨੇਜਰ ਸਾਂ ਤੇ ਮੈਨੂੰ ਅਧਿਆਪਕ-ਅਧਿਆਪਕਾਵਾਂ ਨਿਯਕੁਤ ਕਰਨ ਦਾ ਹੱਕ ਵੀ ਸੀ। ਮੈਂ ਹੰਸ ਰਾਜ ਨੂੰ ਫ਼ੀਸਾਂ ਉਗਰਾਹੁਣ ਤੇ ਹਿਸਾਬ-ਕਿਤਾਬ ਰੱਖਣ ਲਈ ਕਲਰਕ ਤੇ ਉਹਦੀ ਧੀ ਸੁਨੈਨਾ ਨੂੰ ਅਧਿਆਪਕਾ ਵਜੋਂ ਨਿਯੁੱਕਤ ਕਰ ਲਿਆ। ਮੁੰਡੇ ਉਸਦੇ ਬਹੁਤੇ ਕਾਬਿਲ ਨਹੀਂ ਸਨ ਨਿਕਲੇ।


ਮਾਸਟਰ ਹੰਸ ਰਾਜ ਪਿੰਡ ਦੇ ਹਰ ਘਰ ਵਿਚ ਸਤਿਕਾਰਿਆ ਵਿਅਕਤੀ ਸੀ। ਬਲੂ ਸਟਾਰ ਆਪ੍ਰੇਸ਼ਨ ਦੇ ਦਿਨੀਂ ਜਦੋਂ ਪੰਜਾਬ ਵਿਚ ਹਿੰਦੂ ਸਿੱਖਾਂ ਵਿਚ ਪਾੜ ਜਿਹਾ ਪੈ ਚੁੱਕਾ ਸੀ, ਉਦੋਂ ਵੀ ਪਿੰਡ ਦਾ ਭਾਈ-ਚਾਰਾ ਪਹਿਲਾਂ ਵਾਂਗ ਹੀ ਬਣਿਆ ਰਿਹਾ ਸੀ। ਲੱਗੇ ਕਰਫ਼ਿਊ ਵਿਚ ਵੀ ਪਿੰਡ ਦੇ ਦੁਕਾਨਦਾਰ, ਸੀ ਆਰ ਪੀ ਵਾਲਿਆਂ ਤੋਂ ਅੱਖ ਬਚਾ ਕੇ, ਲੋੜਵੰਦ ਲੋਕਾਂ ਨੂੰ ਪਿਛਲੇ ਦਰਵਾਜ਼ਿਓਂ 'ਸੌਦਾ-ਪੱਤਾ' ਦਿੰਦੇ ਰਹੇ ਸਨ। ਪਿਛਲੇ ਦਿਨਾਂ ਵਿਚ, ਦੋਵਾਂ ਭਾਈਚਾਰਿਆਂ ਦਰਮਿਆਨ ਇੱਕ ਬਰੀਕ ਜਿਹੇ ਵਖਰੇਵੇਂ ਦੇ ਭਾਵ ਪੈਦਾ ਹੋ ਜਾਣ ਦੇ ਬਾਵਜੂਦ ਪਿੰਡ ਵਿਚ 'ਹਿੰਦੂ-ਸਿੱਖ' ਦੇ ਹਵਾਲੇ ਨਾਲ ਦੁਸ਼ਮਣੀ ਕਮਾਉਣ ਦੀ ਕਦੀ ਕੋਈ ਦੱਸ-ਧੁੱਖ ਸੁਣੀ ਨਹੀਂ ਸੀ। ਹੰਸ ਰਾਜ ਪ੍ਰਭਾਕਰ, ਜੋ ਇਸ ਪਿੰਡ ਵਿਚ ਪਿਛਲੇ ਤੀਹ ਸਾਲਾਂ ਤੋਂ ਪੜ੍ਹਾ ਰਿਹਾ ਸੀ, ਕਰਫ਼ਿਊ ਦੇ ਇਨ੍ਹਾਂ ਦਿਨਾਂ ਵਿਚ ਵੀ ਹਰੇਕ ਸ਼ਾਮ ਨੂੰ ਆਮ ਦਿਨਾਂ ਵਾਂਗ ਹੀ ਪਿੰਡ ਦੀ ਪਰਿਕਰਮਾ ਕਰਦਾ ਅਤੇ ਜਿੱਥੇ ਵੀ ਕੋਈ ਪੁਰਾਣਾ ਵਿਦਿਆਰਥੀ 'ਜਲ-ਪਾਣੀ' ਦੀ ਸੁਲ੍ਹਾ ਮਾਰਦਾ, ਉਸ ਨੂੰ ਬਾ-ਖ਼ੁਸ਼ੀ ਆਪਣੀ 'ਸੇਵਾ ਕਰਨ ਦਾ' ਮਾਣ ਬਖ਼ਸ਼ਦਾ ਰਹਿੰਦਾ। ਜੇ ਕੋਈ ਹਮਦਰਦ ਉਹਨੂੰ ਅਜਿਹੇ ਹਾਲਾਤ ਵਿਚ ਘਰੋਂ ਬਾਹਰ ਨਿਕਲਣ ਤੋਂ ਵਰਜਦਾ ਤਾਂ ਉਹ ਹੱਸ ਕੇ ਆਖਦਾ, 'ਕੀ ਕਰਾਂ! ਅੱਜ ਕਿਸੇ ਇੱਕ ਕੋਲੋਂ ਪੀਂਦਾਂ ਤਾਂ ਦੂਸਰਾ ਕੋਈ ਹੋਰ ਅਗਲੇ ਦਿਨ ਲਈ ਪਹਿਲਾਂ ਈ 'ਬੁੱਕ' ਕਰ ਲੈਂਦਾ; ਅਖੇ, 'ਮਾਸਟਰ ਜੀ ਕੱਲ੍ਹ ਮੇਰੇ ਵੱਲ ਆਇਓ, ਪਹਿਲੇ ਤੋੜ ਦੀ ਪਈ ਏ ਮੇਰੇ ਕੋਲ! ਉਂਝ ਵੀ ਪਿੰਡ ਦੇ ਹਰ ਘਰ ਵਿਚ ਮੇਰਾ ਕੋਈ ਨ ਕੋਈ ਵਿਦਿਆਰਥੀ ਹੈ। ਕਿਸੇ ਦੀ ਮਾਂ ਸੂਈ ਹੈ, ਜੋ ਮੇਰੇ ਵੱਲ ਕੈਰੀ ਨਜ਼ਰ ਨਾਲ ਵੀ ਝਾਕ ਜਾਏ!'

ਪ੍ਰਭਾਕਰ ਇੱਕ ਦਿਨ ਮੈਨੂੰ ਕਹਿੰਦਾ, 'ਰਾਤੀਂ ਮੈਨੂੰ ਚੱਠੂ ਮਿਲ ਪਿਆ। ਗਲੀ 'ਚੋਂ ਲੰਘਦਾ, ਦੋ ਤਿੰਨ ਮੁੰਡੇ ਨਾਲ।' ਉਸਨੇ ਪਿੰਡ ਦੇ 'ਖਾੜਕੂਆਂ' ਨਾਲ ਤੁਰੇ ਤੇ ਹੁਣ ਕਿਸੇ ਕਮਾਂਡੋ ਫੋਰਸ ਦੇ 'ਲੈਫ਼ਟੀਨੈਂਟ ਜਨਰਲ' ਬਣੇ ਇੱਕ ਪੁਰਾਣੇ ਵਿਦਿਆਰਥੀ ਦਾ ਨਾਮ ਲਿਆ, 'ਦੋ ਸਟੇਨਾਂ ਵਾਲੇ ਹੋਰ ਵੀ ਨਾਲ ਸਨ। ਮੇਰੇ ਗੋਡਿਆਂ ਨੂੰ ਹੱਥ ਲਾ ਕੇ ਕਹਿੰਦਾ, 'ਮਾਸਟਰ ਜੀ ਐਸ ਵੇਲੇ ਘਰ ਬਿਹਾ ਕਰੋ; 'ਮਾਲ ਅਸਬਾਬ' ਆਖੋ ਤਾਂ ਅਸੀਂ ਘਰੇ ਅਪੜਾ ਦਿਆ ਕਰਾਂਗੇ।' ਮੇਰੇ ਪੈਰ ਉੱਖੜਦੇ ਵੇਖ ਕੇ ਕਹਿੰਦਾ, 'ਚੱਲੋ! ਤੁਹਾਨੂੰ ਘਰ ਛੱਡ ਆਵਾਂ।' ਮੈਨੂੰ ਮੇਰੇ ਘਰ ਦੇ ਬੂਹੇ ਤੱਕ ਛੱਡ ਕੇ ਗਏ ਉਹ। ਸਾਡੇ ਇਹ ਮੁੰਡੇ ਸਾਨੂੰ ਮਾਰਨਗੇ? ਮੈਨੂੰ ਤਾਂ ਰਤੀ ਭਰ ਵੀ ਡਰ ਨਹੀਂ ਲੱਗਦਾ।'

ਇਹ ਮੁਹੱਬਤ ਤੇ ਮਾਣ-ਸਤਿਕਾਰ ਉਹਦੀ ਕਮਾਈ ਸੀ। ਇਹੋ ਕਮਾਈ ਉਹਦੇ ਨਾਲ ਰਹੀ ਤੇ ਜਿੰਨਾਂ ਚਿਰ ਮੇਰੇ ਵਰਗੇ ਉਹਦੇ ਵਿਦਿਆਰਥੀ ਜਿਊਂਦੇ ਰਹਿਣਗੇ, ਹੰਸ ਰਾਜ ਪ੍ਰਭਾਕਰ ਵੀ ਟੋਟਾ ਟੋਟਾ ਕਰ ਕੇ ਉਨ੍ਹਾਂ ਵਿਚ ਜਿਊਂਦਾ ਰਹੇਗਾ।

-0-

# ਬਾਬਾ ਫੌਜਾ ਸਿੰਘ ਦੀਆਂ ਯਾਦਾਂ



**ਪ੍ਰਿੰ. ਸਰਵਣ ਸਿੰਘ**
ਫੋਨ: 647-785-1661



ਕਰੋਨਾ ਕਾਲ ਦੇ ਦਿਨ ਸਨ। 2020 ਦਾ ਸਾਲ। ਉੱਤੋਂ ਭਾਦੋਂ ਦਾ ਵੱਟ ਜਿਹੜਾ ਮੱਕੀ ਗੁਡਦੇ ਕਾਮਿਆਂ ਨੂੰ ਸਾਧ ਬਣਨ ਲਈ ਮਜਬੂਰ ਕਰ ਦਿੰਦੈ। ਬਾਬਾ ਫੌਜਾ ਸਿੰਘ ਉਦੋਂ ਬਿਆਸ ਪਿੰਡ ਆਇਆ ਹੋਇਆ ਸੀ ਤੇ ਮੈਂ ਵੀ ਮੁਕੰਦਪੁਰ ਆਇਆ ਬੈਠਾ ਸਾਂ। ਮੇਰਾ ਵਕਤ ਪੜ੍ਹਦਿਆਂ ਲਿਖਦਿਆਂ ਲੰਘੀ ਜਾਂਦਾ ਪਰ ਬਾਬਾ ਭਾਦੋਂ ਦੇ ਵੱਟ 'ਚ ਨਿਢਾਲ ਹੋਇਆ ਮੱਖੀਆਂ ਉਡਾਉਂਦਾ ਰਹਿੰਦਾ। ਰਾਤ ਨੂੰ ਮੱਛਰ ਨਾ ਸੌਣ ਦਿੰਦੇ। ਉਹਦੀ ਵਾਪਸ ਵਲਾਇਤ ਜਾਣ ਦੀ ਕੋਈ ਬਿਧ ਨਹੀਂ ਸੀ ਬਣ ਰਹੀ। ਲੰਡਨ ਨੂੰ ਹਵਾਈ ਉਡਾਣਾਂ ਬੰਦ ਸਨ। ਸਬੱਬੀਂ 'ਬੁਲਿਟਨ' ਚੈਨਲ ਵਾਲੇ ਨੌਜਵਾਨ ਜਗਦੀਪ ਸਿੰਘ ਨੇ ਬਿਆਸ ਪਿੰਡ ਜਾ ਕੇ ਬਾਬਾ ਫੌਜਾ ਸਿੰਘ ਦੀ ਵੀਡੀਓ ਰਿਕਾਰਡਿੰਗ ਕੀਤੀ। ਉਸ ਰਾਹੀਂ ਬਾਬੇ ਨੇ ਵਾਰ-ਵਾਰ ਬੇਨਤੀ ਦੁਹਰਾਈ ਤੇ ਦੁਹਾਈ ਪਾਈ ਕਿ ਕੋਈ ਸ਼ੁਭਚਿੰਤਕ ਉਹਦੀ ਮਦਦ ਕਰੇ। ਉਸ ਨੂੰ ਕਿਵੇਂ ਨਾ ਕਿਵੇ ਜਹਾਜ਼ ਚੜ੍ਹਾ ਦੇਵੇ। ਉਹ ਰੋਟੀ ਖਾਣੀ ਛੱਡ ਚੁੱਕਾ ਸੀ ਤੇ ਭਾਰ ਘਟ ਕੇ 44-45 ਕਿਲੋ ਹੀ ਰਹਿ ਗਿਆ ਸੀ। ਸਥਾਨਕ ਪੱਤਰਕਾਰ ਗੁਰਪ੍ਰੀਤ ਡੈਨੀ ਨੇ ਫੋਨ 'ਤੇ ਮੈਨੂੰ ਬਾਬੇ ਦਾ ਮੰਦਾ ਹਾਲ ਦੱਸਿਆ ਤੇ ਉਹਦਾ ਸੁਨੇਹਾ ਮੇਰੇ ਤਕ ਪੁਚਾ ਦਿੱਤਾ।


ਬਾਬੇ ਨੇ ਬਿਆਸ ਪਿੰਡ ਦਾ ਫੋਨ ਨੰਬਰ ਮੈਨੂੰ ਲਿਖਾਇਆ ਹੋਇਆ ਸੀ ਜੋ ਉਹਦੇ ਪੁੱਤਰ ਹਰਵਿੰਦਰ ਸਿੰਘ ਦਾ ਸੀ। ਬਾਬਾ ਆਪਣੇ ਕੋਲ ਕੋਈ ਫੋਨ ਨਹੀਂ ਸੀ ਰੱਖਦਾ ਹੁੰਦਾ। ਉਂਜ ਵੀ ਉਸ ਨੂੰ ਉੱਚਾ ਸੁਣਨ ਲੱਗ ਪਿਆ ਸੀ। ਮੈਂ ਉਹਦੇ ਪੁੱਤਰ ਨਾਲ ਫੋਨ ਮਿਲਾਇਆ। ਬਾਬੇ ਦਾ ਹਾਲ-ਚਾਲ ਪੁੱਛਿਆ ਤੇ ਬਾਬੇ ਨਾਲ ਗੱਲ ਕਰਾਉਣ ਲਈ ਆਖਿਆ। ਬਾਬੇ ਨੇ ਫੋਨ ਫੜਿਆ ਤੇ ਪੈਂਦੀ ਸੱਟੇ ਕਿਹਾ ਕਿ ਮੈਨੂੰ ਤੁਰਤ ਜਹਾਜ਼ ਚੜ੍ਹਾਉਣ ਦਾ ਕੋਈ ਗੇੜ ਕਰੋ। ਨਹੀਂ ਤਾਂ ਮੈਂ ਏਥੇ ਪੰਦਰਾਂ ਦਿਨ ਨੀ ਕੱਟ ਸਕਦਾ। ਮੇਰਾ ਖਾਣਾ-ਪੀਣਾ ਛੁੱਟ ਗਿਆ। ਕੋਈ ਤੋਰਾ ਫੇਰਾ ਨੀ। ਬੁਰਾ ਹਾਲ ਆ ਮੇਰਾ। ਮਰ ਚੱਲਿਆਂ ਮੈਂ। ਕਰੋ ਕੋਈ ਹੀਲਾ, ਚੜ੍ਹਾਓ ਮੈਨੂੰ ਜਹਾਜ਼। ਵਲੈਤ ਜਾ ਕੇ ਬਚ-ਜੂੰ। ਓਥੇ ਪੰਜਾਬੀਆਂ ਦੇ ਭਲੇ ਦੀ ਕੋਈ ਗੱਲ ਕਰੂੰ। ਏਥੇ ਮਰ ਗਿਆ ਤਾਂ ਕਿਸੇ ਨੂੰ ਕੀ ਫਾਇਦਾ? ਮਾਰ ਲਿਆ ਮੈਨੂੰ ਗਰਮੀ ਨੇ, ਮੱਖੀਆਂ ਤੇ ਮੱਛਰਾਂ ਨੇ। ਬੈਠਾ ਉਡਾਉਂਦਾ ਰਹਿਨਾਂ। ਕਲੋਨੇ (ਕੋਵਿਡ) ਕਰਕੇ ਬੁਰਾ ਹਾਲ ਆ ਮੇਰਾ। ਬਾਹਰ ਕਿਤੇ ਜਾ ਨੀ ਸਕਦਾ। ਕਿਸੇ ਨੂੰ ਮਿਲ ਨੀ ਸਕਦਾ। ਆਹੀ ਹੱਲ ਆ ਹੁਣ, ਕੋਈ ਜਹਾਜ਼ ਚੜ੍ਹਾਅ ਦੇਵੇ। ਅਗਾਂਹ ਆਪੇ ਜਹਾਜ਼ ਵਾਲੇ ਸੰਭਾਲ ਲੈਣਗੇ। ਸਭ ਜਾਣਦੇ ਆ ਮੈਨੂੰ। ਪਛਾਣ ਲੈਣਗੇ ਬਈ ਓਹੀ ਆ ਮੈਰਾਥਨ ਦੌੜਾਂ ਵਾਲਾ ਬਾਬਾ ਫੌਜਾ ਸਿੰਘ। ਬਾਬਾ ਦਬਾਦਬ ਬੋਲੀ ਜਾ ਰਿਹਾ ਸੀ, ਕਿਤੇ ਫੋਨ ਵਿਚਾਲਿਓਂ ਈ ਨਾ ਕੱਟਿਆ ਜਾਵੇ। ਮੈਂ ਬਾਬੇ ਨੂੰ 2000 ਤੋਂ ਜਾਣਦਾ ਸਾਂ ਜਦੋਂ ਉਸ ਨੇ ਪਹਿਲੀ ਵਾਰ ਲੰਡਨ ਦੀ ਮੈਰਾਥਨ ਦੌੜ ਲਾਈ ਸੀ। 2003 ਵਿਚ ਟੋਰਾਂਟੋ ਦੀ ਵਾਟਰਫਰੰਟ ਮੈਰਾਥਨ ਦੌੜ ਸਮੇਂ ਮੈਂ ਉਹਦੇ ਨਾਲ ਖੁੱਲ੍ਹੀਆਂ ਗੱਲਾਂ ਕੀਤੀਆਂ ਸਨ ਜੋ ਅਖ਼ਬਾਰਾਂ ਵਿਚ ਛਪੀਆਂ ਸਨ। ਉਦੋਂ ਤੋਂ ਹੀ ਮੈਂ ਬਾਬੇ ਨੂੰ ਮਿਲਦਾ-ਗਿਲਦਾ ਤੇ ਉਹਦੇ ਬਾਰੇ ਲਿਖਦਾ ਆ ਰਿਹਾ ਸਾਂ। ਉਹਦਾ ਦੁਹਾਈਆਂ ਪਾਉਂਦਾ ਸੁਨੇਹਾ ਫਿਕਰਾਂ 'ਚ ਪਾਉਣ ਵਾਲਾ ਸੀ। ਲੌਕਡਾਊਨ ਕਾਰਨ ਹਵਾਈ ਜਹਾਜ਼ਾਂ ਦੀਆਂ ਉਡਾਣਾਂ ਬੰਦ ਹੋਣ ਵਰਗੀਆਂ ਸਨ ਜਿਸ ਕਰਕੇ ਪੰਜਾਬ 'ਚ ਮਿਲਣ ਆਏ ਤੇ ਮਿਲ ਕੇ ਮੁੜਨ ਵਾਲੇ ਮੁਸਾਫਿਰ ਖੱਜਲ-ਖੁਆਰ ਹੋ ਰਹੇ ਸਨ। ਅੰਮ੍ਰਿਤਸਰ ਤੋਂ ਇੰਗਲੈਂਡ ਜਾਣ ਵਾਲੀਆਂ ਉਡਾਣਾਂ ਤਾਂ ਅਸਲੋਂ ਬੰਦ ਸਨ। ਬਾਬਾ ਵਲੈਤ ਜਾਂਦਾ ਤਾਂ ਕਿਧਰ ਦੀ ਜਾਂਦਾ?

ਮੈਂ ਵੀ ਬਾਬੇ ਵਾਂਗ 2019-20 ਦਾ ਸਿਆਲ ਕੱਟਣ ਕੈਨੇਡਾ ਤੋਂ ਪੰਜਾਬ ਆਇਆ ਹੋਇਆ ਸਾਂ। ਬਾਬਾ ਫੌਜਾ ਸਿੰਘ ਦਾ ਮੈਨੂੰ ਪਹਿਲਾਂ ਹੀ ਪਤਾ ਸੀ ਕਿ ਉਹ ਵੀ ਬਿਆਸ ਪਿੰਡ ਆਇਆ ਹੋਇਆ ਸੀ। ਮੇਰੇ ਮਨ ਵਿਚ ਆਪਣੇ ਪਿੰਡ ਦੀਆਂ ਖੇਡਾਂ ਦੇ ਸਮਾਗਮ 'ਤੇ ਬਾਬੇ ਨੂੰ ਦੁਬਾਰਾ ਸੱਦਣ ਦਾ ਵਿਚਾਰ ਸੀ। ਉਹ 2014 'ਚ ਸਪੋਰਟਸ ਅਕੈਡਮੀ ਚਕਰ ਦੇ ਖਿਡਾਰੀਆਂ ਨੂੰ ਹੱਲਾਸ਼ੇਰੀ ਦੇ ਗਿਆ ਸੀ ਅਤੇ ਪਿੰਡ ਦੀਆਂ ਮਾਡਰਨ ਸੱਥਾਂ 'ਚ ਬਜ਼ੁਰਗਾਂ ਨਾਲ ਬਚਨ ਬਿਲਾਸ ਕਰ ਗਿਆ ਸੀ। ਵਿਦਾ ਹੁੰਦਿਆਂ ਵਾਇਦਾ ਵੀ ਕਰ ਗਿਆ ਸੀ ਕਿ ਮੈਂ ਮੁੜ ਕੇ ਫੇਰ ਚਕਰ ਦੀ ਖੇਡ ਅਕੈਡਮੀ ਵੇਖਣ ਆਵਾਂਗਾ।

2019 ਵਿਚ 'ਹਾਕੀ ਦਾ ਗੋਲ ਕਿੰਗ' ਬਲਬੀਰ ਸਿੰਘ ਸੀਨੀਅਰ ਅਜੇ ਜਿਉਂਦਾ ਸੀ ਜਿਸ ਦੀ ਮੈਂ ਜੀਵਨੀ ਲਿਖੀ ਸੀ 'ਗੋਲਡਨ ਗੋਲ'। ਉਹ ਜੀਵਨੀ 2015 ਵਿਚ ਸ਼ਿਕਾਗੋ ਦੇ ਕਬੱਡੀ ਮੇਲੇ 'ਚ ਰਿਲੀਜ਼ ਕੀਤੀ ਗਈ ਸੀ। ਬਲਬੀਰ ਸਿੰਘ ਦੀ ਅਮਰੀਕਾ ਤੇ ਕੈਨੇਡਾ ਦੀ ਉਹ ਆਖ਼ਰੀ ਫੇਰੀ ਸੀ। ਉਦੋਂ ਮਿਲਖਾ ਸਿੰਘ ਵੀ ਜਿਉਂਦਾ ਸੀ ਜਿਸ ਬਾਰੇ ਮੈਂ 'ਫਲਾਈਂਗ ਸਿੱਖ ਮਿਲਖਾ ਸਿੰਘ' ਪੁਸਤਕ ਲਿਖ ਰਿਹਾ ਸਾਂ। ਮਿਲਖਾ ਸਿੰਘ ਉਦੋਂ 90 ਤੇ ਬਲਬੀਰ ਸਿੰਘ 95 ਸਾਲਾਂ ਤੋਂ ਟੱਪ ਚੁੱਕੇ ਸਨ। ਬਾਬਾ ਫੌਜਾ ਸਿੰਘ 110 ਸਾਲਾਂ ਦਾ ਹੋਣ ਵਾਲਾ ਸੀ। ਮੈਨੂੰ ਭਰੋਸਾ ਸੀ ਕਿ ਪੰਜਾਬ ਦਾ 'ਚਾਨਣ ਮੁਨਾਰਾ' ਕਹੇ ਜਾਂਦੇ ਖੇਡ ਪਿੰਡ ਚਕਰ ਨੂੰ ਰੰਗ ਭਾਗ ਲਾਉਣ ਲਈ ਉਨ੍ਹਾਂ 'ਚੋਂ ਇਕ ਦੋ ਮਾਣਯੋਗ ਸ਼ਖਸੀਅਤਾਂ ਜ਼ਰੂਰ ਸਮਾਂ ਕੱਢ ਲੈਣਗੀਆਂ।

ਉਦੋਂ ਸਾਡੇ ਪਿੰਡ ਦੀ ਇਕ ਲੜਕੀ ਨੇ ਟੋਕੀਓ ਦੀਆਂ ਓਲੰਪਿਕ ਖੇਡਾਂ-2020 ਵਿਚ ਭਾਗ ਲੈਣ ਜਾਣਾ ਸੀ। ਮੇਰੇ ਦੋਸਤ ਮਹਿੰਦਰ ਸਿੰਘ ਸੈਕਟਰੀ ਦੀ ਪੋਤੀ ਸਿਮਰਨਜੀਤ ਕੌਰ ਬਾਠ ਉਰਫ਼ 'ਸਿਮਰ ਚਕਰ' ਪਿੰਡ ਦੀ ਸਪੋਰਟਸ ਅਕੈਡਮੀ 'ਚੋਂ ਟ੍ਰੇਨਿੰਗ ਲੈ ਕੇ ਪੰਜਾਬ ਦੀ ਪਹਿਲੀ ਓਲੰਪੀਅਨ ਮੁੱਕੇਬਾਜ਼ ਬਣੀ ਸੀ। ਉਹ ਮੁੱਕੇਬਾਜ਼ੀ ਦੀ ਵਿਸ਼ਵ ਚੈਂਪੀਅਨਸ਼ਿਪ 'ਚੋਂ ਬ੍ਰੌਂਜ ਮੈਡਲ ਜਿੱਤ ਚੁੱਕੀ ਸੀ। ਚਕਰੀਆਂ ਨੂੰ ਆਸ ਸੀ ਕਿ ਉਹ ਓਲੰਪਿਕ ਮੈਡਲ ਵੀ ਜਿੱਤ ਜਾਵੇਗੀ। ਉਪ੍ਰੋਕਤ ਬਜ਼ੁਰਗ ਖਿਡਾਰੀਆਂ ਦੇ ਅਸ਼ੀਰਵਾਦ ਨਾਲ ਸਿਮਰ ਚਕਰ ਨੂੰ ਤੇ ਹੋਰਨਾਂ ਖਿਡਾਰੀਆਂ ਨੂੰ ਹੋਰ ਉਤਸ਼ਾਹ ਮਿਲਣਾ ਸੀ। ਪਰ ਫਰਵਰੀ 2020 ਤੋਂ ਪਸਰੇ ਕਰੋਨਾ ਕਾਲ ਨੇ ਮੇਰੇ ਮਨ ਦੀ ਰੀਝ ਨੂੰ ਸਾਕਾਰ ਨਾ ਹੋਣ ਦਿੱਤਾ।

ਬਾਬਾ ਫੌਜਾ ਸਿੰਘ ਹਰੇਕ ਸਿਆਲ ਵਲਾਇਤ ਤੋਂ ਆਪਣੇ ਪਿੰਡ ਆਉਂਦਾ ਜਾਂਦਾ ਸੀ। ਮੈਂ ਵੀ



*6 ਮਾਰਚ 2025 ਨੂੰ ਬਾਬਾ ਫੌਜਾ ਸਿੰਘ ਦੇ ਘਰ ਪ੍ਰਿੰਸੀਪਲ ਸਰਵਣ ਸਿੰਘ ਆਪਣੀ ਨਵੀਂ ਪੁਸਤਕ 'ਸੰਸਾਰ ਦੇ ਪ੍ਰਸਿੱਧ ਖਿਡਾਰੀ' ਬਾਬਾ ਜੀ ਨੂੰ ਭੇਟ ਕਰਦਿਆਂ। ਉਦੋਂ ਕੀ ਪਤਾ ਸੀ ਕਿ 'ਮੈਰਾਥਨ ਦੇ ਮਹਾਂਰਥੀ' ਦਾ ਚਾਰ ਕੁ ਮਹੀਨਿਆਂ ਬਾਅਦ ਹੀ ਕਿਸੇ ਕਾਰ ਹਾਦਸੇ ਵਿਚ ਦੇਹਾਂਤ ਹੋ ਜਾਣਾ ਹੈ!*

ਅਮਰਦੀਪ ਕਾਲਜ ਮੁਕੰਦਪੁਰ ਤੋਂ ਰਿਟਾਇਰ ਹੋ ਕੇ ਕੈਨੇਡਾ ਜਾਣ ਪਿੱਛੋਂ 2001 ਤੋਂ ਗਰਮੀਆਂ ਕੈਨੇਡਾ ਤੇ ਸਰਦੀਆਂ ਪੰਜਾਬ ਵਿਚ ਕੱਟਦਾ ਆ ਰਿਹਾ ਸਾਂ। ਜਿਵੇਂ ਬਾਬੇ ਦਾ ਵੱਡਾ ਪੁੱਤਰ ਇੰਗਲੈਂਡ ਵਿਚ ਹੈ ਉਵੇਂ ਮੇਰਾ ਛੋਟਾ ਪੁੱਤਰ ਕੈਨੇਡਾ 'ਚ ਹੈ। ਜਿਵੇਂ ਉਹਦਾ ਛੋਟਾ ਪੁੱਤਰ ਬਿਆਸ ਪਿੰਡ 'ਚ ਖੇਤੀਬਾੜੀ ਕਰਦਾ ਹੈ ਉਵੇਂ ਮੇਰਾ ਵੱਡਾ ਪੁੱਤ ਅਮਰਦੀਪ ਕਾਲਜ ਮੁਕੰਦਪੁਰ 'ਚ ਪੜ੍ਹਾਉਂਦਾ ਹੈ। ਦੋਹਾਂ ਦਾ ਪਰਿਵਾਰ ਦੋਹੀਂ ਪਾਸੀਂ ਹੋਣ ਕਰਕੇ ਅਸੀਂ ਕੈਨੇਡਾ ਤੇ ਇੰਗਲੈਂਡ ਦੀ ਠੰਢ ਤੋਂ ਤੇ ਪੰਜਾਬ ਦੀ ਗਰਮੀ ਤੋਂ ਬਚਦੇ ਆ ਰਹੇ ਸਾਂ। ਪਰ ਕਰੋਨੇ ਕਾਰਨ 2020 ਦੀਆਂ ਗਰਮੀਆਂ ਪੰਜਾਬ 'ਚ ਹੀ ਕੱਟਣ ਲਈ ਮਜਬੂਰ ਹੋ ਗਏ ਸਾਂ।

ਅਜੀਬ ਚੱਕਰ ਸੀ। ਆਉਣ ਵੇਲੇ ਸਭ ਕੁਝ ਚੰਗਾ ਭਲਾ ਸੀ ਪਰ ਜਾਣ ਵੇਲੇ ਲੌਕਡਾਊਨ ਦੀ ਸਜ਼ਾ ਮਿਲ ਗਈ ਸੀ। ਸਾਡੇ ਵਰਗੇ ਜਿੰਨੇ ਵੀ ਮੁਸਾਫ਼ਿਰ ਵਿਦੇਸ਼ੋਂ ਦੇਸ਼ ਆਏ ਸਨ ਅਚਾਨਕ ਕਰੋਨੇ ਦੀਆਂ ਬੰਧਸ਼ਾਂ ਵਿਚ ਫਸ ਗਏ ਸਾਂ। ਇਹ ਸਮਝ ਲਓ ਕਿ ਇਕ ਤਰ੍ਹਾਂ ਕੈਦੀ ਹੀ ਹੋ ਗਏ ਸਾਂ। ਇਕੋ ਆਸ ਸੀ ਕਿ ਪਰਵਾਸੀ ਆਪਣੇ ਦੂਤ ਘਰਾਂ ਰਾਹੀਂ ਵਾਪਸੀ ਦਾ ਉਪਾਅ ਕਰ ਸਕਦੇ ਸਨ। ਰਿਟਰਨ ਟਿਕਟਾਂ ਵਾਲਿਆਂ ਦੀਆਂ ਤਰੀਕਾਂ ਪਿੱਛੇ ਪਾਈਆਂ ਜਾ ਰਹੀਆਂ ਸਨ। ਬਾਬਾ ਫੌਜਾ ਸਿੰਘ ਤੇ ਮੇਰੇ ਵਰਗਿਆਂ ਨੂੰ ਮੁੜਨ ਦੀ ਬਹੁਤੀ ਕਾਹਲ ਵੀ ਨਹੀਂ ਸੀ ਕਿ ਤੁਰਤ ਨਵੀਆਂ ਟਿਕਟਾਂ ਖਰੀਦ ਕੇ ਵਾਪਸੀ ਕਰੀਏ। ਏਸੇ ਕਰਕੇ ਨਾ ਬਾਬੇ ਨੇ ਨਵੀਂ ਟਿਕਟ ਲਈ ਸੀ ਤੇ ਨਾ ਮੈਂ।

ਪਰ ਬਾਬਾ ਤਾਂ ਸਾਉਣ ਭਾਦੋਂ ਦੇ ਹੁੰਮਸ ਦਾ ਸਤਾਇਆ ਮੀਡੀਏ 'ਚ ਦੁਹਾਈਆਂ ਪਾਉਣ ਲੱਗ ਪਿਆ ਸੀ ਕਿ ਕੋਈ ਮੈਨੂੰ ਹੁਣੇ ਜਹਾਜ਼ ਚੜ੍ਹਾਅ ਦੇਵੇ। ਕਹਿ ਰਿਹਾ ਸੀ ਕਿ ਜਹਾਜ਼ ਵਾਲੇ ਮੈਨੂੰ ਆਪੇ ਸੰਭਾਲ ਲੈਣਗੇ। ਸਭ ਜਾਣਦੇ ਆ ਮੈਨੂੰ। ਨਹੀਂ ਤਾਂ ਅਖ਼ਬਾਰਾਂ 'ਚ ਛਪੀਆਂ ਫੋਟੂਆਂ ਦਿਖਾ-ਦੂੰ। ਜੇ ਏਥੇ ਈ ਬੱਧਾ ਰਿਹਾ ਤਾਂ ਅਗਲੇ ਜਹਾਨ ਪਹੁੰਚਿਆ ਈ ਸਮਝੋ। ਉਹਦੇ ਪੁੱਤਰ ਹਰਵਿੰਦਰ ਸਿੰਘ ਦੀ ਦਲੀਲ ਸੀ ਕਿ ਬਾਪੂ ਐਵੇਂ ਕਾਹਲੀ ਕਰੀ ਜਾਂਦਾ। ਰਹਿਣਾ ਇਹਨੇ ਵਲੈਤ 'ਚ ਵੀ ਨਹੀਂ ਕਿਉਂਕਿ ਓਥੇ ਕੋਵਿਡ ਦੀਆਂ ਬੰਧਸ਼ਾਂ ਏਥੇ ਨਾਲੋਂ ਵੀ ਵੱਧ ਹਨ। ਪਰ ਬਾਬਾ ਇਹੋ ਕਹੀ ਜਾਂਦਾ ਸੀ ਕਿ ਮੇਰੀ ਸੇਵਾ ਤਾਂ ਏਥੇ ਵੀ ਬਹੁਤ ਹੁੰਦੀ ਐ ਪਰ ਏਥੇ ਮੈਂ ਬਚਣਾ ਨੀ। ਜਿੰਨੀ ਛੇਤੀ ਕਿਸੇ ਜਹਾਜ਼ 'ਚ ਸੀਟ ਮਿਲਦੀ ਆ ਮੈਨੂੰ ਚੜ੍ਹਾਉਣ ਦੀ ਕਰੋ। ਬਾਬੇ ਨੇ ਮੈਨੂੰ ਮਦਦ ਕਰਨ ਲਈ ਕਿਹਾ। ਅਖੇ ਖੱਟ ਲਓ ਪੁੰਨ, ਨਹੀਂ ਤਾਂ ਚੱਲਿਆ ਮੈਂ।

ਮੈਂ ਆਪਣੇ ਮੁਕੰਦਪੁਰੀਏ ਗੁਆਂਢੀ 'ਫਲਾਈਂਗ ਵਿੰਗਜ਼' ਵਾਲੇ ਅਜੀਤ ਅਬਰੋਲ ਨੂੰ ਫੋਨ ਕੀਤਾ। ਉਸ ਨੂੰ ਬਾਬੇ ਦੀ ਬਿਪਤਾ ਦੱਸੀ ਤੇ ਕਿਹਾ ਕਿ ਤੁਰਤ ਇੰਗਲੈਂਡ ਦੀ ਸੀਟ ਲੱਭੇ। ਉਸ ਨੇ ਦਿੱਲੀ ਤੋਂ ਲੰਡਨ ਦੀ ਸੀਟ ਲੱਭ ਕੇ ਅਗਲੇ ਦਿਨ ਹੀ ਫੋਨ ਕੀਤਾ ਕਿ ਸੀਟ ਮਿਲ ਗਈ। ਬਾਬਾ ਜੀ ਦਿੱਲੀਓਂ ਲੰਡਨ ਜਾਣ ਦੀ ਤਿਆਰੀ ਕਰ ਲੈਣ। ਮੈਂ ਬਾਬੇ ਨੂੰ ਉਹਦੇ ਪੁੱਤਰ ਰਾਹੀਂ ਫੋਨ ਕੀਤਾ ਤਾਂ ਜਵਾਬ ਮਿਲਿਆ ਕਿ ਅੰਬਰਸਰੋਂ ਲੰਡਨ ਦੀ ਸੀਟ ਮਿਲ ਜਾਂਦੀ ਤਾਂ ਠੀਕ ਸੀ ਕਿਉਂਕਿ ਬਾਬੇ ਦੀ ਰਿਟਰਨ ਟਿਕਟ ਅੰਮ੍ਰਿਤਸਰ ਤੋਂ ਲੰਡਨ ਦੀ ਸੀ। ਨਾਲ ਦੀ ਨਾਲ ਬਾਬਾ ਦਲੀਲ ਦੇਈ ਜਾਵੇ ਅਖੇ ਦਿੱਲੀ ਤਾਂ 'ਕਲੋਨੇ' ਦਾ ਜ਼ੋਰ ਈ ਬਹੁਤਾ। ਕਿਤੇ ਮੈਂ ਓਥੇ ਈ ਨਾ ਰਹਿਜਾਂ? ਫੇਰ ਜੇਹੇ ਜਹਾਜ਼ ਚੜ੍ਹੇ ਜੇਹੇ ਨਾ ਚੜ੍ਹੇ!

ਮੈਂ ਅਜੀਤ ਨੂੰ ਫਿਰ ਫੋਨ ਕੀਤਾ, "ਕਰ ਬਈ ਪਤਾ, ਕਦੋਂ ਚੱਲੂ ਅੰਬਰਸਰੋਂ ਲੰਡਨ ਦੀ ਉਡਾਣ? ਜਾਂ ਕੋਈ ਹੋਰ ਸੌਖਾ ਰਾਹ। ਬਾਬੇ ਨੂੰ ਆਪਾਂ ਵਲਾਇਤ ਜ਼ਰੂਰ ਪੁਚਾਉਣਾ। ਓਧਰ ਉਹਦਾ ਪੁੱਤਰ ਹਰਵਿੰਦਰ ਸਿੰਘ ਆਖੀ ਜਾਵੇ, ਰਹਿਣਾ ਬਾਪੂ ਨੇ ਓਥੇ ਵੀ ਨਹੀਂ। ਬੱਸ ਜਾਣ ਸਾਰ ਈ ਮੁੜਿਆ ਲਿਓ। ਮੇਰੀ ਦਲੀਲ ਸੀ ਜੇ ਦਿੱਲੀ ਵੱਲ ਦੀ ਜਾਵੇ ਤਾਂ ਉਥੇ ਕਿਸਾਨ ਮੋਰਚੇ ਵਿਚ ਵੀ ਹਾਜ਼ਰੀ ਲੱਗ ਸਕਦੀ ਹੈ। ਹਰਵਿੰਦਰ ਸਿੰਘ ਨੇ ਆਪਣੀ ਟਰਾਲੀ ਸਾਲ ਭਰ ਤੋਂ ਮੋਰਚੇ 'ਚ ਭੇਜੀ ਹੋਈ ਸੀ ਤੇ ਬਾਬਾ ਫੌਜਾ ਸਿੰਘ ਨੇ ਵੀ ਆਪਣੀ ਬੁਢਾਪਾ ਪੈਨਸ਼ਨ 'ਚੋਂ 50 ਹਜ਼ਾਰ ਰੁਪਏ ਮੋਰਚੇ ਦੇ ਫੰਡ 'ਚ ਪਾਏ ਸਨ। ਪਰ ਬਾਬਾ ਦਿੱਲੀ ਦੇ ਲੰਮੇ ਸਫ਼ਰ ਤੇ ਦਿੱਲੀ ਦੀ ਗਰਮੀ ਤੋਂ ਤਹਿਕਦਾ ਅੰਬਰਸਰੋਂ ਜਹਾਜ਼ ਚੜ੍ਹਨ ਨੂੰ ਹੀ ਪਹਿਲ ਦੇ ਰਿਹਾ ਸੀ। ਕਹਿ ਰਿਹਾ ਸੀ, "ਨਾਲੇ ਦਰਬਾਰ ਸਾਹਿਬ ਮੱਥਾ ਟੇਕਿਆ ਜਾਊ। ਫੇਰ ਕੀ ਪਤਾ ਦਰਬਾਰ ਸਾਹਿਬ ਦੇ ਦਰਸ਼ਨ ਹੋਣ ਜਾਂ ਨਾ ਹੋਣ"?

ਬਾਬੇ ਦੇ ਚੰਗੇ ਕਰਮਾਂ ਨੂੰ ਅਗਲੇ ਦਿਨ ਹੀ ਅਜੀਤ ਦਾ ਫੋਨ ਆ ਗਿਆ ਕਿ ਅੰਬਰਸਰੋਂ ਫਲਾਈਟਾਂ ਸ਼ੁਰੂ ਹੋ ਰਹੀਆਂ। ਉਸ ਨੇ ਬਾਬੇ ਲਈ ਪਹਿਲੀ ਫਲਾਈਟ ਵਿਚ ਸੀਟ ਰਿਜ਼ਰਵ ਕਰਵਾ ਲਈ। ਬਾਬਾ ਸੁੱਖੀ ਸਾਂਦੀ ਵਲੈਤ ਪਹੁੰਚ ਗਿਆ ਪਰ ਉਥੇ ਕਰੋਨੇ ਦਾ ਪੰਜਾਬ ਨਾਲੋਂ ਵੀ ਸਖ਼ਤ ਕਰਫਿਊ ਲੱਗਾ ਹੋਇਆ ਸੀ। ਉਹ ਨਾ ਇਲਫੋਰਡ ਟਿਕਿਆ ਤੇ ਨਾ ਨੌਟਿੰਘਮ। ਪਾਰਕਾਂ 'ਚ ਉਹ ਤੁਰ ਫਿਰ ਨਹੀਂ ਸੀ ਸਕਦਾ। 'ਕਲੋਨੇ' ਦੀਆਂ ਪਾਬੰਦੀਆਂ ਨਾ ਸਹਾਰਦਾ ਡੇਢ ਕੁ ਮਹੀਨਾ ਪਿੱਛੋਂ ਫਿਰ ਬਿਆਸ ਪਿੰਡ ਆ ਬੈਠਾ। ਉਥੇ ਫਿਰ ਵੀ ਗੱਲਾਂ ਬਾਤਾਂ ਕਰਨ ਵਾਲੇ ਸਨ ਜੋ ਵਲਾਇਤ ਵਿਚ ਨਹੀਂ ਸਨ ਮਿਲਦੇ। ਜੀਵਨ ਦੇ ਆਖ਼ਰੀ ਸਾਲ ਉਸ ਨੇ ਬਿਆਸ ਪਿੰਡ ਵਿਚ ਹੀ ਬਿਤਾਏ। ਵਿਚੋਂ ਇਕ ਗੇੜਾ ਕੈਨੇਡਾ ਵਾਲੀ ਧੀ ਵੱਲ ਮਾਰਿਆ। ਬਿਮਾਰ ਹੋਇਆ ਤਾਂ ਭੈਰਵੀ ਪੱਟੀ ਕਿ ਛੇਤੀ ਪਿੰਡ ਪੁਚਾਓ, ਨਹੀਂ ਤਾਂ ਡੱਬੇ 'ਚ ਪਾ ਕੇ ਭੇਜਣਾ ਪਊ। ਬਿਆਸ ਪਿੰਡ ਪਹੁੰਚਾ ਤਾਂ ਸਾਲ ਕੁ ਬਾਅਦ ਤੋਰਾ ਫੇਰਾ ਕਰਦਾ ਘਰ ਕੋਲ ਦੀ ਲੰਘਦੇ ਹਾਈਵੇ ਨੂੰ ਪਾਰ ਕਰਦਾ ਤੇਜ਼ ਆਉਂਦੀ ਕਾਰ ਦੀ ਫੇਟ ਖਾ ਬੈਠਾ ਤੇ 115ਵੇਂ ਸਾਲ ਦੀ ਉਮਰੇ 14 ਜੁਲਾਈ 2025 ਨੂੰ ਜਾਂਦੀ ਵਾਰ ਦੀ ਫਤਿਹ ਬੁਲਾ ਗਿਆ। (ਛਪ ਰਹੀ ਪੁਸਤਕ 'ਮੈਰਾਥਨ ਦਾ ਮਹਾਂਰਥੀ ਬਾਬਾ ਫੌਜਾ ਸਿੰਘ' ਵਿਚੋਂ।

## ਹੁਣ ਤਾਂ ਜ਼ਿੰਦਗੀ ਦੀ ਇੱਕ ਹੀ ਖਾਹਿਸ਼ ਹੈ, ਮੀਡੀਏ ਵਿਚ ਮੇਰੀ ਵੀ ਇਹੋ ਜਿਹੀ ਤਸਵੀਰ ਘੁੰਮੇ!

ਪੰਜ ਕਰੋੜ ਤੇ ਕਰੋੜਾਂ ਦਾ ਸੋਨਾ! ਨਾਟਕਾਂ, ਡਿਗਰੀਆਂ ਤੇ ਕਿਤਾਬਾਂ ਦਾ ਥੱਬਾ। ਸੱਠ ਸਾਲ ਦੀ ਜ਼ਿੰਦਗੀ ਵਿਚ ਪੰਜਾਹ ਸਾਲ ਮਿਹਨਤ ਕੀਤੀ ਪਰ ਕਦੇ ਪੰਜਾਹ ਲੱਖ ਇਕੱਠੇ ਨਹੀਂ ਵੇਖੇ। ਹਰ ਵਾਰ ਕੁਝ ਬਣਾਉਣ ਲੱਗਿਆਂ, ਧੀ-ਪੁੱਤ ਦਾ ਕੁਝ ਵੀ ਕਰਨ ਲਈ ਜਾਂ ਕੁਝ ਵੇਚਣਾ ਪਿਆ, ਲੋਨ ਲੈਣਾ ਪਿਆ ਜਾਂ ਪੀ. ਐਫ਼. ਕਢਵਾਉਣਾ ਪਿਆ। ਹਾਲੇ ਕੱਲ ਹੀ ਇੱਕ ਹਜ਼ਾਰ 'ਚ ਐੱਚ ਐਂਡ ਐਮ ਦੀ ਸਾਢੇ-ਸੱਤ ਹਜ਼ਾਰ ਵਾਲੀ ਪੈਂਟ ਦੀ ਫਰਸਟ ਕਾਪੀ ਲੈ ਕੇ ਆਇਆਂ। ਤੇ ਇਸੇ ਸਿਸਟਮ ਵਿਚ ਇੱਕ ਪੁਲਿਸ ਵਾਲਾ, ਇੱਕ ਲੀਡਰ, ਜਿਸ ਨੂੰ ਡੱਕੇ ਦੀ ਅਕਲ ਨਹੀਂ ਹੁੰਦੀ, ਉਹ ਸਿਸਟਮ ਨੂੰ ਵੇਚ ਕੇ ਕਰੋੜਾਂ ਵਿਚ ਖੇਡਦਾ ਹੈ। ਕੋਈ ਡਿਗਰੀ ਨਹੀਂ ਚਾਹੀਦੀ ਉਸ ਲਈ! ਬੱਸ ਜ਼ਮੀਰ ਮਾਰਨੀ ਹੈ। ਸ਼ਰਮ ਹਯਾ ਛਿੱਕੇ ਟੰਗਣੀ ਹੈ। ਕਿਸੇ ਵੱਡੇ ਲੀਡਰ ਦਾ ਪਾਲਤੂ ਬਣ ਕੇ ਆਪ ਖਾਣਾ ਹੈ ਤੇ ਉਸਨੂੰ ਖਵਾਉਣਾ ਹੈ। ਵਿਰੋਧੀਆਂ ਨੂੰ ਠੋਕਣਾ ਹੈ ਤੇ ਬੋਲਣ ਵਾਲਿਆਂ ਨੂੰ ਧਮਕਾਉਣਾ ਹੈ! ਲੁੱਟਣਾ ਹੈ ਆਮ ਲੋਕਾਂ ਨੂੰ ਜਿਹੜੇ ਵਿਚਾਰੇ ਹਰ ਪੰਜ ਸਾਲ ਬਾਅਦ ਮੂਰਖ ਬਣਦੇ ਹਨ।

ਤੁਸੀਂ ਕੀ ਸੋਚਦੇ ਹੋ, ਭੁੱਲਰ ਜੋ ਕਰਦਾ ਰਿਹਾ, ਆਪਣੀ ਮਰਜ਼ੀ ਨਾਲ ਕਰਦਾ ਰਿਹਾ! ਥੱਲੋਂ ਤੋਂ ਲੈ ਕੇ ਉੱਤੋਂ ਤੱਕ ਉਸਦੇ ਸੈਂਕੜੇ



ਸਰਪ੍ਰਸਤ ਹੋਣਗੇ। ਬਕਵਾਸ ਹੈ ਇਸ ਦੇਸ਼ ਦੀ ਰਾਜਨੀਤੀ ਅਤੇ ਸਿਸਟਮ। ਬੇਸ਼ਰਮੀ ਦਾ ਵਪਾਰ। ਇਹ ਸਿਸਟਮ ਇੰਨਾ ਕੁ ਬਿਮਾਰ ਹੈ ਕਿ ਅਗਾਂਹ ਹਰੇਕ ਨੂੰ ਬਿਮਾਰ ਕਰਦਾ ਜਾ ਰਿਹਾ ਹੈ। ਭੁੱਲਰ ਨੂੰ ਵੇਖ ਕੇ ਕਿੰਨੇ ਹੋਰ ਪੁਲਿਸ ਵਾਲਿਆਂ ਦੇ ਹੌਂਸਲੇ ਖੁੱਲ੍ਹਦੇ ਤੇ ਕਿੰਨੇ ਇਮਾਨਦਾਰ ਅਫ਼ਸਰਾਂ ਦੇ ਹੌਂਸਲੇ ਟੁੱਟਦੇ ਹੋਣਗੇ, ਅਸੀਂ ਕਦੇ ਨਹੀਂ ਸੋਚਦੇ। ਯਾਦ ਰੱਖੋ, ਸੰਤ-ਸੂਰਮੇ ਸਿਰਫ਼ ਨੇਕ ਲੋਕਾਂ ਦੇ ਰੋਲ-ਮਾਡਲ ਹੁੰਦੇ ਹਨ। ਕਮਜ਼ੋਰ, ਕੰਮਚੋਰ ਤੇ ਹਾਬੜਿਆਂ ਦੇ ਰੋਲ-ਮਾਡਲ ਅਕਸਰ ਭੁੱਲਰ ਵਰਗੇ ਹੁੰਦੇ ਹਨ।

ਭੁੱਲਰ ਇਸ ਸਿਸਟਮ ਦਾ ਅੱਧਾ ਨਹੀਂ, ਪੂਰਾ ਸੱਚ ਹੈ। ਇਹ ਉਹ ਸੱਚ ਹੈ ਜਿਹੜਾ ਝੂਠ ਤੇ ਸੱਚ ਦੀਆਂ ਪਰਿਭਾਸ਼ਾਵਾਂ ਉਲਟਾ ਦਿੰਦਾ ਹੈ। ਇਹ ਲੋਕਾਂ ਦਾ ਆਪਣੇ ਅਤੀਤ, ਆਪਣੇ ਵਰਤਮਾਨ, ਆਪਣੇ ਭਵਿੱਖ ਤੋਂ ਭਰੋਸਾ ਚੁੱਕ ਦਿੰਦਾ ਹੈ। ਅਸੀਂ ਨਹੀਂ ਸੋਚਦੇ ਕਿ ਇੱਕ ਭੁੱਲਰ ਦੀ ਅਜਿਹੀ ਸ਼ਾਨ ਵੇਖ ਕੇ ਕਿੰਨੇ ਕਮਜ਼ੋਰ ਲੋਕ ਭੁੱਲਰ ਹੋ ਜਾਂਦੇ ਹੋਣਗੇ। ਇਹ ਲੋਕਾਂ ਨੂੰ ਸੋਚਣ ਲਾ ਦਿੰਦਾ ਹੈ, 'ਕੁਝ ਨਹੀਂ ਹੁੰਦੀ ਨੈਤਿਕਤਾ, ਇਮਾਨਦਾਰ ਤੇ ਆਦਰਸ਼। ਮੌਕਾ ਮਿਲਦਾ ਹੈ ਤਾਂ ਰੱਜ ਕੇ ਲੁੱਟੋ ਜੋ ਲੁੱਟ ਸਕਦੇ ਹੋ।'

ਤੁਹਾਨੂੰ ਸ਼ਾਇਦ ਇਹ ਮਜਾਕ ਦੀ ਗੱਲ ਲੱਗੇ, ਪਰ ਮੈਂ ਅੱਜ ਸੱਚਮੁੱਚ ਸੋਚ ਰਿਹਾ ਹਾਂ, ਕਿ ਬੱਸ, ਹੁਣ ਭਾਵੇਂ ਡੇਰਾ ਖੋਲ੍ਹਿਆ ਜਾਵੇ, ਭਾਵੇਂ 'ਕੱਟੜ ਇਮਾਨਦਾਰ' ਬਣਿਆ ਜਾਵੇ ਪਰ ਇੱਕ ਵਾਰ ਜਰੂਰ ਆਪਣੇ ਅੰਦਰ ਇਹ ਕਾਬਲੀਅਤ ਪੈਦਾ ਕੀਤੀ ਜਾਵੇ ਕਿ ਸੀ ਬੀ ਆਈ ਰੇਡ ਮਾਰਨ ਘਰੇ ਆਵੇ ਤੇ ਆਵੇ ਵੀ ਮਸ਼ੀਨ ਲੈ ਕੇ।

*-ਪਾਲੀ ਭੁਪਿੰਦਰ*

### ਤਸਵੀਰ ਦਾ ਦੂਜਾ ਪਾਸਾ ਵੀ ਦੇਖਿਆ ਕਰੋ।

*ਸਭ ਲੋਕ ਪੋਸਟਾਂ ਪਾ ਰਹੇ ਤੇ ਗੱਲਾਂ ਕਰ ਰਹੇ ਨੇ ਕਿ ਪੁਲਿਸ ਅਫਸਰ ਦੇ ਘਰ ਤੋਂ ਰਿਸ਼ਵਤ ਦਾ ਇੰਨਾ ਪੈਸਾ ਪਕੜਿਆ ਗਿਆ।*

*ਹੁਣ ਭਲਾ ਜਦ ਵੱਡੇ ਲੋਕ ਤੇ ਵੱਡੇ ਕੰਮ ਨੇ, ਖਰਚੇ ਵੀ ਤਾਂ ਵੱਡੇ ਨੇ। ਵਿਚਾਰੇ ਨੂੰ ਆਪ ਜਿਹੜੀ ਰਿਸ਼ਵਤ ਦੇਣੀ ਪਈ ਉਹਦੀ ਗੱਲ ਕੋਈ ਨਹੀਂ ਛੇੜ ਰਿਹਾ। ਜਦ ਅਕਾਲੀਆਂ ਦਾ ਰਾਜ ਸੀ, ਤੇ ਰਵੀ ਸਿੱਧੂ ਨੋਟਾਂ ਦੇ ਬੈਗ ਫੜ ਫੜ ਨੌਕਰੀਆਂ ਦੇ ਰਿਹਾ ਸੀ। ਤਾਂ ਭੁੱਲਰ ਸਾਹਿਬ ਨੂੰ ਵੀ ਇੱਕ ਬੈਗ ਨੋਟਾਂ ਦਾ ਭਰ ਕੇ ਰਵੀ ਸਿੱਧੂ ਨੂੰ ਦੇਣਾ ਪਿਆ। ਕਿਉਂਕਿ ਸਾਹਿਬ ਨੇ ਉਦੋਂ ਆਪਣੀ ਧੀ ਪੈਸੇ ਦੇ ਕੇ ਫਛੰ ਅਫ਼ਸਰ ਲਗਵਾਈ, ਵਿਚਾਰੀ ਜਿਹੜੀ ਭਓ ਵੀ ਪਾਸ ਨਹੀਂ ਕਰ ਪਾਈ ਸੀ।*

# ਸਤਿੰਦਰ ਸਿੰਘ ਦਾ ਨੂਰ


## ਗੁਰਮੀਤ ਕੜਿਆਲਵੀ




**ਗੁਰਮੀਤ ਕੜਿਆਲਵੀ, ਪੰਜਾਬੀ ਦਾ ਉੱਘਾ ਕਹਾਣੀਕਾਰ ਅਤੇ ਵਾਰਤਕਕਾਰ ਹੈ, ਜੋ ਕਥਾ ਪੁਸਤਕਾਂ, ਕਹਾਣੀਆਂ, ਬਾਲ ਸਾਹਿਤ ਦੀਆਂ ਪੁਸਤਕਾਂ ਅਤੇ ਵਾਰਤਕ ਪੁਸਤਕਾਂ ਤੋਂ ਇਲਾਵਾ ਨਾਟਕ ਵੀ ਲਿਖ ਚੁੱਕਾ ਹੈ। ਉਸ ਦੀ ਕਹਾਣੀ ਆਤੂ ਖੋਜੀ 'ਤੇ ਲਘੂ ਫਿਲਮ ਬਣ ਚੁੱਕੀ ਹੈ ਤੇ ਬਹੁਤ ਸਾਰੀਆਂ ਕਹਾਣੀਆਂ ਦਾ ਨਾਟਕੀਕਰਨ ਹੋ ਚੁੱਕਾ ਹੈ। ਉਸ ਦੀਆਂ ਕਈ ਰਚਨਾਵਾਂ ਸਕੂਲ ਅਤੇ ਯੂਨੀਵਰਸਿਟੀ ਦੇ ਸਿਲੇਬਸ ਵਿਚ ਵੀ ਸ਼ਾਮਿਲ ਹਨ। ਪ੍ਰਿੰਸੀਪਲ ਸੁਜਾਨ ਸਿੰਘ ਅਤੇ ਪ੍ਰੀਤਲੜੀ ਪੁਰਸਕਾਰ ਸਮੇਤ ਕਈ ਸਨਮਾਨ ਹਾਸਲ ਕਰ ਚੁੱਕੇ ਕੜਿਆਲਵੀ ਦੀਆਂ ਰਚਨਾਵਾਂ ਹਿੰਦੀ, ਮਰਾਠੀ, ਗੁਜਰਾਤੀ ਤੇ ਸ਼ਾਹਮੁਖੀ 'ਚ ਵੀ ਅਨੁਵਾਦ/ਲਿਪੀਅੰਤਰ ਹੋ ਕੇ ਛਪ ਚੁੱਕੀਆਂ ਹਨ। ਅਸੀਂ ਆਪਣੇ ਪਾਠਕਾਂ ਲਈ ਉਸ ਦੀਆਂ ਕਹਾਣੀਆਂ ਦਾ ਕਾਲਮ ਸ਼ੁਰੂ ਕੀਤਾ ਹੈ, ਉਮੀਦ ਹੈ ਪਾਠਕਾਂ ਨੂੰ ਪਸੰਦ ਆ ਰਿਹਾ ਹੋਵੇਗਾ।**

ਦੇਸ਼ ਦੀ ਡਿਕਡੋਲੋ ਖਾਂਦੀ ਅਰਥ ਵਿਵਸਥਾ ਦੇ ਅਸਮਾਨ ਨੂੰ ਧਰਤੀ 'ਤੇ ਡਿੱਗਣੋਂ ਬਚਾਉਣ ਲਈ ਦੇਸ਼ ਦਾ ਪ੍ਰਧਾਨ ਮੰਤਰੀ ਅਤੇ ਉਸਦੀ ਕੈਬਨਿਟ ਵਿਸ਼ਵ ਬੈਂਕ ਦੀਆਂ ਉਦਾਰਵਾਦੀ ਨੀਤੀਆਂ ਦੀਆਂ ਥੰਮੀਆਂ ਦੇਈ ਫਿਰਦੇ ਸਨ। ਦੇਸ਼ ਵਿਚ ਵਿਸ਼ਵ ਬੈਂਕ ਦੀਆਂ ਹਦਾਇਤਾਂ ਅਨੁਸਾਰ ਅਤੇ ਦੁਨੀਆ ਭਰ ਦੇ ਦੇਸ਼ਾਂ ਦੇ ਸਰਪੰਚ, ਸੰਯੁਕਤ ਰਾਜ ਅਮਰੀਕਾ ਪੱਖੀ ਨੀਤੀਆਂ ਲਾਗੂ ਕਰਕੇ ਅਰਥ ਵਿਵਸਥਾ ਨੂੰ ਸੁਧਾਰਨ ਦੇ ਵੱਡੇ-ਵੱਡੇ ਦਾਅਵੇ ਅਤੇ ਵਾਅਦੇ ਕੀਤੇ ਜਾ ਰਹੇ ਸਨ। ਉਨ੍ਹੀਂ ਦਿਨੀਂ ਮੈਂ ਤੇ ਮੇਰੀ ਜੀਵਨ ਸਾਥਣ ਦਿੱਲੀ ਦੀਆਂ ਸੜਕਾਂ 'ਤੇ ਆਪਣੀ ਡਿਕਡੋਲੋ ਖਾਂਦੀ ਆਰਥਿਕਤਾ ਨੂੰ ਪੈਰਾਂ ਸਿਰ ਕਰ ਲੈਣ ਦੀ ਆਸ ਨਾਲ ਫਾਕਾ ਮਸਤੀ ਕਰ ਰਹੇ ਸਾਂ। ਘਰੋਂ ਲਿਆਂਦੇ ਪੈਸੇ ਅੱਕ ਦੀਆਂ ਫੰਬੜੀਆਂ ਵਾਂਗੂੰ ਉੱਡਦੇ ਜਾ ਰਹੇ ਸਨ। ਭਵਿੱਖ ਦੀ ਚਿੰਤਾ ਚੂਹੇ ਵਾਂਗ ਦਿਮਾਗ ਦੀਆਂ ਨਾੜੀਆਂ ਕੁਤਰਦੀ ਰਹਿੰਦੀ ਸੀ। ਬੜੇ ਔਖੇ ਹਾਲਾਤ ਵਿਚ ਪੰਜਾਬ ਛੱਡਣ ਲਈ ਮਜਬੂਰ ਹੋਏ ਸਾਂ। ਹੁਣ ਐਨੀ ਛੇਤੀ ਵਾਪਸ ਪਰਤ ਜਾਣਾ ਵੀ ਸੰਭਵ ਨ੍ਹੀਂ ਸੀ ਤੇ ਨਾ ਹੀ ਦਰੁਸਤ। ਦਿੱਲੀ ਤਾਂ ਸਿਰਾਂ ਦਾ ਸਮੁੰਦਰ ਸੀ। ਲੋਕ ਵਾਹੋਦਾਹੀ ਭੱਜੇ ਫਿਰਦੇ ਸਨ। ਐਡੇ ਵੱਡੇ ਸਮੁੰਦਰ ਵਿਚ ਸਾਡੀ ਬਾਂਹ ਫੜਨ ਵਾਲਾ ਕੌਣ ਸੀ? ਲਾ-ਪਾ ਕੇ ਇਸ ਨਗਰੀ ਦੇ ਕੁਝ ਕੁ ਲੇਖਕਾਂ ਨੂੰ ਹੀ ਜਾਣਦਾ ਸਾਂ। ਸ਼ਾਇਦ ਇਹ ਲੋਕ ਹੀ ਮੇਰੇ ਕੰਮ ਆ ਸਕਣ, ਇਹ ਆਸ ਹੀ ਮੇਰੇ ਆਲੇ-ਦੁਆਲੇ ਭਟਕਦੀ ਰਹਿੰਦੀ ਸੀ। ਇਸੇ ਆਸ ਦੀ ਕੰਨੀ ਫੜਦਿਆਂ ਇੱਕ ਦਿਨ ਮੈਂ ਆਪਣੇ ਮਨਭਾਉਂਦੇ, ਪੰਜਾਬੀ ਦੇ ਵੱਡੇ ਕਹਾਣੀਕਾਰ ਨੂੰ ਫ਼ੋਨ ਖੜਕਾ ਦਿੱਤਾ ਸੀ। ਇਸ ਕਹਾਣੀਕਾਰ ਦੀਆਂ ਕਹਾਣੀਆਂ ਦੀ ਠੁੱਕਦਾਰ ਮਲਵਈ ਬੋਲੀ ਅਤੇ ਮੰਝੀ ਹੋਈ ਦਰਿਆਈ ਸ਼ੈਲੀ ਦਾ ਮੈਂ ਦੀਵਾਨਾ ਸਾਂ। ਇਸ ਵੱਡੇ ਲੇਖਕ ਨੂੰ ਉਂਜ ਵੀ ਸਾਹਿਤਕ ਹਲਕਿਆਂ ਵਿਚ ਕਾਫ਼ੀ ਪ੍ਰਗਤੀਵਾਦੀ ਗਿਣਿਆ ਜਾਂਦਾ ਸੀ। ਇਸ ਕਥਾਕਾਰ ਨੂੰ ਮੈਂ ਕਈ ਸੈਮੀਨਾਰਾਂ, ਕਹਾਣੀ ਗੋਸ਼ਟੀਆਂ ਅਤੇ ਸਾਹਿਤਕ ਸਮਾਰੋਹਾਂ ਵਿਚ ਮਿਲ ਚੁੱਕਾ ਸਾਂ। ਮੇਰੇ ਵੱਲੋਂ ਫ਼ੋਨ 'ਤੇ ਮਿਲਣ ਦਾ ਵਕਤ ਮੰਗੇ ਜਾਣ 'ਤੇ ਉਸਨੇ ਸੰਖੇਪ ਵਿਚ 'ਆ ਜਾਓ' ਸ਼ਬਦ ਹੀ ਆਖਿਆ ਸੀ। ਮੈਨੂੰ ਹੈਰਾਨੀ ਭਰੀ ਖੁਸ਼ੀ ਹੋਈ ਸੀ। ਮੈਨੂੰ ਉਸਦੇ ਸੰਖੇਪ ਜੁਆਬ ਦੀ ਬੇਰੁਖ਼ੀ ਕੁਝ ਕੁ ਰੜਕੀ ਸੀ ਤਾਂ ਦਿਲ ਨੇ ਇਸਨੂੰ ਲੇਖਕ ਦੀ ਡੂੰਘੀ ਅਪਣੱਤ ਨਾਲ ਜੋੜਦਿਆਂ ਹੋਊ ਪਰ੍ਹੇ ਕਰ ਦਿੱਤਾ ਸੀ। ਮੈਂ ਸੋਚਣ ਲੱਗਾ ਸਾਂ ਕਿ ਆਪਣਿਆਂ ਲਈ ਕੋਈ ਭੂਮਿਕਾ ਨ੍ਹੀਂ ਬੰਨ੍ਹੀ ਜਾਂਦੀ, ਇਸੇ ਲਈ ਉਸਨੇ ਇੰਨਾ ਨਿੱਕਾ ਤੇ ਸੰਖੇਪ ਸੱਦਾ ਦਿੱਤਾ ਸੀ।

ਅਗਲੇ ਦਿਨ ਹੀ ਸਵੇਰੇ-ਸਾਝਰੇ ਦਿੱਲੀ ਦੇ ਬਿਲਕੁੱਲ ਨਾਲ ਲੱਗਦੇ ਯੂ.ਪੀ. ਦੇ ਸ਼ਹਿਰ ਗਾਜ਼ੀਆਬਾਦ ਤੋਂ ਪੰਜ ਵਜੇ ਚੱਲ ਕੇ, ਦਿੱਲੀ ਦੀਆਂ ਡੀ.ਟੀ.ਸੀ. ਬੱਸਾਂ ਦੀਆਂ ਭੀੜਾਂ ਵਿਚ ਪੈਰ ਮਿੱਧਦਾ-ਮਧਾਉਂਦਾ, ਬੜੀ ਮੁਸ਼ਕਿਲ ਨਾਲ ਨੌਂ ਵਜੇ ਆਪਣੇ ਆਦਰਸ਼ ਕਹਾਣੀਕਾਰ ਕੋਲ ਪੁੱਜਾ ਸਾਂ। ਬੜੀ ਬੇਰੁਖ਼ੀ ਜਿਹੀ ਨਾਲ ਉਸਨੇ ਦਰਵਾਜ਼ਾ ਖੋਲ੍ਹਿਆ ਤੇ ਮੈਨੂੰ ਅੰਦਰ ਆਉਣ ਦਾ ਇਸ਼ਾਰਾ ਕੀਤਾ ਸੀ। ਉਸਦੇ ਮੱਥੇ 'ਤੇ ਪਏ ਵੱਟ ਨੇੜੇ-ਨੇੜੇ ਹੋ ਗਏ ਸਨ। ਪੰਜ-ਚਾਰ ਮਿੰਟ ਦੀਆਂ ਰਸਮੀ ਗੱਲਾਂ ਤੋਂ ਬਾਅਦ ਸਾਡੇ ਵਿਚਕਾਰ ਡੂੰਘੀ ਚੁੱਪ ਤਣ ਗਈ ਸੀ। ਮੇਰੇ ਕੋਲ ਕਰਨ ਵਾਲੀ ਗੱਲ ਹੀ ਕੀ ਸੀ। ਦਰਅਸਲ ਗੱਲਾਂ ਤਾਂ ਉਸਨੇ ਹੀ ਕਰਨੀਆਂ ਸਨ, ਮੈਂ ਤਾਂ ਬੱਸ ਆਪਣੇ ਮਹਿਬੂਬ ਕਹਾਣੀਕਾਰ ਨੂੰ ਸੁਣਨਾ ਸੀ, ਪਰ ਉਸਨੇ ਤਾਂ ਜਿਵੇਂ ਚੁੱਪ ਦੀ ਮੁੱਗੜੀ ਹੀ ਮਾਰ ਲਈ ਸੀ। ਮੈਂ ਸੋਚਿਆ ਸੀ, ਉਹ ਮੈਨੂੰ ਪੁੱਛੇਗਾ, 'ਦਿੱਲੀ ਕਿਵੇਂ ਆਇਆ? ਕਦੋਂ ਆਇਆ? ਹੁਣ ਕਿੱਥੇ ਰਹਿ ਰਿਹੈਂ?' ਪਰ ਉਸਨੇ ਤਾਂ ਕੁਝ ਵੀ ਨ੍ਹੀਂ ਸੀ ਪੁੱਛਿਆ। ਮੈਂ ਸੋਚਦਾ ਸਾਂ ਲੇਖਕ ਦੇ ਉਕਤ ਸੁਆਲਾਂ ਦੇ ਜੁਆਬ ਵਿਚ ਆਪਣੀ ਭਟਕਣ ਬਾਰੇ ਵਿਸਥਾਰ ਨਾਲ ਦੱਸ ਦਿਆਂਗਾ।

'ਨਾਸ਼ਤਾ ਕਰੇਂਗਾ?' ਉਸਦੇ ਬੋਲ ਜਿਵੇਂ ਖੂਹ ਵਿਚੋਂ ਆਏ ਸਨ।

'ਹਾਂਅ...ਅ...ਜੀ! ਕਰਲਾਂਗੇ।' ਮੈਂ ਸੁੱਕੇ ਪਏ ਗ਼ਲੇ ਨੂੰ ਬੜੀ ਮੁਸ਼ਕਿਲ ਸਹਿਤ ਥੁੱਕ ਨਾਲ ਗਿੱਲਾ ਕਰਦਿਆਂ ਜੁਆਬ ਦਿੱਤਾ ਸੀ।

ਆਲੂਆਂ ਵਾਲੇ ਪਰੌਂਠਿਆਂ ਨੂੰ ਅੰਦਰ ਸੁੱਟਦਿਆਂ ਮੈਂ ਨਿਰਾਸ਼ਾ ਦੇ ਸਮੁੰਦਰ ਵਿਚ ਗੋਤੇ ਲਾਉਂਦਾ ਰਿਹਾ। ਚੁੱਪ ਦੀ ਧੁੰਦ ਹਟਣ ਦਾ ਨਾਂ ਹੀ ਨ੍ਹੀਂ ਸੀ ਲੈ ਰਹੀ।

'ਚੰਗਾ ਜੀ, ਮੈਂ ਫਿਰ ਚੱਲਦਾਂ।'

'ਠੀਕ ਐ...ਚਲੋ ਠੀਕ ਐ।' ਉਸਦਾ ਠੰਡਾ ਜਿਹਾ ਜੁਆਬ ਸੀ।

ਮਾਯੂਸੀ ਦੀ ਮੁੱਗੜੀ ਮਾਰ ਮੈਂ ਵਾਪਸ ਮੁੜ ਪਿਆ ਸਾਂ। ਇਸ ਵੱਡੇ ਕਹਾਣੀਕਾਰ ਨੂੰ ਮਿਲਣ ਤੋਂ ਬਾਅਦ ਕਿੰਨੇ ਦਿਨ ਕਿਸੇ ਹੋਰ ਲੇਖਕ ਨੂੰ ਫ਼ੋਨ ਕਰਨ ਜਾਂ ਮਿਲਣ ਦਾ ਹੌਂਸਲਾ ਨ੍ਹੀਂ ਸਾਂ ਕਰ ਸਕਿਆ।

ਕਈ ਦਿਨਾਂ ਦੀ ਸੋਚ ਵਿਚਾਰ ਬਾਅਦ ਫਿਰ ਇੱਕ ਦਿਨ ਵੱਡਾ ਜੇਰਾ ਕਰਕੇ ਡਾ. ਸਤਿੰਦਰ ਸਿੰਘ ਨੂਰ ਨੂੰ ਫ਼ੋਨ ਮਿਲਾ ਲਿਆ ਸੀ। ਇਸ ਤੋਂ ਪਹਿਲਾਂ ਕਦੇ ਡਾ. ਨੂਰ ਨੂੰ ਮਿਲਿਆ ਨ੍ਹੀਂ ਸਾਂ। ਬੱਸ ਇੱਕ ਦੋ ਸਮਾਗਮਾਂ 'ਤੇ ਉਸਨੂੰ ਸੁਣਿਆ ਅਤੇ ਦੂਰੋਂ-ਦੂਰ ਵੇਖਿਆ ਹੀ ਸੀ। ਦਰਅਸਲ ਉਸਦੀ ਪ੍ਰਤਿਭਾ ਦੀ ਆਭਾ ਹੀ ਇੰਨੀ ਸੀ ਕਿ ਉਸਨੂੰ ਮਿਲਣ ਦਾ ਜਿਗਰਾ ਨ੍ਹੀਂ ਸਾਂ ਕਰ ਸਕਿਆ। ਫਿਰ ਉਸ ਬਾਰੇ ਸੁਣਦੀਆਂ ਖ਼ਬਰਾਂ ਵੀ ਤੇ ਬਹੁਤੀਆਂ ਚੰਗੀਆਂ ਨ੍ਹੀਂ ਸਨ ਹੁੰਦੀਆਂ। ਕਈ ਵੱਡੇ ਲੇਖਕਾਂ ਦੇ ਮੂੰਹੋਂ ਉਸ ਬਾਰੇ ਮਾੜਾ ਹੀ ਸੁਣਿਆ ਸੀ। ਉਹ ਨੂਰ ਨੂੰ ਸਿਰੇ ਦਾ ਜੁਗਾੜੀ ਆਖਦੇ ਜੋ ਆਪਣੇ ਧੜੇ ਦੇ ਲੇਖਕਾਂ ਨੂੰ ਵੱਡੇ-ਵੱਡੇ ਸਰਕਾਰੀ ਇਨਾਮ ਸਨਮਾਨ ਦੁਆ ਰਿਹਾ ਸੀ। ਸਤਿੰਦਰ ਸਿੰਘ ਨੂਰ ਵੱਲੋਂ ਕਿਸੇ ਲੇਖਕ ਬਾਰੇ ਬੋਲੇ ਗਏ ਸ਼ਬਦ ਕਿਸੇ ਪ੍ਰਮਾਣਿਕ ਸਰਟੀਫਿਕੇਟ ਵਰਗੇ ਹੁੰਦੇ ਸਨ। ਉਸ ਵੱਲੋਂ ਕਿਸੇ ਕਿਤਾਬ ਦੀ ਕੀਤੀ ਗਈ ਤਾਰੀਫ਼, ਕਿਸੇ ਇਨਾਮ ਵੱਲ ਇਸ਼ਾਰਾ ਕਰਦੀ ਜਾਪਦੀ। ਉਨ੍ਹੀਂ ਦਿਨੀਂ ਉਸਦੀ ਆਭਾ ਦਾ ਸੂਰਜ ਆਪਣੇ ਪੂਰੇ ਜੋਬਨ ਉੱਤੇ ਸੀ। ਉਸ ਤੋਂ ਆਪਣੀਆਂ ਫੂਹੜ ਕਿਸਮ ਦੀਆਂ ਰਚਨਾਵਾਂ ਉੱਪਰ ਲਿਖਵਾਉਣ ਅਤੇ ਉਸਦੀ ਪਹੁੰਚ ਨੂੰ ਵਰਤ ਕੇ ਇਨਾਮ ਸ਼ਨਾਮ ਡੁੱਕ ਲੈਣ ਵਾਲੇ ਕਈ ਲੇਖਕ-ਅਲੇਖਕ ਉਸਦੀ ਆਭਾ ਦੇ 'ਨੂਰ' ਨੂੰ ਫਿੱਕਾ ਕਰਨ ਵਿਚ ਲੱਗੇ ਹੋਏ ਸਨ। ਇਹੀ ਦੋਗਲੇ ਤੇ ਦੋਫਸਲੇ ਲੋਕ ਡਾ. ਨੂਰ ਦੀ ਪਿੱਠ ਪਿੱਛੇ ਉਸ ਬਾਰੇ ਫੂਹੜ ਪ੍ਰਚਾਰ ਕਰਦੇ,

'ਇਹ ਸਾਹਿਤ ਦਾ ਜਥੇਦਾਰ ਬਣਿਆ ਫਿਰਦੈ। ਨਿਹੰਗ ਸਿੰਘ। ਚੱਲਦਾ ਚੱਕਰਵਰਤੀ ਵਹੀਰ। ਅੱਜ ਦਿੱਲੀ, ਕੱਲ ਜਲੰਧਰ, ਪਰਸੋਂ ਬਠਿੰਡੇ, ਚੌਥੇ ਕਲਕੱਤੇ...ਉਸ ਤੋਂ ਅਗਲੇ ਦਿਨਾਂ 'ਚ ਲੰਡਨ... ਫੇਰ ਟਰਾਂਟੋਂ...ਕਦੇ ਪੈਰਿਸ। ਐਵੇਂ ਥੋਕ ਦੇ ਭਾਅ ਮੁੱਖ ਬੰਦ ਲਿਖੀ ਜਾਂਦਾ ਹਰ ਲੱਲੀ-ਛੱਲੀ ਦੀ ਕਿਤਾਬ



ਦਾ। ਦਿੱਲੀਓਂ ਚੱਲ ਕੇ ਜਲੰਧਰ ਤੱਕ ਆਉਂਦਿਆਂ... ਪੁਸਤਕ ਪੜ੍ਹ ਕੇ ਪੇਪਰ ਲਿਖ ਮਾਰਦਾ। ਕਈ ਵਾਰ ਤਾਂ ਬਿਨਾ ਪੜ੍ਹਿਆਂ ਵੀ ਪੇਪਰ ਲਿਖ ਤੇ ਬੋਲ ਸਕਦਾ। ਇਹ ਬੰਦਾ ਸਹੀ ਮਾਅਨਿਆਂ 'ਚ ਖੱਟੀ ਖਾ ਰਿਹਾ ਪੰਜਾਬੀ ਸਾਹਿਤ ਤੋਂ।'

ਡਾ. ਨੂਰ ਦੀ ਪਿੱਠ ਪਿੱਛੇ ਉਸ ਬਾਰੇ ਅਜਿਹਾ ਪ੍ਰਚਾਰ ਚੱਲਦਾ ਹੀ ਰਹਿੰਦਾ ਸੀ। ਦਰਅਸਲ ਕਈ ਲੋਕ ਨੂਰ ਦੀ ਪ੍ਰਤਿਭਾ ਅਤੇ ਆਭਾ ਤੋਂ ਖਾਰ ਖਾਂਦੇ ਸਨ। ਡਾ. ਨੂਰ ਸਾਹਿਤਕ ਸੰਸਥਾਵਾਂ, ਜਥੇਬੰਦੀਆਂ, ਅਤੇ ਨਿਜ਼ਾਮ ਦੀ ਜਿਹੜੀ ਪੌੜੀ ਦੇ ਸਿਖਰਲੇ ਡੰਡਿਆਂ 'ਤੇ ਚੜ੍ਹਿਆ ਬੈਠਾ ਸੀ, ਖਾਰ ਖਾਣ ਵਾਲੇ ਅਜੇ ਉਸ ਪੌੜੀ ਦੇ ਪਹਿਲੇ ਡੰਡੇ 'ਤੇ ਹੀ ਚੜ੍ਹਨ ਲਈ ਤਿੰਘੀ ਜਾਂਦੇ ਸਨ। ਇਹੀ ਵਿਦਵਾਨ ਤਰ੍ਹਾਂ-ਤਰ੍ਹਾਂ ਦੀਆਂ ਗੱਲਾਂ ਕਰ ਕੇ ਭੜਾਸ ਕੱਢਦੇ। ਪਰ ਕੁਝ ਵੀ ਸੀ, ਡਾ. ਨੂਰ ਤਾਂ ਪੰਜਾਬੀ ਸਾਹਿਤ ਆਲੋਚਨਾ ਦੇ ਅੰਬਰ 'ਤੇ ਗਰਦਾ ਗੋਰ ਕਰੀ ਫਿਰਦੇ ਸਨ। ਵੱਡੀਆਂ-ਵੱਡੀਆਂ ਸਾਹਿਤਕ ਹਸਤੀਆਂ ਉਸਦਾ ਪਾਣੀ ਭਰਦੀਆਂ ਸਨ। ਡਾ. ਨੂਰ ਦਾ ਘੇਰਾ ਫਿਰੋਜ਼ਪੁਰ ਤੋਂ ਕਲਕੱਤੇ ਤਕ ਹੀ ਨ੍ਹੀਂ, ਸੱਤ ਸਮੁੰਦਰ ਪਾਰ ਦੇ ਦੇਸੀ-ਵਿਦੇਸ਼ੀ ਲੇਖਕਾਂ ਤਕ ਵੀ ਸੀ। ਇਸ ਵਿਸ਼ਾਲ ਘੇਰੇ ਵਿਚ ਮੇਰੇ ਵਰਗੇ ਦਾ ਸ਼ਾਮਿਲ ਹੋਣਾ ਕਿਵੇਂ ਵੀ ਸੰਭਵ ਨ੍ਹੀਂ ਸੀ। ਮੈਨੂੰ ਇਸ ਵਿਚ ਬੜੀ ਵੱਡੀ ਝਿਜਕ ਰਹਿੰਦੀ ਸੀ।

ਹੁਣ ਜਦੋਂ ਮੈਂ ਝਿਜਕਦਿਆਂ-ਝਿਜਕਦਿਆਂ ਡਾ: ਨੂਰ ਨੂੰ ਫੋਨ ਕੀਤਾ ਸੀ ਤਾਂ ਉਨ੍ਹਾਂ 'ਆ ਜਾਓ!' ਆਖਿਆ ਸੀ। ਇਹ ਸ਼ਬਦ ਮੇਰੇ ਕੰਨਾਂ ਨੂੰ ਖਟਕਿਆ ਸੀ। ਮੈਂ ਤਾਂ 'ਆ ਜਾਓ' ਸ਼ਬਦ ਦੀ ਅਪਣੱਤ ਦਾ ਪਹਿਲਾਂ ਹੀ ਤੋੜਿਆ ਪਿਆ ਸਾਂ।

'ਵਿਜੇ ਨਗਰ ਆਉਣ ਵਾਸਤੇ ਬੱਸ ਅੱਡੇ ਤੋਂ 7-ਏ ਬੱਸ ਫੜ ਲੈਣੀ। ਵਿਜੇ ਨਗਰ ਦੇ ਦੋ ਵੱਸ ਸਟਾਪ ਨੇ। ਤੁਸੀਂ ਪਹਿਲਾ ਛੱਡ ਕੇ ਦੂਸਰੇ 'ਤੇ ਉਤਰਨਾ। ਉੱਥੋਂ ਉੱਤਰ ਕੇ ਮੈਨੂੰ ਫ਼ੋਨ ਕਰ ਲੈਣਾ ਮੈਂ ਘਰ ਸਮਝਾ ਦੇਊਂ।' ਉਸਨੇ ਸਾਰਾ ਵੇਰਵਾ ਦੱਸਿਆ ਸੀ।

ਅਗਲੇ ਦਿਨ ਮੈਂ ਤੇ ਸਿਮਰ, ਨੂਰ ਦੇ ਵਿਜੇ ਨਗਰ ਵਾਲੇ ਘਰ ਜਾਣ ਲਈ ਤਿਆਰ ਹੋ ਗਏ ਸਾਂ। ਆਪਣੀ ਜਾਣ-ਪਛਾਣ ਕਿਵੇਂ ਕਰਾਵਾਂਗਾ? ਆਪਣੀ ਪਛਾਣ ਦੱਸਣ ਲਈ ਮੇਰੇ ਕੋਲ ਹੈ ਹੀ ਕੀ? ਸਾਰੇ ਰਾਹ ਮੈਂ ਇਹੀ ਸੋਚਦਾ ਰਿਹਾ ਸਾਂ। ਉਦੋਂ ਮੇਰੀਆਂ ਤਿੰਨ ਕੁ ਕਹਾਣੀਆਂ ਅੰਮ੍ਰਿਤਾ-ਇਮਰੋਜ਼ ਵਾਲੇ 'ਨਾਗਮਣੀ' ਅਤੇ ਇੱਕ ਪੰਜਾਬੀ ਅਕਾਦਮੀ ਦਿੱਲੀ ਦੇ ਤ੍ਰੈ-ਮਾਸਿਕ 'ਸਮਦਰਸ਼ੀ' ਵਿਚ ਛਪ ਚੁੱਕੀਆਂ ਸੀ। ਉਦੋਂ ਸਮਦਰਸ਼ੀ ਦੀ ਸੰਪਾਦਨਾ ਅੰਮ੍ਰਿਤਾ ਕਰਦੀ ਸੀ ਤੇ ਹੁਣ ਇਸਦੀ ਸੰਪਾਦਨਾ ਦੀ ਜ਼ਿੰਮੇਵਾਰੀ ਡਾ. ਨੂਰ ਕੋਲ ਸੀ। ਮੇਰਾ ਇੱਕ ਕਹਾਣੀ ਸੰਗ੍ਰਹਿ 'ਅੱਕ ਦਾ ਬੂਟਾ' ਮੋਗੇ ਦੇ ਇੱਕ ਪ੍ਰਕਾਸ਼ਕ ਨੇ ਛਾਪਿਆ ਸੀ। ਮੇਰਾ ਇਹ ਕਹਾਣੀ ਸੰਗ੍ਰਹਿ ਕਦੇ ਡਾ. ਨੂਰ ਕੋਲ ਵੀ ਪਹੁੰਚਿਆ ਹੋਊ, ਇਸ ਗੱਲ ਦੀ ਤਾਂ ਆਸ ਕਰਨੀ ਹੀ ਫਜ਼ੂਲ ਸੀ। ਸ਼ਾਇਦ 'ਨਾਗਮਣੀ' ਜਾਂ 'ਸਮਦਰਸ਼ੀ' ਵਾਲੀ ਇੱਕ ਅੱਧ ਕਹਾਣੀ ਡਾ. ਸਾਹਿਬ ਨੇ ਪੜ੍ਹੀ ਹੋਵੇ ਜਾਂ ਵੇਖੀ ਹੋਵੇ, ਇਹੋ ਆਸ ਮੈਨੂੰ ਵਿਜੇ ਨਗਰ ਜਾਣ ਵਾਲੀਆਂ ਬੱਸਾਂ ਵਿਚ ਭਜਾਈ ਫਿਰਦੀ ਸੀ। ਬੱਸਾਂ ਵਿਚ ਸਫ਼ਰ ਕਰਦਿਆਂ ਮੈਂ ਡਾ. ਨੂਰ ਦੀ ਆਲੋਚਨਾ ਦੇ ਔਖੇ ਭਾਰੇ ਅਤੇ ਮੇਰੇ ਵਰਗੇ ਕਮ-ਅਕਲੇ ਦੇ ਸਿਰ ਤੋਂ ਦੀ ਲੰਘ ਜਾਣ ਵਾਲੇ 'ਕਾਵਿ-ਪੈਰਾਡਾਈਮ... ਪਾਰ ਬ੍ਰਹਿਮੰਡੀ ਚੇਤਨਾ' ਵਰਗੇ ਸ਼ਬਦਾਂ ਅਤੇ 'ਮਿਸ਼ੇਲ ਫੂਕੋ—ਯਾਕ—ਦੈਰੀਦਾ—ਚੌਮਸਕੀ' ਵਰਗੇ ਵਿਦਵਾਨਾਂ ਦੇ ਨਾਵਾਂ ਬਾਰੇ ਸੋਚਦਾ ਰਿਹਾ ਸੀ। ਵਿਚ-ਵਿਚ ਕਦੇ-ਕਦੇ ਮੈਨੂੰ ਡਾ. ਨੂਰ ਦੀਆਂ ਛੋਟੀਆਂ-ਛੋਟੀਆਂ ਕਵਿਤਾਵਾਂ ਚੇਤੇ ਆ ਜਾਂਦੀਆਂ। ਉਸਦੀ ਕਵਿਤਾ 'ਕਵਿਤਾ ਤੇ ਤੂੰ' ਵਾਰ-ਵਾਰ ਮੇਰੇ ਦਿਮਾਗ ਵਿਚ ਆਉਂਦੀ,

ਮੈਂ ਓਨਾ ਹੀ ਤੈਨੂੰ ਜਾਣਦਾ ਹਾਂ,
ਜਿੰਨਾ ਕਵਿਤਾ ਨੂੰ ਜਾਣਦਾ ਹਾਂ,
ਮੈਂ ਜਿੰਨਾ ਕਵਿਤਾ ਨੂੰ ਨ੍ਹੀਂ ਜਾਣਦਾ,
ਓਨਾ ਹੀ ਤੈਨੂੰ ਨ੍ਹੀਂ ਜਾਣਦਾ।

ਨੂਰ ਦੀ ਕਵਿਤਾ ਬਾਰੇ ਸੋਚਦਾ ਮੈਂ ਹੈਰਾਨ ਵੀ ਹੋਈ ਜਾ ਰਿਹਾ ਸੀ ਕਿ ਆਲੋਚਨਾ ਵਿਚ ਐਨਾ ਔਖਾ ਇਨਸਾਨ ਕਵਿਤਾ ਵਿਚ ਐਨਾ ਸਰਲ ਤੇ ਸਹਿਜ ਕਿਵੇਂ ਹੈ? ਇਨ੍ਹਾਂ ਸੋਚਾਂ ਵਿਚ ਗੋਤੇ ਲਾਉਂਦਿਆਂ ਹੀ ਉਸਦੇ ਘਰ ਦਾ ਕੁੰਡਾ ਜਾ ਖੜਕਾਇਆ ਸੀ। ਡਾ. ਨੂਰ ਜਿਵੇਂ ਪਹਿਲਾਂ ਹੀ ਸਾਡੀ ਉਡੀਕ ਕਰ ਰਹੇ ਸਨ,

'ਆਓ, ਗੁਰਮੀਤ ਆਓ। ਮੈਂ ਤੁਹਾਡੀ ਹੀ ਉਡੀਕ ਕਰ ਰਿਹਾ ਸੀ।' ਡਾ. ਨੂਰ ਦੇ ਬੋਲਾਂ ਵਿਚ ਡਾਹਢੀ ਅਪਣੱਤ ਸੀ। ਮੇਰੇ ਧੜਕਦੇ ਦਿਲ ਨੂੰ ਠੁੰਮਣਾ ਮਿਲਿਆ ਸੀ।

'ਮੈਂ ਕਹਾਣੀਆਂ ਲਿਖਦਾਂ ਜੀ... ਥੋਨੂੰ ਜੀ ਕਈ ਵਾਰ ਸੁਣਿਐ। ਥੋਡੀਆਂ ਕਵਿਤਾਵਾਂ ਵੀ ਪੜ੍ਹੀਆਂ ਜੀ... ਜੀ ਮੇਰੀ ਕਹਾਣੀ ਨਾਗਮਣੀ 'ਚ ਵੀ ਛਪੀ ਐ ਜੀ। ਇੱਕ ਕਹਾਣੀ ਸਮਦਰਸ਼ੀ 'ਚ ਵੀ ਛਪੀ ਐ ਜੀ। ਏਹ ਸਿੰਮੀ ਆ ਜੀ ... ਇਹ ਕਵਿਤਾਵਾਂ ਲਿਖਦੀ ਐ ਜੀ...। ਮੇਰੀ ਇੱਕ ਕਿਤਾਬ ਵੀ ਛਪੀ ਐ ਜੀ।' ਮੈਂ ਛੇਤੀ-ਛੇਤੀ ਆਪਣੇ ਬਾਰੇ ਦੱਸ ਦੇਣਾ ਚਾਹੁੰਦਾ ਸਾਂ।

'ਮੈਂ ਜਾਣਦੈਂ... ਕੜਿਆਲਵੀ ਮੈਂ ਤੇਰੀਆਂ ਕਹਾਣੀਆਂ ਵੀ ਪੜ੍ਹ ਬੈਠਾਂ...ਲੇਟਿਸਟ ਤੇਰੀ ਪੰਜਾਬੀ ਟ੍ਰਿਬਿਊਨ ਵਾਲੀ ਕਹਾਣੀ ਪੜ੍ਹੀ ਐ ਪਿਛਲੇ ਦਿਨੀਂ। 'ਨਾਗਮਣੀ' ਵਾਲੀਆਂ ਕਹਾਣੀਆਂ ਵੀ ਮੇਰੀ ਨਜ਼ਰ 'ਚੋਂ ਗੁਜ਼ਰੀਆਂ ਨੇ। ਤੁਸੀਂ ਨਵੇਂ ਕਹਾਣੀਕਾਰਾਂ ਨੇ ਦਲਿਤ ਵਰਗ ਵਿਚ ਆ ਰਹੀ ਚੇਤਨਾ ਨੂੰ ਅੱਛੀ ਤਰ੍ਹਾਂ ਪਕੜਿਆ...ਤੁਹਾਡੇ ਵਿਚ ਸੰਭਾਵਨਾਵਾਂ ਨੇ। ਦਰਅਸਲ ਤੁਸੀਂ ਦਲਿਤ ਪਾਤਰਾਂ ਨੂੰ ਯਥਾਰਥਵਾਦੀ ਨਜ਼ਰੀਏ ਤੋਂ ਪੇਸ਼ ਕੀਤਾ ਐ...ਸਮੱਗਰ ਰੂਪ 'ਚ। ਤੁਸੀਂ ਅਤਰਜੀਤ ਵਰਗਿਆਂ ਤੋਂ ਗੱਲ ਅੱਗੇ ਤੋਰੀ ਹੈ... ਤੇਰੀ 'ਹੱਡੀ ਰੋੜੀ ਤੇ ਰੇਹੜੀ' ਵਾਲੀ ਕਹਾਣੀ ਇੱਕ ਅੱਛੀ ਕਹਾਣੀ ਹੈ...ਇਸਦੀ ਟੈਕਸਟ ਵਿਚ ਬੜੀਆਂ ਡਾਇਮੈਨਸਨਜ਼ ਨੇ...ਦਰਅਸਲ ਪੰਜਾਬ ਕਹਾਣੀ ਅੱਜ ਉਸ ਦੌਰ ਵਿਚ ਪਹੁੰਚ ਗਈ ਐ ਜਿੱਥੇ ਲੇਖਕ ਕਹਾਣੀ ਵਿਚ ਹਾਜ਼ਰ ਹੋ ਕੇ ਵੀ ਗ਼ੈਰ-ਹਾਜ਼ਰ ਰਹਿੰਦਾ ਐ। ਨਾਇਕ ਘੜਿਆ ਨ੍ਹੀਂ ਜਾ ਰਿਹਾ। ਤੁਹਾਡੀਆਂ ਨਵੇਂ ਮੁੰਡਿਆਂ ਦੀਆਂ ਕਹਾਣੀਆਂ ਦਾ ਨਾਇਕ ਮਕਾਨਕੀ ਕਿਸਮ ਦਾ ਨ੍ਹੀਂ ਹੈ। ਨਵੀਂ ਕਹਾਣੀ ਦੀ ਖ਼ੂਬਸੂਰਤੀ ਏਸੇ ਵਿਚ ਐ ਕਿ ਕਲਾਸਿਕ ਸਾਹਿਤ...।' ਅੱਗੇ ਡਾ. ਨੂਰ ਨੇ ਕੀ ਕਿਹਾ, ਮੈਨੂੰ ਨ੍ਹੀਂ ਪਤਾ। ਮੇਰੀ ਤਾਂ ਖੁਸ਼ੀ ਦਾ ਕੋਈ ਪਾਰਾਵਾਰ ਹੀ ਨ੍ਹੀਂ ਸੀ। ਮੈਨੂੰ ਤਾਂ ਖੁਸ਼ੀ ਵਿਚ ਸੁਣਾਈ ਦੇਣਾ ਹੀ ਬੰਦ ਹੋ ਗਿਆ ਸੀ। ਡਾ. ਨੂਰ ਵਿਸ਼ਵ ਸਾਹਿਤ ਅਤੇ ਭਾਰਤੀ ਸਾਹਿਤ ਦੇ ਪ੍ਰਸੰਗ ਵਿਚ ਨਵੀਂ ਲਿਖੀ ਜਾ ਰਹੀ ਪੰਜਾਬੀ ਕਹਾਣੀ ਬਾਰੇ ਵਿਖਿਆਨ ਕਰੀ ਜਾ ਰਹੇ ਸਨ। ਮੈਂ ਤਾਂ ਅਸਮਾਨਾਂ ਵਿਚ ਉੱਡਿਆ ਫਿਰਦਾ ਸਾਂ। ਕਮਰੇ ਵਿਚ ਬੈਠੇ ਡਾ. ਨੂਰ ਦੀ ਗੱਲ ਕਿੱਥੋਂ ਸੁਣਾਈ ਦਿੰਦੀ। ਐਡੀ ਵੱਡੀ ਸਾਹਿਤਕ ਸ਼ਖ਼ਸੀਅਤ ਮੈਨੂੰ ਜਾਣਦੀ ਹੈ... ਇਹ ਤਾਂ ਮੇਰੇ ਲਈ ਨੋਬੇਲ-ਪੁਰਸਕਾਰ ਮਿਲ ਜਾਣ ਵਾਲੀ ਗੱਲ ਸੀ। ਮੈਨੂੰ ਆਪਣਾ-ਆਪ 'ਖ਼ਾਸ' ਹੋ ਗਿਆ ਲੱਗਾ। ਸਵ. ਕੁਲਵੰਤ ਸਿੰਘ ਵਿਰਕ ਦੀ ਕਹਾਣੀ 'ਮੈਨੂੰ ਜਾਨਣੈ?' ਵਾਰ-ਵਾਰ ਮੈਨੂੰ ਚੇਤੇ ਆ ਰਹੀ ਸੀ। ਇਸ ਕਹਾਣੀ ਦਾ ਪਾਕਿਸਤਾਨ ਤੋਂ ਉਜੜ ਕੇ ਆਇਆ ਪਾਤਰ ਬੇਗਾਨਗੀ ਦਾ ਸ਼ਿਕਾਰ ਹੁੰਦਾ ਹੈ ਪਰੰਤੂ ਜਦੋਂ ਉਸਨੂੰ ਆਪਣੇ ਇਲਾਕੇ ਦਾ ਕੋਈ ਜਾਨਣ ਵਾਲਾ ਮਿਲ ਜਾਂਦਾ ਹੈ ਤਾਂ ਉਸਨੂੰ ਇਉਂ ਮਹਿਸੂਸ ਹੁੰਦਾ ਹੈ ਜਿਵੇਂ ਉਸਦੀ ਆਪਣੀ ਵੀ ਕੋਈ ਹੋਂਦ ਹੋਵੇ। ਐਡੀ ਵੱਡੀ ਦਿੱਲੀ ਵਿਚ ਮੈਨੂੰ ਡਾ. ਨੂਰ ਜਾਣਦਾ ਸੀ, ਇਸ ਤੋਂ ਵੱਡੀ ਹੋਰ ਕੀ ਗੱਲ ਹੋ ਸਕਦੀ ਸੀ। ਮੇਰੀ ਹੋਂਦ ਜਿਵੇਂ ਫ਼ੈਲ ਕੇ ਪੂਰੇ ਬ੍ਰਹਿਮੰਡ ਵਿਚ ਚਲੀ ਗਈ ਸੀ। ਹੁਣ ਡਾ. ਨੂਰ ਦੀਆਂ ਗੱਲਾਂ ਦਾ ਵਿਸ਼ਾ ਕਵਿਤਾਵਾਂ ਵੱਲ ਹੋ ਗਿਆ ਸੀ।

'... ਤੂੰ ਤਾਂ ਭਾਈ ਸਾਡੇ ਪਿੰਡਾਂ ਦੀ ਕੁੜੀ ਏਂ। ਵੱਡੇ ਘਰ ਮੇਰੇ ਨਾਨਕੇ ਸਨ। ਬਚਪਨ 'ਚ ਮੈਂ ਵੱਡੇ ਘਰ ਦੀਆਂ ਗਲੀਆਂ ਵਿਚ ਖੇਡਦਾ ਰਿਹਾਂ।' ਨੂਰ ਨੂੰ ਵੀ ਜਿਵੇਂ ਪ੍ਰਦੇਸ਼ਾਂ ਵਿਚ ਕੋਈ ਆਪਣਾ ਮਿਲ ਗਿਆ ਹੋਵੇ। ਮੈਂ ਨੀਵੀਂ ਪਾਇਆਂ ਹੀ ਚੋਰ ਅੱਖ ਨਾਲ ਸਿਮਰ ਵੱਲ ਵੇਖਿਆ, ਅੱਜ ਬੜੇ ਦਿਨਾਂ ਬਾਅਦ ਉਸਦੇ ਚਿਹਰੇ 'ਤੇ ਖੁਸ਼ੀ ਟਪਕੀ ਸੀ।

ਚਾਹ-ਪਾਣੀ ਪਿਲਾਉਣ ਤੋਂ ਬਾਅਦ ਡਾ. ਨੂਰ ਨੇ ਸਾਡੇ ਦੋਵਾਂ ਦੀ ਵਿਦਿਅਕ ਯੋਗਤਾ ਪੁੱਛੀ ਸੀ। ਨਾਲ ਦੀ ਨਾਲ ਫ਼ੋਨ ਪੰਜਾਬੀ ਅਕਾਦਮੀ ਦਿੱਲੀ ਦੇ ਸਕੱਤਰ ਪ੍ਰੀਤਮ ਸਿੰਘ ਬਤਰੇ ਨੂੰ ਘੁਮਾ ਦਿੱਤਾ ਸੀ,

'ਹੈਲੋ... ਬਤਰਾ... ਮੈਂ ਨੂਰ ਬੋਲਦੈਂ... ਹਾਂ ਕੱਲ੍ਹ ਨੂੰ ਤੁਹਾਡੇ ਕੋਲ ਗੁਰਮੀਤ ਕੜਿਆਲਵੀ ਆਊ...ਹਾਂ...ਆਪਣਾ ਨਵਾਂ ਕਹਾਣੀਕਾਰ ਐ। ਬੜੀ ਅੱਛੀ ਕਹਾਣੀ ਲਿਖਦੈ। ਇਸਦੇ ਰੋਜ਼ਗਾਰ ਦਾ ਪ੍ਰਬੰਧ ਕਰਨੈ। ਪੰਜਾਬੀ ਅਕਾਦਮੀ ਵਿਚ ਐਡਜਸਟ ਕਰੋ ਕਿਧਰੇ। ਇਨ੍ਹਾਂ ਨੂੰ ਬੜੀ ਲੋੜ ਐ...ਆਪਣਾ ਅਜ਼ੀਜ਼ ਐ। ਕੱਲ੍ਹ ਨੂੰ ਮਿਲੂ ਤੁਹਾਨੂੰ...।' ਬਿਨ੍ਹਾਂ ਬਤਰੇ ਦਾ ਕੋਈ ਜੁਆਬ ਸੁਣਿਆਂ, ਡਾ. ਨੂਰ ਨੇ ਫ਼ੋਨ ਵਾਪਿਸ ਸੈੱਟ 'ਤੇ ਰੱਖ ਦਿੱਤਾ ਸੀ।

ਇਸ ਤੋਂ ਤੁਰੰਤ ਬਾਅਦ ਨੂਰ ਸਾਹਿਬ ਨੇ ਦਿੱਲੀ ਦੀ ਐਸਕਾਰਟ ਹਸਪਤਾਲ ਵਿਚ ਨਰਸਿੰਗ ਵਿਭਾਗ ਦੀ ਮੁਖੀ ਵਜੋਂ ਕੰਮ ਕਰਦੀ, ਪ੍ਰੀਤਮ ਸਿੰਘ ਬਤਰੇ ਦੀ ਜੀਵਨ ਸਾਥਣ ਨੂੰ ਫ਼ੋਨ ਮਿਲਾ ਕੇ ਸਿਮਰ ਲਈ ਨਰਸ ਦੀ ਨੌਕਰੀ ਦਾ ਵਸੀਲਾ ਬਣਾਉਣ ਲਈ ਆਖ ਦਿੱਤਾ ਸੀ। ਉਸਨੇ ਅੱਗਿਓਂ ਸਿਮਰ ਦੀ ਪੜ੍ਹਾਈ ਬਾਰੇ ਕੁਝ ਪੁੱਛ-ਗਿੱਛ ਕੀਤੀ ਤਾਂ ਡਾ. ਨੂਰ ਨੇ ਆਖਿਆ ਸੀ, 'ਲੈ... ਸਿਮਰ ਨਾਲ ਹੀ ਗੱਲ ਕਰਲੈ। ਇਹਨੂੰ ਸਮਝਾ ਦੇ ਕੀ ਕਰਨਾ ਐ। ਕਿੱਥੇ ਅਪਲਾਈ ਕਰਨਾ ਐ। ਬੱਸ ਜਿੰਨੀ ਛੇਤੀ ਹੋ ਸਕਦੈ ਇਨ੍ਹਾਂ ਲਈ ਰੁਜ਼ਗਾਰ ਲੱਭ ਕੇ ਦੇਣਾ ਹੈ। ਇਨ੍ਹਾਂ ਨੂੰ ਰੁਜ਼ਗਾਰ ਦੀ ਬੜੀ ਲੋੜ ਐ।' ਡਾ. ਸਾਹਿਬ ਨੇ ਬਤਰੇ ਦੀ ਮਿਸਜ਼ ਨੂੰ ਬੇਨਤੀ ਦੇ ਨਾਲ-ਨਾਲ ਤਾਕੀਦ ਵੀ ਕਰ ਦਿੱਤੀ ਸੀ। ਪਲੋ-ਪਲੀ ਸਾਰੀ ਦਿੱਲੀ ਸਿਰ ਸਾਡੇ ਰੁਜ਼ਗਾਰ ਦੀ ਜ਼ਿੰਮੇਵਾਰੀ ਪਾ ਕੇ ਡਾ. ਨੂਰ ਨੇ ਸੰਤੁਸ਼ਟੀ ਦਾ ਲੰਮਾ ਸਾਹ ਲਿਆ ਸੀ ਜਿਵੇਂ ਬਹੁਤ ਵੱਡਾ ਫ਼ਰਜ਼ ਨਿਭਾ ਦਿੱਤਾ ਹੋਵੇ। ਮੈਂ ਤਾਂ ਹੈਰਾਨੀ ਨਾਲ ਉਨ੍ਹਾਂ ਦੇ ਮੂੰਹ ਵੱਲੀਂ ਵੇਖੀ ਜਾ ਰਿਹਾ ਸਾਂ। ਅਸੀਂ ਤਾਂ ਡਾ. ਨੂਰ ਨੂੰ ਆਪਣੇ ਲਈ ਕਿਸੇ ਰੁਜ਼ਗਾਰ ਦੀ ਲੋੜ ਬਾਰੇ ਕਿਹਾ ਹੀ ਨ੍ਹੀਂ ਸੀ। ਡਾ. ਸਾਹਿਬ ਨਾਲ ਫ਼ੋਨ 'ਤੇ ਵੀ ਅਜਿਹੀ ਕੋਈ ਗੱਲ ਨ੍ਹੀਂ ਸੀ ਹੋਈ। ਫਿਰ ਡਾ. ਨੂਰ ਨੂੰ ਸਾਡੀ ਲੋੜ ਦਾ ਕਿਵੇਂ ਗਿਆਨ ਹੋ ਗਿਆ? ਕਿਸੇ ਅੰਤਰਯਾਮੀ ਸੰਤ ਵਾਂਗ ਉਸਨੇ ਸਾਡੀ ਮੁਸ਼ਕਿਲ ਆਪ ਹੀ ਬੁੱਝ ਲਈ ਸੀ।

'ਫ਼ਿਕਰ ਕਰਨ ਦੀ ਲੋੜ ਨ੍ਹੀਂ...ਛੇਤੀ ਹੱਲ ਹੋਜੂ। ਮੈਂ ਬਤਰੇ ਨੂੰ ਕਹਿ ਦਿੱਤਾ। ਇਹ ਹੁਣ ਉਹਦੀ ਸਿਰ ਦਰਦੀ ਐ।' ਡਾ. ਨੂਰ ਨੇ ਜਿਵੇਂ ਸਾਨੂੰ ਬੁੱਕਲ ਵਿਚ ਘੁੱਟ ਲਿਆ ਸੀ।

'ਨੂਰ ਸਾਹਿਬ ਦੇ ਆਖੇ ਦਿੱਲੀ ਘੁੰਮਦੀ ਏ...ਤੁਸੀਂ ਡਾ. ਨੂਰ ਨੂੰ ਮਿਲ ਕੇ ਆਇਓ। ਤੁਹਾਡੇ ਰੁਜ਼ਗਾਰ ਦਾ ਵਸੀਲਾ ਬਣਾਉਣਾ ਤਾਂ ਡਾ. ਨੂਰ ਦੇ ਖੱਬੇ ਹੱਥ ਦੀ ਖੇਡ ਏ...।' ਸਾਨੂੰ ਅੰਮ੍ਰਿਤਾ ਪ੍ਰੀਤਮ ਨੇ ਵੀ ਇਹੀ ਕਿਹਾ ਸੀ।

'ਸਿੰਮੀ! ਤੁਸੀਂ ਵਨੀਤਾ ਨੂੰ ਜ਼ਰੂਰ ਮਿਲਿਓ...।' ਡਾ. ਨੂਰ ਨੇ ਵਨੀਤਾ ਨੂੰ ਵੀ ਫ਼ੋਨ ਕਰਕੇ ਸਾਡੀ ਸੂਚਨਾ ਦੇ ਦਿੱਤੀ ਸੀ, 'ਵਨੀਤਾ! ਗੁਰਮੀਤ-ਸਿੰਮੀ ਹੋਰੀਂ ਆਏ ਹੋਏ ਨੇ ਪੰਜਾਬ ਤੋਂ। ਅਗਲੇ ਇੱਕ ਦੋ ਦਿਨ ਤਕ ਆਉਣਗੇ ਤੁਹਾਨੂੰ ਮਿਲਣ...।' ਅਸੀਂ ਕਿਸੇ ਸ਼ਰਧਾਲੂ ਵਾਂਗ ਨੂਰ ਦੀਆਂ ਗੱਲਾਂ ਸੁਣੀ ਜਾ ਰਹੇ ਸਾਂ। ਪੰਜਾਬੀ ਦੇ ਸਮਰੱਥ ਕਹਾਣੀਕਾਰ ਨੂੰ ਮਿਲ ਕੇ ਜੋ ਮਾਨਸਿਕ ਸੱਟ ਖਾਧੀ ਸੀ, ਉਸ ਜ਼ਖ਼ਮ ਨੂੰ ਨੂਰ ਨੇ ਬਿਲਕੁਲ ਹੀ ਭਰ ਦਿੱਤਾ ਸੀ। ਪਹਿਲੀ ਮੁਲਾਕਾਤ ਵਿਚ ਹੀ ਡਾ. ਨੂਰ ਨੇ ਸਾਨੂੰ ਆਪਣਾ ਬਣਾ ਲਿਆ ਸੀ। ਫਿਰ ਉਸ ਨੇ ਬੜੇ ਪਿਆਰ ਨਾਲ ਮੁਹੱਬਤੀ ਸ਼ਬਦ ਲਿਖ ਕੇ ਆਪਣੀਆਂ ਪੁਸਤਕਾਂ 'ਕਵਿਤਾਵਾਂ ਦੀ ਜਲਾਵਤਨੀ' ਅਤੇ 'ਸਰਦਲ ਦੇ ਆਰ-ਪਾਰ' ਸਾਨੂੰ ਭੇਟ ਕੀਤੀਆਂ। ਸਰਦਲ ਦੇ ਆਰ-ਪਾਰ ਵਿਚ ਛਪੀ ਹੋਈ ਕਵਿਤਾ 'ਪਿਆਰ ਤੇ ਕਿਤਾਬ' ਤਾਂ ਪਹਿਲਾਂ ਹੀ ਮੇਰੇ ਜ਼ਿਹਨ ਵਿਚ ਵਸੀ ਹੋਈ ਸੀ।

ਪਿਆਰ ਕਰਨ
ਤੇ ਕਿਤਾਬ ਪੜ੍ਹਨ ਵਿਚ
ਕੋਈ ਫ਼ਰਕ ਨ੍ਹੀਂ ਹੁੰਦਾ
....
ਕੁਝ ਕਿਤਾਬਾਂ ਦਾ
ਸ਼ਬਦ ਸ਼ਬਦ ਪੜ੍ਹਦੇ ਹਾਂ
ਉਨ੍ਹਾਂ ਵਿਚ ਗੁਆਚ ਜਾਂਦੇ ਹਾਂ
ਬਾਰ-ਬਾਰ ਪੜ੍ਹਦੇ ਹਾਂ

*(ਬਾਕੀ ਅਗਲੇ ਸਫੇ 'ਤੇ)*

# ਪੰਜਾਬ ! ਅਜੇ ਵੀ ਸੰਭਲ ਜਾ

## ਸ਼ਬਦ ਜੋਤ



**ਡਾ. ਗੁਰਬਖਸ਼ ਸਿੰਘ ਭੰਡਾਲ**
**ਫੋਨ: 216-556-2080**

ਸਾਡਾ ਬੀਤਿਆ ਹੋਇਆ ਕੱਲ੍ਹ, ਹੰਢਾਇਆ ਜਾ ਰਿਹਾ ਅੱਜ ਅਤੇ ਆਉਣ ਵਾਲੇ ਕੱਲ੍ਹ ਨੇ, ਬੀਤੇ ਹੋਏ ਕੱਲ੍ਹ ਅਤੇ ਅੱਜ ਵਿਚੋਂ ਹੀ ਆਪਣੇ ਆਪ ਨੂੰ ਵਿਸਥਾਰਨਾ ਹੁੰਦਾ। ਭਵਿੱਖ ਨੇ ਕਿਹੜੀ ਦਿਸ਼ਾ ਲੈਣੀ, ਕਿਹੜੀਆਂ ਧਾਰਨਾਵਾਂ ਨੂੰ ਪਹਿਲ ਦੇਣੀ ਅਤੇ ਕਿਸ ਰਾਹੀਂ ਆਪਣੀਆਂ ਨਸਲਾਂ ਨੂੰ ਅਗਵਾਈ ਦੇਣੀ ਅਤੇ ਸਮਾਜ ਦੇ ਨਕਸ਼ਾਂ ਨੂੰ ਕਿਹੜਾ ਰੂਪ ਦੇਣਾ, ਇਹ ਸਭ ਅੱਜ ਵਿਚੋਂ ਹੀ ਨਜ਼ਰ ਆਉਂਦਾ। ਜਿਹੜੀਆਂ ਕੌਮਾਂ ਭਵਿੱਖ-ਮੁਖੀ ਸੋਚ ਤੋਂ ਵਿਰਵੀਆਂ ਹੋਣ ਉਹ ਬਹੁਤ ਜਲਦੀ ਦੁਨੀਆ ਦੇ ਨਕਸ਼ੇ ਤੋਂ ਅਲੋਪ ਹੋ ਜਾਂਦੀਆਂ। ਬੀਤੇ ਸਮੇਂ ਦੌਰਾਨ ਮਸਕੀਨ ਜੀ ਦਾ ਆਪਣੇ ਲੈਕਚਰਾਂ ਦੌਰਾਨ ਕਿਹਾ ਕਿੰਨਾ ਵੱਡਾ ਸੱਚ ਹੈ ਕਿ ਪਿਛਲੇ 70 ਸਾਲਾਂ ਤੋਂ ਸਾਡੇ ਰਾਜਸੀ, ਧਾਰਮਿਕ ਅਤੇ ਸਮਾਜਿਕ ਲੀਡਰਾਂ ਵਿਚ ਨਿੱਜੀ ਮੁਫ਼ਾਦਾਂ ਦੇ ਹਾਵੀ ਹੋਣ ਕਾਰਨ ਪੰਜਾਬ ਦਾ ਇੰਨਾ ਨੁਸਕਾਨ ਹੋਇਆ ਹੈ ਜਿਸਦੀ ਭਰਪਾਈ ਅਸੰਭਵ ਹੈ।

ਅੱਜ ਦੇ ਪੰਜਾਬ ਦੀ ਤਵਾਰੀਖ਼ ਨੂੰ (1980-90) ਦੇ ਕਾਲੇ ਦੌਰ ਵਿਚੋਂ ਬਾਖ਼ੂਬੀ ਪੜ੍ਹਿਆ ਅਤੇ ਸਮਝਿਆ ਜਾ ਸਕਦਾ। ਉਸ ਦੌਰ ਵਿਚ ਕੁਝ ਚਾਹੇ ਜਾਂ ਅਣਚਾਹੇ, ਸਰਕਾਰੀ, ਅਰਧ-ਸਰਕਾਰੀ ਜਾਂ ਗੈਰ-ਸਰਕਾਰੀ, ਸਿਆਸੀ ਜਾਂ ਗੈਰ-ਸਿਆਸੀ ਆਗੂਆਂ ਵਲੋਂ ਜੋ ਕੁਝ ਵੀ ਕੀਤਾ ਗਿਆ ਉਸਦਾ ਹਰਜ਼ਾਨਾ ਕਈ ਪੀੜ੍ਹੀਆਂ ਤੱਕ ਪੰਜਾਬੀਆਂ ਨੂੰ ਭੁਗਤਣਾ ਪੈਣਾ। ਇਹ ਵੀ ਹੋ ਸਕਦਾ ਹੈ ਕਿ ਉਦੋਂ ਤੱਕ ਪੰਜਾਬ ਅਤੇ ਪੰਜਾਬੀਅਤ ਆਪਣੀ ਪੁਰਖੀ ਧਰਾਤਲ ਅਤੇ ਵਿਰਾਸਤ ਤੋਂ ਹੀ ਵਿਰਵੀ ਹੋ ਜਾਵੇ ਕਿਉਂਕਿ ਜਿਸ ਰਫ਼ਤਾਰ ਨਾਲ ਪੰਜਾਬ ਦੀ ਸਮਾਜਿਕ ਬਣਤਰ ਵਿਚ ਤਬਦੀਲੀ ਆ ਰਹੀ ਹੈ, ਇਸਦੇ ਭਵਿੱਖੀ ਅਸਰਾਂ ਤੋਂ ਅੱਖਾਂ ਮੀਟ ਰਹੇ ਆਗੂਆਂ ਨੂੰ ਸ਼ਾਇਦ ਅਹਿਸਾਸ ਨਾ ਹੋਵੇ ਕਿ ਉਹ ਕਿੰਨੇ ਅਕ੍ਰਿਤਘਣ ਸਨ ਜੋ ਪੰਜਾਬ ਦੇ ਮਾਣਮੱਤੇ ਬਿੰਬ ਨੂੰ ਖਤਮ ਕਰਨ ਲਈ ਕਸੂਰਵਾਰ ਸਾਬਤ ਹੋਣਗੇ।

ਕਾਲੇ ਦੌਰ ਵਿਚ ਕਾਲਜ ਵਿਚ ਪੜ੍ਹਾਉਣ ਕਾਰਨ, ਮੈਂ ਉਸ ਸਮੇਂ ਨੌਜਵਾਨਾਂ ਦੀ ਸੋਚ ਅਤੇ ਉਨ੍ਹਾਂ ਦੇ ਜੀਵਨੀ ਬਿਰਤਾਂਤ ਦੇ ਬਹੁਤ ਸਾਰੇ ਰੰਗਾਂ ਨੂੰ ਨੇੜਿਉਂ ਦੇਖਣ ਅਤੇ ਇਸਦੇ ਮਾਰੂ ਪ੍ਰਭਾਵਾਂ ਦੀਆਂ ਕਈ ਪਰਤਾਂ ਨੂੰ ਹੁਣ ਚਿਤਵਦਾ ਹਾਂ ਤਾਂ ਸਪੱਸ਼ਟ ਹੋ ਜਾਂਦਾ ਹੈ ਕਿ ਉਸ ਸਮੇਂ ਕਾਲਜਾਂ, ਸਕੂਲਾਂ ਜਾਂ ਯੂਨੀਵਰਸਿਟੀਆਂ ਵਿਚ ਆਪਣੇ ਆਕਾਵਾਂ ਦੇ ਕਹਿਣ ਤੋਂ ਜੋ ਕੁਝ ਹੁੰਦਾ ਸੀ, ਉਸਦੇ ਨਤੀਜੇ ਹੁਣ ਸਾਰਿਆਂ ਦੇ ਸਾਹਮਣੇ ਹਨ। ਸੰਘਰਸ਼ ਕਰ ਰਹੀ ਲੀਡਰਸ਼ਿਪ ਵਿਚ ਕੁਝ ਅਜੇਹੇ ਤੱਤਾਂ ਦਾ ਸ਼ਾਮਲ ਹੋ ਜਾਣਾ ਸੁਭਾਵਕ ਹੁੰਦਾ ਜੋ ਸਿਰਫ਼ ਆਪਣੇ ਨਿੱਜੀ ਹਿੱਤਾਂ ਖ਼ਾਤਰ ਹੀ ਕਿਸੇ ਧਿਰ ਨਾਲ ਜੁੜਦੇ ਅਤੇ ਕਈ ਵਾਰ ਆਪਣੇ ਫ਼ਾਇਦੇ ਲਈ ਆਪਣਿਆਂ ਦਾ ਸਿਵਾ ਸੇਕਣ ਤੋਂ ਵੀ ਗੁਰੇਜ਼ ਨਹੀਂ ਕਰਦੇ।

ਕਾਲਜ ਵਿਚ ਪੜ੍ਹਾਉਂਦਿਆ ਮੇਰੇ ਨਾਲ ਬਹੁਤ ਕੁਝ ਅਜੇਹਾ ਵਾਪਰਿਆ ਪਰ ਤਿੰਨ ਕੁ ਘਟਨਾਵਾਂ ਤਾਂ ਮੇਰੇ ਚੇਤਿਆਂ ਵਿਚ ਅਕਸਰ ਖ਼ਲਲ ਪੈਦਾ ਕਰਦੀਆਂ। ਮੈਨੂੰ ਪਰੇਸ਼ਾਨ ਕਰਦੀਆਂ ਅਤੇ ਪ੍ਰਸ਼ਨ ਵੀ ਕਰਦੀਆਂ ਕਿ ਇੰਝ ਵੀ ਹੋ ਸਕਦਾ? ਇਸ ਵਿਚੋਂ ਕਿਸਦਾ ਕੀ ਲਾਭ ਜਾਂ ਨੁਕਸਾਨ ਹੋਇਆ? ਕੀ ਕਿਸੇ ਨੂੰ ਇਸਦਾ ਕੋਈ ਅਹਿਸਾਸ ਵੀ ਹੈ ਜਾਂ ਨਹੀਂ?

ਦਰਅਸਲ ਬੀਤੇ ਦਾ ਵਰਤਾਰਾ ਹੀ ਕਿਸੇ ਖ਼ਿੱਤੇ, ਕੌਮ ਜਾਂ ਜਨ-ਸਮੂਹ ਦੀ ਭਵਿੱਖੀ ਤਸਵੀਰ ਹੁੰਦਾ। ਸੱਚ ਵੀ ਇਹੀ ਆ ਕਿ ਮੌਜੂਦਾ ਪੰਜਾਬ ਦੀ ਤਸਵੀਰ ਉਨ੍ਹਾਂ ਸਮਿਆਂ ਵਿਚ ਹੀ ਸਿਰਜੀ ਗਈ ਸੀ ਜਿਸ ਦੀ ਪੁਸ਼ਤਪਨਾਹੀ ਸਾਡੇ ਰਾਜਸੀ ਅਤੇ ਧਾਰਮਿਕ ਲੀਡਰਾਂ ਨੇ ਕੀਤੀ ਸੀ। ਇਸਦਾ ਹਰਜ਼ਾਨਾ ਪੰਜਾਬ ਅਤੇ ਇਸਦੇ ਲੋਕ ਭੁਗਤ ਰਹੇ ਹਨ ਅਤੇ ਇਸ ਨੇ ਪੰਜਾਬ ਦੇ ਭਵਿੱਖ 'ਤੇ ਕਈ ਪ੍ਰਸ਼ਨ ਚਿੰਨ੍ਹ ਵੀ ਖੁਣ ਦਿਤੇ ਹਨ।

1985 ਦਾ ਸਾਲ। ਮੈਂ ਸਰਕਾਰੀ ਕਾਲਜ ਹੁਸ਼ਿਆਰਪੁਰ ਵਿਚ ਪੜ੍ਹਾਉਂਦਾ ਸੀ। ਸਾਲਾਨਾ ਇਮਤਿਹਾਨਾਂ ਵਿਚ ਮੇਰੀ ਡਿਊਟੀ ਖਾਲਸਾ ਕਾਲਜ ਮਾਹਲਪੁਰ ਲੱਗੀ ਅਤੇ ਮੇਰੇ ਸੁਪਰਡੈਂਟ ਪ੍ਰੋ. ਪੀ ਐਨ ਕਪਿਲ ਸਨ। ਹਰ ਰੋਜ਼ ਹੁਸ਼ਿਆਰਪੁਰ ਤੋਂ ਮਾਹਲਪੁਰ ਡਿਊਟੀ 'ਤੇ ਜਾਣਾ ਅਤੇ ਸ਼ਾਮ ਨੂੰ ਵਾਪਸ ਆ ਜਾਣਾ। ਇਕ ਦਿਨ ਮੈਂ ਇਕ ਲੜਕੇ ਨੂੰ ਕਿਤਾਬ ਖੋਲ੍ਹ ਕੇ ਨਕਲ ਕਰਦਿਆਂ ਫੜ ਲਿਆ ਤਾਂ ਉਹ ਧੱਕੇ ਅਤੇ ਰੋਅਬ ਨਾਲ ਕਹਿਣ ਲੱਗਾ ਕਿ ਤੈਨੂੰ ਪਤਾ ਨਹੀਂ ਮੈ ਕੌਣ ਆਂ? ਮੈਂ ਤਾਂ ਨਕਲ ਇੰਝ ਹੀ ਕਰੂੰਗਾ। ਮੈਂ ਉਸਦਾ ਪੇਪਰ ਵੀ ਲੈ ਲਿਆ ਅਤੇ ਕਿਤਾਬ ਵੀ। ਤਾਂ ਉਹ ਗੁੱਸੇ ਨਾਲ ਕਹਿਣ ਲੱਗਾ ਕਿ ਤੂੰ ਜਾਣਾ ਤਾਂ ਬੱਸ 'ਤੇ ਹੀ ਆ। ਦੇਖੂੰਗਾ ਕਿਵੇਂ ਤੂੰ ਜਾਨਾਂ ਬੱਸ ਅੱਡੇ ਤੀਕ? ਜਦ ਮੈਂ ਉਸਨੂੰ ਕਿਹਾ ਕਿ ਮੈਂ ਬੱਸ 'ਤੇ ਹੀ ਹੁਸ਼ਿਆਰਪੁਰ ਤੋਂ ਆਉਂਦਾ ਹਾਂ ਅਤੇ ਬੱਸ 'ਤੇ ਹੀ ਜਾਂਦਾ ਹਾਂ। ਤੇ ਉਸਨੂੰ ਇਮਤਿਹਾਨ ਦੇ ਹਾਲ ਵਿਚੋਂ ਬਾਹਰ ਕੱਢ ਦਿਤਾ। ਦਰਅਸਲ ਉਸ ਸਮੇਂ ਕੁਝ ਅਜੇਹੇ ਵਿਗੜੇ ਹੋਏ ਵਿਦਿਆਰਥੀ ਹੁੰਦੇ ਸਨ ਜੋ ਸੁਪਰਵਾਈਜ਼ਰ ਨੂੰ ਡਰਾ-ਧਮਕਾ ਕੇ ਨਕਲ ਮਾਰਨਾ ਆਪਣਾ ਹੱਕ ਸਮਝਦੇ ਸਨ। ਜਦ ਕੋਈ ਨਾ ਡਰਦਾ ਤਾਂ ਫਿਰ ਉਨ੍ਹਾਂ ਨੂੰ ਆਪਣੀ ਔਕਾਤ ਪਤਾ ਲੱਗ ਜਾਂਦੀ। ਮਹੀਨਾ ਭਰ ਚੱਲੇ ਇਮਤਿਹਾਨਾਂ ਦੌਰਾਨ ਉਹ ਵਿਦਿਆਰਥੀ ਮੁੜ ਕਿਧਰੇ ਨਜ਼ਰ ਨਹੀਂ ਆਇਆ।



ਉਸ ਸਮੇਂ ਮਾਹੌਲ ਹੀ ਅਜਿਹਾ ਸੀ ਕਿ ਹਰ ਕੋਈ ਖਾੜਕੂਆਂ ਦਾ ਨਾਮ ਲੈ ਕੇ ਗ਼ਲਤ ਕੰਮ ਕਰਨਾ ਆਪਣੀ ਹੈਂਕੜ ਸਮਝਦਾ ਸੀ। ਖਾੜਕੂ ਲਹਿਰ ਵਿਚ ਬਹੁਤ ਸਾਰੇ ਅਜੇਹੇ ਤੱਤ ਸ਼ਾਮਲ ਸਨ ਜਿਨ੍ਹਾਂ ਦਾ ਮਸਕਦ ਸਿਰਫ਼ ਨਿੱਜੀ ਹਿੱਤਾਂ ਦੀ ਪੂਰਤੀ ਸੀ। ਅਜੇਹੇ ਦੌਰ ਵਿਚ ਬਹੁਤ ਸਾਰੇ ਪ੍ਰੋਫੈਸਰ ਅਤੇ ਟੀਚਰ ਵੀ ਬੇਬੱਸ ਹੋਏ ਨਕਲ ਕਰਨ ਵਾਲਿਆਂ ਨੂੰ ਰੋਕਦੇ ਨਹੀਂ ਸਨ। ਨਕਲ ਦਾ ਰੁਝਾਨ ਆਮ ਸੀ। ਇਹ ਨਕਲ ਦਾ ਵਰਤਾਰਾ ਇੰਨੇ ਵੱਡੇ ਪੱਧਰ 'ਤੇ ਸੀ ਕਿ ਉਨ੍ਹਾਂ ਸਮਿਆਂ ਵਿਚ ਬਹੁਤ ਸਾਰੇ ਅਧਿਆਪਕ ਅਤੇ ਪ੍ਰੋਫੈਸਰ ਨਕਲ ਨਾਲ ਲਏ ਹੋਏ ਨੰਬਰਾਂ ਸਦਕਾ ਹੀ ਸਕੂਲਾਂ, ਕਾਲਜਾਂ ਜਾਂ ਯੂਨੀਵਰਸਿਟੀਆਂ ਵਿਚ ਭਰਤੀ ਹੋ ਗਏ। ਅਜੇਹੇ ਕੁਝ ਤਾਂ ਬੜੇ ਮਾਣ ਨਾਲ ਕਿਹਾ ਕਰਦੇ ਸਨ ਕਿ ਨਾ ਤਾਂ ਅਸੀਂ ਪੜ੍ਹੇ ਹਾਂ ਅਤੇ ਨਾ ਹੀ ਅਸੀਂ ਪੜ੍ਹਾਉਣਾ ਹੈ। ਨਕਲ ਨੇ ਪੰਜਾਬ ਵਿਚਲੇ ਵਿਦਿਅਕ ਢਾਂਚੇ ਦਾ ਅਜੇਹਾ ਨੁਕਸਾਨ ਕੀਤਾ ਜਿਸਦੀ ਭਰਪਾਈ ਨਹੀਂ ਹੋ ਰਹੀ। ਤਾਂ ਹੀ ਸਾਡੀ ਆਉਣ ਵਾਲੀ ਨਸਲ ਦੇ ਸੁਪਨੇ ਆਈ.ਏ.ਐਸ., ਇੰਜੀਨੀਅਰ, ਡਾਕਟਰ, ਪ੍ਰੋਫੈਸਰ ਬਣਨ ਤੋਂ ਆਈਲੈਟਸ ਤੀਕ ਸੁੰਘੜ ਗਏ। ਅਸੀਂ ਤਾਂ ਆਈਲੈਟਸ ਵੀ ਦੋ ਨੰਬਰ ਵਿਚ ਕਰਨ ਲੱਗ ਪਏ। ਜਦ ਨਕਲ ਤੁਹਾਡੀ ਸੋਚ ਵਿਚ ਰਚ ਜਾਵੇ ਤਾਂ ਇਹ ਅਜੇਹੀ ਨਾਮੁਰਾਦ ਆਦਤ ਹੁੰਦੀ ਜਿਸ ਤੋਂ ਛੁਟਕਾਰਾ ਪਾਉਣਾ ਲਗਭਗ ਅਸੰਭਵ ਹੁੰਦਾ। ਪੰਜਾਬ ਵਿਦਿਅਕ ਪੱਖੋਂ ਦੀਵਾਲੀਏ ਦੀ ਹੱਦ ਤੀਕ ਪਹੁੰਚ ਚੁੱਕਾ ਹੈ ਜਿਸ ਲਈ ਬਹੁਤ ਸਾਰੇ ਪੱਖਾਂ ਸਮੇਤ ਕਾਲੇ ਦੌਰ ਵਿਚ ਨਕਲ ਦੀ ਪ੍ਰਥਾ ਨੇ ਵੀ ਬਹੁਤ ਵੱਡਾ ਯੋਗਦਾਨ ਪਾਇਆ ਹੈ।

1986 ਵਿਚ ਮੇਰੀ ਬਦਲੀ ਰਣਧੀਰ ਕਾਲਜ ਕਪੂਰਥਲਾ ਦੀ ਹੋ ਗਈ। 1988 ਦਾ ਮਾਰਚ ਮਹੀਨਾ। ਇਕ ਦਿਨ ਸਾਝਰੇ ਹੀ ਘਰ ਦਾ ਬੂਹਾ ਕਿਸੇ ਨੇ ਆ ਖੜਕਾਇਆ। ਮੈਂ ਬੂਹਾ ਖੋਲ੍ਹ ਕੇ ਦੇਖਿਆ ਤਾਂ ਲੋਈਆਂ ਦੀ ਬੁੱਕਲ ਮਾਰੀ, ਦੋ ਸਰਦਾਰ ਬਾਹਰ ਖੜ੍ਹੇ ਸਨ। ਉਨ੍ਹਾਂ ਨੇ ਮੈਨੂੰ ਪੁੱਛਿਆ ਕਿ ਤੁਸੀਂ ਪ੍ਰੋ. ਭੰਡਾਲ ਹੀ ਹੋ? ਜਦ ਮੈਂ ਹਾਂ ਕਹੀ ਤਾਂ ਉਨ੍ਹਾਂ ਨੇ ਕਿਹਾ ਕਿ ਅੰਦਰ ਚੱਲੋ, ਤੁਹਾਡੇ ਨਾਲ ਗੱਲ ਕਰਨੀ ਹੈ। ਮੈਂ ਗਲੀ ਨਾਲ ਲੱਗਦੇ ਕਮਰੇ ਦਾ ਬੂਹਾ ਖੋਲ੍ਹਿਆ। ਉਹ ਅੰਦਰ ਆ ਕੇ ਬਹਿ ਗਏ। ਉਨ੍ਹਾਂ ਦਾ ਸੁਵੱਖਤੇ ਇਸ ਤਰ੍ਹਾਂ ਆਉਣਾ, ਲਿਬਾਸ ਅਤੇ ਤੌਰ-ਤਰੀਕੇ ਅਜੇਹੇ ਸਨ ਕਿ ਮੈਂ ਜਾਣ ਗਿਆ ਕਿ ਕੁਝ ਤਾਂ ਖਾਸ ਹੈ ਜਿਸ ਲਈ ਇਹ ਅਣਜਾਣ ਸੱਜਣ ਆਏ ਹਨ? ਹੋ ਸਕਦਾ ਹੈ ਕਿ ਲੋਈ ਦੀ ਬੁੱਕਲ ਹੇਠ ਹਥਿਆਰ ਵੀ ਹੋਣ। ਮੈਂ ਸਹਿਜ ਹੋ ਕੇ ਉਨ੍ਹਾਂ ਨੂੰ ਚਾਹ ਪਾਣੀ ਪੁੱਛਿਆ। ਇਕ ਸੱਜਣ ਦੇ ਦੋ ਟੁੱਕ ਬੋਲ ਸਨ ਕਿ ਅਸੀਂ ਚਾਹ-ਪਾਣੀ ਪੀਣ ਨਹੀਂ ਆਏ। ਸਗੋਂ ਬਹੁਤ ਜ਼ਰੂਰੀ ਕੰਮ ਲਈ ਆਏ ਆਂ ਅਤੇ ਤੁਹਾਨੂੰ ਕਰਨਾ ਹੀ ਪੈਣਾ? ਅਣਜਾਣ ਵਿਅਕਤੀ ਦੇ ਮੂੰਹੋਂ ਕੰਮ ਕਰਨ ਦੀ ਸ਼ਰਤ ਰੱਖਣੀ ਜਦ ਕਿ ਕੰਮ ਦਾ ਤਾਂ ਪਤਾ ਹੀ ਨਾ ਹੋਵੇ, ਨੇ ਮੇਰੇ ਮਨ ਵਿਚ ਦੁਬਿਧਾ ਜ਼ਰੂਰ ਪੈਦਾ ਕਰ ਦਿੱਤੀ ਕਿ ਪਤਾ ਨਹੀਂ ਕਿਹੜਾ ਕੰਮ ਮੈਥੋਂ ਕਰਵਾਉਣ ਆਏ ਹਨ? ਨਾਲ ਦਾ ਸਾਥੀ ਖੰਗੂਰਾ ਮਾਰ ਕੇ ਬੋਲਿਆ ਕਿ ਅਸੀਂ ਤਰਨਤਾਰਨ ਵਲੋਂ ਆਏ ਆਂ। ਸਾਡਾ ਮੁੰਡਾ ਸੈਨਿਕ ਸਕੂਲ ਵਿਚ ਪੜ੍ਹਦਾ ਹੈ। ਪ੍ਰੀ-ਮੈਡੀਕਲ ਦੇ ਪੇਪਰ ਹੋ ਰਹੇ ਹਨ ਅਤੇ ਕੱਲ੍ਹ ਨੂੰ ਤੁਹਾਨੂੰ ਉਸਦਾ ਫਿਜ਼ਿਕਸ ਦਾ ਪੇਪਰ ਹੱਲ ਕਰਨਾ ਪਵੇਗਾ। ਪੇਪਰ ਅਸੀਂ ਲੈ ਆਵਾਂਗੇ, ਤੁਸੀਂ ਹੱਲ ਕਰਨਾ ਹੈ। ਧਮਕੀਨੁਮਾ ਹੁਕਮ। ਮੈਂ ਜ਼ਰਾ ਸਖ਼ਤੀ ਪਰ ਧੀਰਜ ਨਾਲ ਜਵਾਬ ਦਿਤਾ ਕਿ ਮੈਂ ਨਕਲ ਲਈ ਫ਼ਿਜ਼ਿਕਸ ਦਾ ਪੇਪਰ ਹੱਲ ਨਹੀਂ ਕਰਾਂਗਾ। ਤੁਹਾਡੇ ਬੱਚੇ ਨੇ ਫ਼ਿਜਿਕਸ ਦਾ ਕੁਝ ਵੀ ਸਮਝਣਾ ਹੋਵੇ, ਮੇਰੇ ਘਰ ਦੇ ਦਰਵਾਜ਼ੇ ਖੁੱਲ੍ਹੇ ਹਨ। ਮੈਨੂੰ ਬਹੁਤ ਖੁਸ਼ੀ ਹੋਵੇਗੀ ਬੱਚੇ ਨੂੰ ਪੜ੍ਹਾ ਕੇ। ਪਰ ਨਕਲ ਨਹੀਂ ਕਰਵਾ ਸਕਦਾ। ਉਨ੍ਹਾਂ ਦੋਹਾਂ ਨੇ ਮੇਰੇ ਵੰਨੀਂ ਜ਼ਰਾ ਘੂਰ ਕੇ ਦੇਖਿਆ ਅਤੇ ਫਿਰ ਚਾਹ ਪੀਤਿਆਂ ਬਗੈਰ ਹੀ ਕਮਰਿਉਂ ਬਾਹਰ ਹੋ ਗਏ।

ਉਸ ਕਾਲੇ ਦੌਰ ਦੇ ਇਸੇ ਵਰਤਾਰੇ ਦਾ ਕਹਿਰ ਅਸੀਂ ਪੰਜਾਬੀ ਹੰਢਾ ਰਹੇ ਹਾਂ। ਪਿੰਡਾਂ ਵਿਚੋਂ ਗੁੰਮ ਨੇ ਪਾਹੜਿਆਂ ਦੇ ਘਰ। ਟਾਟ 'ਤੇ ਬਹਿ ਕੇ ਪੜ੍ਹਨ ਵਾਲੇ ਪਿੰਡ ਦੇ ਜਵਾਕ ਪ੍ਰੋਫੈਸਰ, ਡਾਕਟਰ, ਇੰਜੀਨੀਅਰ ਜਾਂ ਵੱਡੇ ਅਫਸਰ ਬਣਨ ਦਾ ਸੁਪਨਾ ਲੈਂਦੇ ਸਨ ਅਤੇ ਪੂਰਾ ਕਰਦੇ ਸਨ। ਇਸ ਨਕਲ ਦੀ ਬਿਮਾਰੀ ਨੇ ਸੁਪਨਿਆਂ ਨੂੰ ਖਾ ਲਿਆ। ਅਸੀਂ ਵਿਦੇਸ਼ ਦੀ ਦੌੜ ਵਿਚ ਅਜੇਹੇ ਸ਼ਾਮਲ ਹੋਏ ਕਿ ਸਾਡੇ ਹੱਥੋਂ ਪੰਜਾਬ ਵੀ ਗਿਆ। ਪੰਜਾਬੀਆਂ ਨੇ ਪੰਜਾਬ ਵਿਹਲਾ ਕਰ ਦਿਤਾ। ਹੁਣ ਬਾਹਰਲੇ ਸੂਬਿਆਂ ਤੋਂ ਆਏ ਲੋਕਾਂ ਨੇ ਪੰਜਾਬੀਅਤ ਅਤੇ ਪੰਜਾਬ ਦੀ ਸਮਾਜਿਕ ਬਣਤਰ ਅਤੇ ਤਾਣੇ-ਬਾਣੇ ਨੂੰ ਪੰਜਾਬੀਅਤ ਤੋਂ ਦੂਰ ਕਰ ਦਿੱਤਾ ਏ। ਪੰਜਾਬੀ ਇਹ ਸਮਝ ਹੀ ਨਾ ਸਕੇ ਕਿ ਉਚੇਰੀ ਪੜ੍ਹਾਈ ਤੋਂ ਬਗੈਰ ਅਸੀਂ ਹਾਕਮ ਬਣਨ ਦੀ ਬਜਾਏ ਗੁਲਾਮ ਬਣਨ ਵੰਨੀਂ ਉਲਾਰ ਹੋ ਰਹੇ ਹਾਂ। ਪੰਜਾਬ ਦੀ ਉਪਰਲੀ ਅਫਸਰਸ਼ਾਹੀ ਵਿਚ ਪੰਜਾਬੀ ਨਾਦਾਰਦ ਹਨ। ਅਜੋਕੇ ਪੰਜਾਬ ਦੇ ਸੱਚ ਨੂੰ ਬੀਤੇ ਵਿਚੋਂ ਅਸਾਨੀ ਨਾਲ ਹੀ ਸਮਝਿਆ ਜਾ ਸਕਦਾ ਹੈ।

ਉਹ ਵਕਤ ਹੀ ਅਜੇਹਾ ਸੀ ਕਿ ਹਰ ਕੋਈ ਖਾੜਕੂਆਂ ਦਾ ਨਾਮ ਵਰਤ ਕੇ ਇਸ ਸਥਿਤੀ ਨੂੰ ਆਪਣੇ ਨਿੱਜੀ ਮੁਫ਼ਾਦ ਲਈ ਵਰਤ ਰਿਹਾ ਸੀ। ਕੋਈ ਨਹੀਂ ਸੀ ਰੋਕਣ ਤੇ ਟੋਕਣ ਵਾਲਾ ਕਿਉਂਕਿ ਨਿਡਰ ਪੰਜਾਬੀਆਂ ਨੂੰ ਡਰ ਨੇ ਗ੍ਰਸਿਆ ਹੋਇਆ ਸੀ। ਹਰ ਕਰਮਚਾਰੀ ਜਾਂ ਬੰਦਾ ਖੁਦ ਨੂੰ ਬਚਾਉਣ ਦੇ ਆਹਰ ਵਿਚ ਸੀ। ਸਮੁੱਚੇ ਪੰਜਾਬੀ ਦੁਵੱਲੀ ਮਾਰ ਹੇਠ ਸਨ ਅਤੇ ਆਖਰ ਨੂੰ ਨੁਕਸਾਨ ਤਾਂ ਪੰਜਾਬੀਆਂ ਨੇ ਹੀ ਪੰਜਾਬ ਅਤੇ ਪੰਜਾਬੀਆਂ ਦਾ ਕਰ ਦਿਤਾ।

90ਵਿਆਂ ਦੀ ਗੱਲ ਹੈ ਕਿ ਮੈਂ ਕਲਾਸ ਨੂੰ ਪ੍ਰੈਕਟੀਕਲ ਕਰਵਾ ਰਿਹਾ ਸੀ ਤਾਂ ਪ੍ਰਿੰਸੀਪਲ ਦਫ਼ਤਰ ਤੋਂ ਇਕ ਚਪੜਾਸੀ ਇਕ ਨਿਹੰਗ ਨੂੰ ਲੈ ਕੇ ਮੇਰੇ ਕੋਲ ਆਇਆ ਅਤੇ ਕਿਹਾ ਕਿ ਮੈਡਮ ਪ੍ਰਿੰਸੀਪਲ ਹੁਰਾਂ ਦਾ ਕਹਿਣਾ ਹੈ ਕਿ ਇਸਦੀ ਗੱਲ ਸੁਣੀ ਜਾਵੇ। ਉਹ ਨਿਹੰਗ ਸਿੰਘ ਸਿੱਧਾ ਹੀ ਪ੍ਰਿੰਸੀਪਲ ਦੇ ਦਫ਼ਤਰ ਵੜ ਗਿਆ ਅਤੇ ਕਹਿਣ ਲੱਗਾ ਕਿ ਅਸੀਂ ਸਿੰਘ ਹੁੰਨੇ ਆਂ। ਸਿੰਘਾਂ ਨੇ ਗੁਰਦੁਆਰਾ ਬਣਾਉਣਾ ਹੈ। ਪੰਜ ਹਜ਼ਾਰ ਰੁਪਏ ਦਿਓ। ਸਟਾਫ਼ ਸੈਕਟਰੀ ਹੋਣ ਦੇ ਨਾਤੇ ਪ੍ਰਿੰਸੀਪਲ ਨੇ ਮੇਰੇ ਕੋਲ ਨਿਹੰਗ ਨੂੰ ਭੇਜ ਦਿਤਾ। ਮੈਂ ਉਸਨੂੰ ਆਪਣੇ ਦਫ਼ਤਰ ਵਿਚ ਬਿਠਾ ਕੇ ਪੁੱਛਿਆ ਕਿ ਖਾਲਸੇ ਦੇ ਕਿਵੇਂ ਆਉਣੇ ਹੋਏ ਨੇ? ਉਸਨੇ ਅੱਖਾਂ ਚੜ੍ਹਾ ਕੇ ਕਿਹਾ ਕਿ ਸਿੰਘਾਂ ਨੇ ਗੁਰਦੁਆਰਾ ਬਣਾਉਣਾ ਹੈ। ਤੁਹਾਡੇ ਲਈ ਪੰਜ ਹਜ਼ਾਰ ਦੀ ਸੇਵਾ ਹੈ। ਜਦ ਮੈਂ ਪੁੱਛਿਆ ਕਿ ਗੁਰਦੁਆਰਾ ਕਿਥੇ ਬਣਾਉਣਾ ਹੈ, ਕਿਸ ਦੀ ਯਾਦ ਵਿਚ ਬਣਾਉਣਾ ਹੈ, ਕਦੋਂ ਬਣਾਉਣਾ ਹੈ, ਤੁਹਾਡੇ ਕੋਲ ਕੋਈ ਰਸੀਦ ਬੁੱਕ ਵੀ ਹੈ? ਉਹ ਘੂਰ ਕੇ ਕਹਿਣ ਲੱਗਾ ਕਿ ਅਸੀਂ ਗੁਰਦੁਆਰਾ ਬਣਾਉਣਾ। ਕੋਈ ਰਸੀਦ ਰਸੂਦ ਨਹੀਂ। ਪੰਜ ਹਜ਼ਾਰ ਦੀ ਸੇਵਾ ਕਰੋ। ਤਾਂ ਮੈਂ ਸਮਝ ਗਿਆ ਕਿ ਇਹ ਸਿਰਫ਼ ਸਿੰਘਾਂ ਦਾ ਨਾਮ ਹੀ ਵਰਤ ਰਿਹਾ ਹੈ। ਪੈਸੇ ਤਾਂ ਇਸਨੇ ਆਪਣੀ ਜੇਬ ਵਿਚ ਪਾਉਣੇ ਹਨ। ਮੈਂ ਉਸਨੂੰ ਦੋ ਟੁੱਕ ਕਿਹਾ ਕਿ ਮੈਂ ਆਪਣੇ ਵਲੋਂ ਸਿਰਫ਼ ਇਕ ਸੌ ਦੇ ਸਕਦਾਂ। ਬਾਕੀ ਪੈਸਿਆਂ ਬਾਰੇ ਸਟਾਫ਼ ਮੀਟਿੰਗ ਕੀਤੀ ਜਾਵੇਗੀ ਅਤੇ ਉਸ ਵਿਚ ਫੈਸਲਾ ਹੋਵੇਗਾ। ਉਹ ਗੁੱਸੇ ਵਿਚ ਉਠ ਕੇ ਕਹਿਣ ਲੱਗਾ ਕਿ ਮੈਂ ਸੌ ਨਹੀਂ ਲੈਣਾ। ਮੈਂ ਸੌ ਦਾ ਨੋਟ ਵਾਪਸ ਆਪਣੀ ਜੇਬ ਵਿਚ ਪਾਇਆ ਅਤੇ ਉਸਨੂੰ ਬੇਰੰਗ ਆਪਣੇ ਦਫ਼ਤਰ ਵਿਚੋਂ ਬਾਹਰ ਕੱਢ ਦਿਤਾ। ਪਤਾ ਨਹੀਂ ਅਜੇਹੇ ਕਿੰਨੇ ਨਕਲੀ ਸਿੰਘਾਂ ਨੇ ਕਿੰਨੇ ਭੋਲੇ-ਭਾਲੇ ਲੋਕਾਂ ਨੂੰ ਆਪਣਾ ਸ਼ਿਕਾਰ ਬਣਾਇਆ ਹੋਵੇਗਾ ਅਤੇ ਕਿੰਨੀ ਕਮਾਈ ਕੀਤੀ ਹੋਵੇਗੀ? ਅਜੇਹੇ ਲੋਕ ਸਿੰਘਾਂ ਦੇ ਭੇਸ ਵਿਚ ਬਹੁਰੂਪੀਏ ਸਨ ਜਿਨ੍ਹਾਂ ਨੇ ਸਿੰਘਾਂ ਨੂੰ ਬਦਨਾਮ ਵੀ ਕੀਤਾ ਅਤੇ ਪੰਜਾਬੀਆਂ ਦੇ ਮਨਾਂ ਵਿਚ ਸਿੰਘਾਂ ਬਾਰੇ ਭਰਮ-ਭੁਲੇਖੇ ਵੀ ਪੈਦਾ ਕੀਤੇ।

ਕੁਝ ਕੁ ਲੋਕਾਂ ਦਾ ਅਜੇਹਾ ਵਰਤਾਰਾ ਹੀ ਖਾੜਕੂਆਂ ਨੂੰ ਬਦਨਾਮ ਕਰਨ ਅਤੇ ਸਮੁੱਚੇ ਪੰਜਾਬੀਆਂ ਲਈ ਨਮੋਸ਼ੀ ਦਾ ਕਾਰਨ ਬਣਿਆ। ਕਈ ਵਾਰ ਕੁਝ ਲੋਕਾਂ ਕਰਕੇ ਹੀ ਸਮੁੱਚੀ ਕੌਮ ਬਦਨਾਮ ਹੋ ਜਾਂਦੀ ਹੈ। ਕਾਲੀਆਂ ਭੇਡਾਂ ਜੇਹੇ ਲੋਕ ਸਾਡੇ ਰਾਜਸੀ, ਸਮਾਜਿਕ ਅਤੇ ਧਾਰਮਿਕ ਤੰਤਰ ਵਿਚ ਸ਼ਾਮਲ ਹੋ ਗਏ ਸਨ ਅਤੇ ਹੁਣ ਵੀ ਹਨ। ਇਨ੍ਹਾਂ ਕਰਕੇ ਹੀ ਪੰਜਾਬ ਅਧੋਗਤੀ ਵੱਲ ਨੂੰ ਤਿਲਕਦਾ ਜਾ ਰਿਹਾ ਹੈ। ਜਦ ਕੋਈ ਕੌਮ ਆਪਣੀਆਂ ਮੂਲ ਕਦਰਾਂ- ਕੀਮਤਾਂ ਤੋਂ ਦੂਰ ਚਲੀ ਜਾਵੇ, ਕਿਰਤ ਕਮਾਈ ਨੂੰ ਵਿਸਾਰ ਕੇ ਧੋਖਾਧੜੀ ਜਾਂ ਬੇਈਮਾਨੀ ਦਾ ਰਾਹ ਮੱਲੇ ਅਤੇ ਸਰਬੱਤ ਦੇ ਭਲੇ ਨੂੰ ਤਿਆਗ ਕੇ ਨਿੱਜੀ ਲਾਭਾਂ ਨੂੰ ਪ੍ਰਮੁੱਖਤਾ ਦੇਵੇ ਤਾਂ ਸਰਬਪੱਖੀ ਵਿਕਾਸ ਅਤੇ ਮਾਣਮੱਤੇ ਵਿਰਸੇ ਦੀ ਰਹਿਨੁਮਾਈ ਨੂੰ ਕਿਆਸਿਆ ਵੀ ਨਹੀਂ ਜਾ ਸਕਦਾ।

ਬੀਤੇ ਦੀਆਂ ਗਲਤੀਆਂ ਨੂੰ ਸੁਧਾਰ ਕੇ, ਆਪਣੀਆਂ ਕਮੀਆਂ ਤੇ ਕੁਤਾਹੀਆਂ ਨੂੰ ਨਕਾਰ ਕੇ ਅਤੇ ਆਪਣੇ ਪੁਰਖਿਆਂ ਦੀਆਂ ਨਸੀਹਤਾਂ ਅਤੇ ਸਿੱਖਿਆਵਾਂ 'ਤੇ ਪਹਿਰਾ ਦੇਣ ਵਾਲੀ ਕੌਮ ਹੀ ਤਰੱਕੀ ਦੀਆਂ ਮੰਜ਼ਲਾਂ ਸਰ ਕਰਦੀ। ਪੰਜਾਬੀਆਂ ਨੂੰ ਆਪਣੇ ਇਤਿਹਾਸ ਤੋਂ ਸੇਧ ਲੈ ਕੇ ਅਤੇ ਸਰਬੱਤ ਦੇ ਭਲੇ ਦਾ ਮੂਲ ਮੰਤਰ ਅਪਣਾ ਕੇ ਹੀ, ਪੰਜਾਬ ਨੂੰ ਪੁਰਾਤਨ ਚੜ੍ਹਤ ਅਤੇ ਮਾਣ ਦਿਵਾਇਆ ਜਾ ਸਕਦਾ। ਪੰਜਾਬੀ ਅਜਿਹਾ ਕਰ ਤਾਂ ਸਕਦੇ ਹਨ, ਪਰ ਆਪਸ ਵਿਚ ਉਲਝੇ ਹੋਏ ਅਤੇ ਨਿੱਜੀ ਮੁਫਾਦ ਵਿਚ ਗ੍ਰਸੇ ਪੰਜਾਬੀਆਂ ਤੋਂ ਆਸ ਘੱਟ ਹੀ ਹੈ।

ਰੱਬ ਮਿਹਰ ਕਰੇ!!!!

---

*(ਪਿਛਲੇ ਸਫੇ ਦਾ ਬਾਕੀ)*

ਤੇ ਰੂਹ ਤੱਕ ਰਚਾ ਲੈਂਦੇ ਹਾਂ
ਕੁਝ ਕਿਤਾਬਾਂ 'ਤੇ
ਰੰਗ ਬਿਰੰਗੇ ਨਿਸ਼ਾਨ ਲਾਉਂਦੇ ਹਾਂ
ਹਰੇਕ ਸਤਰ 'ਤੇ ਰੀਝਦੇ ਹਾਂ
ਤੇ ਕੁਝ ਕਿਤਾਬਾਂ ਦੇ
ਸੋਹਲ ਪੰਨਿਆਂ 'ਤੇ
ਨਿਸ਼ਾਨ ਲਾਉਣੋਂ ਵੀ ਤ੍ਰਹਿੰਦੇ ਹਾਂ
ਪਿਆਰ ਕਰਨ
ਤੇ ਕਿਤਾਬ ਪੜ੍ਹਨ ਵਿਚ
ਕੋਈ ਫ਼ਰਕ ਨ੍ਹੀਂ ਹੁੰਦਾ।

ਸੱਚ-ਮੁੱਚ ਪਿਆਰ ਮੁਹੱਬਤ ਨਾਲ ਲਬਰੇਜ਼ ਰੂਹ ਸਾਡੇ ਸਾਹਮਣੇ ਸੀ। ਕਵਿਤਾ ਦੇ ਅਰਥ ਮੇਰੇ ਲਈ ਹੋਰ ਵੀ ਵਿਸ਼ਾਲ ਹੋ ਗਏ ਸਨ।

ਜਦੋਂ ਦਿੱਲੀ ਆਏ ਸਾਂ, ਸੋਚਦੇ ਸਾਂ, ਮਨੁੱਖੀ ਸਿਰਾਂ ਦੇ ਐਡੇ ਵੱਡੇ ਸਮੁੰਦਰ ਵਿਚ ਸਾਡਾ ਕੌਣ ਐ? ਕਿੰਨਾ ਕੁ ਚਿਰ ਭਟਕਦੇ ਰਹਾਂਗੇ ਸ਼ਾਹ ਜਹਾਨ ਤੇ ਮੁਮਤਾਜ ਮਹਿਲ ਦੀ ਦਿੱਲੀ ਦੀਆਂ ਸੜਕਾਂ ਉੱਪਰ। ਮੰਤਰੀਆਂ ਦੇ ਵੱਡੇ-ਵੱਡੇ ਬੰਗਲਿਆਂ ਵੱਲ ਖ਼ਾਲੀ ਖ਼ਾਲੀ ਨਜ਼ਰਾਂ ਨਾਲ ਝਾਕਦੇ।

ਡਾ. ਸਤਿੰਦਰ ਸਿੰਘ ਨੂਰ ਨੂੰ ਮਿਲ ਕੇ ਤਾਂ ਸਾਰੇ ਦੁੱਖ ਹੀ ਭੁੱਲ ਗਏ ਸਨ। ਸਾਰੀ ਭਟਕਣਾ ਹੀ ਵਿਸਰ ਗਈ ਸੀ। ਇੰਜ ਲੱਗਣ ਲੱਗਾ ਜਿਵੇਂ ਸਾਰੀ ਦਿੱਲੀ ਸਾਡੀ ਆਪਣੀ ਹੋਵੇ।

000

ਨਾਭੇ ਕਵੀ ਦਰਬਾਰ ਸੀ। ਕਵਿਤਾ-ਉਤਸਵ। ਕਵੀਆਂ-ਆਲੋਚਕਾਂ ਦਾ ਕੁੰਭ। ਸਿਮਰਜੀਤ ਨੇ ਕਵਿਤਾ ਪੜ੍ਹੀ 'ਫੁੱਲ ਤੇ ਭਾਰ'। ਕੇਵਲ ਚਾਰ ਕੁ ਲਾਈਨਾਂ ਦੀ ਕਵਿਤਾ:-

ਜਦੋਂ ਮਹਿਬੂਬ
ਟੰਗਦੀ ਏ ਮੇਰੇ ਕਾਲਰ 'ਤੇ ਫੁੱਲ
ਤਾਂ ਮਹਿਸੂਸ ਹੁੰਦਾ
ਧਰਤੀ ਹੇਠਲੇ ਉਸ ਬੌਲਦ ਵਾਂਗ
ਜੀਹਨੇ ਸਾਰੀ ਧਰਤੀ ਦਾ ਭਾਰ
ਇੱਕ ਸਿੰਗ 'ਤੇ ਚੁੱਕਿਆ ਏ...।

ਡਾ. ਸਤਿੰਦਰ ਸਿੰਘ ਨੂਰ ਇਸ ਸਮਾਗਮ ਦੀ ਪ੍ਰਧਾਨਗੀ ਕਰ ਰਹੇ ਸਨ। ਪ੍ਰਧਾਨਗੀ ਕਰਨ ਵਾਲਿਆਂ ਵਾਂਗ ਅਖ਼ੀਰ 'ਤੇ ਬੋਲੇ। ਸਿੰਮੀ ਦੀ ਕਵਿਤਾ ਦਾ ਉਚੇਚਾ ਵਰਣਨ ਕਰਕੇ ਪ੍ਰਸ਼ੰਸਾ ਕੀਤੀ।

'ਕਈ ਵਾਰ ਪੂਰੇ ਸਫ਼ੇ 'ਤੇ ਵੀ ਕਵਿਤਾ ਨ੍ਹੀਂ ਹੁੰਦੀ ਤੇ ਕਈ ਵਾਰ ਸਿੰਮੀ ਦੀ ਕਵਿਤਾ ਵਾਂਗ ਚਾਰ-ਪੰਜ ਸਤਰਾਂ 'ਚ ਵੀ ਕਵਿਤਾ ਕਹੀ ਜਾ ਸਕਦੀ ਹੈ।' ਕਿਸੇ ਕਵੀ ਜਾਂ ਕਵਿਤਰੀ ਦੀ ਕਵਿਤਾ ਬਾਰੇ ਡਾ: ਨੂਰ ਦਾ ਕੁਝ ਆਖ ਦੇਣਾ ਬਹੁਤ ਵੱਡੀ ਗੱਲ ਸੀ।

'ਕੁੜੀਏ! ਚਾਰ-ਪੰਜ ਲਾਈਨਾਂ ਪੜ੍ਹ ਕੇ ਈ ਛਾਅ ਗਈ ਏਂ?' ਦਰਸ਼ਨ ਬੁੱਟਰ ਅਤੇ ਹਰਮੀਤ ਵਿਦਿਆਰਥੀ ਆਖ ਰਹੇ ਸਨ। ਅੰਦਰਲੀ ਗੱਲ ਦਾ ਕਿਸੇ ਨੂੰ ਕੀ ਪਤਾ ਸੀ ਕਿ ਸਿਮਰ ਤਾਂ ਡਾ. ਨੂਰ ਦੇ ਪੇਕਿਆਂ ਵੱਲ ਦੀ ਕੁੜੀ ਸੀ। ਉਸਦੀ ਪ੍ਰਸ਼ੰਸਾ ਭਲਾ ਕਿਉਂ ਨਾ ਕਰਦੇ?

ਫਿਰ ਪੰਜਾਬੀ ਸਾਹਿਤ ਅਕਾਦਮੀ ਲੁਧਿਆਣੇ ਦੀ ਚੋਣ ਆ ਗਈ। ਸਾਹਿਤ ਜਗਤ ਦੇ ਦੋ ਮਹਾਂਰਥੀ ਡਾ. ਸਤਿੰਦਰ ਸਿੰਘ ਨੂਰ ਅਤੇ ਸੁਰਜੀਤ ਪਾਤਰ ਲੇਖਕਾਂ ਦੀ ਸਰਪੰਚੀ ਲਈ ਇੱਕ ਦੂਜੇ ਦੇ ਸਾਹਮਣੇ ਆ ਡਟੇ। ਮੇਰੇ ਵਰਗੇ ਬਹੁਤੇ ਦੋ-ਚਿੱਤੀ ਵਿਚ ਫਸ ਗਏ ਸਨ। ਜਾਈਏ ਤਾਂ ਕਿੱਧਰ ਜਾਈਏ? ਦੋਵਾਂ ਮਹਾਂਰਥੀਆਂ ਲਈ ਇਹ ਚੋਣ ਵਕਾਰ ਦਾ ਸੁਆਲ ਬਣੀ ਪਈ ਸੀ। ਅਜਿਹੀ ਦੋਚਿਤੀ ਵਿਚ ਪੰਜਾਬੀ ਦੇ ਲੇਖਕ ਇੱਕ ਵਾਰ ਪਹਿਲਾਂ ਵੀ ਫਸੇ ਸਨ ਜਦੋਂ ਕੇਂਦਰੀ ਪੰਜਾਬੀ ਲੇਖਕ ਸਭਾ ਦੀਆਂ ਚੋਣਾਂ ਵੇਲੇ ਪ੍ਰਧਾਨਗੀ ਲਈ ਭਾਅ ਗੁਰਸ਼ਰਨ ਸਿੰਘ ਅਤੇ ਉੱਚ ਦੁਮਾਲੜੇ ਵਾਲਾ ਸਾਹਿਤਕਾਰ ਸੰਤੋਖ ਸਿੰਘ ਧੀਰ ਇੱਕ ਦੂਜੇ ਦੇ ਸਾਹਮਣੇ ਆ ਡਟੇ ਸਨ। ਦਰਅਸਲ ਉਦੋਂ ਦੋਵੇਂ ਸਾਹਿਤਕ ਮਹਾਂਰਥੀ ਨ੍ਹੀਂ ਬਲਕਿ ਸੀ.ਪੀ.ਆਈ ਅਤੇ ਨਕਸਲਾਈਟਾਂ ਦੇ ਰੂਪ ਵਿਚ ਦੋ ਧਿਰਾਂ ਆਹਮੋ-ਸਾਹਮਣੇ ਸਨ। ਪਰ ਹੁਣ ਨੂਰ ਤੇ ਪਾਤਰ ਵੇਰੀ ਤਾਂ ਅਜਿਹੀ ਕੋਈ ਪਾਰਟੀ ਧੜੇਬੰਦੀ ਵੀ ਨ੍ਹੀਂ ਸੀ। ਪਰ ਕੁਝ ਨਾ ਕੁਝ ਤਾਂ ਸੀ। ਕੁਝ ਵੀ ਸੀ, ਇਹ ਲੜਾਈ ਲੁਧਿਆਣਾ ਅਤੇ ਚੰਡੀਗੜ੍ਹ ਦੀ ਲੜਾਈ ਬਣ ਗਈ ਸੀ। ਕਈ ਤਾਂ ਇਸਨੂੰ ਹਿੰਦ-ਪੰਜਾਬ ਦੀ ਜੰਗ ਵੀ ਆਖ ਰਹੇ ਸਨ।

ਆਪਣੇ ਹੱਕ ਵਿਚ ਵੋਟ ਕਰਨ ਲਈ ਦੋਵਾਂ ਮਹਾਂਰਥੀਆਂ ਦੇ ਫ਼ੋਨ ਆ ਰਹੇ ਸਨ। ਹਰਮੀਤ ਵਿਦਿਆਰਥੀ ਤੇ ਉਸਦਾ ਜਥਾ ਪਾਤਰ ਸਾਹਿਬ ਲਈ ਸਰਗਰਮੀ ਨਾਲ ਕੰਮ ਕਰ ਰਿਹਾ ਸੀ। ਹਰਮੀਤ ਦਾ ਮੇਰੇ 'ਤੇ ਆਪਣਾ ਜ਼ੋਰ ਸੀ। ਮੈਂ ਡਾ. ਨੂਰ ਨੂੰ ਵੀ ਕਿਵੇਂ ਛੱਡ ਸਕਦਾ ਸਾਂ? ਗੱਲ ਕੀ, ਪਾਤਰ ਅਤੇ ਨੂਰ ਵਿਚਕਾਰ ਆਪਣੇ-ਆਪ ਨੂੰ ਪੈਂਡੂਲਮ ਵਾਂਗ ਲਟਕਿਆ ਮਹਿਸੂਸ ਕਰਦਾ ਸਾਂ।

ਰਾਤ ਨੇ ਅੱਧਿਓਂ ਵੱਧ ਪੁਲਾਂਘ ਪੁੱਟ ਲਈ ਸੀ ਜਦੋਂ ਡਾ. ਨੂਰ ਨੇ ਵੋਟਾਂ ਦੇ ਸਬੰਧ 'ਚ ਫ਼ੋਨ ਕੀਤਾ ਸੀ। ਮੈਂ ਹੂੰ...ਹਾਂ ਕਰੀ ਗਿਆ ਸਾਂ। ਦਰਅਸਲ ਦੋਚਿੱਤੀ ਦੇ ਪਾਲੇ ਵਿਚ ਫਿਰਦਿਆਂ ਮੈਥੋਂ ਚੱਜ ਨਾਲ, ਹਿੱਕ ਕੱਢ ਕੇ 'ਹਾਂ' ਨ੍ਹੀਂ ਸੀ ਆਖੀ ਜਾ ਰਹੀ। ਡਾ. ਨੂਰ ਨੇ ਸਿਮਰ ਨਾਲ ਅਲੱਗ ਤੋਂ ਗੱਲ ਕੀਤੀ ਸੀ। ਸਿਮਰ ਲਈ ਕਿਸੇ ਕਿਸਮ ਦਾ ਚੁਰਾਹਾ ਨ੍ਹੀਂ ਸੀ। ਉਸਦਾ ਫ਼ੈਸਲਾ ਤਾਂ ਅਟੱਲ ਸੀ। ਉਸ ਲਈ ਕੋਈ ਦੋਚਿੱਤੀ ਸੀ ਹੀ ਨ੍ਹੀਂ। ਪੇਕਿਆਂ ਨੂੰ ਛੱਡ ਕੇ ਕੋਈ ਕੁੜੀ ਆਪਣੀ ਵੋਟ ਭਲਾ ਕਿਧਰ ਪਾ ਸਕਦੀ ਸੀ?

ਕਲਾ ਪਰਿਕਰਮਾ

## ਚਾਹ ਵੇਚਣ ਤੋਂ ਰਾਸ਼ਟਰੀ ਪੁਰਸਕਾਰ ਜਿੱਤਣ ਤੱਕ

# ਅਨੂ ਕਪੂਰ



ਤੁਸੀਂ ਆਯੁਸ਼ਮਾਨ ਖੁਰਾਣਾ ਦੀ ਸਫਲ ਫਿਲਮ 'ਡ੍ਰੀਮ ਗਰਲ' ਜ਼ਰੂਰ ਦੇਖੀ ਹੋਵੇਗੀ, ਜਿਸ ਵਿਚ ਉਸ ਦੇ ਪਿਤਾ ਦੀ ਭੂਮਿਕਾ ਨਿਭਾਅ ਰਹੇ ਅਨੂ ਕਪੂਰ ਨੂੰ ਗਲਤਫ਼ਹਿਮੀ ਹੋ ਜਾਂਦੀ ਹੈ ਹੈ ਕਿ ਇਕ ਮੁਸਲਿਮ ਮਹਿਲਾ ਉਸ ਨੂੰ ਪਿਆਰ ਕਰਨ ਲੱਗੀ ਹੈ ਤੇ ਉਸ ਨਾਲ ਵਿਆਹ ਕਰਨਾ ਚਾਹੁੰਦੀ ਹੈ। ਇਸ ਕਾਲਪਨਿਕ ਮਹਿਲਾ ਨੂੰ ਪ੍ਰਭਾਵਿਤ ਕਰਨ ਲਈ ਉਹ ਵੀ ਇਕ ਮੁਸਲਿਮ ਦਾ ਰੂਪ ਧਾਰਨ ਕਰ ਲੈਂਦਾ ਹੈ ਅਤੇ ਇਕਦਮ ਸਹੀ ਉਚਾਰਨ ਨਾਲ ਨਫ਼ੀਸ ਉਰਦੂ ਬੋਲਣ ਲਗਦਾ ਹੈ। ਅਨੂ ਕਪੂਰ ਨੇ ਇਸ ਭੂਮਿਕਾ ਨੂੰ ਆਪਣੇ ਸ਼ਾਨਦਾਰ ਅਭਿਨੈ ਨਾਲ ਯਾਦਗਾਰੀ ਬਣਾ ਦਿੱਤਾ ਅਤੇ ਸਭ ਤੋਂ ਜ਼ਿਆਦਾ ਹੈਰਾਨ ਉਨ੍ਹਾਂ ਨੇ ਆਪਣੀ ਉਰਦੂ ਜ਼ਬਾਨ ਤੋਂ ਕੀਤਾ, ਜਦ ਕਿ ਅੱਜਕਲ੍ਹ ਫਿਲਮਾਂ ਵਿਚ ਗੁਰੂਦੱਤ ਦੀ ਤਰ੍ਹਾਂ ਕੋਈ ਅਬਰਾਰ ਅਲਵੀ ਨੂੰ ਨਹੀਂ ਰੱਖਦਾ ਹੈ ਕਿ ਐਕਟਰ ਦੀ ਡਾਇਲਾਗ ਡਲਿਵਰੀ ਨੂੰ ਸੁਧਾਰਿਆ ਜਾਵੇ।

ਅਨੂ ਕਪੂਰ ਨੇ ਇਹ ਕਿਵੇਂ ਸੰਭਵ ਕੀਤਾ? ਦਰਅਸਲ, ਅਨੂ ਕਪੂਰ ਦੀ ਬੰਗਾਲੀ ਬ੍ਰਾਹਮਣ ਮਾਤਾ ਕਮਲ ਉਰਦੂ ਦੀ ਅਧਿਆਪਕਾ ਤੇ ਟਰੇਂਡ ਕਲਾਸੀਕਲ ਗਾਇਕਾ ਸੀ ਅਤੇ ਉਸ ਦੇ ਪੰਜਾਬੀ ਪਿਤਾ ਮਦਨ ਲਾਲ, ਜਿਨ੍ਹਾਂ ਦੀਆਂ ਜੜ੍ਹਾਂ ਪੇਸ਼ਾਵਰ ਵਿਚ ਸਨ, ਇਕ ਪਾਰਸੀ ਥੀਏਟਰ ਕੰਪਨੀ ਚਲਾਇਆ ਕਰਦੇ ਸਨ, ਜੋ ਵੱਖ-ਵੱਖ ਸ਼ਹਿਰਾਂ ਤੇ ਕਸਬਿਆਂ ਵਿਚ ਜਾ ਕੇ ਨਾਟਕ ਕਰਿਆ ਕਰਦੀ ਸੀ। ਉਸ ਦੇ ਦਾਦਾ ਬਰਤਾਨਵੀ ਫ਼ੌਜ ਵਿਚ ਡਾਕਟਰ ਸਨ ਅਤੇ ਪੜਦਾਦਾ ਗੰਗਾਰਾਮ ਕਪੂਰ ਸੁਤੰਤਰਤਾ ਸੈਨਾਨੀ ਸਨ, ਜਿਨ੍ਹਾਂ ਨੂੰ ਅੰਗਰੇਜ਼ਾਂ ਨੇ ਫਾਂਸੀ ਦੇ ਦਿੱਤੀ ਸੀ। ਅਨੂ ਕਪੂਰ ਦਾ ਜਨਮ ਇਤਵਾਰਾ, ਭੁਪਾਲ ਰਿਆਸਤ ਵਿਚ 20 ਫਰਵਰੀ, 1956 ਨੂੰ ਅਨਿਲ ਕਪੂਰ ਦੇ ਰੂਪ ਵਿਚ ਹੋਇਆ ਸੀ। ਫਿਲਮੀ ਦੁਨੀਆ ਵਿਚ ਜਦੋਂ ਉਨ੍ਹਾਂ ਨੇ ਦਾਖਲਾ ਲਿਆ ਤਾਂ ਉਥੇ ਪਹਿਲਾਂ ਤੋਂ ਹੀ ਇਕ ਹੋਰ ਅਨਿਲ ਕਪੂਰ ਸਥਾਪਿਤ ਸਨ। ਇਸ ਲਈ ਉਨ੍ਹਾਂ ਨੇ ਆਪਣਾ ਸਕ੍ਰੀਨ ਨਾਂਅ ਅਨੂ ਕਪੂਰ ਰੱਖ ਲਿਆ। ਅਨੂ ਕਪੂਰ ਦੀ ਮਾਤਾ ਦੀ ਤਨਖ਼ਾਹ 40 ਰੁਪਏ ਮਹੀਨਾ ਸੀ, ਜਿਸ ਕਰਕੇ ਉਨ੍ਹਾਂ ਦੀ ਆਰਥਿਕ ਪ੍ਰ੍ਰਿਡੀ ਕਮਜ਼ੋਰ ਸੀ ਅਤੇ ਕੈਲਾਸ਼ ਸਿੰਘ ਸੈਕੰਡਰੀ ਸਿੱਖਿਆ ਤੋਂ ਬਾਅਦ ਉਨ੍ਹਾਂ ਨੂੰ ਪੜ੍ਹਾਈ ਛੱਡਣੀ ਪਈ। ਆਪਣੇ ਪਿਤਾ ਦੇ ਕਹਿਣ 'ਤੇ ਉਹ ਉਨ੍ਹਾਂ ਦੀ ਥੀਏਟਰ ਕੰਪਨੀ ਵਿਚ ਕੰਮ ਕਰਨ ਲੱਗਾ। ਆਪਣੇ ਭਰਾ ਰਣਜੀਤ ਕਪੂਰ ਦੇ ਕਹਿਣ 'ਤੇ ਅਨੂ 1976 ਵਿਚ ਨੈਸ਼ਨਲ ਸਕੂਲ ਆਫ਼ ਡਰਾਮਾ 'ਚ ਦਾਖਲ ਹੋਏ ਜਿਥੇ ਰਣਜੀਤ ਪਹਿਲਾਂ ਤੋਂ ਹੀ ਸੀ। ਇਥੋਂ ਗ੍ਰੈਜੂਏਸ਼ਨ ਕਰਨ ਤੋਂ ਬਾਅਦ ਉਸ ਨੇ 1981 ਵਿਚ ਨਾਟਕ 'ਏਕ ਰੁਕਾ ਹੁਆ ਫ਼ੈਸਲਾ' ਵਿਚ ਇਕ 70 ਸਾਲ ਦੇ ਵਿਅਕਤੀ ਦੀ ਭੂਮਿਕਾ ਅਦਾ ਕੀਤੀ। ਇਸ ਨਾਟਕ ਨੂੰ ਬੰਬੇ (ਹੁਣ ਮੁੰਬਈ) ਵਿਚ ਫਿਲਮ ਨਿਰਦੇਸ਼ਕ ਸ਼ਿਆਮ ਬੇਨੇਗਲ ਨੇ ਦੇਖਿਆ। ਤਾਂ ਉਹ ਬਹੁਤ ਪ੍ਰਭਾਵਿਤ ਹੋਇਆ। ਇਥੋਂ ਅਨੂ ਕਪੂਰ ਦੇ ਦਿਨ ਫਿਰ ਗਏ।



# ਉੱਭਰਦਾ ਗੀਤਕਾਰ ਦੀਪਾ ਬੰਡਾਲਾ

**ਬਲਵਿੰਦਰ ਬਾਲਮ**



ਉੱਭਰਦਾ ਗੀਤਕਾਰ ਦੀਪਾ ਬੰਡਾਲਾ ਪਿਛਲੇ ਕੁਝ ਸਾਲਾਂ ਤੋਂ ਐਡਮਿੰਟਨ ਵਿਚ ਸਥਾਈ ਤੌਰ 'ਤੇ ਅਪਣੀ ਪਤਨੀ ਸ੍ਰੀਮਤੀ ਜੀਵਨ ਕੌਰ ਨਾਲ ਰਹਿ ਰਿਹਾ ਹੈ। ਦੀਪਾ ਬੰਡਾਲਾ ਉਸ ਦਾ ਤਖ਼ਲੁਸ ਹੈ ਪਰ ਉਸ ਦਾ ਨਾਂਅ ਹਰਦੀਪ ਸਿੰਘ ਹੈ। ਉਹ ਪਿੰਡ ਬੰਡਾਲਾ, ਜ਼ਿਲ੍ਹਾ ਜਲੰਧਰ ਦਾ ਰਹਿਣ ਵਾਲਾ ਹੈ। ਉਸ ਨੂੰ ਗੀਤ ਲਿਖਣ ਦਾ ਸ਼ੌਂਕ ਮਿਡਲ ਸਕੂਲ ਵਿਚ ਪੜ੍ਹਦਿਆਂ ਹੀ ਪੈ ਗਿਆ ਸੀ। ਉਸ ਨੇ ਅਨੇਕਾਂ ਹੀ ਪੰਜਾਬੀ ਦੇ ਗੀਤ ਲਿਖੇ ਜੋ ਪ੍ਰਸਿੱਧ ਗਾਇਕਾਂ ਨੇ ਗਾਏ ਹਨ। ਉਸ ਦੇ ਲਿਖੇ ਗੀਤ ਮਨਿੰਦਰ ਬੁੱਟਰ, ਗੈਰੀ ਸੰਧੂ, ਨਸੀਬੋ ਲਾਲ (ਪਾਕਿਸਤਾਨ), ਨਵਦੀਪ ਸਰਾਏ, ਗਗਨ ਬੱਲ, ਸ਼ਰਨ ਮਾਨ, ਰਾਜਾ ਬਰੈਸਟਨ ਆਦਿ ਨੇ ਗਾਏ ਹਨ ਅਤੇ ਮਿਊਜ਼ਿਕ ਦਿੱਤਾ ਹੈ ਪ੍ਰਸਿੱਧ ਮਿਊਜਿਕ ਡਾਇਰੈਕਟਰ ਰੁਪਿਨ ਕਾਹਲੋਂ ਭਾਰਤ, ਰੋਚ ਕਿਲ੍ਹਾ ਇੰਗਲੈਂਡ, ਪ੍ਰੀਤ ਹੁੰਦਲ, ਫੋਰਡ ਜੀ. ਕੇ. ਬਰੈਂਪਟਨ, ਕੈਨੇਡਾ ਆਦਿ ਨੇ। ਪੰਜਾਬੀ ਗੀਤਾਂ ਵਿਚ ਕਈ ਕ੍ਰਾਂਤੀਕਾਰੀ ਪਰਿਵਰਤਨ ਆਏ ਹਨ, ਖ਼ਾਸ ਕਰਕੇ ਪੱਛਮੀ ਸੰਗੀਤਕ ਧੁਨਾਂ, ਜਿਨ੍ਹਾਂ ਵਿਚ ਇਕ ਖ਼ਾਸ ਕਿਸਮ ਦਾ ਰਿਦਮ ਹੁੰਦਾ ਹੈ। ਸ਼ਬਦ ਸੰਗੀਤ ਦੇ ਰਿਦਮ ਨਾਲ ਇਸ ਤਰੀਕੇ ਨਾਲ ਗੁੰਦੇ ਹੁੰਦੇ ਹਨ ਕਿ ਸ਼ਬਦਾਂ ਨਾਲ ਕਰਜ਼ ਮਹੱਤਵਪੂਰਨ ਹੋ ਜਾਂਦੀ ਹੈ। ਜੋ ਪ੍ਰਭਾਵਸ਼ਾਲੀ ਤੇ ਕਲਪਨਾਸ਼ੀਲ ਹੁੰਦੀ ਹੈ। ਇਨ੍ਹਾਂ ਗੀਤਾਂ ਵਿਚ ਪ੍ਰਭਾਵ ਤਰਕ ਪਰੀਚਿਤ ਸਾਧਾਰਨ ਭਾਸ਼ਾ ਰੁਚੀ ਪੂਰਨ ਅਤੇ ਜਨਕਰਦੇ ਹਨ। ਇਹ ਛੋਟੇ-ਛੋਟੇ ਰੁਕਨਾਂ ਵਾਲੇ ਸਾਧਾਰਨ ਗੀਤ ਭਾਵਭਰੇ ਤਾਂ ਹੁੰਦੇ ਹਨ ਪਰ ਸੰਗੀਤ ਦੇ ਜ਼ਰੀਏ ਸਰੋਤਿਆਂ ਨੂੰ ਉੱਚੀ ਮਨੋ ਸਥਿਤੀ ਤੱਕ ਲੈ ਕੇ ਜਾਂਦੇ ਹਨ। ਰੁਮਾਨੀ ਗਾਣਿਆਂ ਵਿਚ ਇਕ ਸਤੁੰਸ਼ਟ ਕਰਨ ਵਾਲਾ ਭਾਵ ਵਿਅਕਤੀਤਵ ਦਾ ਹਿੱਸਾ ਬਣਦਾ ਹੈ। ਦੀਪਾ ਬੰਡਾਲਾ ਦੇ ਗੀਤਾਂ ਵਿਚ ਸ਼ਬਦਾਂ ਦੀ ਚੋਣ, ਵਿਚਾਰ ਭਾਵਨਾਵਾਂ ਦੀ ਕਾਵਿਆਤਮਿਕ ਅਭਿਵਿਅਕਤ ਹੁੰਦੀ ਹੈ। ਗੀਤਾਂ ਦੇ ਰੁਕਨਾ ਅਤੇ ਤਾਜ ਬਹੁਤ ਹੀ ਸੁੰਦਰ ਅਤੇ ਭਾਵਨਾਤਮਿਕ ਸ਼ਬਦਾਂ ਦਾ ਉਪਯੋਗ ਅਤਿ । ਸਰਲੀਕਰਣ ਅਤੇ ਕੁਸ਼ਲ ਸ਼ਿਲਪੀ ਦੀ ਕਲਾ ਕੌਸ਼ਲ ਵਾਲਾ ਹੁੰਦਾ ਹੈ। ਪੰਜਾਬੀ ਅਤੇ ਪੱਛਮੀ ਸੰਗੀਤ ਦੇ ਛੋਟੇ- ਛੋਟੇ ਰੁਕਨ, ਠਹਿਰਾਉ, ਉਤਾਰ, ਚੜ੍ਹਾਵ, ਪੰਜਾਬੀ ਗੀਤਾਂ ਵਿਚ ਇਕ ਨਵਾਂ ਯੁੱਧ ਮੰਨਿਆ ਜਾਂਦਾ ਹੈ, ਕਿਉਂਕਿ ਵਿਦੇਸ਼ਾਂ ਵਿਚ ਰਹਿੰਦੇ ਬੱਚੇ ਪੱਛਮੀ ਅਤੇ ਪੰਜਾਬੀ ਸੰਗੀਤ ਦੇ ਮਿਸ਼ਰਣ ਨੂੰ ਪਸੰਦ ਕਰਦੇ ਹਨ, ਜਿਸ ਕਰਕੇ ਪੋਪ ਸੰਗੀਤ ਦਾ ਰੁਝਾਨ ਵਧ ਰਿਹਾ ਹੈ। ਦੀਪਾ ਦੇ ਗੀਤਾਂ ਵਿਚ ਆਸਾਨ ਸ਼ਬਦਾਂ ਦੀ ਬਹੁਲਤਾ ਅਤੇ ਜੀਵਨ ਦੇ ਤਾਣੇ-ਬਾਣੇ ਵਾਲੇ ਵਰਤਮਾਨ ਮਾਹੌਲ ਦਾ ਪ੍ਰਭਾਵ ਆਪਣੇ ਚਿੰਨ੍ਹ ਛੱਡਦਾ ਹੋਇਆ ਲੋਕਾਂ ਦੀ ਪਸੰਦਤਾ ਦੇ ਅਨੁਕੂਲ ਹੋ ਨਿਬੜਦਾ ਹੈ। ਵਰਤਮਾਨ ਸਮੇਂ ਦੇ ਹਾਣ ਦੇ ਗੀਤ ਲਿਖਣਾ ਸਰੋਤਿਆਂ ਨੂੰ ਤਰਜੀਹ ਦਿੰਦਾ ਹੈ। ਜੀਵਨ ਦੇ ਆਧੁਨਿਕ ਦ੍ਰਿਸ਼ਟੀਕੋਣ ਉਸ ਦੇ ਗੀਤਾਂ ਵਿਚ ਝਲਕਦੇ ਹਨ। ਉਸ ਦੇ ਕਈ ਗੀਤ ਮਸ਼ਹੂਰ ਹੋਏ, ਜਿਨ੍ਹਾਂ 'ਚੋਂ ਦੀਪੇ ਕੋਲੋਂ ਕਿਸੇ ਹੋਰ ਦਾ ਹੋਇਆ ਨਈਂਉ ਜਾਣਾ, 'ਕੱਠੇ ਰਹਿ ਜੇ ਨਾ ਹੋਇਆ ਦੂਰ ਹੋਇਆ ਵੀ ਨਈਂ ਜਾਣਾ। ਤੇਰਾ ਵੀ ਦਿਲ ਟੁੱਟਣਾ ਦਿਲ ਤੋੜਣ ਵਾਲੀਏ। ਬੇਬੇ ਮੰਨਦੀ ਨਾ ਮੇਰੀ ਸੁਣ ਸੋਹਣਿਆ ਵੇ ਮੈਂ ਤੇਰੇ ਨਾਲ ਵਿਆਹ ਕਰਵਾਉਣਾ ਆਦਿ। ਵਿਦੇਸ਼ਾਂ ਵਿਚ ਰਹਿ ਕੇ ਵੀ ਪੰਜਾਬੀ ਗੀਤਕਾਰਾਂ, ਕਲਾਕਾਰਾਂ ਨੇ ਅਪਣੀ ਕਲਾ ਦੇ ਝੰਡੇ ਬੁਲੰਦ ਕੀਤੇ ਹਨ। ਵਿਦੇਸ਼ੀ ਲੋਕ ਵੀ ਪੰਜਾਬੀ ਧੁਨਾਂ-ਗੀਤ ਸ਼ੌਕ ਨਾਲ ਸੁਣਦੇ ਹਨ। ਭਵਿੱਖ ਵਿਚ ਆਸ ਹੈ ਕਿ ਦੀਪਾ ਬੰਡਾਲਾ ਹੋਰ ਵਧੀਆ ਗੀਤ ਲਿਖ ਕੇ ਦੇਸ਼-ਵਿਦੇਸ਼ ਦੇ ਸ਼ਰੋਤਿਆਂ ਦੇ ਮਨ ਮੋਹ ਲਵੇਗਾ।

# ਆਖ ਤਸਵੀਰਾਂ ਬੋਲਦੀਆਂ

*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਕੁਝ ਸਤਰਾਂ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 1 ਨਵੰਬਰ 2025 ਹੈ। -ਸੰਪਾਦਕ*

## ਕੈਪਸ਼ਨ ਮੁਕਾਬਲਾ-714



*ਲੋਕਾਂ ਉੱਪਰ ਆ ਪਈ ਬਿਪਤਾ ਸਰਕਾਰਾਂ ਲਾਰੇ ਲਾਈ ਜਾਵਣ।*
*ਦਰਦਮੰਦਾਂ ਦੇ ਦਰਦੀ ਆ ਗਏ ਆਪਣੇ ਕੀਤੇ ਬੋਲ ਪੁਗਾਵਣ।*
*'ਸਰਕਾਰਾਂ ਤੋਂ ਨਾ ਝਾਕ ਕਰੋ ਆਪਣੀ ਰਾਖੀ ਆਪ ਕਰੋ'*
*ਬੱਸ, ਮੰਤਰ ਇਹ ਸਿਖਾਵਣ।*

## ਕੈਪਸ਼ਨ ਮੁਕਾਬਲਾ-712



ਸਾਂਭ ਸਾਂਭ ਰੱਖੀਆਂ
ਵਿਰਸੇ ਦੀਆਂ ਨਿਸ਼ਾਨੀਆਂ,
ਸਾਂਝ ਦੀ ਤੰਦ ਪੱਕੀ
ਪਾਉਂਦਾ ਤੰਦੂਰ ਕਹਾਣੀਆਂ।
ਰਲ਼ ਮਿਲ਼ ਕੇ ਮਾਈਆਂ ਨੇ
ਦੁਪਹਿਰੇ ਤਾਇਆ ਹੈ,
ਗੁੰਨ੍ਹ ਗੁੰਨ੍ਹ ਆਟਾ
ਮਨ ਤੰਦੂਰ ਵਿਚ ਲਾਇਆ ਹੈ।
***-ਸੇਵਾ ਸਿੰਘ ਨੂਰਪੁਰੀ***

---

ਸੁਣ ਭਲੇ ਵੇਲਿਆਂ ਦੀ ਗੱਲ ਹੈ ਏਹ,
ਦਿਲਾਂ ਤੋਂ ਦਿਲ ਨਾ ਜਦੋਂ ਸੀ ਦੂਰ ਹੁੰਦੇ।
ਪਿੰਡਾਂ ਵਿਚ ਗਲੀਆਂ ਮੁਹੱਲਿਆਂ ਦੇ,
ਆਂਢ-ਗੁਆਂਢ ਜਦ ਤਪਦੇ ਤੰਦੂਰ ਹੁੰਦੇ।
ਹੋਏ ਦੁਪਹਿਰ ਸ਼ਾਮ ਜਾਂ ਰਾਤ ਹੋਵੇ,
ਨੱਢੀਆਂ ਤ੍ਰੀਮਤਾਂ ਦੇ ਖੜ੍ਹੇ ਕਈ ਪੂਰ ਹੁੰਦੇ।
ਚੱਕਲੇ ਵੇਲਣੇ ਦੀ ਭੀ ਨਾ ਲੋੜ ਰਹਿੰਦੀ,
ਲੱਕੜ ਪਾਣੀ ਪੋਣੇ ਕੋਲ ਜ਼ਰੂਰ ਹੁੰਦੇ।
ਵਾਰੋ ਵਾਰੀ ਸੀ ਲਾਹੁੰਦੀਆਂ ਜਦੋਂ ਮੰਡੇ,
ਸੇਕ ਨਾਲ ਚਮਕਦੇ ਮੁੱਖੜੇ ਨੂਰ ਹੁੰਦੇ।
ਵਿਹਲੀਆਂ ਹੋ ਸਮੇਟਦੀਆਂ ਜਦੋਂ ਚੌਂਕਾ,
ਆਸ-ਪਾਸ ਦੇ ਚਰਚੇ ਭਰਪੂਰ ਹੁੰਦੇ।
ਘਰੇ ਚਾਈਂ ਉਡੀਕਦੇ ਖਾਣ ਵਾਲੇ,
ਕੋਈ ਰੋਸਾ ਨਹੀਂ ਢਿੱਡੋਂ ਮਜਬੂਰ ਹੁੰਦੇ।
ਵੱਡਾ ਬਾਣੀਆ ਘਰੇ ਈ ਆ ਪੁੱਜਾ,
ਵੇਖ 'ਨਾਕਾਮ' ਦਿਲਾਂ ਤੋਂ ਦਿਲ ਦੂਰ ਹੁੰਦੇ।
***-ਗੁਰਬਖਸ਼ ਸਿੰਘ 'ਨਾਕਾਮ'***

ਆਂਢ ਗੁਆਂਢੋਂ ਕੱਠੀਆਂ ਹੋ ਕੇ
ਸਾਂਝਾ ਇੱਕ ਤੰਦੂਰ ਤਪਾਵਣ।
ਆਪੋ ਆਪਣਾ ਗੁੰਨ੍ਹ ਕੇ ਆਟਾ
ਵਾਰੀ ਦੇ ਨਾਲ਼ ਰੋਟੀਆਂ ਲਾਵਣ।
ਰੜ੍ਹੀ ਹੋਈ ਨੂੰ ਲਾਹ ਕੇ ਵਿਚੋਂ
ਵਿਚ ਛਾਬੇ ਦੇ ਪਾਈ ਜਾਵਣ।
ਏਸ ਬਹਾਨੇ ਮਨ-ਚਿੱਤ ਫੋਲਣ
ਆਪੋ ਵਿਚੀਂ ਸਾਂਝ ਵਧਾਵਣ।
***- ਜਗਮੀਤ ਸਿੰਘ ਪੰਧੇਰ***
***ਫੋਨ:+1 403 439 2008***

---

ਤੰਦੂਰ ਨੂੰ ਬਣਾ ਰੱਖਿਆ ਸਾਂਝਾ ਚੁੱਲ੍ਹਾ
ਰਲ ਮਿਲ ਕੇ ਰੋਟੀਆਂ ਬਣਾਉਂਦੀਆਂ
ਨਾਲੇ ਕਰਦੀਆਂ ਦੁਖ ਸਾਂਝੇ
ਮਨ ਦੀ ਪਿਆਸ ਬੁਝਾਉਂਦੀਆਂ
ਘਰ ਵਾਲਾ ਜਿੰਨਾ ਮਰਜ਼ੀ ਚੰਗਾ
ਖੋਟਾਂ ਉਸ ਦੀਆਂ ਸਾਂਝੀਆਂ ਕਰ ਕੇ
ਸ਼ਾਂਤੀ ਮਨ ਨੂੰ ਹੁੰਦੀ
ਭੜਾਸ ਬਾਹਰ ਕੱਢਦੀਆਂ
ਘਰ ਵਾਲੇ ਨੂੰ ਮੂੰਹ 'ਤੇ ਭਾਵੇਂ
ਕੌੜੇ ਬੋਲਣ ਬੋਲ
ਐਪਰ ਦਿਲ ਵਿਚ ਜਗ੍ਹਾ
ਉਸ ਲਈ ਬਣਾਉਂਦੀਆਂ।
***-ਅਮਰਜੀਤ ਸਿੰਘ ਤੂਰ***
***ਕੁਲਬੁਰਛਾਂ (ਪਟਿਆਲਾ)***

---

ਤੰਦੂਰੀ ਰੋਟੀਆਂ ਵੀ ਦੁਮਸ਼ਲੇ
ਜੋ ਖਾਊ ਉਹ ਵੀ ਪਛਤਾਊ
ਜੋ ਨਾ ਖਾਊ ਤਰਸਦਾ ਰਹੂ ਸੁਆਦ ਨੂੰ
ਤੰਦੂਰ 'ਤੇ ਲੱਗੀ ਰੋਟੀ
ਬੱਸ ਸਮਝ ਲਓ ਤਾਜ਼ੀ
ਭੱਠੇ ਦੀ ਰੜ੍ਹੀ ਹੋਈ ਇੱਟ
ਖਾਓ ਤੇ ਹੋ ਜਾਓ ਬਿਮਾਰ
ਬਾਬਾ ਹੋਰ ਖਾਣਾ ਖੁਸ਼ੀ ਖੁਆਰ।
***-ਦਰਸ਼ਨ ਪਾਲ ਦੋਸਾਂਝ***

## ਰਵੱਈਏ

ਅਪਣਿਆਂ ਦੁਆਰਾ ਬੇਰੁਖੀ 'ਚ ਬੋਲੇ ਸ਼ਬਦ
ਅਕਸਰ ਦਿਲ ਨੂੰ ਅੰਦਰ ਤੱਕ ਚੀਰ ਜਾਂਦੇ ਨੇ
ਤੇ ਕਦੀ ਨਾ ਭਰਨ ਵਾਲੇ ਜ਼ਖ਼ਮ
ਧੁਰ ਅੰਦਰ ਕਰ ਜਾਂਦੇ ਨੇ
ਇਹ ਜ਼ਖਮ ਜੋ ਹੌਲੀ-ਹੌਲੀ
ਨਾ-ਭਰਨ ਦੇ ਚਲਦਿਆਂ
ਆਖਿਰ ਨਾਸੂਰ ਬਣ ਜਾਂਦੇ ਨੇ...।

ਫਿਰ ਇਹ ਨਾਸੂਰ ਮਨੁੱਖ ਨੂੰ ਅੰਦਰੋਂ-ਅੰਦਰੀਂ
ਘੁਣ ਵਾਂਗੂ ਚੱਟ ਜਾਂਦੇ ਨੇ...
ਇਸੇ ਤਰ੍ਹਾਂ ਅਪਣਿਆਂ ਦੁਆਰਾ
ਅੱਧੇ ਮਨ ਨਾਲ ਕੀਤੀ ਗੱਲਬਾਤ ਵੀ
ਅਕਸਰ ਘਾਤਕ ਸਿੱਧ ਹੁੰਦੀ ਏ
ਜੋ ਮਨੁੱਖ ਨੂੰ ਅੰਦਰ ਤੱਕ ਦੁਫਾੜ ਕਰ ਜਾਂਦੀ ਏ
ਤੇ ਮਨ ਵਿੱਚ ਕਦੇ ਨਾ ਭਰ ਜਾਣ ਵਾਲੀ
ਇੱਕ ਖਾਈ ਪੁੱਟ ਜਾਂਦੀ ਏ
ਤੇ ਫਿਰ ਇਸੇ ਖਾਈ ਨੂੰ ਭਰਨੇ ਦੀ ਕੋਸ਼ਿਸ਼ 'ਚ
ਮਨੁੱਖ ਦੀ ਤਮਾਮ ਉਮਰ ਖਪ ਜਾਂਦੀ ਹੈ...।

ਇਸੇ ਤਰ੍ਹਾਂ ਨੇੜਲੇ ਰਿਸ਼ਤਿਆਂ ਵਿਚਲੇ
ਸਰਦ ਰਵੱਈਏ ਵੀ ਅਕਸਰ
ਮਨੁੱਖ ਨੂੰ ਪੱਥਰ ਕਰ ਜਾਂਦੇ ਨੇ
ਤੇ ਪੱਥਰ ਬਣੇ ਇਹ ਮਨੁੱਖ
ਅਕਸਰ ਜੀਵਨ ਦੇ ਥਪੇੜੇ ਸਹਿ
ਟੁੱਟ-ਭੱਜ ਜਾਂਦੇ ਨੇ...।
***-ਮੁਹੰਮਦ ਅੱਬਾਸ ਧਾਲੀਵਾਲ***

# ਜੰਗਾਂ ਕਰਦੀਆਂ ਨੇ ਮਨੁੱਖਤਾ ਦਾ ਵਿਨਾਸ਼

ਜੰਗ ਕਿਤੇ ਵੀ ਲੜੀ ਜਾਵੇ, ਉਸਦਾ ਸੰਤਾਪ ਸਮੁੱਚੀ ਮਨੁੱਖਤਾ ਨੂੰ ਹੰਢਾਉਣਾ ਪੈਂਦਾ ਹੈ। ਲਹੂ ਮਨੁੱਖਤਾ ਦਾ ਡੁੱਲ੍ਹਦਾ ਹੈ। ਜੰਗ ਨਾਲ ਤਬਾਹੀ, ਕਹਿਰ, ਨਸਲਕੁਸ਼ੀ, ਉਜਾੜਾ ਹੁੰਦਾ ਹੈ, ਸ਼ਾਂਤੀ ਭੰਗ ਹੁੰਦੀ ਹੈ, ਲੋਥਾਂ ਦੇ ਅੰਬਾਰ ਲਗਦੇ ਹਨ। ਇਸਦੇ ਬਾਵਜੂਦ ਕਿਸੇ ਮਸਲੇ ਦਾ ਹੱਲ ਨਹੀਂ ਹੁੰਦਾ। ਸਰਬੀਆ ਦੀ ਕਹਾਵਤ ਹੈ, 'ਯੁੱਧ ਵਿਚ ਹਾਕਮ ਬਾਰੂਦ ਵੰਡਦੇ ਹਨ, ਅਮੀਰ ਭੋਜਨ ਪਰੋਸਦੇ ਹਨ ਅਤੇ ਗਰੀਬ ਆਪਣੇ ਬੱਚੇ। ਜਦੋਂ ਯੁੱਧ ਖਤਮ ਹੋ ਜਾਂਦਾ ਹੈ ਤਾਂ ਹਾਕਮ ਆਪਣਾ ਬਚਿਆ ਹੋਇਆ ਬਾਰੂਦ ਇਕੱਠਾ ਕਰਦੇ ਹਨ, ਅਮੀਰਾਂ ਕੋਲ ਵੱਧ ਅਨਾਜ ਜਮ੍ਹਾਂ ਹੋ ਜਾਂਦਾ ਹੈ, ਗਰੀਬ ਆਪਣੇ ਬੱਚਿਆਂ ਦੀਆਂ



**ਬਲਵਿੰਦਰ ਸਿੰਘ ਭੁੱਲਰ**
**ਫੋਨ: 098882-75913**

ਕਬਰਾਂ ਫਰੋਲਦੇ ਹਨ।' ਯੁੱਧ ਲੜਨੇ ਹਾਕਮਾਂ ਦੀ ਸੋਚ ਹੈ, ਜੰਗ ਵਿਚ ਜਿੱਤ ਹਾਰ ਕਿਸੇ ਦੀ ਨਹੀਂ ਹੁੰਦੀ, ਇਹ ਇੱਕ ਭਰਮ ਹੀ ਸਿਰਜਿਆ ਜਾਂਦਾ ਹੈ। ਜੰਗ ਵਿਚ ਗਰੀਬ ਕਿਰਤੀ ਲੋਕ ਮਰਦੇ ਹਨ, ਨੁਕਸਾਨ ਆਮ ਲੋਕਾਂ ਦਾ ਹੁੰਦਾ ਹੈ ਹਾਕਮਾਂ ਦਾ ਨਹੀਂ। ਆਮ ਲੋਕ ਇੱਕ ਦੂਜੇ ਨੂੰ ਜਾਣਦੇ ਵੀ ਨਹੀਂ ਹੁੰਦੇ ਅਤੇ ਨਾ ਹੀ ਉਨ੍ਹਾਂ ਦੀ ਇੱਕ ਦੂਜੇ ਨਾਲ ਕੋਈ ਨਫ਼ਰਤ ਹੁੰਦੀ ਹੈ, ਫੇਰ ਵੀ ਉਹ ਮਾਰ ਦਿੱਤੇ ਜਾਂਦੇ ਹਨ, ਇਹ ਮੌਤ ਹਾਕਮਾਂ ਦਾ ਵਪਾਰ ਹੈ। ਇਸ ਸਬੰਧੀ ਚਿੰਤਕ ਫਰਾਂਸਿਸ ਪੀ ਡੈਨੀ ਦਾ ਕਥਨ ਹੈ, 'ਕੋਈ ਸਿਪਾਹੀ ਯੁੱਧ ਸ਼ੁਰੂ ਨਹੀਂ ਕਰਦਾ, ਉਹ ਕੇਵਲ ਜਾਨ ਦੀ ਬਾਜ਼ੀ ਲਾਉਂਦਾ ਹੈ। ਯੁੱਧ ਸ਼ੁਰੂ ਹੁੰਦੇ ਹਨ, ਧਨਾਢ ਲੋਕਾਂ ਜਾਂ ਸਿਆਸਤਦਾਨਾਂ ਤੋਂ।' ਜਦੋਂ ਜੰਗ ਲਗਦੀ ਹੈ ਤਾਂ ਬੱਚੇ ਯਤੀਮ ਹੁੰਦੇ ਹਨ, ਧੀਆਂ ਵਿਧਵਾ ਹੁੰਦੀਆਂ ਹਨ, ਪੁੱਤਾਂ ਦੀਆਂ ਲਾਸ਼ਾਂ ਮਾਪਿਆਂ ਨੂੰ ਸਮੇਟਣੀਆਂ ਪੈਂਦੀਆਂ ਹਨ।

ਕੁੱਝ ਸਮਾਂ ਪਹਿਲਾਂ ਪਹਿਲਗਾਮ ਵਿਖੇ ਕੀਤੇ ਦਹਿਸ਼ਤਗਰਦੀ ਹਮਲੇ ਤੋਂ ਬਾਅਦ ਭਾਰਤ ਵੱਲੋਂ ਅਪਰੇਸ਼ਨ ਸੰਧੂਰ ਦੇ ਨਾਂ ਹੇਠ ਅਤਿਵਾਦ ਵਿਰੁੱਧ ਪਾਕਿਸਤਾਨ ਉੱਤੇ ਕਾਰਵਾਈ ਕੀਤੀ ਗਈ ਸੀ, ਜਿਸਦੀ ਹਰ ਪਾਸਿਓਂ ਸ਼ਲਾਘਾ ਹੋਈ। ਦਹਿਸ਼ਤਗਰਦਾਂ ਨੇ ਪਹਿਲਗਾਮ ਵਿਖੇ ਬੇਕਸੂਰ ਸੈਲਾਨੀਆਂ ਨੂੰ ਮਾਰ ਮੁਕਾਇਆ ਸੀ, ਜਿਨ੍ਹਾਂ ਵਿਚ ਔਰਤਾਂ ਤੇ ਬੱਚੇ ਵੀ ਸ਼ਾਮਲ ਸਨ। ਭਾਰਤ ਵੱਲੋਂ ਇਸ ਹਮਲੇ ਦਾ ਬਦਲਾ ਲੈਣ ਲਈ ਪਾਕਿਸਤਾਨ ਵਿਚ ਸਥਿਤ ਅਤਿਵਾਦੀ ਟਿਕਾਣਿਆਂ ਨੂੰ ਤਬਾਹ ਕੀਤਾ ਗਿਆ। ਇਹ ਕਾਰਵਾਈ ਨੌਂ ਟਿਕਾਣਿਆਂ 'ਤੇ ਕੀਤੀ ਗਈ, ਜਿਸ ਵਿਚ ਬਹਾਵਲਪੁਰ, ਮੁਰੀਦ ਕੇ, ਬਾਗ, ਕੋਟਲੀ, ਮੁਜ਼ੱਫਰਾਬਾਦ ਮੁੱਖ ਟਿਕਾਣੇ ਸਨ। ਇਨ੍ਹਾਂ ਵਿਚੋਂ ਬਹਾਵਲਪੁਰ ਅਤਿਵਾਦੀ ਜਥੇਬੰਦੀ ਜੈਸ਼-ਏ-ਮੁਹੰਮਦ ਦਾ ਮੁੱਖ ਟਿਕਾਣਾ ਸੀ ਜਦ ਕਿ ਮੁਰੀਦ ਕੇ ਦਹਿਸ਼ਤੀ ਜਥੇਬੰਦੀ ਲਸ਼ਕਰ-ਏ-ਤੋਇਬਾ ਦਾ ਹੈਡਕੁਆਰਟਰ ਸੀ। ਇਨ੍ਹਾਂ ਟਿਕਾਣਿਆਂ 'ਤੇ ਮਰਨ ਵਾਲੇ ਅਤਿਵਾਦੀਆਂ ਦੀ ਗਿਣਤੀ ਸੌ ਦੇ ਕਰੀਬ ਹੋ ਗਈ ਸੀ। ਜੈਸ਼-ਏ-ਮੁਹੰਮਦ ਦੇ ਮੁਖੀ ਮੌਲਾਨਾ ਮਜੂਦ ਅਜ਼ਹਰ ਦੇ ਪਰਿਵਾਰ ਦੇ ਦਸ ਮੈਂਬਰ ਅਤੇ ਚਾਰ ਹੋਰ ਰਿਸ਼ਤੇਦਾਰ ਇਸ ਕਾਰਵਾਈ ਵਿਚ ਮਾਰੇ ਗਏ। ਇਸ ਤੋਂ ਬਾਅਦ ਅਜ਼ਹਰ ਇਹ ਕਹਿੰਦਾ ਸੁਣਿਆ ਗਿਆ ਹੈ ਕਿ ਉਹ ਵੀ ਕਿਉਂ ਨਾ ਮਰ ਗਿਆ। ਭਾਰਤੀ ਫੌਜ ਨੇ ਵੀ ਇਹ ਸਾਬਤ ਕਰ ਦਿੱਤਾ ਸੀ, ਕਿ ਉਹ ਹਰ ਟਾਕਰੇ ਲਈ ਸਮਰੱਥ ਹੈ। ਉਸ ਸਮੇਂ ਅਮਰੀਕਾ ਦੌਰੇ ਦੌਰਾਨ ਮਾਰਸ਼ਲ ਮੁਨੀਰ ਨੇ ਫਲੋਰੀਡਾ ਰਾਜ ਦੇ ਸ਼ਹਿਰ ਟੈਂਪਾ ਵਿਖੇ ਇੱਕ ਪਾਕਿਸਤਾਨੀ ਨਾਗਰਿਕ ਵੱਲੋਂ ਕਰਵਾਏ ਪ੍ਰੋਗਰਾਮ ਵਿਚ ਭਾਸ਼ਣ ਕਰਦਿਆਂ ਕਿਹਾ ਸੀ ਕਿ ਜੇ ਅਸੀਂ ਤਬਾਹ ਹੋਏ ਤਾਂ ਅੱਧੀ ਦੁਨੀਆ ਨੂੰ ਲੈ ਕੇ ਜਾਵਾਂਗੇ। ਮੁਨੀਰ ਇਹ ਬਿਆਨ ਆਪਣੇ ਦੇਸ਼ ਦੇ ਪ੍ਰਮਾਣੂ ਬੰਬਾਂ ਦੀ ਹੋਂਦ ਦੇ ਹੰਕਾਰ ਵਿਚ ਦੇ ਰਿਹਾ ਸੀ। ਉਸਨੂੰ ਸਮਝਣਾ ਚਾਹੀਦਾ ਸੀ ਕਿ ਹਥਿਆਰਾਂ 'ਤੇ ਵਿਸ਼ਵਾਸ ਕਰਨਾ ਬਹੁਤ ਵੱਡਾ ਰੋਗ ਹੈ, ਜਿਸਨੇ ਦੁਨੀਆ ਭਰ ਨੂੰ ਨੁਕਸਾਨ ਪਹੁੰਚਾਇਆ ਹੈ। ਸੰਸਾਰ ਦੀ ਸ਼ਾਂਤੀ ਭੰਗ ਕੀਤੀ ਹੈ ਤੇ ਮਨੁੱਖਤਾ ਦਾ ਘਾਣ ਕੀਤਾ ਹੈ। ਪ੍ਰਮਾਣੂ ਬੰਬ ਕੇਵਲ ਪਾਕਿਸਤਾਨ ਕੋਲ ਹੀ ਨਹੀਂ, ਬਲਕਿ ਭਾਰਤ ਕੋਲ ਤਾਂ ਉਸ ਤੋਂ ਵੱਧ ਤੇ ਸ਼ਕਤੀਸ਼ਾਲੀ ਹੋ ਸਕਦੇ ਹਨ। ਭਾਰਤ ਕੋਈ ਖਾਲੀ ਹੱਥ ਬੈਠਾ ਪਾਕਿਸਤਾਨ ਦੇ ਮੂੰਹ ਵੱਲ ਨਹੀਂ ਵੇਖ ਰਿਹਾ। ਭਾਰਤ ਸ਼ਾਂਤੀ ਚਾਹੁੰਦਾ ਹੈ ਅਤੇ ਮਨੁੱਖਤਾ ਤੇ ਵਾਤਾਵਰਣ ਦੇ ਭਲੇ ਲਈ ਕੰਮ ਕਰਨਾ ਚਾਹੁੰਦਾ ਹੈ। ਪਾਕਿਸਤਾਨ ਦੇ ਦਹਿਸ਼ਤਗਰਦਾਂ ਨੂੰ ਧਨਾਢਾਂ ਤੇ ਸਿਆਸਤਦਾਨਾਂ ਦੀ ਸ਼ਹਿ ਹੈ, ਜੋ ਇਸ ਜੰਗ ਦਾ ਆਧਾਰ ਬਣੇ।



ਦੁਨੀਆ ਦੇ ਮਹਾਨ ਫਿਲਾਸਫਰ ਰਸੂਲ ਹਮਜ਼ਾਤੋਵ ਨੇ ਕਿਹਾ ਸੀ, ਕਿ ਸਿਆਣੇ ਦੇ ਹੱਥਾਂ ਵਿਚ ਸੱਪ ਦੀ ਜ਼ਹਿਰ ਵੀ ਭਲਾ ਕਰ ਸਕਦੀ ਹੈ ਅਤੇ ਮੂਰਖ ਦੇ ਹੱਥਾਂ ਵਿਚ ਸ਼ਹਿਦ ਵੀ ਨੁਕਸਾਨ ਕਰ ਸਕਦਾ ਹੈ। ਮੁਨੀਰ ਦੇ ਬਿਆਨ ਦੇ ਸੰਦਰਭ ਵਿਚ ਹਮਜ਼ਾਤੋਵ ਦਾ ਵਿਚਾਰ ਅੱਜ ਵੀ ਖ਼ਰਾ ਵਿਖਾਈ ਦਿੰਦਾ ਹੈ, ਪਾਕਿਸਤਾਨ ਦੇ ਹੱਥਾਂ ਵਿਚ ਪਿਆ ਪ੍ਰਮਾਣੂ ਮਨੁੱਖਤਾ ਦੇ ਘਾਣ ਵੱਲ ਸੇਧਤ ਹੈ ਅਤੇ ਭਾਰਤ ਕੋਲ ਪਿਆ ਪ੍ਰਮਾਣੂ ਵਿਕਾਸ ਵੱਲ ਸੇਧਤ ਹੈ। ਮਨੁੱਖਤਾ ਦਾ ਅਸਲੀ ਰੂਪ ਸ਼ਾਂਤਮਈ ਹਿਰਦੇ ਵਿਚ ਹੈ, ਅਸ਼ਾਂਤੀ ਵਿਚ ਨਹੀਂ। ਭਾਰਤ ਅੱਜ ਦੁਨੀਆ ਦੀ ਬਹੁਤ ਵੱਡੀ ਸ਼ਕਤੀ ਬਣ ਚੁੱਕਾ ਹੈ, ਪਰ ਉਹ ਹੰਕਾਰ ਦੀ ਬਜਾਏ ਮਨੁੱਖਤਾ ਪ੍ਰਤੀ ਹਮਦਰਦੀ ਤੇ ਸ਼ਾਂਤੀ ਲਈ ਕਾਰਜ ਕਰ ਰਿਹਾ ਹੈ।

ਇਸ ਕੁੱਝ ਦਿਨਾਂ ਦੀ ਜੰਗ ਵਿਚ ਮੂੰਹ ਦੀ ਖਾਣ ਤੋਂ ਬਾਅਦ ਵੀ ਪਾਕਿਸਤਾਨ ਆਪਣੀ ਔਕਾਤ ਵਿਚ ਨਹੀਂ ਰਿਹਾ। ਕੁਝ ਦਿਨ ਪਹਿਲਾਂ ਫੇਰ ਪਾਕਿਸਤਾਨ ਦੇ ਰੱਖਿਆ ਮੰਤਰੀ ਖਵਾਜ਼ਾ ਆਸਿਫ ਨੇ ਧਮਕੀ ਦਿੱਤੀ ਕਿ ਹੁਣ ਜੰਗ ਹੋਈ ਤਾਂ ਭਾਰਤ ਆਪਣੇ ਹੀ ਲੜਾਕੇ ਜਹਾਜ਼ਾਂ ਦੇ ਮਲਬੇ ਹੇਠ ਦੱਬਿਆ ਨਜ਼ਰ ਆਵੇਗਾ। ਧਮਕੀ ਬਰਦਾਸ਼ਤ ਕਰਨੀ ਵੀ ਭਾਰਤ ਲਈ ਔਖੀ ਸੀ, ਇਸ ਦੇ ਜਵਾਬ ਵਿਚ ਭਾਰਤੀ ਫੌਜ ਦੇ ਜਨਰਲ ਉਪੇਂਦਰ ਦਿਵੇਦੀ ਨੇ ਕਿਹਾ ਕਿ ਪਾਕਿਸਤਾਨ ਨੇ ਅਤਿਵਾਦ ਨਾ ਰੋਕਿਆ ਤਾਂ ਉਸਦਾ ਵਿਸ਼ਵ ਦੇ ਨਕਸ਼ੇ ਤੋਂ ਨਾਮੋ-ਨਿਸ਼ਾਨ ਮਿਟ ਜਾਵੇਗਾ। ਰਾਜਸਥਾਨ ਦੇ ਅਨੂਪਗੜ੍ਹ 'ਚ ਉਨ੍ਹਾਂ ਕਿਹਾ ਸੀ ਕਿ ਇਸ ਵਾਰ ਸੰਜਮ ਨਹੀਂ ਵਰਤਾਂਗੇ, ਜੇ ਪਾਕਿਸਤਾਨ ਭੂਗੋਲਿਕ ਦ੍ਰਿਸ਼ਟੀਕੋਣ 'ਚ ਰਹਿਣਾ ਚਾਹੁੰਦਾ ਹੈ ਤਾਂ ਉਸਨੂੰ ਅਤਿਵਾਦ ਰੋਕਣਾ ਪਵੇਗਾ। ਇੱਥੇ ਹੀ ਬੱਸ ਨਹੀਂ ਆਰ.ਐਸ.ਐਸ. ਦੇ ਮੁਖੀ ਮੋਹਨ ਭਾਗਵਤ ਨੇ ਬਿਆਨ ਦਿੱਤਾ ਕਿ ਪਾਕਿਸਤਾਨ ਅਣਵੰਡੇ ਭਾਰਤ ਦਾ ਹੀ ਹਿੱਸਾ ਹੈ, ਲਗਦਾ ਹੈ ਜਿਵੇਂ ਭਾਰਤ ਰੂਪੀ ਘਰ ਦੇ ਇੱਕ ਕਮਰੇ 'ਤੇ ਕਿਸੇ ਨੇ ਕਬਜ਼ਾ ਕੀਤਾ ਹੋਵੇ। ਅਸੀਂ ਕਮਰਾ ਵਾਪਸ ਲੈਣਾ ਹੈ। ਦੇਸ਼ ਦੇ ਪ੍ਰਧਾਨ ਮੰਤਰੀ ਵੀ ਆਪਣੇ ਦੇਸ਼ ਦੀ ਫੌਜ 'ਤੇ ਮਾਣ ਕਰਦੇ ਹਨ ਅਤੇ ਕਹਿੰਦੇ ਰਹਿੰਦੇ ਹਨ ਕਿ ਭਾਰਤੀ ਫੌਜ ਹਰ ਤਰ੍ਹਾਂ ਸਮਰੱਥ ਹੈ। ਹੁਣ ਫੇਰ ਖਵਾਜ਼ਾ ਆਸਿਫ ਨੇ ਕਿਹਾ ਕਿ ਭਾਰਤ ਨਾਲ ਜੰਗ ਦੀ ਪੂਰੀ ਸੰਭਾਵਨਾ ਹੈ। ਭਾਰਤ ਅਤੇ ਪਾਕਿਸਤਾਨ ਦੋਵਾਂ ਦੇਸ਼ਾਂ ਦੇ ਬਿਆਨ ਧਮਕੀਆਂ ਭਰੇ ਅਤੇ ਭੜਕਾਊ ਹਨ। ਦੋਵਾਂ ਕੋਲ ਐਟਮੀ ਬੰਬ ਹੋਣ ਦੇ ਚਰਚੇ ਹਨ, ਇਸ ਲਈ ਇਹ ਖ਼ਤਰਾ ਮੰਡਰਾ ਰਿਹਾ ਹੈ ਕਿ ਕਿਸੇ ਵੀ ਸਮੇਂ ਮੁੜ ਜੰਗ ਵਾਲੇ ਹਾਲਾਤ ਪੈਦਾ ਹੋ ਸਕਦੇ ਹਨ।

ਇਹ ਸੱਚਾਈ ਹੈ ਕਿ ਬੰਬ ਬੰਦੂਕਾਂ ਦੇ ਦਿਲ ਨਹੀਂ ਹੁੰਦੇ ਜੋ ਮਾਸੂਮਾਂ ਦੇ ਹਉਕਿਆਂ ਨੂੰ ਸੁਣ ਲੈਣ, ਕੰਨ ਨਹੀਂ ਹੁੰਦੇ ਜੋ ਵਿਧਵਾਵਾਂ ਦੇ ਵੈਣ ਸੁਣ ਲੈਣ। ਇਹ ਸਭ ਕੁਝ ਪਤਾ ਹੋਣ ਦੇ ਬਾਵਜੂਦ ਜੰਗਾਂ ਲੜੀਆਂ ਜਾਂਦੀਆਂ ਹਨ, ਮਨੁੱਖਤਾ ਦਾ ਘਾਣ ਕੀਤਾ ਜਾਂਦਾ ਹੈ। ਅੱਜ ਇਹ ਜੰਗਾਂ ਪੂੰਜੀਵਾਦ ਦੀ ਲੋੜ ਬਣ ਚੁੱਕੀਆਂ ਹਨ। ਮੰਡੀ ਦਾ ਅਸੂਲ ਹੈ ਕਿ ਕਿਸੇ ਚੀਜ਼ ਦਾ ਉਤਪਾਦਨ ਲਾਭ ਲਈ ਕੀਤਾ ਜਾਂਦਾ ਹੈ, ਉਸਦੀ ਵਰਤੋਂ ਕਿਵੇਂ ਤੇ ਕਿਉਂ ਕਰਨੀ ਹੈ ਇਸ ਵੱਲ ਧਿਆਨ ਨਹੀਂ ਦਿੱਤਾ ਜਾਂਦਾ। ਮਾਰੂ ਹਥਿਆਰਾਂ ਦਾ ਉਤਪਾਦਨ ਲਾਭ ਲਈ ਕੀਤਾ ਜਾਂਦਾ ਹੈ, ਮਨੁੱਖਤਾ ਦੀ ਮੌਤ ਦਾ ਕੋਈ ਖਿਆਲ ਨਹੀਂ ਰੱਖਿਆ ਜਾਂਦਾ। ਪਰ ਲੋਕ ਜੰਗ ਨਹੀਂ ਚਾਹੁੰਦੇ। ਦੇਸ਼ ਦਾ ਵਿਕਾਸ ਸ਼ਾਂਤੀ ਤੇ ਭਾਈਚਾਰਕ ਏਕਤਾ ਨਾਲ ਹੀ ਸੰਭਵ ਹੈ। ਯੁੱਧ ਮਨੁੱਖਤਾ ਦਾ ਵਿਨਾਸ਼ ਕਰਦੇ ਹਨ ਅਤੇ ਦੇਸ਼ਾਂ ਦੀਆਂ ਤਰੱਕੀਆਂ ਰੋਕਦੇ ਹਨ।

ਸੋ ਦੋਵਾਂ ਦੇਸ਼ਾਂ ਨੂੰ ਸਮਝਣਾ ਚਾਹੀਦਾ ਹੈ ਕਿ ਜੰਗਾਂ ਮਨੁੱਖਤਾ ਦੇ ਭਲੇ ਲਈ ਨਹੀਂ ਹੁੰਦੀਆਂ। ਭੜਕਾਊ ਬਿਆਨ ਦੇ ਕੇ ਹਾਲਾਤ ਵਿਗਾੜਣ ਦੀ ਬਜਾਏ ਗੱਲ-ਬਾਤ ਰਾਹੀਂ ਮਾਹੌਲ ਨੂੰ ਸ਼ਾਂਤ ਰੱਖਣ, ਆਪਸੀ ਸਾਂਝ ਬਣਾਉਣ, ਦੇਸ਼ਾਂ ਦੇ ਵਿਕਾਸ ਲਈ ਰਲ ਕੇ ਕਦਮ ਚੁੱਕਣੇ ਚਾਹੀਦੇ ਹਨ।

# ਖੁਸ਼ਵੰਤ ਸਿੰਘ ਸਾਹਿਤ ਉਤਸਵ ਵਿਚ ਸਾਕਾ ਨੀਲਾ ਤਾਰਾ ਤੇ ਭਾਰਤ-ਪਾਕਿ ਸਬੰਧ ਛਾਏ

## ਨਿੱਕ ਸੁੱਕ



**ਗੁਲਜ਼ਾਰ ਸਿੰਘ ਸੰਧੂ**
**ਫੋਨ: 91-98157-78469**
Sandhugulzar@yahoo.com

ਹਿਮਾਚਲ ਪ੍ਰਦੇਸ਼ ਦੇ ਸੋਲਨ ਜ਼ਿਲ੍ਹੇ ਵਿਚ ਪੈਂਦੇ ਪਰਬਤੀ ਟਿਕਾਣੇ ਕਸੌਲੀ ਨੂੰ ਖੁਸ਼ਵੰਤ ਸਿੰਘ ਸਾਹਿਤ ਉਤਸਵ ਨੇ ਲੇਖਕਾਂ, ਬੁੱਧੀਜੀਵੀਆਂ ਤੇ ਵਿਚਾਰਵਾਨਾਂ ਦੇ ਮਨਾਂ ਵਿਚ ਵਸਾ ਦਿੱਤਾ ਹੈ। 14 ਸਾਲ ਤੋਂ ਇਹ ਉਤਸਵ ਅਕਤੂਬਰ ਮਹੀਨੇ ਦੇ ਚੋਣਵੇਂ ਦਿਨਾਂ ਵਿਚ ਨਵੇਂ ਤੇ ਨਿਵੇਕਲੇ ਵਿਸ਼ਿਆਂ ਦੀ ਮਹਿਫ਼ਲ ਦਾ ਕੇਂਦਰ ਬਣਦਾ ਆ ਰਿਹਾ ਹੈ। 2025 ਵਾਲੇ ਉਤਸਵ ਨੇ ਭਵਿੱਖ ਵਿਚ ਆਉਣ ਵਾਲੀਆਂ ਮੁਸ਼ਕਲਾਂ ਨਾਲ ਨਜਿੱਠਣ ਦੇ ਢੰਗ ਤਰੀਕਿਆਂ ਉਤੇ ਚਰਚਾ ਕਰਨੀ ਸੀ। ਚਰਚਾ ਕਰਨ ਵਾਲੇ ਮਹਾਰਥੀਆਂ ਵਿਚ ਜਨਰਲ ਐਮ ਐਮ ਨਰਵਾਣੇ, ਅਮੋਲ ਪਾਲੇਕਰ, ਪੀ ਚਿਦੰਬਰਮ, ਸ਼ੋਭਾ ਡੇ, ਮਨੀ ਸ਼ੰਕਰ ਅਈਅਰ, ਏ.ਐਸ. ਦੁੱਲਤ, ਪੂਜਾ ਬੇਦੀ, ਹਰਿੰਦਰ ਬਵੇਜਾ, ਸੰਦੀਪ ਭਮਰ ਤੇ ਸੰਗੀਤਾ ਵਾਲਡਰਨ ਸਨ। ਇਹ ਗੱਲ ਵੱਖਰੀ ਹੈ ਕਿ ਸਭ ਤੋਂ ਵੱਧ ਚਰਚਾ ਪੀ ਚਿਦੰਬਰਮ ਦੀ ਨੀਲਾ ਤਾਰਾ ਅਪ੍ਰੇਸ਼ਨ ਬਾਰੇ ਟਿੱਪਣੀ ਅਤੇ ਭਾਰਤ-ਪਾਕਿਸਤਾਨ ਦੇ ਆਪਸੀ ਸਬੰਧਾਂ ਬਾਰੇ ਹੋਈ।



ਪੀ ਚਿਦੰਬਰਮ ਨੇ ਆਪਣੀ ਟਿੱਪਣੀ ਵਿਚ ਸਾਕਾ ਨੀਲਾ ਤਾਰਾ ਲਈ ਤਤਕਾਲੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਸਮੇਤ ਫੌਜ, ਪੁਲਿਸ, ਖੂਫੀਆ ਤੇ ਉਸ ਵੇਲੇ ਦੇ ਪ੍ਰਸ਼ਾਸਨਿਕ ਅਧਿਕਾਰੀਆਂ ਨੂੰ ਜ਼ਿੰਮੇਵਾਰ ਠਹਿਰਾਇਆ, ਜਿਨ੍ਹਾਂ ਦੀ ਸਲਾਹ ਸਦਕਾ ਇੰਦਰਾ ਗਾਂਧੀ ਨੇ ਅਤਿਵਾਦੀਆਂ ਨੂੰ ਹਰਿਮੰਦਰ ਸਾਹਿਬ ਦੀ ਪਰਿਕਰਮਾ ਵਿਚੋਂ ਕੱਢਣ ਲਈ ਫੌਜੀ ਕਾਰਵਾਈ ਕੀਤੀ। ਉਨ੍ਹਾਂ ਦੀ ਇਸ ਟਿੱਪਣੀ ਨੂੰ ਕਾਂਗਰਸੀ ਆਗੂ ਰਾਸ਼ਿਦ ਅਲਵੀ ਨੇ ਭਾਜਪਾ ਦੀ ਸੋਚ ਗਰਦਾਨ ਕੇ ਆਪਣੇ ਟਿੱਪਣੀਕਾਰ ਨੂੰ ਅਜਿਹਾ ਘੇਰਿਆ ਕਿ ਪੰਡਾਲ ਵਿਚ ਗਹਿਮਾ-ਗਹਿਮੀ ਛਾ ਗਈ। ਬੋਲਣ ਲੱਗੇ ਸ਼ਾਇਦ ਉਨ੍ਹਾਂ ਨੂੰ ਪਤਾ ਨਹੀਂ ਸੀ ਕਿ ਇਹੀਓ ਟਿੱਪਣੀ ਖੁਸ਼ਵੰਤ ਸਿੰਘ ਖੁਦ ਵੀ ਅਪਣੀ ਸਿੱਖ ਹਿਸਟਰੀ ਦੀ ਦੂਜੀ ਜਿਲਦ ਵਿਚ 1984 ਦੀਆਂ ਘਟਨਾਵਾਂ ਨੂੰ 'ਆਤਮ ਗਿਣਤੀ ਮਿਣਤੀ' ਕਹਿ ਕੇ ਇੰਨ-ਬਿੰਨ ਲਿਖ ਚੁੱਕਿਆ ਸੀ:

"ਕਿਸੇ ਵੀ ਗਿਣਤੀ-ਮਿਣਤੀ ਅਨੁਸਾਰ ਸੰਤ ਭਿੰਡਰਾਂਵਾਲੇ ਕੋਲ ਹਥਿਆਰਬੰਦ ਸਹਾਇਕਾਂ ਦੀ ਤਾਦਾਦ ਤਿੰਨ-ਚਾਰ ਸੌ ਤੋਂ ਵੱਧ ਨਹੀਂ ਸੀ। ਬਹੁਤੀ ਵਾਰੀ ਜਦੋਂ ਉਹ ਪੱਤਰਕਾਰਾਂ ਜਾਂ ਦੂਜੇ ਮੁਲਾਕਾਤੀਆਂ ਨੂੰ ਮਿਲਦਾ ਸੀ ਤਾਂ ਉਸ ਕੋਲ ਇਨ੍ਹਾਂ ਵਿਚੋਂ ਦਸ-ਬਾਰਾਂ ਬੰਦੇ ਹੀ ਹਾਜ਼ਰ ਹੁੰਦੇ ਸਨ। ਹੌਸਲੇ ਵਾਲੇ ਕਮਾਂਡੋਆਂ ਦਾ ਕੇਵਲ ਇਕ ਦਸਤਾ ਸਾਦਾ ਕੱਪੜਿਆਂ ਵਿਚ ਜਾ ਕੇ ਇਨ੍ਹਾਂ ਨੂੰ ਕਾਬੂ ਕਰ ਸਕਦਾ ਸੀ। ਪਰ ਸਰਕਾਰ ਹੀ ਜਾਣਦੀ ਹੋਵੇਗੀ ਕਿ ਕਿਉਂ ਇਸ ਨੇ ਅਕਾਲ ਤਖ਼ਤ ਉੱਤੇ ਧਾਵਾ ਬੋਲਣ ਲਈ ਆਪਣੀ ਫ਼ੌਜ ਨੂੰ ਏਨੀਆਂ ਤੋਪਾਂ ਤੇ ਟੈਂਕਾਂ ਨਾਲ ਲੈਸ ਕਰਕੇ ਅੰਦਰ ਭੇਜਿਆ। ਇਥੇ ਸਿੱਖਾਂ ਦਾ ਇਹ ਸੋਚਣਾ ਕਿ ਸ੍ਰੀਮਤੀ ਇੰਦਰਾ ਗਾਂਧੀ ਨੇ ਇਹ ਸਭ ਕੁਝ ਸਿੱਖਾਂ ਨੂੰ ਸਬਕ ਸਿਖਾਉਣ ਲਈ ਕੀਤਾ ਸਮਝ ਆਉਂਦਾ ਹੈ। ਸਿੱਖ ਸੁਭਾਅ ਲਈ 'ਨੀਲਾ ਤਾਰਾ ਅਪ੍ਰੇਸ਼ਨ' ਨਾਲ ਦੂਰ ਜਾਂ ਨੇੜੇ ਦਾ ਸੰਬੰਧ ਰੱਖਣ ਵਾਲੇ ਕਿਸੇ ਵਿਅਕਤੀ ਨੂੰ ਭੁੱਲਣਾ ਤੇ ਮੁਆਫ਼ ਕਰਨਾ ਸੰਭਵ ਨਹੀਂ ਸੀ। ਸਰਕਾਰ ਨੂੰ ਇਸ ਘਾਤਕ ਗਿਣਤੀ-ਮਿਣਤੀ ਦਾ ਬਹੁਤ ਭਿਅੰਕਰ ਮੁੱਲ ਤਾਰਨਾ ਪਿਆ, ਸਭ ਤੋਂ ਵੱਧ ਹਰਮਨ ਪਿਆਰੀ ਇੰਦਰਾ ਗਾਂਧੀ ਦੀ ਹੱਤਿਆ ਦੇ ਰੂਪ ਵਿਚ।"

ਸਾਕਾ ਨੀਲਾ ਤਾਰਾ ਨੂੰ ਅਜੋਕੇ ਆਗੂ ਤੇ ਟਿੱਪਣੀਕਾਰ ਕੋਈ ਵੀ ਨਾਂ ਦੇਣ ਇਸਨੂੰ ਇਤਿਹਾਸ ਦੇ ਪੰਨਿਆਂ ਵਿਚੋਂ ਕੋਈ ਵੀ ਨਹੀਂ ਮਿਟਾ ਸਕਦਾ। ਇਹ ਇਕ ਅਜਿਹਾ ਸੱਚ ਹੈ ਜਿਸ ਨੂੰ ਮੱਸਾ ਰੰਘੜ ਦੇ ਹਰਿਮੰਦਰ ਸਾਹਿਬ ਵਿਚ ਕੰਜਰੀਆਂ ਨਚਾਉਣ ਨਾਲ ਤੋਲਿਆ ਜਾਂਦਾ ਹੈ ਜਦੋਂ ਬਾਬਾ ਮ੍ਰਤਾਬ ਸਿੰਘ ਤੇ ਭਾਈ ਸੁੱਖਾ ਸਿੰਘ ਨੇ ਮੱਸੇ ਦੀ ਹਤਿਆ ਕਰਕੇ ਜੱਸ ਖੱਟਿਆ ਸੀ।

ਪੀ ਚਿਦੰਬਰਮ ਵਾਂਗ ਸਾਬਕਾ ਕੇਂਦਰੀ ਮੰਤਰੀ ਮਨੀ ਸ਼ੰਕਰ ਅਈਅਰ ਨੇ ਉਸ ਵੇਲੇ ਦੇ ਫ਼ੌਜੀ ਅਫਸਰਾਂ ਨੂੰ ਕੋਸਿਆ, ਜਿਨ੍ਹਾਂ ਨੇ ਇੰਦਰਾ ਗਾਂਧੀ ਦੇ ਹੁਕਮਾਂ ਉਤੇ ਅਮਲ ਕਰਦਿਆਂ ਉਚਿਤ ਵਿਉਂਤਬੰਦੀ ਤੇ ਸਿਆਣਪ ਨਹੀਂ ਵਰਤੀ। ਉਸ ਨੇ ਆਪਣੇ ਭਾਸ਼ਨ ਵਿਚ ਰਾਜੀਵ ਗਾਂਧੀ ਵਾਲੇ ਪੰਜਾਬ ਤੇ ਕਸ਼ਮੀਰ ਸਮਝੌਤਿਆਂ ਦੀ ਅਸਫ਼ਲਤਾ ਦਾ ਭਾਂਡਾ ਵੀ ਸੰਤ ਲੌਂਗੋਵਾਲ ਤੇ ਸ਼ੇਖ ਅਬਦੁੱਲਾ ਦੇ ਸਿਰ ਭੰਨ ਕੇ ਰਾਜੀਵ ਗਾਂਧੀ ਦਾ ਪੱਖ ਪੂਰਿਆ। ਕਹਿਣ ਵਾਲੇ ਕੁਝ ਵੀ ਕਹਿਣ ਖੁਸ਼ਵੰਤ ਸਿੰਘ ਸਾਹਿਤ ਉਤਸਵ ਵਿਚ ਇਨ੍ਹਾਂ ਬੋਲਾਂ ਨੇ ਉਤਸਵ ਦਾ ਘੇਰਾ ਹੀ ਵੱਡਾ ਨਹੀਂ ਕੀਤਾ ਇਸਨੂੰ ਹਰਮਨ-ਪਿਆਰਾ ਵੀ ਬਣਾਇਆ ਹੈ। ਮੁੱਢ ਕਦੀਮਾਂ ਤੋਂ ਅਜਿਹੇ ਵਿਚਾਰ ਉੱਤਮ ਸਾਹਿਤ ਦਾ ਵਸੀਲਾ ਬਣਦੇ ਆਏ ਹਨ। 2025 ਵਾਲਾ ਉਤਸਵ ਆਉਣ ਵਾਲੀ ਪੀੜ੍ਹੀ ਦਾ ਮਾਰਗ-ਦਰਸ਼ਕ ਬਣ ਸਕਦਾ ਹੈ।

ਇਹ ਵੀ ਚੰਗੀ ਗੱਲ ਹੈ ਕਿ ਇਸ ਉਤਸਵ ਵਿਚ ਭਾਰਤ-ਪਾਕਿ ਸਬੰਧਾਂ ਉੱਤੇ ਵੀ ਖੂਬ ਚਰਚਾ ਹੋਈ। ਇਸ ਚਰਚਾ ਦਾ ਸੋਮਾ ਵੀ ਖੁਸ਼ਵੰਤ ਸਿੰਘ ਦੀ ਰਚਨਾ ਉਸਦਾ ਨਾਵਲ 'ਟਰੇਨ ਟੂ ਪਾਕਿਸਤਾਨ' ਸੀ ਜਿਸਨੂੰ ਉਤਸਵ ਵਿਚ ਉਤਾਰਨ ਵਾਲਾ ਰਾਅ (ਓ) ਦਾ ਸਾਬਕਾ ਮੁਖੀ ਏ.ਐਸ. ਦੁੱਲਤ ਸੀ। ਜੇ ਮੈਂ ਆਪਣੀ ਪਿੱਠ ਥਾਪੜਨੀ ਹੋਵੇ ਤਾਂ ਕਹਿ ਸਕਦਾ ਹਾਂ ਪੰਜਾਬੀ ਦੇ ਪਾਠਕ ਦਾਸ ਵਲੋਂ ਕੀਤੇ ਇਸ ਨਾਵਲ ਦੇ ਪੰਜਾਬੀ ਅਨੁਵਾਦ ਨੂੰ ਸੱਤਰ ਸਾਲਾਂ ਤੋਂ ਪੜ੍ਹਦੇ ਤੇ ਮਾਣਦੇ ਆ ਰਹੇ ਹਨ। ਮਨੀ ਸ਼ੰਕਰ ਅਈਅਰ ਦਾ ਮੱਤ ਹੈ ਕਿ ਭਾਰਤ-ਪਾਕਿ ਸਬੰਧਾਂ ਦਾ ਸੁਧਰਨਾ ਅਲਗਾਉਵਾਦੀਆਂ ਲਈ ਵਧੀਆ ਸਬਕ ਹੈ, ਭਾਵੇਂ ਉਹ ਜੰਮੂ ਕਸ਼ਮੀਰ ਦੇ ਹੋਣ, ਲੇਹ ਲਦਾਖ ਦੇ ਜਾਂ ਦਰਾਵੜ ਦੇ। ਏਸ ਪ੍ਰਸੰਗ ਵਿਚ ਉਸਨੇ ਸਾਬਕਾ ਪ੍ਰਧਾਨ ਮੰਤਰੀ ਅਟਲ ਬਿਹਾਰੀ ਵਾਜਪਾਈ ਨੂੰ ਵੀ ਸਰਾਹਿਆ ਜਿਸ ਨੇ ਕਾਰਗਿਲ ਯੁੱਧ ਦੇ ਕਰਤਾ-ਧਰਤਾ ਜਨਰਲ ਮੁਸ਼ੱਰਫ ਨੂੰ ਆਗਰਾ ਵਾਰਤਾਲਾਪ ਵਿਚ ਸ਼ਾਮਿਲ ਹੋਣ ਦਾ ਉਚੇਚਾ ਸੱਦਾ ਦਿੱਤਾ ਸੀ। ਅਈਅਰ ਦੀ ਧਾਰਨਾ ਉੱਤੇ ਮੁਹਰ ਲਾਉਂਦਿਆਂ ਪ੍ਰਸਿੱਧ ਅਦਾਕਾਰ ਅਨੂਪ ਸੋਨੀ ਨੇ ਵੀ ਜੰਮੂ-ਕਸ਼ਮੀਰ ਵਿਚ ਦਿਲ ਦੀ ਦੂਰੀ ਮਿਟਾਉਣ ਦਾ ਵਾਸਤਾ ਪਾਇਆ।

ਏਸੇ ਤਰ੍ਹਾਂ ਪੱਤਰਕਾਰਾ ਹਰਿੰਦਰ ਬਵੇਜਾ ਨੇ ਇਸ ਪ੍ਰਸੰਗ ਨੂੰ ਸਭਿਆਚਾਰਕ ਚੌਖਟੇ ਵਿਚ ਫਿਟ ਕਰ ਕੇ ਦਿਲ ਕੀ ਦੂਰੀ ਮਿਟਾਉਣ ਦਾ ਸੰਦੇਸ਼ ਦਿੱਤਾ। ਉਸਦਾ ਕਹਿਣਾ ਸੀ ਕਿ ਪੰਜਾਬ, ਜੰਮੂ-ਕਸ਼ਮੀਰ ਤੇ ਲੇਹ ਲੱਦਾਖ ਜੱਫੀਆਂ ਦੀ ਉਡੀਕ ਵਿਚ ਹਨ ਤੇ ਦੂਰੀਆਂ ਤੋਂ ਪਾਸਾ ਵੱਟਣ ਲਈ ਤਰਸਦੇ ਹਨ। ਉਸ ਨੇ ਕਸ਼ਮੀਰੀਆਂ ਨੂੰ ਹਊਆ ਬਣਾ ਕੇ ਪੇਸ਼ ਕਰਨ ਦੀ ਧਾਰਨਾ ਨੂੰ ਫਜ਼ੂਲ ਤੇ ਬੇਅਰਥ ਕਿਹਾ। ਇਹ ਵੀ ਕਿ ਅਜਿਹੀਆਂ ਦੂਰੀਆਂ ਅਪ੍ਰੇਸ਼ਨ ਸਿੰਧੂਰ ਵਰਗੀਆਂ ਚਾਲਾਂ ਨਾਲ ਮਿਟਣ ਵਾਲੀਆਂ ਨਹੀਂ। ਸਬੂਤ ਵਜੋਂ ਉਸਨੇ ਜੰਮੂ ਕਸ਼ਮੀਰ ਦੀ ਇਕ ਪਾਸੇ ਤੋਂ ਦੂਜੇ ਪਾਸੇ ਤੱਕ ਦੀ ਸੱਜਰੀ ਤਿਰੰਗਾ ਯਾਤਰਾ ਦਾ ਪ੍ਰਮਾਣ ਦਿੱਤਾ। ਇਹ ਪਹਿਲੀ ਵਾਰ ਹੈ ਕਿ ਇਸ ਤਿੰਨ ਦਿਨਾਂ ਉਤਸਵ ਵਿਚ ਖੁਸ਼ਵੰਤ ਸਿੰਘ ਗੈਰ-ਹਾਜ਼ਰ ਵੀ ਪੂਰੀ ਤਰ੍ਹਾਂ ਹਾਜ਼ਰ ਨਾਜ਼ਰ ਸੀ ਆਪਣੀ ਦੋ ਜਿਲਦਾਂ ਵਾਲੀ 'ਸਿੱਖ ਹਿਸਟਰੀ' ਤੇ ਨਾਵਲ 'ਟਰੇਨ ਟੂ ਪਾਕਿਸਤਾਨ' ਭਾਵ 'ਪਾਕਿਸਤਾਨ ਮੇਲ' ਦੇ ਰੂਪ ਵਿਚ। ਜ਼ਿੰਦਾਬਾਦ!

### ਅੰਤਿਕਾ

ਅਮਾਨਤ ਅਲੀ ਮੁਸਾਫਰ, ਲਾਹੌਰ॥

ਜੇ ਤੂੰ ਗਿਆ ਭੁੱਲ ਪੰਜਾਬੀ
ਜਾਵੇਂਗੀ ਇਹ ਰੁਲ ਪੰਜਾਬੀ
ਚਾਨਣ ਲਭਦਾ ਮਰ ਜਾਵੇਂਗੀ
ਦੀਵਾ ਕਰਕੇ ਗੁੱਲ ਪੰਜਾਬੀ
ਗੈਰ ਦੇ ਰੇਸ਼ਮੀ ਕੰਬਲ ਖਾਤਿਰ
ਛੱਡ ਨਾ ਆਪਣਾ ਝੁੱਲ ਪੰਜਾਬੀ
ਗੋਰੇ ਚਿੱਟੇ ਰੰਗਾਂ ਦੇ ਵਿਚ
ਡੋਬ ਨਾ ਆਪਣੀ ਕੁੱਲ ਪੰਜਾਬੀ
ਰੱਬ ਸੋਹਣੇ ਤੋਂ ਮੰਗ 'ਮੁਸਾਫਰ'
ਮਹਿਕੇ ਸਦਾ ਹੀ ਫੁੱਲ ਪੰਜਾਬੀ।

# ਦੀਵਾਲੀ ਕੀ ਰਾਤਿ ਦੀਵੇ ਬਾਲੀਅਨਿ॥

ਦੀਵਾਲੀ ਦਾ ਅਰਥ ਹੈ: ਦੀਵਿਆਂ ਦਾ ਤਿਉਹਾਰ। ਦੀਵਾਲੀ ਨਾਲ ਅਯੁੱਧਿਆ ਦੇ ਰਾਜਾ ਸ੍ਰੀ ਰਾਮ ਚੰਦਰ ਰਾਹੀਂ ਲੰਕਾਪਤੀ ਰਾਵਣ ਨੂੰ ਮਾਰ ਕੇ ਵਾਪਸ ਆਉਣ ਦੀ ਘਟਨਾ ਵੀ ਜੁੜੀ ਹੋਈ ਹੈ, ਜਦੋਂ ਅਯੁੱਧਿਆ ਵਾਸੀਆਂ ਨੇ ਦੀਵੇ ਜਗਾ ਕੇ ਉਨ੍ਹਾਂ ਦਾ ਸਵਾਗਤ ਕੀਤਾ ਸੀ। ਸਿੱਖ ਇਤਿਹਾਸ 'ਚ ਪ੍ਰਮਾਣ ਮਿਲਦੇ ਹਨ ਕਿ ਦੀਵਾਲੀ-ਵਿਸਾਖੀ ਦੋ ਦਿਨ ਅਜਿਹੇ ਸਨ, ਜਦੋਂ ਪੰਥ ਦੇ ਦੋ ਭਾਰੀ ਇਕੱਠ ਹੋਇਆ ਕਰਦੇ ਸਨ। ਇਤਿਹਾਸਕ ਹਵਾਲੇ ਅਨੁਸਾਰ ਜਿਵੇਂ ਗੁਰੂ ਨਾਨਕ ਸਾਹਿਬ ਨੇ ਬਾਬਰ ਦੀ ਕੈਦ 'ਚੋਂ ਸਿਆਸੀ ਕੈਦੀਆਂ ਨੂੰ ਰਿਹਾਅ ਕੀਤਾ, ਉਸੇ ਤਰ੍ਹਾਂ ਛੇਵੇਂ ਗੁਰੂ ਹਰਿਗੋਬਿੰਦ ਸਾਹਿਬ ਗਵਾਲੀਅਰ ਦੀ ਜੇਲ੍ਹ 'ਚੋਂ 52 ਪਹਾੜੀ ਹਿੰਦੂ ਰਾਜਿਆਂ ਅਥਵਾ ਰਾਜਸੀ ਕੈਦੀਆਂ ਨੂੰ ਮੁਗਲ ਬਾਦਸ਼ਾਹ



**ਡਾ. ਗੁਰਵਿੰਦਰ ਸਿੰਘ**
**ਫੋਨ: 604-825-1550**

ਜਹਾਂਗੀਰ ਦੀ ਕੈਦ ਵਿਚੋਂ ਰਿਹਾਅ ਕਰਵਾ ਕੇ ਲਿਆਏ। ਉਸ ਦਿਨ ਤੋਂ ਆਪ ਦਾ ਨਾਂ 'ਬੰਦੀ ਛੋੜ' ਛੇਵੇਂ ਸਤਿਗੁਰੂ ਪ੍ਰਚਲਤ ਹੋ ਗਿਆ। ਰਿਹਾਈ ਬਾਅਦ ਦੀਵਾਲੀ, ਪੰਥ ਦਾ ਪਹਿਲਾ ਵੱਡਾ ਇਕੱਠ ਸੀ। ਸਾਖੀ ਪਰੰਪਰਾ ਅਨੁਸਾਰ ਓਦੋਂ ਦਰਬਾਰ ਸਾਹਿਬ ਭਾਰੀ ਦੀਪਮਾਲਾ ਕੀਤੀ ਗਈ, ਹਾਲਾਂਕਿ ਉਸ ਵੇਲੇ ਦਾ ਸਮਾਂ ਫਰਵਰੀ ਮਹੀਨਾ ਦੱਸਿਆ ਜਾਂਦਾ ਹੈ। ਬੇਸ਼ੱਕ ਸਿਖੀ ਸਿਧਾਂਤਾਂ ਦੀ ਕਸੌਟੀ 'ਤੇ ਪਰਖੀਏ, ਤਾਂ ਇਤਿਹਾਸਕ ਤੌਰ 'ਤੇ ਇਹ ਗੱਲ ਜਚਦੀ ਨਹੀਂ। ਜੇ ਕਰ ਰਿਹਾਈ ਪੰਥ ਲਈ ਵੱਡਾ ਖੁਸ਼ੀ ਦਾ ਵਿਸ਼ਾ ਹੈ, ਤਾਂ ਪੰਜਵੇਂ ਪਾਤਸ਼ਾਹ ਦੀ ਸ਼ਹਾਦਤ ਮਾਤਮ ਜਾਂ ਗਮੀ ਦਾ ਵਿਸ਼ਾ ਹੋਇਆ। ਨੌਵੇਂ ਪਾਤਸ਼ਾਹ ਦੀ ਸ਼ਹਾਦਤ ਚੜ੍ਹਦੀ ਕਲਾ 'ਚ ਚੇਤੇ ਕਰਨ ਦੀ ਥਾਂ, ਨਿਰਾਸ਼ਾ ਨਾਲ ਹੀ ਯਾਦ ਕੀਤਾ ਜਾਣਾ ਹੋਇਆ? ਸੱਚ ਤਾਂ ਇਹ ਹੈ ਕਿ ਅਜਿਹੇ ਖੁਸ਼ੀ-ਗ਼ਮ ਦੇ ਉਚੇਚੇ ਪ੍ਰਗਟਾਵੇ ਗੁਰਬਾਣੀ ਸਿਧਾਂਤ ਨਾਲ ਮੇਲ ਨਹੀਂ ਖਾਂਦੇ। ਹਰ ਸਾਲ ਦਰਬਾਰ ਸਾਹਿਬ ਜਾ ਹੋਰਨਾਂ ਅਸਥਾਨਾਂ ਵਿਖੇ ਦੀਪਮਾਲਾ, ਆਤਿਸ਼ਬਾਜ਼ੀ ਸਿੱਖੀ ਸਿਧਾਂਤਾਂ ਦੇ ਅਨੁਕੂਲ ਨਹੀਂ।

ਸਿੱਖ ਇਤਿਹਾਸ ਵੱਲ ਝਾਤੀ ਮਾਰੀਏ ਤਾਂ ਸੰਨ 1737 'ਚ ਭਾਈ ਮਨੀ ਸਿੰਘ ਜੀ ਨੇ ਦੀਵਾਲੀ ਮੌਕੇ ਸਿੱਖ ਪੰਥ ਦੇ ਇਕੱਠ ਦਾ ਫ਼ੈਸਲਾ ਕੀਤਾ। ਪਰ ਜਦੋਂ ਇਹ ਪਤਾ ਲੱਗਿਆ ਕਿ ਸਿੱਖਾਂ ਦੇ ਇਕੱਠ 'ਤੇ ਜਾਬਰ ਮੁਗਲ ਹਕੂਮਤ ਹਮਲਾ ਕਰ ਸਕਦੀ ਹੈ, ਤਾਂ ਭਾਈ ਸਾਹਿਬ ਨੇ ਇਕੱਠ ਨਾ ਕਰਨ ਦਾ ਫੈਸਲਾ ਲਿਆ। ਇਹ ਘਟਨਾ ਵੀ ਅਜਿਹੀ ਨਹੀਂ, ਜਿਸ ਨਾਲ ਜੋੜ ਕੇ ਪੰਥ ਦਰਬਾਰ ਸਾਹਿਬ-ਅੰਮ੍ਰਿਤਸਰ ਵਿਖੇ ਹਰ ਸਾਲ ਦਿਵਾਲੀ 'ਤੇ ਆਤਿਸ਼ਬਾਜ਼ੀਆਂ ਕਰੇ।

ਦੀਵਾਲੀ ਮੌਕੇ ਗੁਰਦੁਆਰਿਆਂ 'ਚ ਵੱਡੀ ਗਿਣਤੀ ਵਿਚ ਕੀਰਤਨੀ ਜਥਿਆਂ, ਕਥਾ ਵਾਚਕਾਂ ਢਾਡੀਆਂ, ਕਵੀਸ਼ਰਾਂ ਆਦਿ ਵੱਲੋਂ ਅਤੇ ਸੋਸ਼ਲ ਮੀਡੀਏ 'ਤੇ ਵਧਾਈ ਦੇਣ ਵਾਲੇ ਸਿਆਸਤਦਾਨਾਂ, ਧਾਰਮਿਕ ਅਤੇ ਸਮਾਜਿਕ ਆਗੂਆਂ ਵੱਲੋਂ ਇਸ ਪੰਕਤੀ ਰਾਹੀਂ 'ਦੀਵਾਲੀ ਦੀ ਵਧਾਈ' ਦਿੱਤੀ ਜਾਂਦੀ ਹੈ, ਜਦ ਕਿ ਦੂਸਰੇ ਪਾਸੇ ਕੀਰਤਨੀਆਂ ਵੱਲੋਂ ਸ਼ਬਦ ਕੀਰਤਨ ਕਰਦਿਆਂ ਇਹ ਪੰਗਤੀ 'ਟੇਕ' ਬਣਾ ਕੇ ਕੀਰਤਨ ਲਈ ਟੇਕ ਬਣਾਈ ਜਾਂਦੀ ਹੈ।

'ਦੀਵਾਲੀ ਦੀ ਰਾਤਿ ਦੀਵੇ ਬਾਲੀਅਨਿ॥' ਸ਼ਬਦ ਦੀਵਾਲੀ ਦੀ ਵਧਾਈ ਦੇਣ ਵਾਸਤੇ ਆਮ ਹੀ ਵਰਤਿਆ ਜਾਂਦਾ ਹੈ। ਇਸ ਬਾਰੇ ਵਿਚਾਰ ਕਰਨਾ ਬਹੁਤ ਜ਼ਰੂਰੀ ਹੈ। ਦਰਅਸਲ ਇਹ ਸ਼ਬਦ ਗੁਰੂ ਗਰੰਥ ਸਾਹਿਬ ਵਿਚ ਨਹੀਂ ਹੈ। ਇਹ ਭਾਈ ਗੁਰਦਾਸ ਜੀ ਦੀ ਲਿਖਤ ਹੈ। ਦਿਵਾਲੀ ਮੌਕੇ ਹਰ ਗੁਰਦੁਆਰਾ ਸਾਹਿਬ ਵਿਖੇ ਭਾਈ ਗੁਰਦਾਸ ਜੀ ਦੀ ਇਸ 19ਵੀਂ ਵਾਰ ਦੀ 6ਵੀਂ ਪਉੜੀ ਦਾ ਵਾਰ-ਵਾਰ ਗਾਇਨ ਹੋ ਰਿਹਾ ਹੁੰਦਾ ਹੈ, ਪਰ ਸੰਗਤਾਂ ਨੂੰ ਇਸ ਦੇ ਸਹੀ ਅਰਥ ਦੱਸਣ ਦੀ ਥਾਂ, ਇਸ ਪੰਕਤੀ ਨੂੰ ਆਧਾਰ ਬਣਾ ਕੇ (ਦੀਵਾਲੀ ਦੀ ਰਾਤਿ ਦੀਵੇ ਬਾਲੀਅਨਿ॥) ਗਾਇਨ ਕਰਦਿਆਂ, ਕੀਰਤਨੀ ਜਥੇ ਇਹ ਪ੍ਰਭਾਵ ਦੇਣ ਦੀ ਕੋਸ਼ਿਸ਼ ਕਰਦੇ ਹਨ ਕਿ 'ਦੀਵਾਲੀ ਦੀ ਰਾਤਿ ਨੂੰ ਦੀਵੇ ਬਾਲਣੇ' ਹਨ, ਜਦਕਿ ਇਸ ਦੇ ਬਿਲਕੁਲ ਉਲਟ, ਭਾਈ ਗੁਰਦਾਸ ਜੀ ਇਹ ਪ੍ਰਮਾਣ ਦੇ ਕੇ ਆਖਦੇ ਹਨ ਕਿ ਦੀਵਾਲੀ ਦੀ ਇੱਕ ਰਾਤ ਨੂੰ ਦੀਵੇ ਬਾਲੇ ਜਾਂਦੇ ਹਨ, ਜਦਕਿ ਇਹ ਇੱਕ ਰਾਤ ਦਾ ਥੋੜ੍ਹ-ਚਿਰਾ ਦਿਲ-ਪ੍ਰਚਾਵਾ ਹੈ ਅਤੇ ਇਸ ਤੋਂ ਵੱਧ ਕੁਝ ਨਹੀਂ। ਅਜਿਹੀਆਂ ਹੀ ਉਹ ਹੋਰ ਵੀ ਬਹੁਤ ਸਾਰੀਆਂ ਉਦਾਹਰਨਾਂ ਦਿੰਦੇ, ਅਖੀਰ 'ਚ ਫ਼ਰਮਾਉਂਦੇ ਹਨ ਗੁਰਮੁਖ ਉਹ ਹਨ, ਜੋ ਅਜਿਹੀਆਂ ਥੋੜ੍ਹ-ਚਿਰੀਆਂ ਚੀਜ਼ਾਂ ਨਾਲ ਜੁੜਨ ਦੀ ਥਾਂ, ਭਰਮ ਭੁਲੇਖਿਆਂ ਨੂੰ ਤਿਆਗ ਕੇ, ਗੁਰੂ ਸ਼ਬਦ ਦੇ ਗਿਆਨ ਅਨੁਸਾਰ ਚਲਦੇ ਹਨ ਅਤੇ ਗੁਰੂ ਦੀ ਸਿੱਖਿਆ ਨੂੰ ਹੀ ਮਨ ਵਿਚ ਸੰਭਾਲਦੇ ਹਨ। ਗੁਰੂ ਦੀ ਸਿੱਖਿਆ ਉਨ੍ਹਾਂ ਨਾਲ ਹਮੇਸ਼ਾ ਨਿਭਦੀ ਹੈ ਅਤੇ ਸ਼ਬਦ ਗੁਰੂ ਦੇ ਆਸਰੇ ਉਹ ਲੋਕ-ਪਰਲੋਕ ਸੁਹੇਲਾ ਕਰਦੇ ਹਨ। 6 ਪੰਕਤੀਆਂ ਦੀ ਭਾਈ ਗੁਰਦਾਸ ਜੀ ਦੀ 19ਵੀਂ ਵਾਰ ਦੀ ਪਉੜੀ ਇਸ ਤਰ੍ਹਾਂ ਅੰਕਿਤ ਹੈ:

ਦੀਵਾਲੀ ਦੀ ਰਾਤਿ ਦੀਵੇ ਬਾਲੀਅਨਿ॥
ਤਾਰੇ ਜਾਤਿ ਸਨਾਤਿ ਅੰਬਰਿ ਭਾਲੀਅਨ॥
ਫੁਲਾਂ ਦੀ ਬਾਗਾਤਿ ਚੁਣਿ ਚੁਣਿ ਚਾਲੀਅਨਿ॥
ਤੀਰਥਿ ਜਾਤੀ ਜਾਤਿ ਨੈਣ ਨਿਹਾਲੀਅਨਿ॥
ਹਰਿ ਚੰਦਉਰੀ ਝਾਤਿ ਵਸਾਇ ਉਚਾਲੀਅਨਿ॥
ਗੁਰਮੁਖਿ ਸੁਖ ਫਲ ਦਾਤਿ ਸਬਦਿ ਸਮ੍ਹਾਲੀਅਨਿ ॥6॥

ਉਪਰੋਕਤ ਸਾਰੀਆਂ ਮਿਸਾਲਾਂ ਭਾਈ ਸਾਹਿਬ ਇਸ ਪਉੜੀ ਵਿਚ ਦਿੰਦੇ ਹਨ ਕਿ ਤਾਰਿਆਂ ਦੀਆਂ ਅੰਬਰ ਵਿਚ ਕਤਾਰਾਂ ਰਾਤ ਸਮੇਂ ਦਿਸਦੀਆਂ ਹਨ, ਪਰ ਸਵੇਰੇ ਨਹੀਂ ਦਿਸਦੀਆਂ। ਇਹ ਪਲਾਂ ਦਾ ਹੀ ਤਮਾਸ਼ਾ ਹੈ। ਬਾਗ ਵਿਚ ਫੁੱਲਾਂ ਦੀ ਬਗੀਚੀ ਖੂਬਸੂਰਤ ਹੁੰਦੀ ਹੈ, ਪਰ ਇਹ ਫੁੱਲ ਚੁਣ-ਚੁਣ ਮਾਲੀ ਤੋੜ ਲੈਂਦਾ ਹੈ। ਇਹ ਥੋੜ੍ਹ-ਚਿਰਾ ਹੀ ਤਮਾਸ਼ਾ ਹੈ। ਤੀਰਥ ਯਾਤਰਾਵਾਂ 'ਤੇ ਲੋਕ ਜਾਂਦੇ ਹਨ ਤੇ ਇਕੱਠ ਹੁੰਦੇ ਹਨ, ਪਰ ਇਸ ਸਦਾ ਭਰੇ ਨਹੀਂ ਰਹਿੰਦੇ। ਲੋਕ ਤੀਰਥਾਂ 'ਤੇ ਖੁਸ਼ੀ ਮਨਾਉਂਦੇ ਹਨ ਤੇ ਘਰ ਮੁੜ ਆਉਂਦੇ ਹਨ। ਇਹ ਵੀ ਕੁਝ ਸਮੇਂ ਦਾ ਹੀ ਤਮਾਸ਼ਾ ਹੈ। (ਹਰ-ਚੰਦੌਰੀ ਭਾਵ ਹਵਾਈ-ਕਿਲੇ ਅਰਥਾਤ ਸੁਪਨਿਆਂ ਦੀ ਨਗਰੀ) ਜਿਸ ਤਰ੍ਹਾਂ ਭਰਮ-ਭੁਲੇਖੇ 'ਚ ਫਸਿਆ ਹਿਰਨ ਰੇਗਸਥਾਨ 'ਚ ਚਮਕਦੀ ਰੇਤ ਨੂੰ ਪਾਣੀ ਸਮਝ ਕੇ ਭਟਕਦਾ ਮਰ ਜਾਂਦਾ ਹੈ, ਏਉਂ ਹੀ ਬੰਦਾ ਭੁਲੇਖੇ ਅਧੀਨ ਲੁਭਾਉਣੀਆ ਵਸਤਾਂ ਪਿੱਛੇ ਭਟਕਦਾ ਗੁੰਮਰਾਹ ਹੋ ਜਾਂਦਾ ਹੈ। ਇਸ ਸਭ ਨੂੰ ਤਿਆਗਣਾ ਚਾਹੀਦਾ ਹੈ।

ਭਾਈ ਗੁਰਦਾਸ ਜੀ ਦੀ ਇਸ ਪਉੜੀ ਦਾ ਅਸਲ ਭਾਵ ਅਰਥ ਇਹ ਹੈ ਕਿ ਇਸ ਦੁਨੀਆਂ ਵਿਚ ਕੋਈ ਵਿਰਲਾ ਹੀ ਗੁਰਮੁਖ ਹੈ, ਜਿਸ ਨੂੰ ਪਤਾ ਹੈ ਕਿ ਇਹ ਸਭ ਕੁਝ ਮਿੱਟੀ ਹੈ। ਉਹ ਗੁਰੂ ਵੱਲੋਂ ਦਿੱਤਾ ਸ਼ਬਦ ਸੰਭਾਲਦਾ ਹੈ ਤੇ ਉਸ ਵਿਚ ਲੀਨ ਰਹਿੰਦਾ ਹੈ। ਆਓ! ਥੋੜ੍ਹੇ-ਚਿਰ ਅਤੇ ਛਿਣ-ਭਰ ਦੇ ਚਾਨਣ ਲਈ 'ਦੀਵਾਲੀ ਦੇ ਦੀਵਿਆਂ ਦੀ ਰੌਸ਼ਨੀ' ਦੀ ਥਾਂ, 'ਗੁਰ-ਸ਼ਬਦ' ਨਾਲ ਜੁੜ ਕੇ ਗੁਰਮੁਖ ਹੁੰਦਿਆਂ ਹੋਇਆਂ, ਸਦੀਵੀ ਆਨੰਦ ਤੇ ਚਾਨਣ ਪ੍ਰਾਪਤ ਕਰੀਏ।

ਸਮੁੱਚੇ ਰੂਪ ਵਿਚ ਵਿਚਾਰ ਕਰਨ ਉਪਰੰਤ ਸਾਡਾ ਸਭਨਾਂ ਦਾ ਫ਼ਰਜ਼ ਬਣਦਾ ਹੈ ਕਿ ਥੋੜ-ਚਿਰੇ ਦੀਵੇ ਬਾਲ ਕੇ ਜਾਂ ਆਤਿਸ਼ਬਾਜ਼ੀਆਂ ਚਲਾ ਕੇ ਥੋੜ-ਚਿਰਾ ਮਨ-ਪਰਚਾਵਾ ਕਰਨ ਦੀ ਥਾਂ, ਗੁਰੂ ਦੀ ਸਿੱਖਿਆ ਨੂੰ ਸੰਭਾਲ ਕੇ ਸਦੀਵੀ-ਸੁੱਖ ਹਾਸਲ ਕਰੀਏ। ਆਓ, ਆਪਾ ਵੀ ਸੁਚੇਤ ਹੋਈਏ ਤੇ ਗੁੰਮਰਾਹ ਨਾ ਹੋਈਏ ਅਤੇ ਹੋਰਨਾਂ ਨੂੰ ਵੀ ਸੁਚੇਤ ਕਰੀਏ, ਤਾਂ ਹੀ ਗੁਰੂ ਦੀ ਖੁਸ਼ੀ ਮਿਲ ਸਕਦੀ ਹੈ। ਆਓ ਜਾਗਰੂਕ ਹੋਈਏ ਅਤੇ ਗੁਰਬਾਣੀ ਦੀ ਰੌਸ਼ਨੀ ਨਾਲ ਅਗਿਆਨਤਾ ਭਰੇ ਹਨੇਰੇ ਮਨ ਅੰਦਰ ਗੁਰੂ ਦੇ ਸ਼ਬਦ ਰਾਹੀਂ ਚਾਨਣ ਕਰੀਏ !

ਆਸਾ ਮਹਲਾ ੧ ॥
ਦੀਵਾ ਮੇਰਾ ਏਕੁ ਨਾਮੁ ਦੁਖੁ ਵਿਚਿ ਪਾਇਆ ਤੇਲੁ॥
ਉਨਿ ਚਾਨਣਿ ਓਹੁ ਸੋਖਿਆ ਚੂਕਾ ਜਮ ਸਿਉ ਮੇਲੁ॥

---

**ਹਿੰਦੀ ਹਾਸ-ਵਿਅੰਗ**

# ਦੀਵਾਲੀ ਦੀ ਛੁੱਟੀ ਵਿਚ ਵਰਕ-ਐਟ-ਹੋਮ

ਤਿਉਹਾਰਾਂ ਦੌਰਾਨ ਸਰਕਾਰੀ ਕਰਮਚਾਰੀਆਂ ਨੂੰ ਵਾਧੂ ਛੁੱਟੀ ਮਿਲਣਾ ਨੋਬੇਲ ਪੁਰਸਕਾਰ ਪ੍ਰਾਪਤ ਕਰਨ ਤੋਂ ਘੱਟ ਨਹੀਂ ਹੈ। ਬਹੁਤ ਕੋਸ਼ਿਸ਼ ਅਤੇ ਜੁਗਾੜ ਲਾਉਣ ਤੋਂ ਬਾਅਦ ਹੈਡ ਕਲਰਕ ਭੁਲਨ ਬਾਬੂ ਨੂੰ ਆਖਰਕਾਰ ਦੀਵਾਲੀ ਦੌਰਾਨ ਇੱਕ ਹਫ਼ਤੇ ਦੀ ਛੁੱਟੀ ਦੇ ਦਿੱਤੀ ਗਈ। ਇਸ ਦੀਵਾਲੀ 'ਤੇ ਭੁਲਨ ਬਾਬੂ ਸਰਕਾਰੀ ਦਫ਼ਤਰ ਦੇ ਵਾਧੂ ਕੰਮ ਦੇ ਬੋਝ ਅਤੇ ਆਪਣੇ ਅਧਿਕਾਰੀਆਂ ਦੀਆਂ ਝਿੜਕਾਂ ਨੂੰ ਭੁੱਲ ਕੇ ਮਨੋਰੰਜਨ ਦੇ

**ਮੂਲ : ਵਿਨੋਦ ਕੁਮਾਰ ਵਿੱਕੀ**
**ਅਨੁ : ਪ੍ਰੋ. ਨਵ ਸੰਗੀਤ ਸਿੰਘ**

ਮੂਡ ਵਿਚ ਸਨ।

"ਇਸ ਵਾਰ ਮੈਂ ਆਪਣੀ ਛੁੱਟੀ ਦਾ ਖੂਬ ਆਨੰਦ ਲੈਣਾ ਚਾਹੁੰਦਾ ਹਾਂ—ਚਕਰੀ, ਬੰਬ, ਪਟਾਕੇ ਚਲਾਵਾਂਗਾ, ਜੀਅ ਭਰ ਕੇ ਮਿਠਾਈ ਖਾਵਾਂਗਾ, ਓਟੀਟੀ 'ਤੇ ਫਿਲਮਾਂ ਵੇਖਾਂਗਾ ਅਤੇ ਦੇਰ ਤੱਕ ਸੌਂਵਾਂਗਾ।"

ਉਸਨੇ ਪਹਿਲਾਂ ਹੀ ਵਿਸਤ੍ਰਿਤ ਯੋਜਨਾਵਾਂ ਬਣਾ ਲਈਆਂ ਸਨ। ਉਸਨੇ ਏਅਰਟੈੱਲ ਸਟ੍ਰੀਮ ਦੇ 699 ਪਲਾਨ ਦਾ ਸਬਸਕ੍ਰਿਪਸ਼ਨ ਵੀ ਲੈ ਲਿਆ।

ਪਰ ਭੁਲਨ ਬਾਬੂ ਨੂੰ ਇਹ ਨਹੀਂ ਪਤਾ ਸੀ ਕਿ 'ਘਰੇਲੂ ਜ਼ਿੰਮੇਵਾਰੀਆਂ' ਸਰਕਾਰੀ ਦਫ਼ਤਰ ਦੀਆਂ ਫਾਈਲਾਂ ਨਾਲੋਂ ਵੀ ਜ਼ਿਆਦਾ ਬੋਝਲ ਸਨ।



ਛੁੱਟੀ ਦੇ ਪਹਿਲੇ ਦਿਨ ਹੀ ਸਵੇਰੇ ਸੱਤ ਵਜੇ ਸ਼੍ਰੀਮਤੀ ਭੁਲਨ ਨੇ ਉਸਨੂੰ ਹਲੂਣ ਕੇ ਜਗਾ ਦਿੱਤਾ—"ਜੀ, ਉੱਠੋ!"

ਭੁਲਨ ਬਾਬੂ ਨੇ ਆਪਣੀਆਂ ਅੱਖਾਂ ਮਲੀਆਂ, ਘੜੀ ਵੱਲ ਵੇਖਿਆ ਅਤੇ ਦੂਜੇ ਪਾਸੇ ਮੂੰਹ ਫੇਰ ਕੇ ਕਿਹਾ, "ਓਏ, ਭਾਗਵਾਨੇ, ਕਿਉਂ ਜਗਾ ਰਹੀ ਹੈਂ? ਅੱਜ ਦਫ਼ਤਰ ਨਹੀਂ ਜਾਣਾ, ਰਿਲੈਕਸ ਕਰਨ ਦੇ।"

"ਅਫ਼ਿਸ ਲਈ ਨਹੀਂ ਜਗਾ ਰਹੀ", ਸ਼੍ਰੀਮਤੀ ਭੁਲਨ ਨੇ ਗਰਜਦੇ ਹੋਏ ਕਿਹਾ।

"ਅੱਜ ਘਰ ਦੀ ਸਫ਼ਾਈ ਕਰਨੀ ਹੈ। ਆਫ਼ਿਸ ਵਿਚ ਫਾਈਲਾਂ ਚਲਾਉਂਦੇ ਰਹਿੰਦੇ ਹੋ, ਅੱਜ ਏਥੇ ਝਾੜੂ ਚਲਾਓ!"

ਭੁਲਨ ਬਾਬੂ ਨੇ ਹੌਲੀ ਜਿਹੀ ਕਿਹਾ, "ਓ ਯਾਰ, ਅੱਜ ਤਾਂ ਛੁੱਟੀ ਹੈ...।"

ਪਤਨੀ ਨੇ ਕਿਹਾ, "ਹਾਂ, ਇਸੇ ਲਈ! ਨਹੀਂ ਤਾਂ, ਹੋਰ ਕਦੋਂ ਕਰਦੇ ਤੁਸੀਂ? ਹੁਣ ਛੁੱਟੀ ਨਹੀਂ, ਡਿਊਟੀ-ਐਟ-ਹੋਮ ਹੈ।"

ਇੰਨਾ ਕਹਿ ਕੇ ਉਸਨੇ ਭੁਲਨ ਬਾਬੂ ਦੇ ਮੋਢਿਆਂ 'ਤੇ ਆਪਣੀਆਂ ਬਾਹਾਂ ਦਾ ਭਾਰ ਪਾਇਆ ਅਤੇ ਉਸਨੂੰ ਵਿਸ਼ਰਾਮ ਦੀ ਮੁਦਰਾ ਤੋਂ ਪਦਮਾਸਨ ਦੀ ਮੁੱਦਰਾ ਵਿਚ ਬਿਠਾ ਦਿੱਤਾ।

ਭੁਲਨ ਬਾਬੂ, ਜੋ ਹਰ ਰੋਜ਼ ਦਫ਼ਤਰ ਲਈ ਸਵੇਰੇ 8:30 ਵਜੇ ਉਠਦੇ ਹਨ, ਨੂੰ ਘਰ ਸਾਫ਼-ਸਫ਼ਾਈ ਲਈ ਛੁੱਟੀ ਵਾਲੇ ਦਿਨ ਸਵੇਰੇ 7 ਵਜੇ ਅਣਮੰਨੇ ਮਨ ਨਾਲ ਉਠਣਾ ਪਿਆ।

ਭੁਲਨ ਬਾਬੂ ਨੇ ਸੋਚਿਆ ਸੀ ਕਿ ਛੁੱਟੀ ਵਾਲੇ ਦਿਨ ਕੱਪੜੇ ਨਹੀਂ ਧੋਣਗੇ, ਪਰ ਕਿਸਮਤ ਦੇਖੋ - ਬਾਲਟੀ ਵਿਚ ਧੋਬੀਘਾਟ ਖੁੱਲ੍ਹ ਗਿਆ! ਝਾੜੂ, ਪੋਚਾ, ਪਰਦੇ, ਫੁਲਝੜੀ - ਸਭ ਕੁਝ ਇਕੱਠਾ! ਕੱਪੜੇ ਸਾਫ਼ ਕਰਨ ਤੋਂ ਬਾਅਦ ਘਰ ਦੀ ਸਫ਼ਾਈ ਸ਼ੁਰੂ ਹੋ ਗਈ। ਇੱਕ ਝਾੜੂ ਦੀ ਮਦਦ ਨਾਲ ਭੁਲਨ ਬਾਬੂ ਨੇ ਪੂਰੇ ਘਰ ਨੂੰ ਸਾਫ਼ ਕਰ ਦਿੱਤਾ।

ਫਰਸ਼, ਕਮਰਿਆਂ ਅਤੇ ਟਾਇਲਟ ਦੀ ਚਾਰ ਘੰਟੇ ਲਗਾਤਾਰ ਸਫਾਈ ਕਰਨ ਤੋਂ ਬਾਅਦ ਉਸਨੂੰ ਬ੍ਰੇਕ ਅਤੇ ਬ੍ਰੇਕਫਾਸਟ ਦੋਵੇਂ ਮਿਲੇ।

ਉਨ੍ਹਾਂ ਨੇ ਟੀਵੀ ਚਾਲੂ ਕੀਤਾ ਅਤੇ ਫਾਇਰਸਟਿਕ ਚੁੱਕਿਆ ਹੀ ਸੀ ਕਿ ਸ਼੍ਰੀਮਤੀ ਭੁਲਨ ਨੇ ਉੱਚੀ ਆਵਾਜ਼ ਵਿਚ ਕਿਹਾ, "ਟੀਵੀ ਛੱਡੋ, ਪੋਚਾ ਮਾਰੋ!"

ਭੁਲਨ ਬਾਬੂ ਦੀਵਾਲੀ ਦੀ ਸਫਾਈ ਵਿਚ ਇੰਨੇ ਰੁੱਝੇ ਕਿ ਭਾਰਤ ਸਰਕਾਰ ਉਨ੍ਹਾਂ ਦੀ ਲਗਨ ਨੂੰ ਵੇਖ ਕੇ ਉਨ੍ਹਾਂ ਨੂੰ "ਸਵੱਛ ਭਾਰਤ ਮੁਹਿੰਮ" ਲਈ ਬ੍ਰਾਂਡ ਅੰਬੈਸਡਰ ਬਣਾ ਦੇਣ!

ਦੋ ਦਿਨਾਂ ਦੀ ਸਫਾਈ ਤੋਂ ਬਾਅਦ ਤੀਜੇ ਦਿਨ ਸ਼੍ਰੀਮਤੀ

*(ਬਾਕੀ ਅਗਲੇ ਸਫੇ 'ਤੇ)*

---

## ਦਿਵਾਲ਼ੀ ਤੇ ਬੰਦੀ ਛੋੜ ਦਿਵਸ 'ਤੇ ਵਿਸ਼ੇਸ਼

### ਦਿਵਾਲ਼ੀ ਤੇ ਬੰਦੀ ਛੋੜ ਦਿਵਸ

ਰਮਾਇਣ ਦੱਸੇ ਜਿੱਤ ਰਾਵਣ ਨੂੰ, ਜਦੋਂ ਰਾਮ ਅਯੁੱਧਿਆ ਆਏ।
ਚੌਦਾਂ ਸਾਲ ਬਣਵਾਸ ਕੱਟ ਕੇ, ਲੋਕਾਂ ਖੁਸ਼ੀ 'ਚ ਦੀਵੇ ਜਗਾਏ।
ਚਾਰ ਚੁਫੇਰੇ ਵੱਜੇ ਢੋਲ ਢਮੱਕੇ, ਪਰਜਾ ਖੜ੍ਹ ਗਈ ਬੰਨ੍ਹ ਕਤਾਰਾਂ।
ਜੈ ਸੀਤਾ ਰਾਮ ਦੇ ਬੋਲ ਗੂੰਜਦੇ, ਵੱਜੇ ਸ਼ਹਿਨਾਈ ਵਿਚ ਬਜ਼ਾਰਾਂ।

ਤਖਤੋਂ ਭਰਤ ਖੜਾਵਾਂ ਚੁੱਕੀਆਂ, ਵੱਡੇ ਭਰਾਤਾ ਨੂੰ ਰਾਜ ਬਿਠਾਵੇ।
ਦਿਲੋ ਜਾਨ ਨਾਲ ਕਰਦਾ ਸੇਵਾ, ਸਵਾਗਤ ਵਿਚ ਰੀਝ ਰਿਝਾਵੇ।
ਉੱਚੇ ਸਿੰਘਾਸਨ ਉੱਤੇ ਬਿਠਾਏ, ਮਰਿਯਾਦਾ ਪਰਸ਼ੋਤਮ ਰਾਮ।
ਝੁਕ ਨਮਸਕਾਰ ਕਰਦੇ ਦੇਵਤੇ, ਨਾਲੇ ਉਚਰਦੇ ਸਭ ਜੈ ਰਾਮ।

ਇਹ ਚਾਨਣ ਦਾ ਤਿਉਹਾਰ, ਇਉਂ ਲਿਖਿਆ ਵਿਚ ਇਤਿਹਾਸ।
ਸਿੱਖਾਂ ਦੇ ਤੀਸਰੇ ਪਾਤਿਸ਼ਾਹ, ਦਿਵਾਲੀ ਬੈਸਾਖੀ ਚੁਣ ਕੇ ਖਾਸ।
ਧਰਮ ਪ੍ਰਚਾਰ ਕੀਤਾ ਸ਼ੁਰੂ, ਗੁਰੂ ਅਮਰ ਦਾਸ ਨੇ ਮੰਜੀ ਥਾਪ।
ਆਉ ਸਿੱਖੋ ਰਲ ਨਾਮ ਜਪੋ, ਤਾਰੋ ਦੂਸਰੇ ਤਾਈਂ ਤੇ ਖੁਦ ਆਪ।

ਸ਼ਹੀਦ ਕਰ ਗੁਰੂ ਅਰਜਨ, ਜਹਾਂਗੀਰ ਲਾਏ ਜੁਰਮਾਨੇ ਭਾਰੀ।
ਬਾਲ ਗੁਰੂ ਹਰਗੋਬਿੰਦ ਤੋਂ, ਵੱਡੀ ਰਕਮ ਗਈ ਨਾ ਉਤਾਰੀ।
ਕਰ ਲਏ ਗ੍ਰਿਫ਼ਤਾਰ ਫਿਰ, ਸੁੱਟੇ ਕਿਲ੍ਹੇ ਗਵਾਲੀਅਰ ਦੀ ਜੇਲ੍ਹ।
ਢਿੱਲਾ ਹੋਏ ਜਹਾਂਗੀਰ ਤਾਂ, ਫ਼ਕੀਰ ਦੱਸਦਾ ਕੀ ਹੈ ਸਾਰਾ ਖੇਲ੍ਹ।

ਕਹੇ ਫ਼ਕੀਰ ਬਾਦਸ਼ਾਹ ਨੂੰ, 'ਸੱਚੇ ਪਾਤਸ਼ਾਹ ਨੂੰ ਕੀਤਾ ਤੂੰ ਕੈਦ।
ਬੇਕਸੂਰੇ ਨੂੰ ਤਸੀਹੇ ਦੇ ਕੇ, ਜਾਪੇ ਭੁੱਲ ਗਿਐਂ ਖੁਦਾ ਤੂੰ ਸ਼ਾਇਦ?
ਜੇ ਅਜ਼ਾਦ ਕਰ ਦੇਂ ਉਸਨੂੰ, ਤੇਰੇ ਮਾਫ਼ ਹੋ ਜਾਣ ਸਾਰੇ ਗੁਨਾਹ।
ਵਰਨਾ ਹੋ ਜਾਓ ਤਿਆਰ, ਕੁਦਰਤ ਕਰ ਨਾ ਦੇਵੇ ਫ਼ਨਾਹ।'

ਸੁਣਿਆ ਜਦੋਂ ਬਾਦਸ਼ਾਹ, ਦਰਬਾਰੀਆਂ ਨਾਲ ਕਰੇ ਸਲਾਹ।
ਛੱਡ ਦੇਈਏ ਦਰਵੇਸ਼ ਨੂੰ, ਤਾਂ ਕਿ ਬਚ ਜਾਈਏ ਹੋਣੋਂ ਤਬਾਹ।

ਸੋਚ ਸਮਝ ਵਿਚਾਰ ਕੇ, ਬਾਦਸ਼ਾਹ ਕਰ ਦਿੱਤਾ ਫੁਰਮਾਨ।
ਛੱਡ ਦਿੱਤੇ ਛੇਵੇਂ ਪਾਤਸ਼ਾਹ, 52 ਰਾਜੇ ਦੇ ਕੇ ਪੂਰਾ ਇੱਜ਼ਤ ਮਾਣ।

ਇੰਝ ਬੰਦੀ ਛੋੜ ਦੇ ਦਿਨ, ਗੁਰੂ ਜੀ ਪਹੁੰਚ ਗਏ ਅੰਮ੍ਰਿਤਸਰ।
ਸਿੱਖਾਂ ਦੀਪਮਾਲਾ ਕਰ ਕੇ, ਮਨਾਈ ਦਿਵਾਲ਼ੀ ਫਿਰ ਹਰ ਘਰ।
ਰਲ ਹਿੰਦੂ ਸਿੱਖ ਮਨਾਉਂਦੇ, ਜਗਮਗ ਕਰੇ ਸਿਫ਼ਤੀ ਦਾ ਘਰ।
ਮਜ਼੍ਹਬਾਂ ਦਾ ਹਨ੍ਹੇਰਾ ਦੂਰ ਕਰੇ, ਦਿਲਾਂ 'ਚ ਪਰਕਾਸ਼ ਜਾਵੇ ਭਰ।

***-ਸੇਵਾ ਸਿੰਘ " ਨੂਰਪੁਰੀ "***

### ਆਓ ਦੀਵਾਲੀ ਮਨਾਈਏ !

ਕੁਝ ਦੀਵੇ ਬਾਲੋ ਪਿਆਰਾਂ ਦੇ।
ਕੁਝ ਸੋਹਣੇ ਜੇਹੇ ਵਿਚਾਰਾਂ ਦੇ।

ਕੁਝ ਮੋਹ ਨਾਲ ਪੈਂਦੀ ਸਾਂਝ ਜੇਹੇ।
ਖੁਸ਼ੀਆਂ ਨੂੰ ਤੱਕਦੀ ਤਾਂਘ ਜੇਹੇ।

ਇਹ ਦੀਵੇ ਸਦਾ ਹੀ ਜਗਦੇ ਰਹਿਣ।
ਖੁਸ਼ੀਆਂ ਦੇ ਮੇਲੇ ਲਗਦੇ ਰਹਿਣ।

ਸਾੜੇ ਨੂੰ ਸਦਾ ਲਈ ਸਾੜ ਦਿਓ।
ਇਕ ਡੂੰਘੇ ਖੂਹ ਵਿਚ ਤਾੜ ਦਿਓ।
ਰੁੱਸਿਆਂ ਨੂੰ ਅੱਜ ਮਨਾਉਣ ਦਾ ਦਿਨ।
ਵੀ ਗੈਰਾਂ ਨੂੰ ਗਲ਼ ਲਾਉਣ ਦਾ ਦਿਨ।

ਏਥੇ ਡੇਰਾ ਸਦਾ ਨਾ ਰਹਿਣਾ ਏ।
ਮੁੜ ਆ ਕੇ ਕਿਸੇ ਨਾ ਕਹਿਣਾ ਏ:
'ਮੈਂ ਕੱਟੀ ਤੇਰੇ ਨਾਲ ਖੋਲ੍ਹਣੀ ਏ'
ਕਿਸੇ ਬਾਤ ਨਾ ਅੱਗੋਂ ਬੋਲਣੀ ਏ।

ਨਾ ਬੰਦਿਆ ਕੋਈ ਗੁਮਾਨ ਤੂੰ ਕਰ।
ਕਰ ਹੀਲਾ ਤੂੰ ਕੋਈ ਅਜਰ ਨੂੰ ਜਰ।

ਜਦ ਹੰਸ ਨੇ ਉਡ ਪੁੱਡ ਜਾਣਾ ਏ।
ਪਿੱਛੇ ਮਿੱਟੀ ਕੀੜਿਆਂ ਖਾਣਾ ਏ।

ਇਹ ਚਾਰ ਦਿਨਾਂ ਦਾ ਮੇਲਾ ਏ।
ਫੇਰ ਕੰਮ ਨਾ ਆਉਣਾ ਧੇਲਾ ਏ।

ਰਤਾ ਕੰਮ ਕਿਸੇ ਦੇ ਆ ਜਾਵੀਂ
ਡੂੰਘੀ ਯਾਦ ਦਾ ਬੂਟਾ ਲਾ ਜਾਵੀਂ
ਉੱਚੇ ਵੱਡੇ ਜੋ ਮਹਿਲ ਚੁਬਾਰੇ ਨੇ।
ਪੈਰੀਂ ਸੰਗਲ ਜਿੰਦ ਦੇ ਭਾਰੇ ਨੇ।

ਟੁੱਟ ਜਾਣ ਅਸਮਾਨ ਜੋ ਤਾਰੇ ਨੇ।
ਇਹ ਕੀਹਦੇ ਪਾਣੀਹਾਰੇ ਨੇ।

ਪੱਲੇ ਬੰਨ੍ਹ ਦਰਗਾਹੀ ਬੋਲਾਂ ਨੂੰ।
ਪਰ੍ਹਾਂ ਸੁੱਟ ਅਜਾਈਂ ਕਲੋਲਾਂ ਨੂੰ।

***-ਗੁਰਬਖ਼ਸ਼ ਸਿੰਘ 'ਨਾਕਾਮ'***

---

### ਰੌਸ਼ਨੀਆਂ ਦਾ ਤਿਉਹਾਰ

ਆਉ ਸਾਰੇ ਦੀਪ ਜਲਾਈਏ,
ਜਾਤ ਪਾਤ ਸਭ ਭੇਦ ਮਿਟਾ ਕੇ,
ਰੌਸ਼ਨੀਆਂ ਦਾ ਤਿਉਹਾਰ ਮਨਾਈਏ।

ਦੀਪ ਗਿਆਨ ਦਾ ਜਦੋਂ ਵੀ ਜਗਦਾ,
ਅੰਧਕਾਰ ਉਦੋਂ ਦੂਰ ਹੈ ਭੱਜਦਾ।
ਝੂਠ ਦੇ ਕਦੇ ਹੋਣ ਪੈਰ ਨਾ,
ਪਰ ਸੱਚ ਕੋਠੇ ਚੜ੍ਹ ਕੇ ਗੱਜਦਾ।

ਸਬਰ ਵਾਲਾ ਥੋੜ੍ਹਾ ਖਾ ਲੈਂਦਾ
ਪਰ ਲਾਲਚੀ ਕਦੇ ਨਾ ਰੱਜਦਾ
ਬੰਦੀ ਛੋੜ ਜਾਂ ਕਹੋ ਦੀਵਾਲੀ,
ਹੁੰਦੀ ਅੰਬਰਸਰ ਦੀ ਦੇਖਣ ਵਾਲੀ।

ਬਾਹਰ ਦੀਪ ਤਾਂ ਹਰ ਸਾਲ ਜਗਾਉਂਦੇ,
ਪਰ ਇਸ ਵਾਰ ਮਨ ਅੰਦਰ ਜਗਾਈਏ।
ਸਾਫ਼ ਵਾਤਾਵਰਨ ਵੀ ਬੜਾ ਜ਼ਰੂਰੀ
ਇਸ ਲਈ ਕੋਈ ਪਟਾਕਾ
ਨਾ ਚਲਾਉਣ ਦੀ,
ਸਾਰੇ ਮਿਲ ਕੇ ਸਹੁੰ ਅਸੀਂ ਖਾਈਏ।

ਪਟਾਕਿਆਂ ਦੇ ਨਾਲ ਪ੍ਰਦੂਸ਼ਣ ਹੁੰਦਾ,
ਇਹ ਗੱਲ ਹਰ ਇੱਕ ਨੂੰ ਸਮਝਾਈਏ।
ਪਟਾਕਿਆਂ ਦੀ ਜਗ੍ਹਾ ਬੂਟਾ ਲਾ ਕੇ,
ਪ੍ਰਦੂਸ਼ਣ ਮੁਕਤ ਦੀਵਾਲੀ ਮਨਾਈਏ।

***-ਰਜਵਿੰਦਰ ਪਾਲ ਸ਼ਰਮਾ***
***ਫੋਨ: 7087367969***

---

# ਮਨ ਮਸਤਕ ਹਨ ਦੋ ਜਣੇ...



ਅਵਤਾਰ ਸਿੰਘ
ਫੋਨ: 94175-18384

ਭਲੇ ਵੇਲਿਆਂ ਦੀ ਗੱਲ ਹੈ ਕਿ ਅੰਮ੍ਰਿਤਸਰ ਵਿਖੇ ਦੇਸ਼ ਦੇ ਵਖ-ਵਖ ਹਿੱਸਿਆਂ ਤੋਂ ਸਾਧੂ ਸੰਤ ਅਤੇ ਮਹਾਤਮਾ ਕਿਸਮ ਦੇ ਲੋਕ ਸਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਦਰਸ਼ਨ ਕਰਨ ਆਉਂਦੇ ਸਨ। ਉਹ ਕਈ-ਕਈ ਦਿਨ ਸ਼ਹਿਰ ਵਿਚ ਰੌਣਕ ਲਾਈ ਰਖਦੇ। ਉਨ੍ਹਾਂ ਵਿਚ ਕਈ ਵਿਦਵਾਨ ਪੰਡਤ ਵੀ ਹੁੰਦੇ ਸਨ ਤੇ ਉਹ ਕਿਤੇ ਵੀ ਬਹਿ ਕੇ ਬਾਣੀ ਦਾ ਵਖਿਆਨ ਸ਼ੁਰੂ ਕਰ ਦਿੰਦੇ। ਉਨ੍ਹਾਂ ਨੂੰ ਸੁਣਨ ਲਈ ਉਥੇ ਹੀ ਸੰਗਤ ਜੁੜ ਜਾਂਦੀ ਸੀ ਤੇ ਕਈ ਕਈ ਦਿਨ ਕਥਾ-ਵਾਰਤਾ ਦਾ ਸਿਲਸਿਲਾ ਜਾਰੀ ਰਹਿੰਦਾ। ਅੰਮ੍ਰਿਤਸਰ ਦਾ ਅਜਿਹਾ ਚਿਤਰ ਪ੍ਰੋ. ਪੂਰਨ ਸਿੰਘ ਨੇ ਆਪਣੀ ਇਕ ਕਹਾਣੀ 'ਮਰਮਰੀ ਬਾਵਾ' ਵਿਚ ਖਿਚਿਆ ਹੋਇਆ ਹੈ। ਇਹ ਕਹਾਣੀ ਵਿਸ਼ਵ ਦੀ ਕਹਾਣੀ ਦੇ ਹਾਣ ਦੀ ਹੈ।

ਭਾਈ ਧਰਮਾਨੰਤ ਸਿਘ ਨੇ ਵੀ ਅੰਮ੍ਰਿਤਸਰ ਦੀ ਇਕ ਘਟਨਾ ਲਿਖੀ ਹੈ ਕਿ ਇਕ ਪੰਡਤ ਜੀ ਆਏ ਹੋਏ ਸਨ ਤੇ ਸੁਖਮਨੀ ਸਾਹਿਬ ਦੀ ਕਥਾ ਕਰ ਰਹੇ ਸਨ। ਏਨੀ ਡੂੰਘੀ ਤੇ ਸੁੰਦਰ ਕਥਾ ਸੁਣਨ ਲਈ ਲੋਕ ਦੂਰ-ਦੂਰ ਤੋਂ ਆਉਣ ਲੱਗ ਪਏ ਤੇ ਦੀਵਾਨ ਸਜਣ ਲਗ ਪਿਆ।

ਉਨ੍ਹਾਂ ਦਿਨਾਂ ਵਿਚ ਅੰਗਰੇਜ਼ਾਂ ਨੇ ਸਾਡੇ ਮੁਲਕ ਦੀ ਸਾਂਝੀਵਾਲਤਾ ਵਿਚ ਜ਼ਹਿਰ ਦੇ ਤੁਪਕੇ ਘੋਲ ਦਿਤੇ ਸਨ, ਜਿਸਦਾ ਅਸਰ ਨੌਜਵਾਨਾਂ ਦੇ ਦਿਲਾਂ 'ਤੇ ਸਪਸ਼ਟ ਅਤੇ ਵਧੇਰੇ ਹੋ ਰਿਹਾ ਸੀ। ਪੰਡਤ ਜੀ ਦੀ ਸੋਭਾ ਸੁਣ ਕੇ ਖਾਲਸਾ ਕਾਲਜ ਦੇ ਕੁਝ ਵਿਦਿਆਰਥੀਆਂ ਦੇ ਖੂਨ-ਖੌਲਣ ਲੱਗੇ ਕਿ ਪੰਡਤ ਗੁਰਬਾਣੀ ਦੀ ਵਿਆਖਿਆ ਕਰ ਰਿਹਾ ਹੈ ਤੇ ਲੋਕ ਉਸਨੂੰ ਹੁਮ-ਹੁਮਾ ਕੇ ਸੁਣ ਵੀ ਰਹੇ ਹਨ। ਉਨ੍ਹਾਂ ਦੇ ਭਾਣੇ ਇਹ ਕੋਈ ਪੰਡਤ ਨਹੀਂ ਕੋਈ ਦੁਸ਼ਟ ਸੀ। ਇਸ ਲਈ ਇਕ ਦਿਨ ਉਹ ਇਕੱਠੇ ਹੋ ਕੇ ਆ ਗਏ ਤੇ ਅਬਾ-ਤਬਾ ਬੋਲ ਕੇ ਕਥਾ ਰੋਕ ਦਿਤੀ। ਪੰਡਤ ਜੀ ਚੁਪ ਕਰ ਗਏ ਤੇ ਗਹਿਰੀ ਸੋਚ ਵਿਚ ਉਤਰ ਗਏ। ਭਾਈ ਧਰਮਾਨੰਤ ਸਿੰਘ ਪੰਡਤ ਜੀ ਨੂੰ ਆਪਣੇ ਘਰ ਲੈ ਆਏ ਤੇ ਕਹਿਣ ਲੱਗੇ ਕਿ ਪੰਡਤ ਜੀ ਨਿਰਾਸ਼ ਨਾ ਹੋਣ-ਨੌਜਵਾਨਾਂ ਦਾ ਗਰਮ ਖੂਨ ਹੈ, ਜਲਦੀ ਠੰਡਾ ਹੋ ਜਾਵੇਗਾ। ਪੰਡਤ ਜੀ ਨੇ ਗਲ ਸੁਣੀ ਤੇ ਕਹਿਣ ਲੱਗੇ ਕਿ ਮੈਨੂੰ ਇਨ੍ਹਾਂ ਨੌਜਵਾਨਾਂ ਦੀ ਚਿੰਤਾ ਨਹੀਂ। ਬਲਕਿ ਮੈਨੂੰ ਚਿੰਤਾ ਹੈ ਕਿ ਆਉਣ ਵਾਲੇ ਸਮੇਂ ਵਿਚ ਇਹ ਨਫਰਤ ਵਿਦਵਾਨਾਂ ਦੇ ਦਿਮਾਗ ਵਿਚ ਘਰ ਕਰ ਜਾਣੀ ਹੈ, ਜਿਸਦਾ ਕੋਈ ਹੱਲ ਨਹੀਂ ਹੋਣਾ।

ਅੱਜ ਅਸੀਂ ਦੇਖ ਰਹੇ ਹਾਂ ਕਿ ਵਿਦਵਾਨਾਂ ਤੇ ਪ੍ਰਚਾਰਕਾਂ ਦੇ ਦਿਮਾਗ ਮਜ਼ਬੀ ਨਫਰਤ ਨਾਲ ਭਰੇ ਪਏ ਹਨ। ਜਦ ਇਹ ਵਿਦਵਾਨ ਬਾਣੀ ਦੀ ਵਿਆਖਿਆ ਕਰਦੇ ਹਨ ਤਾਂ ਇਨ੍ਹਾਂ ਦੇ ਅੰਦਰਲੀ ਨਫਰਤ ਆਪ-ਮੁਹਾਰੇ ਜਾਂ ਬੇਮੁਹਾਰੇ ਡੁੱਲ੍ਹਣ ਲੱਗ ਪੈਂਦੀ ਹੈ।

ਗੁਰਬਾਣੀ ਵਿਚ ਪੁਰਾਤਨ ਧਰਮਾਂ ਦੇ ਹਵਾਲੇ ਅਕਸਰ ਆਉਂਦੇ ਹਨ। ਇਨ੍ਹਾਂ ਵਿਚ ਕੁਝ ਥਾਵਾਂ 'ਤੇ ਇਹ ਹਵਾਲੇ ਪੁਰਾਤਨ ਧਰਮਾਂ ਵਿਚ ਆਈਆਂ ਕੁਰੀਤੀਆਂ ਦੀ ਕਾਂਟ-ਛਾਂਟ ਵਜੋਂ ਆਉਂਦੇ ਹਨ ਤੇ ਕਈ ਥਾਵਾਂ 'ਤੇ ਇਹ ਹਵਾਲੇ ਉਨ੍ਹਾਂ ਧਰਮਾਂ ਦੀਆਂ ਵਿਸ਼ੇਸ਼ਤਾਵਾਂ ਦੇ ਸੰਕੇਤ ਵੀ ਕਰਦੇ ਹਨ।

ਜਿਥੇ ਕਿਤੇ ਤਾਂ ਦੂਸਰੇ ਧਰਮਾਂ ਦੇ ਹਵਾਲੇ ਅਲੋਚਨਾ ਵਜੋਂ ਆਉਂਦੇ ਹਨ, ਉਥੋਂ ਤਾਂ ਇਹ ਮੰਨ ਲਿਆ ਜਾਂਦਾ ਹੈ ਕਿ ਹਾਂ ਇਸ ਹਵਾਲੇ ਦਾ ਅਰਥ ਇਹੀ (ਪਅਰਟਚਿਲਅਰ) ਧਰਮ, ਧਰਮ ਗ੍ਰੰਥ ਜਾਂ ਧਰਮ ਕਰਮ ਹੈ। ਪਰ ਜਿਥੇ ਕਿਤੇ ਕਿਸੇ ਧਰਮ ਦਾ ਹਵਾਲਾ ਪ੍ਰਸ਼ੰਸਾ ਵਜੋਂ ਜਾਂ ਹਾਮੀਪੂਰਵਕ ਹੁੰਦਾ ਹੈ ਉਥੇ ਉਸਦਾ ਅਰਥ ਇਸ ਤਰ੍ਹਾਂ ਕੀਤਾ ਜਾਂਦਾ ਹੈ ਕਿ ਨਹੀਂ, ਇਹ ਉਸ ਧਰਮ ਵਿਸ਼ੇਸ਼ ਦੀ ਗੱਲ ਜਾਂ ਹਵਾਲਾ ਨਹੀਂ, ਬਲਕਿ ਇਹ ਤਾਂ ਆਮ (ਗਏਨ-ਏਰਅਲ) ਗੱਲ ਹੈ।

ਗੁਰੂ ਨਾਨਕ ਦੇਵ 'ਜਪੁਜੀ' ਵਿਚ ਕਹਿੰਦੇ ਹਨ 'ਸੁਣਿਐ ਸਿਧ ਪੀਰ ਸੁਰਿ ਨਾਥ' ਸੁਣਨਾ ਇਕ ਸਰੀਰਕ ਕਿਰਿਆ ਹੈ। ਪਰ ਹਰ ਸਰੀਰਕ ਕਿਰਿਆ ਦੀਆਂ ਤੰਦਾਂ ਬੰਦੇ ਦੇ ਮਸਤਕ ਨਾਲ ਜੁੜੀਆਂ ਹੁੰਦੀਆਂ ਹਨ। ਇਸ ਲਈ ਕੰਨ ਵਿਚ ਪੈਣ ਵਾਲੀ ਹਰ ਧੁਨੀ ਦਾ ਮਸਤਕ ਹੀ ਵਿਸ਼ਲੇਸ਼ਣ ਅਤੇ ਸੰਸਲੇਸ਼ਣ ਕਰਦਾ ਹੈ।


ਕੋਈ ਵੀ ਖੜਾਕ ਹੋਵੇ ਮਸਤਕ ਉਸਨੂੰ ਜਾਨਣ ਦੀ ਕੋਸ਼ਿਸ਼ ਕਰਦਾ ਹੈ। ਉਹ ਹਰ ਖੜਾਕ ਨੂੰ ਪਹਿਲਾਂ ਸੁਣੇ ਹੋਏ ਖੜਾਕ ਨਾਲ ਮੇਲ ਕੇ ਦੇਖਦਾ ਹੈ ਕਿ ਉਹ ਕਿੰਨਾ ਮਿਲਦਾ ਹੈ ਤੇ ਕਿੰਨਾ ਨਹੀਂ ਮਿਲਦਾ। ਇਸ ਤੋਂ ਉਸਨੂੰ ਅੰਦਾਜ਼ਾ ਹੋ ਜਾਂਦਾ ਹੈ ਕਿ ਖੜਾਕ ਕਾਹਦਾ ਹੈ। ਰਸੋਈ ਵਿਚ ਕੰਮ ਕਰਦਿਆਂ ਕੋਈ ਭਾਂਡਾ ਹੱਥੋਂ ਛੁਟ ਜਾਵੇ ਤਾਂ ਸੁਣਨ ਵਾਲੇ ਨੂੰ ਪਤਾ ਲਗ ਜਾਂਦਾ ਹੈ ਕਿ ਚਮਚਾ ਡਿਗਿਆ ਹੈ ਜਾਂ ਕੜਛੀ, ਕੌਲੀ, ਕੱਪ, ਪਲੇਟ, ਥਾਲ, ਪਤੀਲਾ ਜਾਂ ਕੁਝ ਹੋਰ ਡਿਗਿਆ ਹੈ।

ਜੇ ਕੋਈ ਬੰਦਾ ਨੇਤਰਹੀਣ ਹੈ ਤਾਂ ਇਸਦਾ ਅਰਥ ਇਹ ਨਹੀਂ ਕਿ ਉਹ ਕੁਝ ਜਾਣ ਹੀ ਨਹੀਂ ਸਕਦਾ। ਉਹ ਆਪਣੇ ਕੰਨਾਂ ਦੀ ਵਰਤੋਂ ਕਰ ਕੇ ਉਹ ਸਭ ਕੁਝ ਜਾਣ ਸਕਦਾ ਹੈ, ਜੋ ਅੱਖਾਂ ਵਾਲੇ ਜਾਣ ਸਕਦੇ ਹਨ। ਹਰ ਸ਼ੋਰ, ਹਰ ਧੁਨੀ, ਹਰ ਸ਼ਬਦ, ਹਰ ਵਾਕ ਜਾਂ ਹਰ ਪਾਠ ਨੂੰ ਪਹਿਲਾਂ ਸੁਣੇ ਹੋਏ ਨਾਲ ਮੇਲ ਕੇ ਜਾਂ ਵੱਖ ਕਰ ਕੇ ਮਸਤਕ ਸਭ ਜਾਣ ਸਕਦਾ ਹੈ ਕਿ ਅਸਲ ਵਿਚ ਕੀ ਕਿਹਾ ਗਿਆ ਹੈ।

ਗੁਰੂ ਨਾਨਕ ਇਥੇ ਕੁਝ ਵੀ ਸੁਣਨ ਦੀ ਗੱਲ ਕਰਦੇ ਹਨ। ਕਿਉਂਕਿ ਜੋ ਕੁਝ ਵੀ ਕੋਈ ਸੁਣਦਾ ਹੈ ਉਸਦੀ ਪੁਣ-ਛਾਣ ਮਸਤਕ ਨੇ ਕਰ ਲੈਣੀ ਹੁੰਦੀ ਹੁੰਦੀ ਹੈ। ਕੰਨ ਤਾਂ ਮਹਿਜ਼ ਮਾਈਕ ਹਨ, ਜਿਨ੍ਹਾਂ ਦਾ ਕੰਮ ਸਿਰਫ ਏਨਾ ਹੈ ਕਿ ਉਹ ਹਰ ਧੁਨੀ ਤੇ ਹਰ ਸ਼ੋਰ ਨੂੰ ਮਸਤਕ ਤੱਕ ਪਹੁੰਚਾ ਦੇਣ। ਕੰਨ ਲਈ ਹਰ ਸ਼ਬਦ ਸਿਰਫ ਸ਼ੋਰ ਹੁੰਦਾ ਹੈ ਤੇ ਹਰ ਸ਼ੋਰ ਉਦੋਂ ਹੀ ਸ਼ਬਦ ਬਣਦਾ ਹੈ ਜਦ ਉਹ ਮਸਤਕ ਵਿਚ ਪੁਜਦਾ ਹੈ। ਕੰਨ ਲਈ ਸਭ ਕੁਝ ਸ਼ੋਰ ਹੈ ਤੇ ਮਸਤਕ ਲਈ ਸਭ ਕੁਝ ਸ਼ਬਦ ਹੈ।

ਇਸ ਲਈ ਮੇਰਾ ਵਿਚਾਰ ਹੈ ਕਿ 'ਜਪੁਜੀ' ਦੀ ਇਸ ਤੁਕ ਵਿਚ ਗੁਰੂ ਨਾਨਕ ਇਹ ਕਹਿਣਾ ਚਾਹ ਰਹੇ ਹਨ ਕਿ ਜੋ ਕੋਈ ਕੰਨਾਂ ਨਾਲ ਸੁਣੀ ਹਰ ਧੁਨੀ ਦਾ ਮਸਤਕ ਵਿਚ ਵਿਸ਼ਲੇਸ਼ਣ ਕਰ ਕੇ ਉਸਦਾ ਤੱਤ ਨਿਚੋੜ ਕੱਢਣ ਦੀ ਕੋਸ਼ਿਸ਼ ਕਰਦਾ ਰਹੇ ਤਾਂ ਉਹ ਪਰੰਪਰਾ ਵਿਚ ਜਾਣੇ ਜਾਂਦੇ ਸਿਧਾਂ, ਪੀਰਾਂ, ਸੁਰਾਂ ਤੇ ਨਾਥਾਂ ਜਿਹਾ ਹੋ ਸਕਦਾ ਹੈ।

ਦੇਖਣ ਵਾਲੀ ਗੱਲ ਇਹ ਹੈ ਕਿ ਪਰੰਪਰਾ ਵਿਚ ਸਿਧ, ਪੀਰ, ਸੁਰ ਅਤੇ ਨਾਥਾਂ ਦੀ ਬੜੀ ਮਾਨਤਾ ਰਹੀ ਹੈ। ਬੇਸ਼ਕ ਅਜਿਹੇ ਕਿਰਦਾਰ ਨਕਲੀ ਵੀ ਬੜੇ ਹੁੰਦੇ ਹਨ। ਸਾਨੂੰ ਇਹ ਵੀ ਪਤਾ ਹੈ ਕਿ ਨਕਲੀ ਗਹਿਣੇ ਸੋਨੇ ਚਾਂਦੀ ਦੇ ਹੀ ਹੁੰਦੇ



ਹਨ, ਲੋਹੇ ਦੇ ਨਹੀਂ। ਨਕਲੀ ਗਹਿਣੇ ਦੇਖ ਕੇ ਕੋਈ ਇਹ ਨਹੀਂ ਕਹਿ ਸਕਦਾ ਕਿ ਅਸਲੀ ਗਹਿਣੇ ਹੁੰਦੇ ਹੀ ਨਹੀਂ। ਨਕਲ ਸ਼ਬਦ ਹੀ ਦੱਸਦਾ ਹੈ ਕਿ ਕੁਝ ਅਸਲ ਵੀ ਹੁੰਦਾ ਹੈ। ਇਸ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਹਰ ਨਕਲ ਦੀ ਨਿੰਦਿਆ ਕੀਤੀ ਗਈ ਹੈ। ਪਰ ਅਸਲ ਦੀ ਨਿੰਦਿਆ ਕਿਤੇ ਵੀ ਨਹੀਂ ਕੀਤੀ ਗਈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਅਸਲੀ ਸਾਧੂ ਨੂੰ ਪਰਮਾਤਮਾ ਕਿਹਾ ਗਿਆ ਹੈ ਤੇ ਨਕਲੀ ਸਾਧੂ 'ਤੋਂ ਦੂਰ ਰਹਿਣ ਲਈ ਕਿਹਾ ਗਿਆ ਹੈ। ਇਸੇ ਲਈ ਕਬੀਰ ਕਹਿੰਦੇ ਹਨ: ਬੇਦ ਕਤੇਬ ਕਹਹੁ ਮਤ ਝੂਠੇ ਝੂਠਾ ਜੋ ਨ ਬਿਚਾਰੈ॥ ਜਿਹੜਾ ਕਿਸੇ ਧਰਮ ਗ੍ਰੰਥ ਨੂੰ ਪੜ੍ਹ ਸੁਣ ਕੇ ਵਿਚਾਰ ਨਹੀਂ ਕਰਦਾ ਉਹ ਝੂਠਾ ਹੈ।

ਜਿਹੜੇ ਨੇਤਰਹੀਣ ਹੋਣ, ਬੋਲੇ ਹੋਣ ਤੇ ਬੋਲ ਵੀ ਨਾ ਸਕਦੇ ਹੋਣ, ਉਹ ਵੀ ਸਪਰਸ਼ ਦੀ ਮੱਦਦ ਨਾਲ ਹਰ ਜਾਣਕਾਰੀ ਹਾਸਲ ਕਰ ਸਕਦੇ ਹਨ ਤੇ ਉਸ ਜਾਣਕਾਰੀ ਦੇ ਸਚ-ਝੂਠ ਦਾ ਫੈਸਲਾ ਆਪਣੇ ਮਸਤਕ ਦੀ ਵਰਤੋਂ ਨਾਲ ਕਰ ਸਕਦੇ ਹਨ। ਕਿਉਂਕਿ ਕੋਈ ਨੇਤਰਹੀਣ ਹੋ ਸਕਦਾ ਹੈ, ਬੋਲਾ ਹੋ ਸਕਦਾ ਹੈ ਤੇ ਬੋਲਹੀਣ ਹੋ ਸਕਦਾ ਹੈ। ਪਰ ਕਦੇ ਕੋਈ ਮਸਤਕਹੀਣ ਨਹੀਂ ਸੁਣਿਆ। ਹਾਂ, ਮਸਤਕ ਦੀ ਵਰਤੋਂ ਨਾ ਕਰਨ ਵਾਲੇ ਬਹੁਤ ਹਨ। ਮਸਤਕ ਦੀ ਸਹੀ ਵਰਤੋਂ ਕਰਨ ਦੇ ਕਾਬਲ ਸ਼ਾਇਦ ਕੋਈ ਕਰੋੜਾਂ ਵਿਚੋਂ ਇਕ ਹੀ ਹੁੰਦਾ ਹੈ। ਇਸ ਕਰ ਕੇ ਸੁਣਦੇ ਸਾਰੇ ਹਨ, ਪਰ ਸੁਣੇ ਹੋਏ ਨੂੰ ਜਾਣਨ ਤੇ ਬੁਝਣ ਦੀ ਕੋਸ਼ਿਸ਼ ਕੋਈ ਵਿਰਲਾ ਹੀ ਕਰਦਾ ਹੈ। ਸੁਣਨ ਲਈ ਸਮਾਂ ਨਹੀਂ ਲਗਦਾ, ਜਾਣਨ ਲਈ ਸਮਾਂ ਲਗਦਾ ਹੈ।

ਚਾਲੀ ਸਾਲ ਪਹਿਲਾਂ ਸੰਤ ਸਿੰਘ ਸੇਖੋਂ ਨੇ ਮੇਰੇ ਮਿਤਰ ਜਗਦੀਸ਼ ਤੇ ਮੈਨੂੰ ਲੁਧਿਆਣੇ ਬੈਠਿਆਂ ਇਹ ਗੱਲ ਕਹੀ ਸੀ ਕਿ ਗੁਰੂ ਤੇਗ ਬਹਾਦਰ ਨੇ ਜੋ 'ਜਗਤ ਮੈ ਝੂਠੀ ਦੇਖੀ ਪ੍ਰੀਤਿ' ਕਿਹਾ ਹੈ 'ਕੀ ਮਾਤਾ ਗੁਜਰੀ ਦੀ ਪ੍ਰੀਤ ਵੀ ਝੂਠੀ ਸੀ'? ਸੇਖੋਂ ਜੀ ਦੀ ਇਸ ਗੱਲ ਦੀ ਸਮਝ (ਸ਼ਾਇਦ) ਮੈਨੂੰ ਕੁਝ ਦਿਨ ਪਹਿਲਾਂ ਲੱਗੀ। ਜਦ ਮੈਂ ਉਸ ਗੱਲ ਨੂੰ ਭਾਈ ਕਪੂਰ ਸਿੰਘ ਦੀ ਕਿਸੇ ਗੱਲ ਨਾਲ ਜੋੜ ਕੇ ਦੇਖਿਆ। ਇਸ ਕਰਕੇ ਦੇਖਣ-ਸੁਣਨ ਨੂੰ ਸਮਾਂ ਨਹੀਂ ਲਗਦਾ, ਸਮਝਣ ਨੂੰ ਕਈ ਵਾਰੀ ਉਮਰ ਲਗ ਜਾਂਦੀ ਹੈ।

ਏਨਾ ਸਮਾਂ ਇਸ ਲਈ ਲਗਦਾ ਹੈ ਕਿਉਂਕਿ ਮਸਤਕ ਅਜ਼ਾਦ ਨਹੀਂ ਹੁੰਦਾ। ਮਨ ਹੀ ਇਸਦੀ ਮੱਤ ਮਾਰੀ ਰੱਖਦਾ ਹੈ। ਮਨ ਵਿਚ ਲਿਹਾਜ਼ ਅਤੇ ਨਫਰਤ ਦੇ ਦੋ ਭਾਵ ਬੜੇ ਹੀ ਪ੍ਰਬਲ ਰਹਿੰਦੇ ਹਨ ਤੇ ਹਮੇਸ਼ਾ ਰਹਿੰਦੇ ਹਨ। ਜਦ ਮਨ ਕਿਸੇ ਦੇ ਮਸਤਕ 'ਤੇ ਸਵਾਰ ਹੋਇਆ ਹੋਵੇ ਤਾਂ ਫੈਸਲੇ ਮਨ ਕਰਦਾ ਹੈ, ਮਸਤਕ ਨਹੀਂ। ਪਰ ਜੇ ਮਸਤਕ ਨੇ ਮਨ ਉਤੇ ਕਾਬੂ ਪਾਇਆ ਹੋਵੇ ਤਾਂ ਫੈਸਲੇ ਮਸਤਕ ਦੇ ਹੁੰਦੇ ਹਨ, ਮਨ ਦੇ ਨਹੀਂ। ਮਨ ਦੇ ਫੈਸਲੇ ਲਿਹਾਜ਼ ਅਤੇ ਨਫਰਤ ਵਿਚੋਂ ਲਏ ਜਾਂਦੇ ਹਨ ਤੇ ਮਸਤਕ ਦੇ ਫੈਸਲੇ ਨਫਰਤ ਅਤੇ ਲਿਹਾਜ਼ ਤੋਂ ਮੁਕਤ ਹੁੰਦੇ ਹਨ। ਇਹ ਗੱਲ ਕਹਿਣੀ ਜਿੰਨੀ ਸੌਖੀ ਹੈ, ਅਮਲ ਵਿਚ ਲਿਆਉਣੀ ਓਨੀ ਔਖੀ ਹੈ। ਜੇ ਮਨ ਉਤੇ ਕਾਬੂ ਪਾਉਣਾ ਸੌਖਾ ਹੁੰਦਾ ਤਾਂ ਗੁਰੂ ਤੇਗ ਬਹਾਦਰ ਇਹ ਨਾ ਕਹਿੰਦੇ 'ਮਾਈ ਮਨੁ ਮੇਰੋ ਬਸਿ ਨਾਹਿ।'

ਪ੍ਰਿੰਸੀਪਲ ਤੇਜਾ ਸਿੰਘ ਬਹੁਤ ਵੱਡੇ ਵਿਦਵਾਨ ਸਨ। ਉਨ੍ਹਾਂ ਨੇ ਜਪੁਜੀ ਦੇ ਅਰਥ ਲਿਖੇ। ਪਰ ਉਨ੍ਹਾਂ ਦੇ ਮਨ ਵਿਚ ਭਾਈ ਧਰਮਾਨੰਤ ਸਿੰਘ ਦੀ ਕਿਤਾਬ ਵਿਚ ਉਪਰ ਦੱਸੀ ਪੰਡਤ ਜੀ ਦੀ ਗੱਲ ਮੁਤਾਬਕ ਸ਼ਾਇਦ ਨਫਰਤ ਘਰ ਕਰ ਚੁਕੀ ਸੀ, ਜਿਸਤੋਂ ਉਹ (ਫਿਰ ਸ਼ਾਇਦ) ਮੁਕਤ ਨਾ ਹੋ ਸਕੇ ਤੇ ਲਿਖ ਦਿਤਾ: ਗੁਰੂ ਦੀ ਸਿਖਿਆ ਸੁਣਨ ਨਾਲ ਸਿਧਾਂ ਪੀਰਾਂ ਅਤੇ ਵਡੇ ਨਾਥਾਂ ਸਬੰਧੀ ਪਤਾ ਲਗ ਜਾਂਦਾ ਹੈ, ਕਿ ਉਹ ਕਿੰਨੇ ਕੁ ਪਾਣੀ ਵਿਚ ਹਨ। ਇਸਦੇ ਉਲਟ ਪ੍ਰਿੰਸੀਪਲ ਸਾਹਿਬ ਸਿੰਘ ਨੇ ਇਸੇ ਤੁਕ ਦੇ ਅਰਥ ਇਹ ਕੀਤੇ ਹਨ: ਨਾਮ ਹਿਰਦੇ ਵਿਚ ਟਿਕਣ ਦੀ ਬਰਕਤ ਹੈ ਕਿ (ਸਧਾਰਣ ਮਨੁਖ) ਸਿੱਧਾਂ, ਪੀਰਾਂ, ਦੇਵਤਿਆ ਤੇ ਨਾਥਾਂ ਦੀ ਪਦਵੀ ਪਾ ਲੈਂਦੇ ਹਨ। ਇਸ ਲਈ ਪਾਠਕ ਆਪ ਦੇਖ ਲੈਣ ਕਿ ਇਕ ਨਿਕੀ ਜਿਹੀ ਤੁਕ ਦੇ ਅਰਥਾਂ ਵਿਚ ਪ੍ਰਿੰਸੀਪਲ ਤੇਜਾ ਸਿੰਘ ਤੇ ਪ੍ਰਿੰਸੀਪਲ ਸਾਹਿਬ ਸਿੰਘ ਦੀ ਸਮਝ ਵਿਚ ਕਿੰਨਾ ਫਰਕ ਹੈ।

ਮੈਂ ਕਿਸੇ ਨੂੰ ਗਲਤ-ਠੀਕ ਨਹੀਂ ਕਹਿੰਦਾ। ਕਿਉਂਕਿ ਹਰ ਬੰਦਾ ਹਰ ਗੱਲ ਦੇ ਅਰਥ ਇਕੋ ਜਿਹੇ ਨਹੀਂ ਕਰ ਸਕਦਾ। ਹਰ ਬੰਦੇ ਦੀ ਮਨੋਦਸ਼ਾ ਆਪੋ-ਆਪਣੀ ਹੁੰਦੀ ਹੈ। ਇਸ ਲਈ ਹਰ ਕੋਈ ਹਰ ਗੱਲ ਨੂੰ ਆਪਣੀ ਮਨੋਦਸ਼ਾ ਦੇ ਹਿਸਾਬ ਨਾਲ ਹੀ ਦੇਖਦਾ, ਸਮਝਦਾ ਤੇ ਪਰਖਦਾ ਹੈ। ਬੰਦੇ ਦੀ ਸਮਝ 'ਤੇ ਇਸ ਗੱਲ ਦਾ ਬਹੁਤ ਅਸਰ ਹੁੰਦਾ ਹੈ ਕਿ ਕੋਈ ਕਿਸ ਘਰ ਵਿਚ ਜਨਮਿਆਂ, ਕਿਸ ਮਹੌਲੇ ਵਿਚ ਰਿਹਾ, ਕਿਸ ਸਕੂਲ ਕਾਲਜ ਤੇ ਯੂਨੀਵਰਸਿਟੀ ਵਿਚ ਪੜ੍ਹਿਆ, ਉਸਦੇ ਮਿਤਰ ਦੋਸਤ ਕਿਹਤੇ ਬਣੇ, ਉਸਦੇ ਰਿਸ਼ਤੇਦਾਰ ਕਿਹੋ ਜਿਹੇ ਹਨ, ਉਸਨੇ ਕਿਹੜੀਆਂ ਕਿਤਾਬਾਂ ਪੜ੍ਹੀਆਂ, ਉਹ ਕਿਹੜੇ ਵਿਦਵਾਨਾਂ ਦੇ ਸੰਪਰਕ ਵਿਚ ਆਇਆ ਤੇ ਉਸਦੇ ਨਿਜੀ ਅਤੇ ਅਨਿਜੀ ਜੀਵਨ ਵਿਚ ਕਿਹੋ ਜਿਹੀਆਂ ਘਟਨਾਵਾਂ ਘਟੀਆਂ। ਇਸ ਸਭ ਕਾਸੇ ਦੇ ਜਮਾਂ-ਘਟਾਉ ਦਾ ਨਤੀਜਾ ਹਰ ਕਿਸੇ ਦਾ ਆਪਣਾ ਹੁੰਦਾ ਹੈ। ਸ਼ਾਇਦ ਇਸ ਲਈ ਹੀ ਗੁਰੂ ਅਮਰਦਾਸ ਜੀ ਨੇ ਕਿਹਾ: ਕੋਇ ਨ ਕਿਸਹੀ ਜੇਹਾ ਉਪਾਇਆ॥

ਇਕਬਾਲ ਦਾ ਸ਼ੇਅਰ:

'ਅੱਛਾ ਹੈ ਦਿਲ ਕੇ ਸਾਥ ਰਹੇ ਪਾਸਬਾਨੇ ਅਕਲ।
ਲੇਕਿਨ ਕਭੀ ਕਭੀ ਇਸੇ ਤਨਹਾ ਭੀ ਛੋੜ ਦੇ।'

ਠੀਕ ਹੈ ਕਿ ਕਦੇ ਕਦੇ ਮਨ ਦੀ ਵੀ ਸੁਣ ਲੈਣੀ ਚਾਹੀਦੀ। ਪਰ ਮਨ ਸ਼ਰਾਰਤੀ ਬਹੁਤ ਹੈ। ਕੱਲਾ ਛੱਡਿਆ ਨਹੀਂ ਤੇ ਇਹਨੇ ਸ਼ਰਾਰਤ ਕੀਤੀ ਨਹੀਂ। ਬੇਸ਼ਕ ਹਰ ਸ਼ਰਾਰਤ ਮਨ ਹੀ ਕਰਦਾ ਹੈ। ਪਰ ਇਸਦੀ ਸ਼ਰਾਰਤ ਨੂੰ ਫਲ ਉਦੋਂ ਹੀ ਲਗਦਾ ਹੈ ਜਦ ਇਹ ਮਸਤਕ ਦੀ ਨਜ਼ਰ ਵਿਚ ਨਾ ਹੋਵੇ ਜਾਂ ਕਿਸੇ ਦਾ ਮਸਤਕ ਅਰਾਮ ਕਰ ਰਿਹਾ ਹੋਵੇ। ਇਸ ਲਈ ਮਸਤਕ ਹਮੇਸ਼ਾ ਚੌਕੰਨਾ ਰਹਿਣਾ ਚਾਹੀਦਾ ਹੈ ਤੇ ਮਨ ਇਸਦੀ ਨਜ਼ਰ ਵਿਚ ਰਹਿਣਾ ਚਾਹੀਦਾ ਹੈ। ਮਨ ਨੀਵਾਂ ਤੇ ਮੱਤ ਉਚੀ ਰੱਖਣ ਦਾ ਮਕਸਦ ਇਹੀ ਹੈ।

*(ਪਿਛਲੇ ਸਫੇ ਦਾ ਬਾਕੀ)*

ਭੁਲਨ ਨੇ ਉਨ੍ਹਾਂ ਨੂੰ ਪੇਂਟ ਅਤੇ ਬੁਰਸ਼ ਖਰੀਦਣ ਦਾ ਆਦੇਸ਼ ਦਿੱਤਾ। ਉਨ੍ਹਾਂ ਦਾ ਬਾਜ਼ਾਰ ਜਾਣ ਦਾ ਮਨ ਤਾਂ ਨਹੀਂ ਸੀ, ਪਰ ਗ੍ਰਹਿ ਮੰਤਰੀ ਦਾ ਆਦੇਸ਼ ਤਾਂ ਆਦੇਸ਼ ਹੁੰਦਾ ਹੈ।

ਇੱਕ ਆਗਿਆਕਾਰੀ ਪਤੀ ਦੇ ਨਾਤੇ ਭੁਲਨ ਬਾਬੂ ਬਾਜ਼ਾਰ ਤੋਂ ਪੇਂਟ ਅਤੇ ਇੱਕ ਬੁਰਸ਼ ਖਰੀਦ ਕੇ ਲਿਆਏ ਅਤੇ ਆਪਣੀ ਪਤਨੀ ਨੂੰ ਦਿੰਦੇ ਹੋਏ ਬੋਲੇ, "ਓ ਹੋ, ਬਹੁਤ ਥੱਕ ਗਿਆ ਹਾਂ... ਜ਼ਰਾ ਕੌਫੀ ਬਣਾ ਕੇ ਲਿਆ ਬਈ ... ਅਤੇ ਹਾਂ, ਮੈਨੂੰ ਕੰਧਾਂ 'ਤੇ ਪੇਂਟ ਕਰਨ ਲਈ ਕੋਈ ਮਜ਼ਦੂਰ ਨਹੀਂ ਮਿਲਿਆ।" ਭੁਲਨ ਬਾਬੂ ਦੀਆਂ ਗੱਲਾਂ 'ਤੇ ਉਂਗਲੀ ਫੇਰਦੇ ਹੋਏ ਸ਼੍ਰੀਮਤੀ ਭੁਲਨ ਨੇ ਰੋਮਾਂਟਿਕ ਢੰਗ ਨਾਲ ਕਿਹਾ, "ਓ ਜੀ, ਜਦੋਂ ਮਿਸਟਰ ਇੰਡੀਆ ਘਰ ਵਿਚ ਹੈ, ਤਾਂ ਮਜ਼ਦੂਰ ਦੀ ਕੀ ਲੋੜ ਹੈ? ਤੁਸੀਂ ਪੇਂਟ ਸ਼ੁਰੂ ਕਰੋ ਤੇ ਮੈਂ ਤੁਹਾਡੇ ਲਈ ਗਰਮਾ-ਗਰਮ ਕੌਫੀ ਬਣਾਉਂਦੀ ਹਾਂ।"

"ਮੈਂ... ਪੇਂਟ?" ਭੁਲਨ ਬਾਬੂ ਹੌਲੀ ਜਿਹੀ ਬੁੜਬੁੜਾਏ।

ਤਿੰਨ ਦਿਨਾਂ ਦੇ ਅੰਦਰ ਭੁਲਨ ਬਾਬੂ ਦੀ ਸਖਤ ਮਿਹਨਤ ਨਾਲ ਘਰ ਦੀਆਂ ਕੰਧਾਂ ਏਸ਼ੀਅਨ ਪੇਂਟਸ ਨਾਲ ਚਮਕਣ ਲੱਗ ਪਈਆਂ। "ਹਰ ਘਰ ਕੁਝ ਕਹਿੰਦਾ ਹੈ" ਦੀ ਤਰਜ਼ 'ਤੇ ਉਨ੍ਹਾਂ ਕੰਧਾਂ ਦੀ ਚਮਕ ਭੁਲਨ ਬਾਬੂ ਦੀ ਅੰਦਰਲੀ ਪੀੜ ਨੂੰ ਬਿਆਨ ਕਰ ਰਹੀ ਸੀ।

ਸਾਢੇ ਚਾਰ ਦਿਨਾਂ ਦੀ ਡਿਊਟੀ-ਐਟ-ਹੋਮ ਤੋਂ ਬਾਅਦ ਭੁਲਨ ਬਾਬੂ ਦਾ ਹਾਲ ਉਹੀ ਸੀ ਜੋ ਕਿਸੇ ਬਾਬੂ ਦਾ ਇੱਕ ਮਹੀਨੇ ਦੇ ਆਡਿਟ ਪਿੱਛੋਂ ਹੁੰਦਾ ਹੈ।

ਕੰਮ ਇੰਨਾ ਵਧ ਗਿਆ ਕਿ ਛੁੱਟੀ ਵਿਚ ਰਿਲੈਕਸ ਦੀ ਥਾਂ ਆਇਓਡੈਕਸ ਮਿਲਿਆ।

ਥੱਕੇ-ਹਾਰੇ ਹੋਏ ਉਹ ਬੁੜਬੁੜਾਏ, "ਸਾਡੇ ਪਤੀਆਂ ਦੀ ਵੀ ਅਲੱਗ ਪੀੜਾ ਹੈ। ਸਰਕਾਰੀ ਛੁੱਟੀ ਅਤੇ ਘਰ ਦੀ ਡਿਊਟੀ ਵਿਚ ਬਸ ਇਹੋ ਫਰਕ ਹੈ ਕਿ ਦਫਤਰ ਵਿਚ ਬੌਸ ਚੀਕਦਾ ਹੈ ਤੇ ਘਰ ਵਿਚ ਪਤਨੀ। ਓਥੇ ਫਾਈਲ ਪੂਰੀ ਕਰਨ ਦਾ ਦਬਾਅ ਹੈ, ਏਥੇ ਸਫਾਈ ਅਤੇ ਘਰੇਲੂ ਕੰਮ ਕਰਨ ਦਾ।"


ਦੀਵਾਲੀ ਦੀ ਰਾਤ ਆਈ ਤਾਂ ਭੁਲਨ ਬਾਬੂ ਥੱਕੇ ਹੋਏ ਸੋਫੇ 'ਤੇ ਹੀ ਲੇਟ ਗਏ।

ਸ਼੍ਰੀਮਤੀ ਭੁਲਨ ਉੱਚੀ ਆਵਾਜ਼ ਵਿਚ ਬੋਲੀ, "ਤੁਸੀਂ ਵੀ ਹੱਦ ਕਰਦੇ ਹੋ! ਮੌਕਾ ਮਿਲਿਆ ਨਹੀਂ ਕਿ ਤੁਸੀਂ ਦਫਤਰ ਸਮਝ ਕੇ ਆਰਾਮ ਕਰਨ ਲੱਗ ਪੈਂਦੇ ਹੋ। ਜਾਓ, ਡਿਉਢੀ 'ਤੇ ਦੀਵਾ ਜਗਾ ਕੇ ਆਓ।"

ਭੁਲਨ ਬਾਬੂ ਨੇ ਉਦਾਸ ਦਿਲ ਅਤੇ ਥੱਕੇ ਹੋਏ ਹੱਥਾਂ ਨਾਲ ਦੀਵਾ ਜਗਾਇਆ। ਬਾਹਰ ਹਲਕੀ-ਹਲਕੀ ਹਵਾ ਵਗ ਰਹੀ ਸੀ। ਟਿਮਟਿਮਾਉਂਦੇ ਦੀਵੇ ਅਤੇ ਉਹਦੀ ਲੋਅ ਵੇਖ ਕੇ ਇਉਂ ਲੱਗ ਰਿਹਾ ਸੀ ਜਿਵੇਂ ਦੀਵਾਲੀ ਦੀਆਂ ਛੁੱਟੀਆਂ ਦੌਰਾਨ ਘਰੇਲੂ ਕੰਮਾਂ ਦੇ ਬੋਝ ਤੋਂ ਦੁਖੀ ਭੁਲਨ ਬਾਬੂ ਦਾ ਦਿਲ ਵੀ ਦੀਵੇ ਦੇ ਨਾਲ-ਨਾਲ ਸੜ ਰਿਹਾ ਹੋਵੇ। ਉਹ ਮਨ ਹੀ ਮਨ ਸੋਚ ਰਹੇ ਸਨ, 'ਦੀਵੇ ਦੀ ਹਾਲਤ ਵੀ ਮੇਰੇ ਵਰਗੀ ਹੈ... ਆਫ਼ਿਸ ਦੀ ਡਿਊਟੀ ਤੋਂ ਬਚਣ ਲਈ ਛੁੱਟੀ ਦੌਰਾਨ ਘਰ ਵਾਲੀ ਡਿਊਟੀ ਤੋਂ ਪ੍ਰੇਸ਼ਾਨ, ਜਗਦਾ ਹੋਇਆ, ਪਰ ਫਿਰ ਵੀ, ਜਗਮਗਾਉਂਦਾ ਹੋਇਆ।'

ਦੀਵਾਲੀ 'ਤੇ ਦੇਰ ਰਾਤ ਤੱਕ ਜਾਗਣ ਤੋਂ ਬਾਅਦ, ਭੁਲਨ ਬਾਬੂ ਦੇ ਥੱਕੇ ਹੋਏ ਚਿਹਰੇ 'ਤੇ ਅਗਲੇ ਦਿਨ ਦਫ਼ਤਰ ਜਾਣ ਦੀ ਚਿੰਤਾ ਸਾਫ਼ ਦਿਖਾਈ ਦੇ ਰਹੀ ਸੀ। ਅਗਲੇ ਦਿਨ, ਭੁਲਨ ਬਾਬੂ ਦੁਪਹਿਰ ਵੇਲੇ ਆਪਣੀ ਦਫ਼ਤਰ ਦੀ ਕੁਰਸੀ 'ਤੇ ਊਂਘਣ ਲੱਗ ਪਏ। ਉਨ੍ਹਾਂ ਦੇ ਨੇੜੇ ਬੈਠਾ ਆਪਰੇਟਰ ਗੁਪਤਾ, ਉਨ੍ਹਾਂ ਨੂੰ ਵਾਰ-ਵਾਰ ਜਗਾਉਣ ਲਈ ਹਿਲਾਉਂਦਾ ਰਿਹਾ। ਉਨ੍ਹਾਂ ਨੇ ਕਈ ਵਾਰ ਉਠ ਕੇ ਮੂੰਹ ਧੋਤਾ, ਅੱਖਾਂ ਮਲੀਆਂ, ਪਰ ਦੀਵਾਲੀ ਦੀ ਥਕਾਵਟ ਉਨ੍ਹਾਂ ਨੂੰ ਸੌਣ ਲਈ ਮਜਬੂਰ ਕਰਦੀ ਰਹੀ। ਸਾਹਮਣੇ ਵਾਲੀ ਸੀਟ 'ਤੇ ਬੈਠੇ ਸ਼ਰਮਾ ਜੀ ਨੇ ਕਿਹਾ, "ਓਏ, ਭੁਲਨ ਬਾਬੂ, ਤੁਸੀਂ ਕਾਫ਼ੀ ਥੱਕੇ ਹੋਏ ਲੱਗ ਰਹੇ ਹੋ। ਜੇ ਤੁਹਾਡੀ ਸਿਹਤ ਠੀਕ ਨਹੀਂ ਹੈ, ਤਾਂ ਇੱਕ-ਦੋ ਦਿਨ ਦੀ ਛੁੱਟੀ ਲੈ ਕੇ ਘਰੇ ਆਰਾਮ ਕਰੋ।" ਭੁਲਨ ਬਾਬੂ ਨੂੰ ਸ਼ਰਮਾ ਦੀ ਸਲਾਹ ਪਸੰਦ ਆਈ ਅਤੇ ਉਨ੍ਹਾਂ ਨੇ ਦੋ ਦਿਨ ਦੀ ਛੁੱਟੀ ਲੈਣ ਦਾ ਫੈਸਲਾ ਕੀਤਾ। ਅਚਾਨਕ ਉਨ੍ਹਾਂ ਨੂੰ ਯਾਦ ਆਇਆ ਕਿ ਛੱਠ ਤਿਉਹਾਰ ਆ ਰਿਹਾ ਹੈ ਅਤੇ ਜੇ ਉਨ੍ਹਾਂ ਨੇ ਛੁੱਟੀ ਲੈ ਲਈ, ਤਾਂ ਉਨ੍ਹਾਂ ਨੂੰ ਵਰਕ-ਐਟ-ਹੋਮ ਕਰਨਾ ਪੈ ਸਕਦਾ ਹੈ! ਛੁੱਟੀ ਵਿਚ ਘਰ ਦੀ ਕਲਪਨਾ ਨਾਲ ਹੀ ਉਹ ਕੰਬਣ ਲੱਗੇ। ਹੁਣ ਉਨ੍ਹਾਂ ਦੀ ਨੀਂਦ ਗਾਇਬ ਹੋ ਗਈ ਸੀ ਅਤੇ ਉਹ ਫਾਈਲਾਂ ਵਿਚ ਆਪਣੇ ਕੰਮ ਵਿਚ ਜੁਟ ਗਏ।

# ਇੱਕ ਵਿਚਾਰ : ਵਹਿਮ ਭਰਮ



ਹਰਦੀਪ ਸਿੰਘ ਸੋਢੀ
ਫੋਨ: 480-794-0325

ਬਖਤੌਰ ਸੋਚ ਕਹਿੰਦਾ ਕੇਸ ਕੱਟੇ ਤਾਂ ਕੀ ਹੋ ਗਿਆ ਅੰਦਰੋਂ ਤਾਂ ਮੈਂ ਸਿੱਖ ਹੀ ਹਾਂ, ਮਖਿਆ ਹਾਸਾ ਆਉਂਦੈ ਤੇਰੀ ਅਜਿਹੀ ਅਕਲ ਉਤੇ। ਸਿੱਖ ਮੋਰਚਿਆਂ ਵਿਚ ਭੱਜ-ਭੱਜ ਕੇ ਸਿੱਖ ਕੈਦੀਆਂ ਨੂੰ ਲੰਗਰ ਛਕਾਉਣ ਵਾਲੇ ਸ਼ਹੀਦ ਭਗਤ ਸਿੰਘ ਨੂੰ ਇੱਕ ਵਾਰ ਮਜਬੂਰੀ ਵਿਚ ਕੇਸ ਕਟਾਉਣ 'ਤੇ ਅਗਲਿਆਂ ਨੇ ਕਾਮਰੇਡ+ਆਰੀਆ ਸਮਾਜੀ ਬਣਾ ਦਿੱਤਾ ਜੋ ਹਰ ਚਿੱਠੀ ੧੯ ਨਾਲ ਸ਼ੁਰੂ ਕਰਦਾ ਸੀ ਉਸ ਨੂੰ ਓਮ ਨਾਲ ਚਿੱਠੀਆਂ ਲਿਖਣ ਲਾ ਦਿੱਤਾ, ਉਸ 'ਤੇ ਆਰੀਆ ਸਮਾਜੀ ਦਾ ਲੇਬਲ ਵੀ ਲਾ ਦਿੱਤਾ।

ਜਿੱਥੇ ਕਿਤੇ ਵੀ ਸ਼ਹੀਦ ਭਗਤ ਸਿੰਘ ਦਾ ਬੁੱਤ ਦਿਸੇ, ਉਸ ਨੂੰ ਬਾਉ ਬਣਾ ਕੇ ਪੇਸ਼ ਕੀਤਾ ਹੋਇਆ ਹੈ ਅਗਲਿਆਂ ਨੇ ਤੇ ਅਸੀਂ ਸੋਚਦੇ ਹਾਂ ਅਸੀਂ ਰੋਜ਼-ਰੋਜ਼ ਕੇਸ ਕਟਵਾ ਕੇ ਸਿੱਖ ਹੀ ਰਹਾਂਗੇ, ਇਹ ਸਾਡਾ ਬਹੁਤ ਵੱਡਾ ਵਹਿਮ ਹੈ। ਸਿੱਖ ਕੌਮ ਦਾ ਪੱਖ ਜਾਂ ਸਿੱਖੀ ਦੇ ਸਹੀ ਅਰਥ ਜਾਣਨਾ ਚਾਹੁੰਦੇ ਹੋ ਤਾਂ ਸ਼ਹੀਦ ਭਾਈ ਤਾਰੂ ਸਿੰਘ ਜੀ ਦੀ ਜੀਵਨੀ ਪੜ੍ਹੋ, ਸ਼ਹੀਦ



ਬਾਬਾ ਬੋਤਾ ਸਿੰਘ, ਬਾਬਾ ਗਰਜਾ ਸਿੰਘ ਜੀ ਦਾ ਜੀਵਨ ਪੜ੍ਹੋ ਤਾਂ ਜੋ ਸ਼ਾਇਦ ਸਾਡੇ ਅੰਦਰ ਮਰ ਰਹੀ ਸਿੱਖੀ ਜੀਵਤ ਹੋਣਾ ਸ਼ੁਰੂ ਕਰ ਦੇਵੇ। (ਵੈਸੇ ਤਾਂ ਸਿੱਖ ਕੌਮ ਵਿਚ ਸਿੱਖੀ ਤੋਂ ਕੁਰਬਾਨ ਹੋਣ ਵਾਲੇ ਗੁਰੂ ਪਿਆਰਿਆਂ ਦੀ ਗਿਣਤੀ ਕਰੋੜਾਂ ਵਿਚ ਹੈ)

# ਆਵਾਰਾ ਪਸ਼ੂ ਅਤੇ ਸੜਕ ਹਾਦਸੇ: ਚਿੰਤਾ ਤੇ ਚਿੰਤਨ ਦਾ ਸਮਾਂ

ਸੜਕਾਂ ਉੱਪਰ ਆਵਾਰਾ ਪਸ਼ੂਆਂ ਕਾਰਨ ਹੋਣ ਵਾਲੇ ਸੜਕ ਹਾਦਸੇ ਅੱਜ ਦੇਸ਼ ਵਿਚ ਗੰਭੀਰ ਸਮੱਸਿਆ ਬਣ ਗਈ ਹੈ, ਜੋ ਮਨੁੱਖੀ ਤੇ ਪਸ਼ੂ ਦੋਵੇਂ ਜੀਵਨਾਂ ਨੂੰ ਪ੍ਰਭਾਵਿਤ ਕਰ ਰਹੇ ਹਨ। ਦੁਨੀਆ ਭਰ ਵਿਚ ਹਰ ਸਾਲ ਹਜ਼ਾਰਾਂ ਹਾਦਸੇ ਅਚਾਨਕ ਸੜਕ 'ਤੇ ਆਏ ਪਸ਼ੂਆਂ ਕਾਰਨ ਹੁੰਦੇ ਹਨ, ਜਿਨ੍ਹਾਂ ਵਿਚ ਕਈ ਜਾਨਾਂ ਜਾਂਦੀਆਂ ਹਨ, ਲੋਕ ਜ਼ਖ਼ਮੀ ਹੁੰਦੇ ਹਨ ਤੇ ਆਰਥਿਕ ਨੁਕਸਾਨ ਵੀ ਹੁੰਦਾ ਹੈ। ਵਿਸ਼ਵ ਸਿਹਤ ਸੰਗਠਨ ਦੇ ਅੰਦਾਜ਼ੇ ਮੁਤਾਬਕ ਹਰ ਸਾਲ ਲਗਭਗ 1.3 ਮਿਲੀਅਨ ਲੋਕ ਸੜਕ ਹਾਦਸਿਆਂ 'ਚ ਮਰਦੇ ਹਨ, ਜਿਨ੍ਹਾਂ 'ਚੋਂ ਕਈ ਹਜ਼ਾਰ ਮੌਤਾਂ ਪਸ਼ੂਆਂ ਨਾਲ ਟੱਕਰ ਹੋਣ ਕਰਕੇ ਹੁੰਦੀਆਂ ਹਨ।



ਬਲਵੀਰ ਸਿੰਘ ਸਿੱਧੂ
ਫੋਨ: 95013-01931

ਪੰਜਾਬੀ ਗਾਇਕ ਰਾਜਵੀਰ ਜਵੰਦਾ ਦਾ 8 ਅਕਤੂਬਰ 2025 ਨੂੰ ਦੇਹਾਂਤ ਹੋ ਗਿਆ। ਉਹ ਪਿਛਲੇ ਲਗਭਗ ਦੋ ਹਫ਼ਤਿਆਂ ਤੋਂ ਜ਼ਿੰਦਗੀ ਤੇ ਮੌਤ ਦੇ ਵਿਚਕਾਰ ਜੰਗ ਲੜ ਰਹੇ ਸਨ। 27 ਸਤੰਬਰ ਨੂੰ ਹਿਮਾਚਲ ਪ੍ਰਦੇਸ਼ ਦੇ ਸੋਲਨ ਜ਼ਿਲ੍ਹੇ ਦੇ ਬੱਦੀ ਨੇੜੇ ਉਹ ਆਪਣੀ ਮੋਟਰਸਾਈਕਲ 'ਤੇ ਸ਼ਿਮਲਾ ਵੱਲ ਜਾ ਰਹੇ ਸਨ, ਜਦੋਂ ਸੜਕ 'ਤੇ ਅਚਾਨਕ ਆਏ ਆਵਾਰਾ ਪਸ਼ੂ ਨਾਲ ਟੱਕਰ ਹੋ ਗਈ।

ਵਿਕਾਸਸ਼ੀਲ ਦੇਸ਼ਾਂ ਵਿਚ ਸੜਕ ਪ੍ਰਬੰਧਨ ਕਮਜ਼ੋਰ ਹੋਣ, ਫੈਂਸਿੰਗ ਦੀ ਕਮੀ ਅਤੇ ਪਸ਼ੂ ਨਿਯੰਤਰਣ ਪ੍ਰਣਾਲੀ ਢਿੱਲੀ ਹੋਣ ਕਾਰਨ ਆਵਾਰਾ ਪਸ਼ੂਆਂ ਨਾਲ ਹੋਣ ਵਾਲੇ ਹਾਦਸੇ ਗੰਭੀਰ ਸਮੱਸਿਆ ਬਣ ਗਏ ਹਨ। ਭਾਰਤ ਵਿਚ ਗਾਵਾਂ, ਸਾਨ੍ਹ, ਬਲਦ ਤੇ ਕੁੱਤੇ ਵਰਗੇ ਆਵਾਰਾ ਪਸ਼ੂ ਹਰ ਸਾਲ ਹਜ਼ਾਰਾਂ ਹਾਦਸਿਆਂ ਦਾ ਕਾਰਨ ਬਣਦੇ ਹਨ। ਸੜਕ ਪਰਿਵਹਨ ਅਤੇ ਰਾਜਮਾਰਗ ਮੰਤਰਾਲੇ ਦੇ ਅੰਕੜਿਆਂ ਮੁਤਾਬਕ, ਸਾਲ 2022 ਵਿਚ ਹੀ ਆਵਾਰਾ ਪਸ਼ੂਆਂ ਕਾਰਨ 4,000 ਤੋਂ ਵੱਧ ਹਾਦਸੇ ਅਤੇ 500 ਤੋਂ ਵੱਧ ਮੌਤਾਂ ਦਰਜ ਕੀਤੀਆਂ ਗਈਆਂ। ਇਹ ਸਿਰਫ਼ ਜਾਨੀ ਨੁਕਸਾਨ ਨਹੀਂ ਦਿਖਾਉਂਦੇ, ਸਗੋਂ ਸ਼ਹਿਰੀ ਯੋਜਨਾ, ਪਸ਼ੂ ਕਲਿਆਣ ਅਤੇ ਨੀਤੀ ਲਾਗੂ ਕਰਨ ਦੀਆਂ ਕਮਜ਼ੋਰੀਆਂ ਵੀ ਉਜਾਗਰ ਕਰਦੇ ਹਨ। ਪੰਜਾਬ ਵਿਚ ਇਹ ਸਮੱਸਿਆ ਵਿਸ਼ੇਸ਼ ਤੌਰ 'ਤੇ ਗੰਭੀਰ ਰੂਪ ਧਾਰ ਚੁੱਕੀ ਹੈ। ਤੇਜ਼ੀ ਨਾਲ ਵੱਧਦੇ ਸ਼ਹਿਰੀਕਰਨ ਅਤੇ ਚਾਰਗਾਹਾਂ ਦੇ ਘਟਣ ਨਾਲ ਪਸ਼ੂ ਸੜਕਾਂ ਤੇ ਹਾਈਵੇਅਜ਼ ਉੱਤੇ ਆ ਰਹੇ ਹਨ। ਅਧਿਐਨ ਦਰਸਾਉਂਦੇ ਹਨ ਕਿ ਪੰਜਾਬ ਵਿਚ ਹਰ ਮਹੀਨੇ ਲਗਭਗ 31 ਲੋਕ ਆਵਾਰਾ ਪਸ਼ੂਆਂ ਨਾਲ ਟੱਕਰਾਂ ਕਾਰਨ ਮਰਦੇ ਹਨ, ਅਤੇ 2020 ਤੋਂ 2022 ਦਰਮਿਆਨ ਅਜਿਹੇ ਹਾਦਸਿਆਂ ਵਿਚ 35 ਪ੍ਰਤੀਸ਼ਤ ਵਾਧਾ ਦਰਜ ਕੀਤਾ ਗਿਆ ਹੈ। ਪੰਜਾਬ ਵਿਚ ਆਵਾਰਾ ਪਸ਼ੂਆਂ ਕਰਕੇ ਹੋਣ ਵਾਲੇ ਸੜਕ ਹਾਦਸਿਆਂ ਦਾ ਮਾਮਲਾ ਕਈ ਸਾਲਾਂ ਤੋਂ ਵਧ ਰਿਹਾ ਹੈ, ਪਰ ਪੰਜਾਬੀ ਗਾਇਕ ਰਾਜਵੀਰ ਜਵੰਦੇ ਦੀ ਦੁੱਖਦਾਈ ਮੌਤ ਨੇ ਇੱਕ ਵਾਰ ਫਿਰ ਲੋਕਾਂ ਦਾ ਧਿਆਨ ਖਿੱਚਿਆ ਹੈ। ਹਾਲਾਂਕਿ ਅਜਿਹੇ ਹਾਦਸਿਆਂ ਵਿਚ ਹਰ ਰੋਜ਼ ਕਈ ਲੋਕ ਮਰਦੇ ਜਾਂ ਜ਼ਖ਼ਮੀ ਹੁੰਦੇ ਹਨ, ਪਰ ਇਹ ਸਮੱਸਿਆ ਅਕਸਰ ਅਣਦੇਖੀ ਰਹਿ ਜਾਂਦੀ ਹੈ ਕਿਉਂਕਿ ਬਹੁਤ ਸਾਰੇ ਮਾਮਲੇ ਢੰਗ ਨਾਲ ਰਿਪੋਰਟ ਨਹੀਂ ਹੁੰਦੇ ਜਾਂ ਉਨ੍ਹਾਂ ਦੀ ਐਫ਼ਆਈਆਰ ਹੀ ਨਹੀਂ ਦਰਜ ਹੁੰਦੀ। ਇਸ ਦੇ ਬਾਵਜੂਦ, ਪ੍ਰਸ਼ਾਸਨਿਕ ਪੱਧਰ ਉੱਪਰ ਇਸ ਵਧ ਰਹੀ ਸਮੱਸਿਆ ਵੱਲ ਧਿਆਨ ਘੱਟ ਹੈ। ਇਹ ਹਾਦਸੇ ਸਿਰਫ਼ ਪਿੰਡਾਂ ਤੱਕ ਸੀਮਿਤ ਨਹੀਂ ਰਹੇ, ਸ਼ਹਿਰੀ ਇਲਾਕਿਆਂ ਵਿਚ ਵੀ ਆਮ ਹੋ ਚੁੱਕੇ ਹਨ। ਖ਼ਾਸ ਕਰਕੇ ਮਾਲਵਾ ਖੇਤਰ ਵਿਚ ਸਭ ਤੋਂ ਵੱਧ ਹਾਦਸਿਆਂ ਵਾਲੇ ਹਾਟਸਪਾਟ ਦਰਜ ਕੀਤੇ ਗਏ ਹਨ। ਰਾਤ ਦੇ ਸਮੇਂ, ਮਾਨਸੂਨੀ ਮੌਸਮ ਤੇ ਸਰਦੀਆਂ ਦੀ ਧੁੰਦ ਕਾਰਨ ਦਿੱਖ ਘਟਣ ਨਾਲ ਟੱਕਰਾਂ ਦੀ ਸੰਭਾਵਨਾ ਹੋਰ ਵੱਧ ਜਾਂਦੀ ਹੈ। ਇਹ ਸਥਿਤੀ ਸਪੱਸ਼ਟ ਦਿਖਾਉਂਦੀ ਹੈ ਕਿ ਆਵਾਰਾ ਪਸ਼ੂ ਹੁਣ ਸਿਰਫ਼ ਸਫ਼ਾਈ ਜਾਂ ਪਸ਼ੂ ਕਲਿਆਣ ਦੀ ਸਮੱਸਿਆ ਨਹੀਂ ਰਹੇ, ਇਹ ਸੜਕ ਸੁਰੱਖਿਆ ਤੇ ਜਨ ਸੁਰੱਖਿਆ ਨਾਲ ਜੁੜੀ ਇਕ ਗੰਭੀਰ ਚੁਣੌਤੀ ਬਣ ਚੁੱਕੇ ਹਨ। ਵਧਦੇ ਅੰਕੜੇ ਤੇ ਹਾਲੀਆ ਹਾਦਸੇ ਇਹ ਸੰਕੇਤ ਦੇ ਰਹੇ ਹਨ ਕਿ ਸੜਕਾਂ ਦੀ ਸੁਰੱਖਿਆ ਸਿਰਫ਼ ਟ੍ਰੈਫਿਕ ਨਿਯਮਾਂ ਤੱਕ ਸੀਮਿਤ ਨਹੀਂ, ਸਗੋਂ ਇਹ ਸਮਾਜਿਕ ਤੇ ਪ੍ਰਸ਼ਾਸਨਿਕ ਜ਼ਿੰਮੇਵਾਰੀ ਦਾ ਮਾਮਲਾ ਹੈ। ਹੁਣ ਸਮਾਂ ਆ ਗਿਆ ਹੈ ਕਿ ਇਸ ਵਧ ਰਹੀ ਸਮੱਸਿਆ ਦੇ ਮੂਲ ਕਾਰਨਾਂ ਨੂੰ ਵਿਗਿਆਨਕ ਢੰਗ ਨਾਲ ਸਮਝਿਆ ਜਾਵੇ ਅਤੇ ਨੀਤੀ ਪੱਧਰ 'ਤੇ ਢੰਗ ਨਾਲ ਹੱਲ ਖੋਜਿਆ ਜਾਵੇ।

ਸੜਕਾਂ 'ਤੇ ਆਵਾਰਾ ਪਸ਼ੂਆਂ ਦੀ ਵਧਦੀ ਗਿਣਤੀ ਦੇ ਪਿੱਛੇ ਕਈ ਸਮਾਜਿਕ, ਆਰਥਿਕ ਤੇ ਪ੍ਰਸ਼ਾਸਨਿਕ ਕਾਰਨ ਹਨ ਜੋ ਆਪਸ ਵਿਚ ਗਹਿਰੇ ਤੌਰ 'ਤੇ ਜੁੜੇ ਹੋਏ ਹਨ। ਸ਼ਹਿਰੀਕਰਨ ਤੇਜ਼ੀ ਨਾਲ ਵਧਣ ਨਾਲ ਪਿੰਡਾਂ ਤੇ ਅਰਧ-ਸ਼ਹਿਰੀ ਖੇਤਰਾਂ ਦੇ ਚਾਰਗਾਹ ਤੇ ਕੁਦਰਤੀ ਆਵਾਸ ਖਤਮ ਹੋ ਰਹੇ ਹਨ, ਜਿਸ ਕਰਕੇ ਗਾਵਾਂ, ਸਾਨ੍ਹ, ਬਲਦ ਤੇ ਕੁੱਤੇ ਖਾਣ-ਪੀਣ ਦੀ ਖੋਜ ਵਿਚ ਸੜਕਾਂ ਤੇ ਹਾਈਵੇਅਜ਼ ਵੱਲ ਆ ਰਹੇ ਹਨ। ਇਸ ਦੇ ਨਾਲ ਹੀ ਨਗਰ ਨਿਗਮਾਂ ਅਤੇ ਪੰਚਾਇਤਾਂ ਕੋਲ ਪਸ਼ੂ ਨਿਯੰਤਰਣ ਲਈ ਸੰਸਾਧਨ ਘੱਟ ਹਨ, ਨਸਬੰਦੀ ਮੁਹਿੰਮਾਂ ਅਧੂਰੀਆਂ ਹਨ ਅਤੇ ਗਊਸ਼ਾਲਾਵਾਂ ਦੀ ਵੱਡੀ ਘਾਟ ਹੈ, ਜਿਸ ਨਾਲ ਛੱਡੇ ਗਏ ਪਸ਼ੂ ਮੁੜ ਸੜਕਾਂ ਉੱਪਰ ਆ ਜਾਂਦੇ ਹਨ। ਧਾਰਮਿਕ ਤੇ ਸਮਾਜਿਕ ਤੱਤ ਵੀ ਇਸ ਸਮੱਸਿਆ ਨੂੰ ਗੰਭੀਰ ਬਣਾਉਂਦੇ ਹਨ; ਭਾਰਤ ਵਿਚ ਗਾਂ ਨੂੰ ਪਵਿੱਤਰ ਮੰਨਣ ਕਾਰਨ ਲੋਕ ਉਨ੍ਹਾਂ ਨੂੰ ਮਾਰਨ ਜਾਂ ਬੰਨ੍ਹ ਕੇ ਰੱਖਣ ਤੋਂ ਹਿਚਕਿਚਾਉਂਦੇ ਹਨ, ਜਦਕਿ ਕਈ ਮੰਦਰ ਤੇ ਸੰਸਥਾਵਾਂ ਪਸ਼ੂਆਂ ਨੂੰ ਖਾਣਾ ਖਵਾਉਣ ਨੂੰ ਦਾਨ ਮੰਨਦੀਆਂ ਹਨ। ਇਹ ਦਇਆਮਈ ਰਵੱਈਆ ਜਦ ਨਿਯੰਤਰਣ ਪ੍ਰਣਾਲੀ ਨਾਲ ਨਾ ਜੋੜਿਆ ਜਾਵੇ ਤਾਂ ਗਿਣਤੀ ਬੇਕਾਬੂ ਕਰ ਦਿੰਦਾ ਹੈ। ਰਾਜਨੀਤਿਕ ਪੱਧਰ 'ਤੇ ਇਸ ਵਿਸ਼ੇ ਦੀ ਸੰਵੇਦਨਸ਼ੀਲਤਾ ਕਾਰਨ ਸਖ਼ਤ ਕਦਮ ਚੁੱਕਣ ਤੋਂ ਪਰਹੇਜ਼ ਕੀਤਾ ਜਾਂਦਾ ਹੈ, ਜਿਸ ਨਾਲ ਨੀਤੀਆਂ ਕਾਗਜ਼ੀ ਰਹਿ ਜਾਂਦੀਆਂ ਹਨ। ਇਸਦੇ ਨਾਲ ਘੱਟ ਉਤਪਾਦਕਤਾ ਤੇ ਆਰਥਿਕ ਪ੍ਰੇਰਣਾ ਦੀ ਕਮੀ ਵੀ ਵੱਡਾ ਕਾਰਨ ਹੈ; ਦੇਸੀ ਗਾਵਾਂ ਦੀ ਦੁੱਧ ਉਤਪਾਦਨ ਸਮਰੱਥਾ ਘੱਟ ਹੋਣ, ਪੋਸ਼ਣ ਤੇ ਸਿਹਤ ਸੰਭਾਲ ਦੀ ਕਮੀ ਕਾਰਨ ਕਈ ਪਸ਼ੂ ਮਾਲਕ ਬੇਉਤਪਾਦਕ ਜਾਂ ਬਿਮਾਰ ਪਸ਼ੂਆਂ ਨੂੰ ਛੱਡ ਦਿੰਦੇ ਹਨ। ਬਿਮਾਰੀਆਂ ਜਿਵੇਂ ਰੇਬੀਜ਼, ਚਮੜੀ ਤੇ ਪਰਜੀਵੀ ਰੋਗ ਉਨ੍ਹਾਂ ਨੂੰ ਹੋਰ ਕਮਜ਼ੋਰ ਕਰਦੀਆਂ ਹਨ ਅਤੇ ਉਤਪਾਦਕਤਾ ਘਟਾਉਂਦੀਆਂ ਹਨ। ਇਹ ਸਾਰੇ ਤੱਤ ਮਿਲ ਕੇ ਇੱਕ ਗੁੰਝਲਦਾਰ ਸਮੱਸਿਆ ਪੈਦਾ ਕਰਦੇ ਹਨ, ਜਿਸ ਦਾ ਹੱਲ ਸਿਰਫ਼ ਤਾਲਮੇਲ ਵਾਲੇ ਤੇ ਬਹੁ-ਪੱਖੀ ਕਦਮਾਂ ਨਾਲ ਹੀ ਸੰਭਵ ਹੈ ਜਿੱਥੇ ਸ਼ਹਿਰੀ ਯੋਜਨਾ, ਪ੍ਰਸ਼ਾਸਨਿਕ ਇਮਾਨਦਾਰੀ, ਧਾਰਮਿਕ ਜਾਗਰੂਕਤਾ ਅਤੇ ਆਰਥਿਕ ਜ਼ਿੰਮੇਵਾਰੀ ਇਕੱਠੇ ਕੰਮ ਕਰਨ।

ਪੰਜਾਬ ਵਿਚ ਵਾਹਨਾਂ ਦੀ ਗਿਣਤੀ ਤੇ ਟ੍ਰੈਫਿਕ ਦਾ ਵਾਧਾ ਸੜਕ ਢਾਂਚੇ ਦੇ ਵਿਕਾਸ ਨਾਲੋਂ ਕਾਫ਼ੀ ਤੇਜ਼ ਹੈ, ਜਿਸ ਕਾਰਨ ਸੜਕ ਹਾਦਸਿਆਂ ਦੀ ਸੰਖਿਆ ਲਗਾਤਾਰ ਵਧ ਰਹੀ ਹੈ। ਅਬਾਦੀ ਤੇ ਆਰਥਿਕ ਤਰੱਕੀ ਦੇ ਨਾਲ ਨਿੱਜੀ ਕਾਰਾਂ, ਦੋਪਹੀਆ ਵਾਹਨਾਂ ਅਤੇ ਵਪਾਰਕ ਗੱਡੀਆਂ ਦੀ ਮਾਲਕੀ ਵਿਚ ਬੇਹੱਦ ਵਾਧਾ ਹੋਇਆ ਹੈ, ਪਰ ਸੜਕਾਂ ਦਾ ਵਿਸਥਾਰ ਤੇ ਅਧੁਨਿਕੀਕਰਨ ਉਸ ਗਤੀ ਨਾਲ ਨਹੀਂ ਹੋ ਸਕਿਆ। ਬਹੁਤ ਸਾਰੀਆਂ ਸੜਕਾਂ ਅਜੇ ਵੀ ਤੰਗ, ਖਰਾਬ ਹਾਲਤ ਵਿਚ ਹਨ ਅਤੇ ਉਨ੍ਹਾਂ 'ਤੇ ਰੌਸ਼ਨੀ ਤੇ ਸੁਰੱਖਿਆ ਪ੍ਰਬੰਧਾਂ ਦੀ ਕਮੀ ਹੈ। ਸਭ ਤੋਂ ਗੰਭੀਰ ਗੱਲ ਇਹ ਹੈ ਕਿ ਕਈ ਸੜਕਾਂ 'ਤੇ ਪਸ਼ੂਆਂ ਨੂੰ ਰੋਕਣ ਲਈ ਫੈਂਸਿੰਗ ਜਾਂ ਰੁਕਾਵਟਾਂ ਮੌਜੂਦ ਨਹੀਂ ਹਨ, ਜਿਸ ਕਾਰਨ ਆਵਾਰਾ ਪਸ਼ੂ ਬੇਰੋਕ ਸੜਕਾਂ ਉੱਪਰ ਆ ਜਾਂਦੇ ਹਨ ਤੇ ਵਾਹਨਾਂ ਨਾਲ ਟੱਕਰਾਂ ਦੇ ਮਾਮਲੇ ਵੱਧ ਰਹੇ ਹਨ। ਸੜਕਾਂ ਦੇ ਕਿਨਾਰਿਆਂ 'ਤੇ ਖੁੱਲ੍ਹੇ ਖੇਤਰ ਅਤੇ ਕੂੜੇ ਦੇ ਢੇਰ ਪਸ਼ੂਆਂ ਨੂੰ ਆਪਣੀ ਤਰਫ਼ ਖਿੱਚਦੇ ਹਨ, ਜਿਸ ਨਾਲ ਹਾਈਵੇਅਜ਼ ਤੇ ਰਾਤ ਸਮੇਂ ਹਾਦਸਿਆਂ ਦੀ ਸੰਭਾਵਨਾ ਹੋਰ ਵਧ ਜਾਂਦੀ ਹੈ। ਖਰਾਬ ਸੜਕ ਡਿਜ਼ਾਇਨ ਤੇ ਸੰਭਾਲ ਦੀ ਕਮੀ ਨਾਲ ਟ੍ਰੈਫਿਕ ਦਾ ਵਹਾਅ ਅਨਿਯਮਿਤ ਹੋ ਜਾਂਦਾ ਹੈ, ਡਰਾਈਵਰਾਂ ਲਈ ਪ੍ਰਤੀਕਿਰਿਆ ਦਾ ਸਮਾਂ ਘੱਟ ਹੋ ਜਾਂਦਾ ਹੈ, ਅਤੇ ਜਦੋਂ ਸੜਕਾਂ ਉੱਪਰ ਪਸ਼ੂ ਅਚਾਨਕ ਆਉਂਦੇ ਹਨ ਤਾਂ ਹਾਦਸੇ ਅਟਲ ਬਣ ਜਾਂਦੇ ਹਨ। ਨਤੀਜੇ ਵਜੋਂ, ਵਾਹਨਾਂ ਦੀ ਤੇਜ਼ੀ ਨਾਲ ਵੱਧ ਰਹੀ ਗਿਣਤੀ ਅਤੇ ਕਮਜ਼ੋਰ ਸੜਕ ਢਾਂਚਾ ਪ੍ਰਣਾਲੀ ਮਿਲ ਕੇ ਸੂਬੇ ਵਿਚ ਸੜਕ ਸੁਰੱਖਿਆ ਲਈ ਵੱਡੀ ਚੁਣੌਤੀ ਬਣ ਰਹੇ ਹਨ। ਇਹ ਸਥਿਤੀ ਸਪੱਸ਼ਟ ਕਰਦੀ ਹੈ ਕਿ ਸਿਰਫ਼ ਟ੍ਰੈਫਿਕ ਨਿਯਮਾਂ ਦੀ ਪਾਲਣਾ ਕਾਫ਼ੀ ਨਹੀਂ; ਜਦ ਤੱਕ ਸੜਕ ਡਿਜ਼ਾਇਨ, ਫੈਂਸਿੰਗ ਤੇ ਰੌਸ਼ਨੀ ਪ੍ਰਬੰਧ ਸੁਰੱਖਿਅਤ ਢੰਗ ਨਾਲ ਨਹੀਂ ਕੀਤੇ ਜਾਂਦੇ, ਆਵਾਰਾ ਪਸ਼ੂਆਂ ਨਾਲ ਹਾਦਸਿਆਂ 'ਤੇ ਕਾਬੂ ਪਾਉਣਾ ਸੰਭਵ ਨਹੀਂ।



ਆਵਾਰਾ ਪਸ਼ੂਆਂ ਨਾਲ ਹੋਣ ਵਾਲੇ ਹਾਦਸਿਆਂ ਨੂੰ ਰੋਕਣ ਲਈ ਸਿਰਫ਼ ਕਾਨੂੰਨ ਬਣਾਉਣਾ ਕਾਫ਼ੀ ਨਹੀਂ; ਲੋੜ ਹੈ ਜ਼ਮੀਨੀ ਪੱਧਰ 'ਤੇ ਸੰਯੁਕਤ ਅਤੇ ਕਾਰਗਰ ਕਦਮ ਚੁੱਕਣ ਦੀ। ਸਭ ਤੋਂ ਪਹਿਲਾਂ, ਸੜਕ ਢਾਂਚੇ ਅਤੇ ਸੁਰੱਖਿਆ ਪ੍ਰਬੰਧਾਂ ਵਿਚ ਸੁਧਾਰ ਲਿਆਉਣੇ ਜ਼ਰੂਰੀ ਹਨ। ਹਾਈਵੇਅਜ਼ ਅਤੇ ਮੁੱਖ ਸੜਕਾਂ ਦੇ ਕਿਨਾਰਿਆਂ 'ਤੇ ਮਜ਼ਬੂਤ ਫੈਂਸਿੰਗ ਅਤੇ ਚੇਤਾਵਨੀ ਬੋਰਡ ਲਗਾਏ ਜਾਣ, ਤਾਂ ਜੋ ਪਸ਼ੂਆਂ ਨੂੰ ਸੜਕਾਂ 'ਤੇ ਆਉਣ ਤੋਂ ਰੋਕਿਆ ਜਾ ਸਕੇ। ਰਾਤ ਸਮੇਂ ਵਿਖਣਯੋਗਤਾ ਵਧਾਉਣ ਲਈ ਬਿਹਤਰ ਰੌਸ਼ਨੀ ਪ੍ਰਣਾਲੀ ਅਤੇ 'ਐਨੀਮਲ ਵਾਰਨਿੰਗ ਜ਼ੋਨ' ਜਿਹੇ ਖੇਤਰ ਨਿਸ਼ਚਿਤ ਕੀਤੇ ਜਾਣ।ਦੂਜਾ, ਪਸ਼ੂ ਨਿਯੰਤਰਣ ਪ੍ਰਣਾਲੀ ਨੂੰ ਮਜ਼ਬੂਤ ਕੀਤਾ ਜਾਵੇ। ਮਾਦਾ ਪਸ਼ੂਆਂ ਦੀ ਨਸਬੰਦੀ ਮੁਹਿੰਮ ਤੇਜ਼ ਕਰਕੇ ਪ੍ਰਜਨਨ ਦਰ 'ਤੇ ਕਾਬੂ ਪਾਇਆ ਜਾਵੇ। ਛੱਡੇ ਪਸ਼ੂਆਂ ਲਈ ਸ਼ੈਲਟਰ ਘਰਾਂ ਅਤੇ ਗਊਸ਼ਾਲਾਵਾਂ ਦੀ ਸੰਖਿਆ ਵਧਾਈ ਜਾਵੇ ਅਤੇ ਉਨ੍ਹਾਂ ਦੀ ਕਾਰਗੁਜ਼ਾਰੀ ਦੀ ਨਿਗਰਾਨੀ ਪ੍ਰਸ਼ਾਸਨ ਕਰੇ। ਇਸ ਦੇ ਨਾਲ ਹੀ ਕਾਨੂੰਨੀ ਸਖ਼ਤੀ ਲਿਆਉਣੀ ਜ਼ਰੂਰੀ ਹੈ ਜਿਹੜੇ ਲੋਕ ਆਪਣੇ ਪਸ਼ੂ ਛੱਡਦੇ ਹਨ, ਉਨ੍ਹਾਂ 'ਤੇ ਜੁਰਮਾਨੇ ਜਾਂ ਸਜ਼ਾ ਦੇ ਪ੍ਰਬੰਧ ਹੋਣ। ਹਾਦਸਿਆਂ ਨਾਲ ਜੁੜੇ ਡਾਟਾ ਨੂੰ ਵੱਖਰੀ ਸ਼੍ਰੇਣੀ ਵਿਚ ਦਰਜ ਕੀਤਾ ਜਾਵੇ, ਤਾਂ ਜੋ ਹਕੀਕਤੀ ਤਸਵੀਰ ਸਾਹਮਣੇ ਆ ਸਕੇ। ਤੀਜਾ, ਜਾਗਰੂਕਤਾ ਅਤੇ ਸਮਾਜਿਕ ਭਾਗੀਦਾਰੀ ਨੂੰ ਜੋੜਿਆ ਜਾਵੇ। ਲੋਕਾਂ ਨੂੰ ਇਹ ਸਮਝਾਉਣਾ ਲਾਜ਼ਮੀ ਹੈ ਕਿ ਸੜਕਾਂ 'ਤੇ ਪਸ਼ੂਆਂ ਨੂੰ ਖਾਣਾ ਖਵਾਉਣਾ ਚੰਗੀ ਨੀਅਤ ਨਾਲ ਹੋ ਸਕਦਾ ਹੈ, ਪਰ ਸੁਰੱਖਿਆ ਪੱਖੋਂ ਇਹ ਖਤਰਨਾਕ ਹੈ। ਸਕੂਲਾਂ, ਕਾਲਜਾਂ ਅਤੇ ਸਮਾਜਿਕ ਮੰਚਾਂ 'ਤੇ ਇਸ ਮਾਮਲੇ 'ਤੇ ਚਰਚਾ ਤੇ ਸਿੱਖਿਆ ਪ੍ਰੋਗਰਾਮ ਚਲਾਏ ਜਾਣ, ਤਾਂ ਜੋ ਲੋਕ ਇਸਨੂੰ ਸਿਰਫ਼ ਧਾਰਮਿਕ ਨਹੀਂ ਸਗੋਂ ਸੁਰੱਖਿਆ ਮਾਮਲਾ ਸਮਝਣ। ਚੌਥਾ, ਤਕਨੀਕੀ ਹੱਲਾਂ ਨੂੰ ਅਪਣਾਉਣਾ ਹੋਵੇਗਾ। ਆਵਾਰਾ ਪਸ਼ੂਆਂ ਵਾਲੇ ਖੇਤਰਾਂ ਦੀ ਨਿਗਰਾਨੀ ਲਈ ਸੀ.ਸੀ. ਟੀਵੀ ਕੈਮਰੇ, ਡ੍ਰੋਨ ਅਤੇ ਏਆਈ-ਆਧਾਰਿਤ ਐਨੀਮਲ ਡਿਟੈਕਸ਼ਨ ਸਿਸਟਮ ਵਰਤੇ ਜਾਣ, ਜੋ ਡਰਾਈਵਰਾਂ ਨੂੰ ਪਹਿਲਾਂ ਹੀ ਚੇਤਾਵਨੀ ਦੇ ਸਕਣ।

ਆਵਾਰਾ ਪਸ਼ੂਆਂ ਨਾਲ ਹੋਣ ਵਾਲੇ ਸੜਕ ਹਾਦਸੇ ਸਿਰਫ਼ ਪ੍ਰਸ਼ਾਸਨ ਦੀ ਨਾਕਾਮੀ ਨਹੀਂ, ਸਗੋਂ ਸਮਾਜਿਕ ਜ਼ਿੰਮੇਵਾਰੀ ਦਾ ਪ੍ਰਤੀਕ ਹਨ। ਜਦੋਂ ਤੱਕ ਪਸ਼ੂਆਂ ਲਈ ਸੁਰੱਖਿਅਤ ਥਾਂ ਨਹੀਂ ਬਣਾਈ ਜਾਂਦੀ, ਮਨੁੱਖਾਂ ਦੀ ਸੁਰੱਖਿਆ ਵੀ ਅਧੂਰੀ ਰਹੇਗੀ। ਰਾਜਵੀਰ ਜਵੰਦਾ ਨਾਲ ਹੋਈ ਘਟਨਾ ਵਰਗੀਆਂ ਘਟਨਾਵਾਂ ਸਾਨੂੰ ਇਹ ਯਾਦ ਦਿਵਾਉਂਦੀਆਂ ਹਨ ਕਿ ਸੜਕ ਸੁਰੱਖਿਆ ਸਿਰਫ਼ ਟ੍ਰੈਫਿਕ ਨਿਯਮਾਂ ਦੀ ਪਾਲਣਾ ਨਹੀਂ, ਸਗੋਂ ਜੀਵਨ ਦੀ ਕਦਰ ਨਾਲ ਜੁੜੀ ਇੱਕ ਸਮੂਹਿਕ ਜ਼ਿੰਮੇਵਾਰੀ ਹੈ। ਹੁਣ ਸਮਾਂ ਹੈ ਕਿ ਸਰਕਾਰ, ਪ੍ਰਸ਼ਾਸਨ ਅਤੇ ਲੋਕ ਮਿਲ ਕੇ ਸੜਕਾਂ ਨੂੰ ਇੰਝ ਸੁਰੱਖਿਅਤ ਬਣਾਉਣ ਜਿਸ ਨਾਲ ਕਿਸੇ ਦੀ ਜਾਨ ਸੜਕ ਨਾ ਜਾਵੇ।

*-ਖੋਜਾਰਥੀ*
*ਪੰਜਾਬੀ ਯੂਨੀਵਰਸਿਟੀ ਪਟਿਆਲਾ*

---



ਦੇਵਿੰਦਰ ਕੌਰ ਧਾਲੀਵਾਲ,
ਕੈਲੀਫੋਰਨੀਆ

## ਛੈਲ ਛਬੀਲਾ ਗੱਭਰੂ

ਹਿਰਨ ਦੇ ਚੁੰਗੀਆਂ ਭਰਨ ਵਾਂਗ ਨੱਚਦਾ ਸੀ,
ਉਸਦਾ ਹਾਸਾ ਝਾਂਜਰ ਦੇ ਬੋਰ ਵਾਂਗ ਛਣਕਦਾ ਸੀ।

ਮਾਂ ਦੀਆਂ ਅੱਖਾਂ 'ਚ ਚਮਕ ਸੀ ਉਸਦੇ ਨਾਂ ਦੀ,
ਪਿਓ ਦੇ ਸੀਨੇ ਦਾ ਸੀ ਮਾਣ,
ਜਿਵੇਂ ਕਿਸੇ ਮੰਦਰ ਦੇ ਥਾਂ ਦੀ।
ਜ਼ਿੰਦਗੀ ਕਿੰਝ ਮੁੱਕ ਗਈ,
ਉਮਰ ਦੀ ਡੋਰ ਕਿੰਝ ਟੁੱਟ ਗਈ।
ਨਾ ਕਿਸੇ ਨੂੰ ਅਹਿਸਾਸ,
ਨਾ ਕੋਈ ਤਿਆਰੀ ਸੀ,
ਮੌਤ ਆਈ ਸੁਨਾਮੀ ਬਣ ਜਿਵੇਂ
ਉਹਦੀ ਪਸ਼ੂਆਂ ਨਾਲ ਜਾਰੀ ਸੀ।

ਜੋ ਆਵਾਜ਼ਾਂ ਗੂੰਜਦੀਆਂ ਸੀ ਗਲੀਆਂ 'ਚ,
ਉਹਦੇ ਗੀਤਾਂ ਦੀਆਂ
ਹੁਣ ਚੁੱਪੀ ਸਾਧ ਕੇ ਬਹਿ ਗਈਆਂ
ਮਾਂ ਤੇ ਚਾਹੁਣ ਵਾਲਿਆਂ ਦੀਆਂ
ਦੁਆਵਾਂ ਵੀ ਹਾਰ ਗਈਆਂ।

ਸਮੇਂ ਤੇ ਕਿਸਮਤ ਦੀ ਗਲਤ ਤਾਰੀਖ਼ ਨੂੰ
ਕੋਈ ਨਹੀਂ ਜਾਣਦਾ,
ਕਿਹੜੀ ਘੜੀ ਆਵੇਗੀ ਮੌਤ,
ਨਾ ਕੋਈ ਜਾਣਦਾ।
ਪਰ ਜੋ ਗਿਆ,
ਉਹ ਯਾਦਾਂ ਬਣ ਗਿਆ,
ਸਾਡੀ ਹਰ ਸਾਹ ਰਗ ਦਾ
ਉਹ ਇਕ ਹਿੱਸਾ ਬਣ ਗਿਆ।
ਮਾਂ ਦੀਆਂ ਅੱਖਾਂ ਵਿਚ ਹੁਣ
ਤਾਰਿਆਂ ਵਰਗੀ ਝਿਲਮਿਲ ਨਹੀਂ,
ਜੋ ਪੁੱਤ ਨੂੰ ਵੇਖ ਕੇ ਹੁੰਦੀ ਸੀ।
ਹੁਣ ਮਾਂ ਦੀਆਂ ਅੱਖਾਂ ਤਾਂ
ਰੋ-ਰੋ ਨੀਲੀਆਂ ਹੋ ਗਈਆਂ ਨੇ।
ਜਿਸਨੇ ਰਾਜਵੀਰ ਨੂੰ ਜਨਮਿਆ ਸੀ।

ਰਾਜਵੀਰ — ਪੰਜਾਬ ਦਾ ਸੰਗੀਤ ਸੀ, ਸਾਜ਼ ਸੀ,
ਹਰ ਦਿਲ ਦੀ ਧੜਕਨ ਤੇ ਆਵਾਜ਼ ਸੀ।
ਜਦ ਗਾਉਂਦਾ ਸੀ, ਰੱਬ ਵੀ ਸੁਣਦਾ ਸੀ,
ਪਰ ਮੌਤ ਨੇ ਨਾ ਸੁਣੀ ਕੋਈ ਬੇਨਤੀ।

ਮੋਟਰਸਾਈਕਲ ਰਫ਼ਤਾਰ 'ਚ ਸੀ,
ਕਿਸਮਤ ਦੀ ਰੇਖਾ ਕੱਟ ਗਈ।
ਦੋ ਸਾਨ੍ਹ ਆ ਗਏ ਜੰਮ ਬਣ ਕੇ
ਤੋੜ ਦਿੱਤੀ ਰੀੜ੍ਹ ਦੀ ਹੱਡੀ ਉਸਦੀ।

ਹਸਪਤਾਲ ਦੇ ਕਮਰੇ 'ਚ,
ਸਿਰਫ਼ ਮਸ਼ੀਨਾਂ ਦੀ ਆਵਾਜ਼ ਸੁਣੀ।



ਮਾਂ ਹੱਥਾਂ ਵਿਚ ਰੁਮਾਲ ਫੜ ਕੇ ਕੋਲ ਬੈਠੀ ਰਹੀ,
ਪਤਨੀ ਦੀਆਂ ਅੱਖਾਂ ਦਾ ਸੂਰਜ ਛੁਪ ਗਿਆ।
ਡਾਕਟਰਾਂ ਕੋਲ ਵੀ ਜੁਆਬ ਮੁੱਕ ਗਿਆ।
ਹਸਪਤਾਲ ਦੀਆਂ ਛੱਤਾਂ ਵੀ ਠੰਢੀਆਂ ਹੋ ਗਈਆਂ
ਜਿੱਥੇ ਰਾਜਵੀਰ ਦੀ ਰੂਹ ਠਹਿਰੀ ਸੀ,
ਪਰ ਸਰੀਰ ਅਜੇ ਵੀ ਸਾਹਾਂ ਨਾਲ ਲੜ ਰਿਹਾ ਸੀ।

ਅਤੇ ਫਿਰ —
ਇੱਕ ਸ਼ਾਮ, ਮਾਂ ਨੂੰ ਇੱਕ ਕਾਲ ਆਈ,
"ਮੈਡਮ, ਰਾਜਵੀਰ ਨੇ ਆਖ਼ਰੀ ਸਾਹ ਲੈ ਲਈ।"
ਉਸ ਕਮਰੇ 'ਚ ਚੀਕਾਂ ਗੂੰਜੀਆਂ,
ਮਾਂ, ਪਤਨੀ, ਪਰਿਵਾਰ —
ਸਭ ਥੰਮ੍ਹ ਗਏ,
ਪੰਜਾਬ ਚੁੱਪ ਹੋ ਗਿਆ।
ਰਾਜਵੀਰ ਦੀ ਤਸਵੀਰ ਦੇ ਅੱਗੇ ਹੁਣ ਦੀਵਾ ਬਲਦਾ।
ਪਤਨੀ ਚੁੱਪ ਚਾਪ, ਖ਼ਾਮੋਸ਼ ਸੋਚਦੀ ਇਹ ਕੀ ਬਣ ਗਿਆ
ਬੱਚੇ ਪੁੱਛਦੇ ਸਾਡਾ ਡੈਡੀ ਕਿਥੇ ਚਲਾ ਗਿਆ
ਤੇ ਮਾਂ —
ਉਹ ਤਾਂ ਹੁਣ ਸਿਰਫ਼ ਰੋ ਹੀ ਸਕਦੀ ਏ,
ਕਿਉਂਕਿ ਪੁੱਤ ਤਾਂ ਸੀ ਇਕੱਲਾ,
ਤੇ ਉਹ ਵੀ ਹੁਣ ਰੁੱਤਾਂ ਵਾਂਗ ਚਲਾ ਗਿਆ।

ਰਾਜਵੀਰ ਨਾ ਸਿਰਫ਼ ਮਾਂ ਦੀ ਅੱਖ ਦਾ ਤਾਰਾ ਸੀ,
ਉਹ ਪੰਜਾਬ ਦਾ ਅਸਲੀ ਚਮਕਦਾ ਸਿਤਾਰਾ ਸੀ।
ਅੱਜ ਸਭ ਤਰਸ ਰਹੇ ਹਨ ,
ਉਸ ਦੀ ਆਵਾਜ਼ ਸੁਣਨ ਨੂੰ
ਮਾਂ ਕੁਰਲਾ ਰਹੀ ਰਾਜਵੀਰ ਆ ਜਾ ਪੁੱਤਰਾ,
ਮਾਂ ਦੇ ਸੀਨੇ ਠੰਢ ਪਾ ਜਾ ਪੁੱਤਰਾ।
ਵੇ ਮੇਰੇ ਹੀਰਿਆ ਪੁੱਤਰਾ
ਕੋਈ ਬਿਨਾਂ ਦੱਸੇ ਜਾਵੇ ਤਾਂ
ਆਉਣ ਦੀ ਉਡੀਕ ਰਹਿੰਦੀ ਹੈ।

# ਸਿਆਸਤਦਾਨਾਂ ਨੇ ਮਿੱਟੀ ਵਿਚ ਰੋਲ ਦਿੱਤੀ ਸ਼ਹੀਦ ਦਰਸ਼ਨ ਸਿੰਘ ਫੇਰੂਮਾਨ ਦੀ ਸ਼ਹਾਦਤ

**ਸ਼ਹੀਦੀ ਦਿਵਸ 'ਤੇ ਵਿਸ਼ੇਸ਼**

ਪਿਛਲੀ ਸਦੀ ਦੇ ਵਿਲੱਖਣ ਸਿੱਖ ਸ਼ਹੀਦ ਸ. ਦਰਸ਼ਨ ਸਿੰਘ ਫੇਰੂਮਾਨ ਦਾ ਸ਼ਹੀਦੀ ਦਿਹਾੜਾ 27 ਅਕਤੂਬਰ ਨੂੰ ਹੁੰਦਾ ਹੈ, ਪਰ ਉਨ੍ਹਾਂ ਦੇ ਜਿਗਰੀ ਦੋਸਤ ਜਥੇਦਾਰ ਸੋਹਣ ਸਿੰਘ ਜਲਾਲ ਉਸਮਾ ਵੱਲੋਂ ਸਥਾਪਿਤ ਕੀਤੇ ਗਏ 'ਸ਼ਹੀਦ ਦਰਸ਼ਨ ਸਿੰਘ ਫੇਰੂਮਾਨ ਟਰੱਸਟ' ਰਈਆ, ਜਾਂ ਇੱਕ ਦੋ ਹੋਰ ਸਥਾਨਕ ਗੁਰਦੁਆਰਾ ਸਾਹਿਬ ਤੋਂ ਇਲਾਵਾ ਪੰਜਾਬ ਦੀ ਹੋਰ ਕਿਸੇ ਸਿਆਸੀ ਪਾਰਟੀ ਵੱਲੋਂ ਨਹੀਂ ਮਨਾਇਆ ਜਾਂਦਾ, ਭਾਵੇਂ ਕਿ ਸਰਦਾਰ ਸਾਹਿਬ ਨੇ 'ਸਿੱਖ ਅਰਦਾਸ' ਦੀ ਮਹੱਤਤਾ ਮਹਾਨਤਾ ਨੂੰ ਸਿਰਤ ਨਾਲ ਉਜਾਗਰ ਕਰਨ ਲਈ ਅਤੇ ਪੰਜਾਬ ਦੀਆਂ ਅਤਿ ਅਹਿਮ ਅਤੇ ਹੱਕੀ ਮੰਗਾਂ ਦੀ ਪੂਰਤੀ ਲਈ 74 ਦਿਨ ਭੁੱਖੇ ਰਹਿ ਕੇ ਪ੍ਰਾਣ ਤਿਆਗ ਦਿੱਤੇ।



ਡਾ. ਚਰਨਜੀਤ ਸਿੰਘ ਗੁਮਟਾਲਾ
ਫੋਨ: 937-573-9812

ਉਨ੍ਹਾਂ ਦਾ ਜਨਮ ਪਿੰਡ ਫੇਰੂਮਾਨ ਜ਼ਿਲ੍ਹਾ ਅੰਮ੍ਰਿਤਸਰ ਵਿਚ ਪਹਿਲੀ ਅਗਸਤ 1885 ਨੂੰ ਹੋਇਆ। ਪਿਤਾ ਦਾ ਨਾਂ ਸ. ਚੰਦਾ ਸਿੰਘ ਤੇ ਮਾਤਾ ਦਾ ਸਰਦਾਰਨੀ ਰਾਜ ਕੌਰ ਸੀ। ਦਸਵੀਂ ਪਾਸ ਕਰਕੇ 1912 ਵਿਚ ਭਾਰਤੀ ਫ਼ੌਜ ਵਿਚ ਬਤੌਰ ਸਿਪਾਹੀ ਭਰਤੀ ਹੋਏ। ਦੋ ਸਾਲ ਬਾਅਦ ਅਸਤੀਫ਼ਾ ਦੇ ਕੇ ਹਿਸਾਰ ਵਿਚ ਠੇਕੇਦਾਰੀ ਕਰਨ ਲੱਗੇ। ਉਨ੍ਹਾਂ ਦੇ ਮਾਤਾ ਜੀ ਧਾਰਮਿਕ ਬਿਰਤੀ ਦੇ ਸਨ, ਉਨ੍ਹਾਂ ਨੇ ਉਨ੍ਹਾਂ ਨੂੰ ਗੁਰਦੁਆਰਾ ਸੁਧਾਰ ਲਹਿਰ ਵਿਚ ਹਿੱਸਾ ਲੈਣ ਲਈ ਕਿਹਾ।

ਨਵੰਬਰ 1921 ਵਿਚ ਚਾਬੀਆਂ ਦੇ ਮੋਰਚੇ ਵਿਚ ਹਿੱਸਾ ਲਿਆ। ਉਨ੍ਹਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਤੇ ਇਕ ਸਾਲ ਦੀ ਸਜ਼ਾ ਹੋਈ। ਸੰਨ 1923 ਵਿਚ ਸੁਲਤਾਨਵਿੰਡ ਪਿੰਡ ਜ਼ਿਲ੍ਹਾ ਅੰਮ੍ਰਿਤਸਰ ਵਿਚ ਕਾਂਗਰਸ ਵੱਲੋਂ ਇਕ ਰਾਜਸੀ ਜਲਸਾ ਹੋਇਆ। ਆਪ ਤੇ ਬਾਬਾ ਇੰਦਰ ਸਿੰਘ ਵੇਰਕਾ ਉਸ ਦੇ ਪ੍ਰਬੰਧਕ ਸਨ। ਸਰਕਾਰ ਨੇ ਉਨ੍ਹਾਂ ਨੂੰ ਗ੍ਰਿਫ਼ਤਾਰ ਕਰ ਕੇ ਸਵਾ-ਸਵਾ ਸਾਲ ਦੀ ਕੈਦ ਕਰ ਕੇ ਮੁਲਤਾਨ ਸੈਂਟਰਲ ਜੇਲ੍ਹ ਭੇਜ ਦਿੱਤਾ। ਫਰਵਰੀ 1924 ਵਿਚ ਗੰਗਸਰ ਜੈਤੋ ਦਾ ਮੋਰਚਾ ਲੱਗਿਆ। ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਪੰਜ-ਪੰਜ ਸੌ ਦੇ ਜਥੇ ਜਾਂਦੇ ਸਨ। ਉਨ੍ਹਾਂ 14ਵੇਂ ਸ਼ਹੀਦੀ ਜਥੇ ਦੇ ਜਥੇਦਾਰ ਬਣ ਕੇ ਨਾਭੇ ਗ੍ਰਿਫਤਾਰੀ ਦਿੱਤੀ। ਦਸ ਮਹੀਨੇ ਜੇਲ੍ਹ 'ਚ ਰਹੇ। ਜੁਲਾਈ 1925 ਵਿਚ ਗੁਰਦੁਆਰਾ ਐਕਟ ਬਣ ਗਿਆ। ਸਰਕਾਰ ਨੇ ਸਾਰੇ ਅਕਾਲੀ ਕੈਦੀ ਛੱਡ ਦਿੱਤੇ ਅਤੇ ਆਪ ਵੀ ਰਿਹਾਅ ਹੋ ਗਏ। 1926 ਵਿਚ ਆਪਣੇ ਪਿਤਾ ਕੋਲ ਮਲਾਇਆ ਚਲੇ ਗਏ। ਮਲਾਇਆ 'ਚ ਬੁੱਧ ਸਿੰਘ ਸਠਿਆਲਾ ਨਾਲ ਮਿਲ ਕੇ ਦੇਸ਼ ਦੀ ਆਜ਼ਾਦੀ ਲਈ ਭਾਰਤੀਆਂ ਨਾਲ ਪ੍ਰਚਾਰ ਕਰਨ ਲੱਗ ਪਏ। ਉਥੇ ਅੰਗਰੇਜ਼ੀ ਸਰਕਾਰ ਨੇ ਆਪ ਨੂੰ ਗ੍ਰਿਫ਼ਤਾਰ ਕਰ ਕੇ ਜੇਲ੍ਹ ਵਿਚ ਬੰਦ ਕਰ ਦਿੱਤਾ। ਜੇਲ੍ਹ ਵਿਚ ਕਛਹਿਰਾ ਪਾਉਣ ਦੀ ਆਗਿਆ ਨਾ ਦਿੱਤੀ ਤਾਂ ਆਪ ਨੇ ਭੁੱਖ ਹੜਤਾਲ ਸ਼ੁਰੂ ਕਰ ਦਿੱਤੀ, 21 ਦਿਨਾਂ ਬਾਅਦ ਉਨ੍ਹਾਂ ਦੀ ਮੰਗ ਪੂਰੀ ਹੋਈ। ਤਿੰਨ ਸਾਲ ਪਿੱਛੋਂ 1929 'ਚ ਉਹ ਵਾਪਸ ਆ ਗਏ।

ਦੂਸਰੇ ਵਿਸ਼ਵ-ਯੁਧ ਵਿਚ ਮਹਾਤਮਾ ਗਾਂਧੀ ਵਲੋਂ ਭਾਰਤੀ ਰਾਸ਼ਟਰੀ ਕਾਂਗਰਸ ਦੇ ਪੂਰਨ ਸਮਰਥਨ ਨਾਲ ਸ਼ੁਰੂ ਕੀਤੀ ਗਈ ਨਾ-ਮਿਲਵਰਤਨ ਲਹਿਰ ਵਿਚ ਹਿੱਸਾ ਲਿਆ ਤੇ 14 ਮਹੀਨੇ ਜੇਲ੍ਹ ਵਿਚ ਗੁਜ਼ਾਰੇ।

1934-35 ਵਿਚ ਸ. ਊਧਮ ਸਿੰਘ ਨਾਗੋਕੇ ਅਤੇ ਪ੍ਰਤਾਪ ਸਿੰਘ ਕੈਰੋਂ ਨਾਲ ਮਿਲ ਕੇ ਕਿਸਾਨੀ ਲਹਿਰ ਸ਼ੁਰੂ ਕੀਤੀ। ਸੰਨ 1939 ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਹੋਈਆਂ। ਉਨ੍ਹਾਂ ਵਿਚ ਆਪ ਦੋ ਵਾਰ ਦਰਬਾਰ ਸਾਹਿਬ ਕਮੇਟੀ ਦੇ ਮੈਂਬਰ ਚੁਣੇ ਗਏ। ਆਜ਼ਾਦੀ ਤੋਂ ਬਾਅਦ 1952 ਤੋਂ 1964 ਤਕ ਕਾਂਗਰਸ ਦੀ ਟਿਕਟ 'ਤੇ ਰਾਜ ਸਭਾ ਦੇ ਮੈਂਬਰ ਰਹੇ, ਪਰ ਕਾਂਗਰਸ ਨਾਲ ਮਤਭੇਦ ਪੈਦਾ ਹੋ ਜਾਣ ਕਾਰਨ ਕਾਂਗਰਸ ਛੱਡ ਕੇ ਸੁਤੰਤਰ ਪਾਰਟੀ ਵਿਚ ਸ਼ਾਮਲ ਹੋ ਗਏ। ਤਰਨ ਤਾਰਨ ਲੋਕ ਸਭਾ ਹਲਕੇ ਤੋਂ ਪਾਰਲੀਮੈਂਟ ਦੀ ਚੋਣ ਲੜੀ, ਪਰ ਹਾਰ ਗਏ। ਆਪ ਨੇ ਸਾਰੀ ਜ਼ਿੰਦਗੀ ਆਜ਼ਾਦੀ ਦੇ ਲੇਖੇ ਲਾ ਦਿੱਤੀ ਤੇ ਆਖਰ ਸਿੱਖ ਧਰਮ ਵਿਚ ਅਰਦਾਸ ਦੀ ਮਹੱਤਤਾ ਲਈ ਆਪਾ ਕੁਰਬਾਨ ਕਰ ਦਿੱਤਾ। ਇਸ ਲਈ ਚਾਹੀਦਾ ਹੈ ਕਿ ਪਾਰਟੀਬਾਜ਼ੀ ਤੋਂ ਉਪਰ ਉਠ ਕੇ ਇਸ ਦਿਨ ਵੱਡੀ ਕਾਨਫਰੰਸ ਕੀਤੀ ਜਾਵੇ ਤੇ ਕੇਂਦਰ ਨਾਲ ਸਬੰਧਿਤ ਮੰਗਾਂ ਨੂੰ ਲੈ ਕੇ ਜਨਤਕ ਲਾਮਬੰਦੀ ਕੀਤੀ ਜਾਵੇ।

### ਮਰਨ ਵਰਤ ਕਿਉਂ ਰੱਖਿਆ?

ਸ਼੍ਰੋਮਣੀ ਅਕਾਲੀ ਦਲ ਦੇ ਆਗੂ ਮਾਸਟਰ ਤਾਰਾ ਸਿੰਘ ਨੇ 1961 ਵਿਚ ਪੰਜਾਬੀ ਭਾਸ਼ੀ ਸੂਬਾ ਬਣਾਉਣ ਦੀ ਮੰਗ ਨੂੰ ਲੈ ਕੇ ਭੁੱਖ ਹੜਤਾਲ ਸ਼ੁਰੂ ਕੀਤੀ। ਉਨ੍ਹਾਂ ਵੱਲੋਂ ਸ੍ਰੀ ਹਰਿਮੰਦਰ ਸਾਹਿਬ ਵਿਖੇ ਆਪਣਾ ਮਰਨ ਵਰਤ ਸ਼ੁਰੂ ਕੀਤਾ ਗਿਆ ਸੀ, ਜਿਸ ਤੋਂ ਪਹਿਲਾਂ ਐਲਾਨ ਕੀਤਾ ਸੀ ਕਿ ਜਦੋਂ ਤੱਕ ਉਨ੍ਹਾਂ ਦੀਆਂ ਮੰਗਾਂ ਨਹੀਂ ਮੰਨੀਆਂ ਜਾਂਦੀਆਂ, ਉਹ ਮਰਨ ਵਰਤ ਜਾਰੀ ਰਖਣਗੇ। ਇਸ ਐਲਾਨ ਨੇ ਕੇਂਦਰ ਨੂੰ ਭਾਜੜਾਂ ਪਾ ਦਿੱਤੀਆਂ, ਜਿਸ ਤੋਂ ਬਾਅਦ ਤਤਕਾਲੀ ਪ੍ਰਧਾਨ ਮੰਤਰੀ ਜਵਾਹਰ ਲਾਲ ਨਹਿਰੂ ਨੇ ਮਾਸਟਰ ਤਾਰਾ ਸਿੰਘ ਨੂੰ ਚਿੱਠੀ ਲਿਖ ਕੇ ਉਨ੍ਹਾਂ ਵੱਲੋਂ ਉਠਾਏ ਜਾਂਦੇ ਮਾਮਲੇ ਨੂੰ ਘੋਖਣ ਦਾ ਭਰੋਸਾ ਦਿੱਤਾ। ਮਾਸਟਰ ਤਾਰਾ ਸਿੰਘ ਨੇ ਅਕਾਲੀ ਆਗੂ ਸੰਤ ਫਤਹਿ ਸਿੰਘ ਦੇ ਹੱਥੋਂ ਜੂਸ ਦਾ ਗਿਲਾਸ ਪੀ ਕੇ 48 ਦਿਨਾਂ ਮਗਰੋਂ ਆਪਣਾ ਮਰਨ ਵਰਤ ਖ਼ਤਮ ਕਰ ਦਿੱਤਾ ਸੀ, ਪਰ ਅਕਾਲੀ ਦਲ ਨਾਲ ਜੁੜੇ ਜ਼ਿਆਦਾਤਰ ਲੋਕ ਇਸ ਫ਼ੈਸਲੇ ਤੋਂ ਨਾਰਾਜ਼ ਹੋ ਗਏ ਸੀ।

1965 ਵਿਚ ਭਾਰਤ-ਪਾਕਿਸਤਾਨ ਜੰਗ ਸ਼ੁਰੂ ਹੋਣ ਵਾਲੀ ਸੀ ਕਿ ਸੰਤ ਫ਼ਤਹਿ ਸਿੰਘ ਨੇ ਵੀ ਮਰਨ ਵਰਤ ਸ਼ੁਰੂ ਕਰ ਦਿੱਤਾ, ਪਰ ਜੰਗ ਸ਼ੁਰੂ ਹੋ ਜਾਣ ਪਿਛੋਂ ਉਸ ਵੇਲੇ ਦੇ ਪ੍ਰਧਾਨ ਮੰਤਰੀ ਸ੍ਰੀ ਲਾਲ ਬਹਾਦੁਰ ਸ਼ਾਸਤਰੀ ਦੀ ਅਪੀਲ ਉਪਰੰਤ ਉਨ੍ਹਾਂ ਮਰਨ ਵਰਤ ਛੱਡ ਦਿੱਤਾ।

ਸ੍ਰੀਮਤੀ ਇੰਦਰਾ ਗਾਂਧੀ ਨੇ ਪ੍ਰਧਾਨ ਮੰਤਰੀ ਬਣਦਿਆਂ ਹੀ ਅਕਤੂਬਰ 1966 ਵਿਚ ਪੰਜਾਬੀ ਸੂਬਾ ਬਣਾਉਣ ਦਾ ਐਲਾਨ ਕਰ ਦਿੱਤਾ ਪਰ ਕੇਂਦਰੀ ਗ੍ਰਹਿ ਮੰਤਰੀ ਗੁਲਜ਼ਾਰੀ ਲਾਲ ਨੰਦਾ ਨੇ ਪੰਜਾਬੀ ਸੂਬਾ ਐਕਟ ਬਣਾਉਣ ਸਮੇਂ ਉਸ ਵੇਲੇ ਦੇ ਪੰਜਾਬ ਨੂੰ ਤਿੰਨ ਹਿੱਸਿਆਂ ਵਿਚ ਵੰਡ ਦਿੱਤਾ। ਕਈ ਪੰਜਾਬੀ ਬੋਲਦੇ ਇਲਾਕੇ ਨਵੇਂ ਹੋਂਦ ਵਿਚ ਆਏ ਹਿਮਾਚਲ, ਹਰਿਆਣੇ ਅਤੇ (ਜ਼ਿਲ੍ਹਾ ਗੰਗਾਨਗਰ) ਰਾਜਸਥਾਨ ਵਿਚ ਸ਼ਾਮਲ ਕਰ ਦਿੱਤੇ। ਚੰਡੀਗੜ੍ਹ ਅਤੇ ਭਾਖੜਾ ਡੈਮ ਦਾ ਪ੍ਰਬੰਧ ਕੇਂਦਰ ਸਰਕਾਰ ਨੇ ਆਪਣੇ ਕੋਲ ਰੱਖ ਲਿਆ ਅਤੇ ਦਰਿਆਈ ਪਾਣੀਆਂ ਦੀ ਵੀ ਕਾਣੀ ਵੰਡ ਕਰ ਦਿੱਤੀ, ਜਿਸ ਕਾਰਨ ਅਕਾਲੀਆਂ ਨੂੰ ਮੋਰਚਿਆਂ ਦੇ ਰਾਹ ਫਿਰ ਪੈਣਾ ਪਿਆ।


ਲੰਗੜਾ ਪੰਜਾਬੀ ਸੂਬਾ ਹੋਂਦ ਵਿਚ ਆਉਣ ਪਿਛੋਂ ਜਦੋਂ ਹਰ ਪਾਸਿਓਂ ਫਿਟਕਾਰਾਂ ਪੈਣ ਲੱਗੀਆਂ ਤਾਂ ਸੰਤ ਫਤਹਿ ਸਿੰਘ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਨਾਲ ਲੱਗਦੇ ਕਮਰੇ ਉਪਰ ਅਗਨ-ਕੁੰਡ ਬਣਾ ਲਏ ਅਤੇ 17 ਦਸੰਬਰ 1966 ਨੂੰ ਮਰਨ ਵਰਤ ਸ਼ੁਰੂ ਕਰ ਦਿਤਾ ਤੇ ਸਰਕਾਰ ਨੂੰ ਇਹ ਅਲਟੀਮੇਟਮ ਦਿੱਤਾ ਕਿ ਜੇ ਦਸ ਦਿਨਾਂ ਦੇ ਅੰਦਰ-ਅੰਦਰ ਪੰਜਾਬੀ ਸੂਬੇ ਨੂੰ ਮੁਕੰਮਲ ਕਰਨ ਦੀ ਮੰਗ ਨਾ ਮੰਨੀ ਗਈ ਤਾਂ ਉਹ ਅਗਨ ਕੁੰਡ ਵਿਚ ਬੈਠ ਕੇ ਸੜ ਮਰਨਗੇ। ਉਨ੍ਹਾਂ ਦੇ ਇਸ ਐਲਾਨ ਪਿਛੋਂ ਸੰਤ ਚੰਨਣ ਸਿੰਘ, ਜਥੇਦਾਰ ਭਾਗ ਸਿੰਘ ਜੈਦ, ਜਥੇਦਾਰ ਪ੍ਰੀਤਮ ਸਿੰਘ ਸ਼ਰੀਂਹ, ਸ. ਜਗੀਰ ਸਿੰਘ ਫੱਗੂਵਾਲ ਅਤੇ ਜਥੇਦਾਰ ਜਗੀਰ ਸਿੰਘ ਪੂਲੇ ਨੇ ਵੀ ਐਲਾਨ ਕਰ ਦਿੱਤਾ ਕਿ ਉਹ ਸੰਤ ਫ਼ਤਹਿ ਸਿੰਘ ਤੋਂ ਅਗਲੇ ਦਿਨ ਸੜ ਮਰਨਗੇ, ਜਦੋਂ ਕਿ ਲੋਕ ਜਾਣਦੇ ਸਨ ਕਿ ਇਹ ਦੁੱਧ ਪੀਣੇ ਮਜਨੂੰ ਮਰ ਨਹੀਂ ਸਕਦੇ।

ਹਲਕਾ ਪੱਟੀ ਤੋਂ ਸ. ਪ੍ਰਤਾਪ ਸਿੰਘ ਕੈਰੋਂ ਦੇ ਵਿਰੋਧ ਦੇ ਬਾਵਜੂਦ ਪੰਜਾਬ ਵਿਧਾਨ ਸਭਾ ਲਈ ਆਜ਼ਾਦ ਜਿੱਤਿਆ ਸ. ਹਜ਼ਾਰਾ ਸਿੰਘ ਗਿੱਲ ਆਪਣੇ ਸਾਥੀਆਂ ਨੂੰ ਲੈ ਕੇ ਮੀਰੀ-ਪੀਰੀ ਦੇ ਨਿਸ਼ਾਨ ਸਾਹਿਬ ਨੇੜੇ ਮਰਨ ਵਰਤ 'ਤੇ ਬੈਠ ਗਿਆ ਅਤੇ ਐਲਾਨ ਕਰ ਦਿੱਤਾ ਕਿ ਪੰਜਾਬੀ ਸੂਬੇ ਨੂੰ ਮੁਕੰਮਲ ਕਰਵਾਏ ਬਿਨਾ ਸੰਤ ਫ਼ਤਹਿ ਸਿੰਘ ਤੇ ਉਸ ਦੇ ਸਾਥੀਆਂ ਨੂੰ ਮਰਨ ਵਰਤ ਛੱਡ ਕੇ ਭੱਜਣ ਨਹੀਂ ਦੇਣਾ। ਆਖ਼ਰਕਾਰ ਸੜ ਮਰਨ ਦਾ ਦਿਨ ਆ ਗਿਆ। ਨੀਯਤ ਸਮਾਂ ਲੰਘ ਗਿਆ। ਅਕਾਲੀ ਆਗੂ ਅਕਾਸ਼ ਵੱਲ ਵੇਖੀ ਜਾਣ, ਦੁਪਹਿਰ ਦੇ ਢਾਈ ਵੱਜ ਚੁੱਕੇ ਸਨ ਕਿ ਇਕ ਹਵਾਈ ਜਹਾਜ਼ ਸ੍ਰੀ ਦਰਬਾਰ ਸਾਹਿਬ ਕੰਪਲੈਕਸ ਉਪਰੋਂ ਦੀ ਲੰਘਿਆ। ਅਕਾਲੀਆਂ ਦੇ ਮੁਰਝਾਏ ਚਿਹਰੇ ਖਿੜ ਗਏ। ਹਰ ਪਾਸਿਓਂ 'ਸ. ਹੁਕਮ ਸਿੰਘ ਆ ਗਿਆ, ਸ. ਹੁਕਮ ਸਿੰਘ ਆ ਗਿਆ' ਦੀਆਂ ਆਵਾਜ਼ਾਂ ਆਉਣ ਲੱਗ ਪਈਆਂ। ਕੋਈ ਅੱਧੇ ਘੰਟੇ ਪਿੱਛੋਂ ਸ. ਹੁਕਮ ਸਿੰਘ ਆਏ ਜੋ ਉਸ ਵੇਲੇ ਲੋਕ ਸਭਾ ਦੇ ਸਪੀਕਰ ਸਨ। ਉਹ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਦੂਜੀ ਮੰਜ਼ਲ 'ਤੇ ਚੜ੍ਹ ਗਏ ਅਤੇ ਸੰਤ ਫ਼ਤਹਿ ਸਿੰਘ ਨਾਲ ਮਿਲਣ ਉਪਰੰਤ ਅਕਾਲ ਤਖ਼ਤ ਸਾਹਿਬ 'ਤੇ ਖੜੋ ਕੇ ਕਿਹਾ ਕਿ ਭਾਰਤ ਸਰਕਾਰ ਨੇ ਅਕਾਲੀ ਦਲ ਦੀਆਂ ਸਾਰੀਆਂ ਮੰਗਾਂ ਮੰਨ ਲਈਆਂ ਹਨ, ਜਿਨ੍ਹਾਂ ਦਾ ਵਿਸਤਾਰ ਮਗਰੋਂ ਦੱਸਿਆ ਜਾਵੇਗਾ। ਉਹ ਭਾਰਤ ਸਰਕਾਰ ਵੱਲੋਂ ਇਹ ਭਰੋਸਾ ਦੁਆ ਰਹੇ ਹਨ। ਇਸ ਐਲਾਨ ਦੀ ਢਿੱਲ ਸੀ ਕਿ ਸੰਤ ਫ਼ਤਹਿ ਸਿੰਘ ਨੇ ਜੂਸ ਦਾ ਗਿਲਾਸ ਗਟ-ਗਟ ਕਰਕੇ ਪੀ ਲਿਆ। ਜਿੱਤ ਦੇ ਜੈਕਾਰੇ ਗੂੰਜਣ ਲੱਗੇ। ਸ. ਹਜ਼ਾਰਾ ਸਿੰਘ ਗਿੱਲ ਤੇ ਉਸ ਦੇ ਸਾਥੀਆਂ ਨੇ ਬਹੁਤ ਰੌਲਾ ਪਾਇਆ ਕਿ ਕੌਮ ਨਾਲ ਠੱਗੀ ਹੋਣ ਲੱਗੀ ਹੈ ਪਰ ਅਕਾਲੀਆਂ ਦੀ ਬੁਰਛਾਗਰਦੀ ਅੱਗੇ ਬਹੁਤੀ ਦੇਰ ਟਿਕ ਨਾ ਸਕੇ। ਮਗਰੋਂ ਇਹ ਭੇਦ ਖੁੱਲ੍ਹਿਆ ਕਿ ਸ. ਲਛਮਣ ਸਿੰਘ ਗਿੱਲ ਹਵਾਈ ਜਹਾਜ਼ ਕਿਰਾਏ 'ਤੇ ਲੈ ਕੇ ਹੁਕਮ ਸਿੰਘ ਨੂੰ ਆਪ ਲਿਆਏ ਸਨ। ਮੈਂ ਸਾਰਾ ਦ੍ਰਿਸ਼ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਦੇ ਦਫ਼ਤਰ ਦੇ ਬਾਹਰ ਵੇਖ ਰਿਹਾ ਸੀ। ਮੇਰੇ ਨਾਲ ਹੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਮੈਂਬਰ ਜਥੇਦਾਰ ਅਮਰ ਸਿੰਘ ਘਣੂਪੁਰ ਖੜ੍ਹੇ ਸਨ, ਜਿਉਂ ਹੀ ਐਲਾਨ ਹੋਇਆ ਕਿ ਸੰਤ ਫ਼ਤਹਿ ਸਿੰਘ ਨੇ ਮਰਨ ਵਰਤ ਤੋੜ ਦਿੱਤਾ ਹੈ, ਸਾਡੇ ਨਜ਼ਦੀਕ ਸੰਤ ਫ਼ਤਹਿ ਸਿੰਘ ਦੀ ਰੰਗਦਾਰ ਤਸਵੀਰ ਲੱਗੀ ਹੋਈ ਸੀ, ਘਣੂਪੁਰ ਨੇ ਛਿੱਤਰ ਲਾ ਕੇ ਜ਼ੋਰ ਦੀ ਮਾਰਿਆ ਤੇ ਨਾਲ ਹੀ ਕਿਹਾ ਲਾਹਨਤ ਹੈ ਐਸੇ ਸਾਧ ਨੂੰ। ਫੋਟੋ ਫੱਟ ਗਈ।

ਸੰਤ ਫ਼ਤਹਿ ਸਿੰਘ ਤੇ ਉਸ ਦੇ ਸਾਥੀਆਂ ਵੱਲੋਂ ਅਰਦਾਸ ਤੋਂ ਭਗੌੜੇ ਹੋ ਜਾਣ ਪਿੱਛੋਂ ਡਾ. ਜਗਜੀਤ ਸਿੰਘ ਚੌਹਾਨ ਜਲੰਧਰ ਤੋਂ ਹਰਬੰਸ ਸਿੰਘ ਬਾਗਲਾ ਨਾਂ ਦਾ ਇਕ ਨੌਜਵਾਨ ਫੜ ਲਿਆਇਆ ਅਤੇ ਉਸ ਤੋਂ ਭੁੱਖ ਹੜਤਾਲ ਸ਼ੁਰੂ ਕਰਵਾ ਦਿੱਤੀ। ਕੁਝ ਦਿਨਾਂ ਪਿੱਛੋਂ ਹੀ ਉਹ ਭੱਜ ਗਿਆ। ਫਿਰ ਖਡੂਰ ਸਾਹਿਬ ਤੋਂ ਜਗਦੀਸ਼ ਸਿੰਘ ਚੂਹੇ ਨੂੰ ਲੈ ਆਏ ਪਰ ਉਹ ਵੀ ਭੁੱਖ ਨਾ ਸਹਾਰ ਸਕਿਆ ਅਤੇ ਦੌੜ ਗਿਆ। ਉਪਰੰਤ ਫ਼ਰੀਦਕੋਟ ਤੋਂ ਮਹੰਤ ਸੇਵਾਦਾਰ ਨਾਂ ਦੇ ਇਕ ਸਾਧ ਨੂੰ ਲਿਆ ਕੇ, ਮਰਨ ਵਰਤ 'ਤੇ ਬਿਠਾ ਦਿੱਤਾ। ਉਹ ਵੀ ਭੱਜ ਗਿਆ।

ਫੇਰੂਮਾਨ ਜੀ ਵੱਲੋਂ ਪਹਿਲੀ ਅਗਸਤ 1969 ਨੂੰ ਰਈਆ ਵਿਖੇ ਇਕ ਕਾਨਫ਼ਰੰਸ ਰੱਖੀ ਗਈ ਸੀ। ਇਸ ਮੌਕੇ ਆਪ ਨੇ ਐਲਾਨ ਕਰ ਦਿੱਤਾ ਕਿ ਉਹ 15 ਅਗਸਤ ਨੂੰ ਸ੍ਰੀ ਦਰਬਾਰ ਸਾਹਿਬ ਮੱਥਾ ਟੇਕ ਕੇ, ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਨਮੁਖ ਅਰਦਾਸ ਕਰਨਗੇ, ਜਿਹੜੀ ਸੰਤ ਫ਼ਤਹਿ ਸਿੰਘ ਤੇ ਉਸ ਦੇ ਸਾਥੀਆਂ ਨੇ ਕਈ ਵਾਰ ਕਾਇਰਾਂ ਵਾਂਗ ਤੋੜੀ ਹੈ; ਇਸ ਉਪਰੰਤ ਉਹ ਮਰਨ ਵਰਤ ਸ਼ੁਰੂ ਕਰਨਗੇ, ਜਾਂ ਤਾਂ ਅਰਦਾਸ ਪੂਰੀ ਹੋਵੇਗੀ ਜਾਂ ਆਪ ਆਪਣੀ ਜਾਨ ਉੱਤੇ ਖੇਡ ਜਾਣਗੇ। ਜਦੋਂ ਉਹ ਮਰਨ ਵਰਤ ਸ਼ੁਰੂ ਕਰਨ ਤਾਂ ਨਾ ਤਾਂ ਕੋਈ ਅਮਨ ਭੰਗ ਕਰੇ ਅਤੇ ਨਾ ਹੀ ਕਿਸੇ ਸਰਕਾਰੀ ਸੰਪੱਤੀ ਦਾ ਨੁਕਸਾਨ ਕਰੇ।

9 ਅਗਸਤ 1969 ਨੂੰ ਗੁਰਦਿੱਤ ਸਿੰਘ ਨਾਂ ਦੇ ਇਕ ਸਾਧਾਰਨ ਜਿਹੇ ਬੰਦੇ ਨੇ ਬਿਆਸ ਥਾਣੇ ਵਿਚ ਰਪਟ ਲਿਖਵਾਈ ਕਿ ਦਰਸ਼ਨ ਸਿੰਘ ਫੇਰੂਮਾਨ ਖੁੱਲ੍ਹਮ-ਖੁੱਲ੍ਹਾ ਸੰਤ ਫਤਹਿ ਸਿੰਘ ਨੂੰ ਪਾਖੰਡੀ ਅਤੇ ਧੋਖੇਬਾਜ਼ ਸਾਧ ਕਹਿ ਰਿਹਾ ਹੈ। ਇਸ ਤੋਂ ਇਲਾਵਾ ਉਹ ਪੰਜਾਬ ਦੀ ਵਰਤਮਾਨ ਸਰਕਾਰ ਨੂੰ, ਪੰਥ ਦਾ



ਭਲਾ ਚਾਹੁਣ ਵਾਲੀ ਸਰਕਾਰ ਨਹੀਂ ਮੰਨਦਾ ਅਤੇ ਖੰਡਾ ਖੜਕਾਉਣ ਦੀਆਂ ਗੱਲਾਂ ਕਰਦਾ ਹੈ। ਪੁਲੀਸ ਨੇ ਆਪ ਵਿਰੁੱਧ ਦਫ਼ਾ 9 ਅਧੀਨ ਕੇਸ ਦਰਜ ਕਰ ਲਿਆ। ਬਿਨਾ ਕਿਸੇ ਕਾਨੂੰਨੀ ਕਾਰਵਾਈ ਦੇ 12 ਅਤੇ 13 ਅਗਸਤ ਦੀ ਰਾਤ ਨੂੰ ਪੁਲੀਸ ਨੇ ਉਨ੍ਹਾਂ ਦੇ ਘਰ ਨੂੰ ਘੇਰਾ ਪਾ ਲਿਆ, ਤੇ ਓਥੋਂ ਆਪ ਨੂੰ ਪੰਜਾਬ ਸਿਕਿਓਰਿਟੀ ਐਕਟ ਦੀ ਦਫ਼ਾ 9 ਅਧੀਨ ਗ੍ਰਿਫ਼ਤਾਰ ਕਰਕੇ ਅੰਮ੍ਰਿਤਸਰ ਜੇਲ੍ਹ ਵਿਚ ਬੰਦ ਕਰ ਦਿੱਤਾ।

ਆਪ ਨੇ 15 ਅਗਸਤ ਨੂੰ ਜੇਲ੍ਹ ਵਿਚ ਹੀ ਅਰਦਾਸ ਕਰਕੇ ਮਰਨ ਵਰਤ ਸ਼ੁਰੂ ਕਰ ਦਿੱਤਾ। ਦਿਨੋਂ-ਦਿਨ ਵਿਗੜ ਰਹੀ ਹਾਲਤ ਕਾਰਨ ਉਨ੍ਹਾਂ ਨੂੰ ਗੁਰੂ ਤੇਗ਼ ਬਹਾਦਰ ਹਸਪਤਾਲ ਦੇ ਫੈਮਿਲੀ ਵਾਰਡ ਦੇ ਕਮਰਾ 13 ਵਿਚ ਲਿਆਂਦਾ ਗਿਆ। ਭਾਵੇਂ ਸਰਕਾਰ ਨੇ ਸ. ਫੇਰੂਮਾਨ ਦੀ ਰਿਹਾਈ ਦਾ ਹੁਕਮ ਦੇ ਦਿੱਤਾ ਸੀ ਪਰ ਆਪ ਪੁਲੀਸ ਦੀ ਨਿਗਰਾਨੀ ਹੇਠ ਹੀ ਰਹੇ। ਕਿਸੇ ਵੀ ਆਮ ਆਦਮੀ ਨੂੰ ਮਿਲਣ ਦੀ ਆਗਿਆ ਨਹੀਂ ਸੀ। 27 ਅਕਤੂਬਰ 1969 ਦੀ ਸ਼ਾਮ ਦੇ ਸਾਢੇ ਤਿੰਨ ਵਜੇ 74 ਦਿਨਾਂ ਦੇ ਮਰਨ ਵਰਤ ਉਪਰੰਤ ਆਪ ਨੇ ਅੰਤਿਮ ਸਵਾਸ ਲਿਆ। ਇਸ ਤਰ੍ਹਾਂ ਆਪ ਨੇ ਸਿੱਖਾਂ ਵਾਲੀ ਮਹਾਨ ਸ਼ਹੀਦਾਂ ਦੀ ਪਦਵੀ ਪ੍ਰਾਪਤ ਕੀਤੀ।

ਬੜੇ ਅਫ਼ਸੋਸ ਦੀ ਗੱਲ ਹੈ ਕਿ ਪੰਜਾਬ ਦੀਆਂ ਸਾਰੀਆਂ ਮੰਗਾਂ ਉੱਥੇ ਹੀ ਖੜ੍ਹੀਆਂ ਹਨ। ਸ. ਫੇਰੂਮਾਨ ਭਾਵੇਂ ਅੱਜ ਸਾਡੇ ਵਿਚ ਨਹੀਂ ਪਰ ਆਪ ਦੀ ਕੁਰਬਾਨੀ ਸਿੱਖ ਇਤਿਹਾਸ ਵਿਚ ਆਪ ਦੇ ਨਾਂ ਨੂੰ ਹਮੇਸ਼ਾਂ ਕਾਇਮ ਰਖੇਗੀ। ਆਪ ਦੀ ਯਾਦ ਨੂੰ ਕਾਇਮ ਰੱਖਣ ਲਈ ਪਰਿਵਾਰ ਅਤੇ ਇਲਾਕਾ ਨਿਵਾਸੀਆਂ ਨੇ ਇਕ ਟਰੱਸਟ ਬਣਾਇਆ ਹੈ। ਉਨ੍ਹਾਂ ਦੇ ਨਾਂ 'ਤੇ ਰਈਆ ਵਿਚ ਲੜਕੀਆਂ ਦਾ ਕਾਲਜ, ਪਬਲਿਕ ਸਕੂਲ ਤੇ ਬੁਤਾਲਾ ਵਿਚ ਪਬਲਿਕ ਸਕੂਲ ਕਾਇਮ ਕੀਤੇ ਗਏ ਹਨ।

### ਦੇਸ਼ ਆਜ਼ਾਦ-ਪੰਥ ਗ਼ੁਲਾਮ:

ਸ. ਦਰਸ਼ਨ ਸਿੰਘ ਫੇਰੂਮਾਨ ਨੇ ਪਹਿਲੀ ਅਗਸਤ 1969 ਨੂੰ ਇੱਕ ਵਸੀਹਤ ਕੀਤੀ ਸੀ ਜਿਸਦੀ ਲਿਖਤ ਅਜੇ ਮੌਜੂਦ ਹੈ ਅਤੇ ਉਨ੍ਹਾਂ ਦੀ ਆਵਾਜ਼ ਵਿਚ ਰਿਕਾਰਡ ਵੀ ਕੀਤੀ ਹੋਈ ਹੈ, ਜੋ ਇਸ ਪ੍ਰਕਾਰ ਹੈ: 'ਮੈਂ ਪੰਥ ਦੀ ਚੜ੍ਹਦੀ ਕਲਾ ਅਤੇ ਦੇਸ਼ ਦੀ ਆਜ਼ਾਦੀ ਲਈ ਘੋਲ ਕਰਦਾ ਰਿਹਾ ਹਾਂ, ਮੇਰਾ ਇਹ ਜੀਵਨ ਲੋਕਾਂ ਦੇ ਸਾਹਮਣੇ ਹੈ। ਹੁਣ ਦੇਸ਼ ਆਜ਼ਾਦ ਹੋ ਗਿਆ ਹੈ, ਪਰ ਪੰਥ ਅਜੇ ਵੀ ਗੁਲਾਮ ਹੈ। ਪੰਥ ਦੀ ਰਾਜਨੀਤੀ ਅਤੇ ਗੁਰਧਾਮਾਂ ਉੱਤੇ ਦੰਭੀ ਸੰਤਾਂ ਤੇ ਪੰਥ ਦੋਖੀਆਂ ਦਾ ਕਬਜ਼ਾ ਹੈ। ਧਰਮ ਦੀ ਥਾਂ ਭ੍ਰਿਸ਼ਟਾਚਾਰ ਤੇ ਗਿਰਾਵਟ ਵਧ ਗਈ ਹੈ। ਸਿੱਖ ਧਰਮ ਦੇ ਸਿਧਾਂਤ, ਖ਼ਾਲਸੇ ਦੀਆਂ ਰਵਾਇਤਾਂ ਅਤੇ ਸਿੰਘਾਂ ਦਾ ਇਤਿਹਾਸਕ ਗੌਰਵ ਪੈਰਾਂ ਹੇਠ ਲਿਤਾੜ ਦਿੱਤਾ ਗਿਆ ਹੈ। ਸ੍ਰੀ ਅਕਾਲ ਤਖ਼ਤ ਦੇ ਸਨਮੁਖ ਮਰਨ ਵਰਤ ਰੱਖ ਕੇ ਅਤੇ ਜਿਉਂਦੇ ਸੜ ਮਰਨ ਦੇ ਅਰਦਾਸੇ ਕਰਨ ਵਾਲੇ ਕਾਇਰਤਾ ਦਾ ਰਾਹ ਫੜ ਕੇ ਪੰਥ ਤੇ ਸਿੱਖ ਧਰਮ ਅਤੇ ਪੰਜਾਬ ਸਰਕਾਰ ਉੱਤੇ ਪੱਕਾ ਜੱਫਾ ਪਾਈ ਰੱਖਣ ਦੀ ਸਾਜ਼ਿਸ਼ ਵਿਚ ਕਾਮਯਾਬ ਹੋ ਰਹੇ ਹਨ। ਇਸ ਦੰਭ ਅਤੇ ਅਧਰਮ ਨੂੰ ਹੀ ਸਿੱਖਾਂ ਦਾ ਧਰਮ ਦਰਸਾਉਣ ਲਈ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸ਼ਰੀਕ ਕੁੰਡ ਖੜ੍ਹੇ ਕਰ (ਪੰਨਾ 48) ਦਿੱਤੇ ਹਨ, ਜਿਨ੍ਹਾਂ ਨੂੰ ਧੱਕੇ ਤੇ ਸਰਕਾਰੀ ਸ਼ਹਿ ਨਾਲ ਕਾਇਮ ਰੱਖਿਆ ਜਾ ਰਿਹਾ ਹੈ। ਪੰਥ ਦੀ ਅਧੋਗਤੀ ਅਤੇ ਅਪਮਾਨ ਜੋ ਅੱਜ ਹੋ ਰਿਹਾ ਹੈ, ਅੱਗੇ ਕਦੇ ਨਹੀਂ ਹੋਇਆ, ਧਰਮ ਦੀ ਦੁਰਦਸ਼ਾ ਜੋ ਅੱਜ ਕੀਤੀ ਜਾ ਰਹੀ ਹੈ, ਪਹਿਲਾਂ ਕਦੇ ਨਹੀਂ ਹੋਈ। ਸਿੱਖ ਰਾਜਨੀਤੀ ਵਿਚੋਂ ਸਾਧਾਂ, ਮਹੰਤਾਂ ਅਤੇ ਕੌਮ ਦੇ ਗ਼ੱਦਾਰਾਂ ਨੇ ਸਿੱਖੀ ਨੂੰ ਖਾਰਿਜ ਕਰਨ ਅਤੇ ਸਿੱਖਾਂ ਨੂੰ ਗ਼ੈਰਾਂ ਦੇ ਗ਼ੁਲਾਮ ਬਣਾਉਣ ਦੀ ਸਾਜ਼ਿਸ਼ ਪੱਕੇ ਤੌਰ 'ਤੇ ਰਚ ਲਈ ਹੈ। ਇਹ ਕੂੜ ਦੀ ਮੱਸਿਆ, ਅਤੇ ਦੰਭ ਦਾ ਜਾਲ ਬਿਨਾਂ ਸਿਰ ਦਿੱਤਿਆਂ ਹੁਣ ਦੂਰ ਨਹੀਂ ਹੋਣਾ। ਇਹ ਅਰਦਾਸੇ ਭੰਗ ਕਰਨ ਦਾ ਪਾਪ, ਪੰਥ ਦੇ ਮੁੜ ਉਠ ਖੜ੍ਹੇ ਹੋਣ ਦੇ ਰਾਹ ਵਿਚ ਵੱਡੀ ਰੁਕਾਵਟ ਹੈ ਅਤੇ ਇਹ ਪਾਪ ਬਿਨਾਂ ਸੀਸ ਦਿੱਤਿਆਂ ਧੋਤਾ ਨਹੀਂ ਜਾਣਾ।

ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸੰਤ ਫਤਹਿ ਸਿੰਘ ਅਤੇ ਉਸ ਦੇ ਦੰਭੀ ਸਾਥੀਆਂ ਦੇ ਨਾਮ ਹੇਠਾਂ ਬਣਾਏ ਹੋਏ ਅਗਨੀ-ਕੁੰਡ ਪੁਕਾਰ ਪੁਕਾਰ ਕੇ ਸਿੰਘਾਂ ਕੋਲੋਂ ਆਹੂਤੀਆਂ ਮੰਗ ਰਹੇ ਹਨ। ਗੁਰੂ ਤੇ ਅਕਾਲ ਪੁਰਖ ਤੋਂ ਭਗੌੜਾ ਹੋ ਕੇ ਪੰਥ ਬਚ ਨਹੀਂ ਸਕਦਾ। ਹੁਣ ਇਹ ਜ਼ਰੂਰੀ ਹੋ ਗਿਆ ਹੈ ਕਿ ਕੋਈ ਗੁਰੂ ਕਾ ਸਿੰਘ ਆਪਣਾ ਸੀਸ ਦੇ ਕੇ ਪੰਥ ਦੇ ਅਖੌਤੀ ਲੀਡਰਾਂ ਅਤੇ ਸਿੱਖੀ ਦੇ ਗ਼ੱਦਾਰਾਂ ਦੇ ਕੀਤੇ ਹੋਏ ਪਾਪਾਂ ਦਾ ਪ੍ਰਾਸ਼ਚਿਤ ਕਰੇ ਤਾਂ ਜੋ ਪੰਥ ਆਜ਼ਾਦ ਹਿੰਦੁਸਤਾਨ ਵਿਚ ਆਜ਼ਾਦ ਪੰਥ ਅਥਵਾ ਸਿੱਖ ਹੋਮਲੈਂਡ ਦੀ ਸਥਾਪਤੀ ਵੱਲ ਅਗਲਾ ਕਦਮ ਚੁੱਕ ਸਕੇ। ਇਸ ਨਿਸ਼ਾਨੇ ਦੀ ਪ੍ਰਾਪਤੀ ਲਈ ਮੈਂ ਆਪਣਾ ਬਲੀਦਾਨ ਦੇਣ ਲੱਗਾ ਹਾਂ। ਸੰਗਤਾਂ ਨੂੰ ਮੇਰੀ ਬੇਨਤੀ ਹੈ ਕਿ ਮੇਰੇ ਪਿੱਛੋਂ ਉਹ ਆਪਣਾ ਫ਼ਰਜ਼ ਪਛਾਣਨ। ਮੇਰੇ ਮਰਨ ਪਿੱਛੋਂ ਮੇਰੇ ਸਰੀਰ ਨੂੰ ਸੰਤ ਫ਼ਤਹਿ ਸਿੰਘ ਦੇ ਨਾਮ ਹੇਠਾਂ ਬਣਾਏ ਹੋਏ ਅੱਗਨੀ ਕੁੰਡ ਵਿਚ ਰੱਖ ਕੇ ਫੂਕ ਦਿੱਤਾ ਜਾਵੇ ਅਤੇ ਮੇਰੀਆਂ ਅਸਥੀਆਂ ਕੀਰਤਪੁਰ ਸਾਹਿਬ ਪੁਚਾ ਦਿੱਤੀਆਂ ਜਾਣ। ਪੰਥ ਦੇ ਮਸੰਦਾਂ ਅਤੇ ਧਰਮ ਦੇ ਦੋਖੀਆਂ ਨਾਲ ਯਥਾਯੋਗ ਸਲੂਕ ਕੀਤਾ ਜਾਵੇ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਉੱਤੇ ਬਣੇ ਹੋਏ ਦੰਭ ਅਤੇ ਪਾਖੰਡ ਦੀਆਂ ਨਿਸ਼ਾਨੀਆਂ ਅਗਨੀਕੁੰਡ ਢਾਹ ਦਿੱਤੇ ਜਾਣ। ਸੰਗਤਾਂ ਅਰਦਾਸ ਕਰਨ ਕਿ ਸਾਹਿਬ ਦਸਮ ਪਾਤਸ਼ਾਹ ਮੇਰੀ ਤੁੱਛ ਕੁਰਬਾਨੀ ਕਬੂਲ ਕਰਨ ਅਤੇ ਆਪਣੇ ਪੰਥ ਦੀ ਬਾਹੁੜੀ ਕਰਨ, ਸੰਪੂਰਨ ਪੰਜਾਬ ਜ਼ਿੰਦਾਬਾਦ, ਸਿੱਖ ਹੋਮਲੈਂਡ ਅਮਰ ਰਹੇ।'

ਵਾਹਿਗੁਰੂ ਜੀ ਦਾ ਖਾਲਸਾ॥
ਵਾਹਿਗੁਰੂ ਜੀ ਕੀ ਫਤਹਿ॥
ਗੁਰੂ ਪੰਥ ਦਾ ਦਾਸ
ਦਰਸ਼ਨ ਸਿੰਘ ਫੇਰੂਮਾਨ


### ਸ. ਕਪੂਰ ਸਿੰਘ ਦਾ ਪ੍ਰਤੀਕਰਮ:

'ਸਿੱਖ ਪੰਥ ਦੇ ਸ਼੍ਰੋਮਣੀ ਵਿਦਵਾਨ ਸ. ਕਪੂਰ ਸਿੰਘ ਅਨੁਸਾਰ ਸ. ਦਰਸ਼ਨ ਸਿੰਘ ਫੇਰੂਮਾਨ ਨੇ ਇਸ ਲਈ ਸ਼ਹਾਦਤ ਦਿੱਤੀ ਸੀ ਕਿ ਉਹ ਕਾਲਖ ਜਿਹੜੀ ਅਕਾਲ ਤਖ਼ਤ ਸਾਹਿਬ ਦੇ ਸਨਮੁਖ ਜਿਉਂਦੇ ਸੜ ਮਰਨ ਦੇ ਅਰਦਾਸੇ ਭੰਗ ਕਰਕੇ ਕਾਇਰ, ਦੰਭੀ, ਗੁਰੂ ਤੋਂ ਬੇਮੁੱਖ ਤੇ ਪੰਥ ਦੇ ਅਖੌਤੀ ਭਗੌੜੇ ਲੀਡਰਾਂ ਨੇ, ਪੰਥ ਦੇ ਉੱਜਲ ਮੁੱਖ ਉੱਤੇ ਮਲੀ ਹੈ, ਉਹ ਧੋਤੀ ਜਾਵੇ। ਉਨ੍ਹਾਂ ਨੇ ਆਪਣਾ ਬਲੀਦਾਨ ਦਿੱਤਾ ਤਾਂ ਜੋ ਜਿਹੜੇ ਝੂਠੇ ਦਾਅਵੇ, ਅਖੌਤੀ ਸਿੱਖ ਲੀਡਰਾਂ ਨੇ ਚੰਡੀਗੜ੍ਹ ਅਤੇ ਭਾਖੜਾ ਨੂੰ ਪੰਜਾਬ ਵਿਚ ਸ਼ਾਮਲ ਕਰਾਉਣ ਲਈ ਕੀਤੇ ਸਨ, ਉਨ੍ਹਾਂ ਬਚਨਾਂ ਉੱਤੇ ਮੁੜ ਪਹਿਰਾ ਦੇ ਕੇ, ਉਹ ਪੂਰੇ ਕੀਤੇ ਜਾਣ। ਸ. ਦਰਸ਼ਨ ਸਿੰਘ ਫੇਰੂਮਾਨ ਨੇ ਮਹਾਨ ਕੁਰਬਾਨੀ ਇਸ ਲਈ ਕੀਤੀ ਸੀ ਤਾਂ ਜੋ ਉਨ੍ਹਾਂ ਕਾਇਰ, ਦੰਭੀ ਅਤੇ ਪੰਥ ਦੇ ਗ਼ੱਦਾਰ, ਜਿਨ੍ਹਾਂ ਨੇ ਜਿਉਂਦੇ ਸੜ ਮਰਨ ਦਾ ਅਰਦਾਸਾ ਕਰਕੇ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਛੱਤ ਉੱਤੇ ਅਗਨੀ ਕੁੰਡ ਬਣਾਏ ਹਨ ਅਤੇ ਮੌਤ ਤੋਂ ਡਰਦੇ ਗਿੱਦੜਾਂ ਵਾਂਗ ਭੱਜ ਗਏ ਹਨ ਅਤੇ ਇਉਂ ਪੰਥ ਦੇ ਅਦ੍ਰਿਸ਼ਟ, ਦਿੱਬ ਗੁਰੂ ਨਾਲ ਪੀਡੇ ਰਿਸ਼ਤੇ ਨੂੰ ਕਮਜ਼ੋਰ ਕੀਤਾ ਹੈ, ਉਹ ਰਿਸ਼ਤਾ ਮੁੜ ਸੁਰਜੀਤ ਕੀਤਾ ਜਾਵੇ। ਇਹ ਸ਼ਹਾਦਤ ਸਿੱਖ ਹੋਮਲੈਂਡ ਦੀ ਸਥਾਪਤੀ ਅਤੇ ਆਜ਼ਾਦ ਪੰਥ ਆਜ਼ਾਦ ਹਿੰਦੁਸਤਾਨ ਵਿਚ ਪ੍ਰਾਪਤ ਕਰਨ ਲਈ ਕੀਤੀ ਗਈ ਹੈ।'

ਸ. ਫੇਰੂਮਾਨ ਦੀ ਸ਼ਹਾਦਤ ਤੋਂ ਪਿੱਛੋਂ ਗੁਰੂ ਦੀ ਮਾਰ ਅਤੇ ਪਾਪਾਂ ਦਾ ਬੋਝ ਨਾ ਸਹਾਰਦੇ ਹੋਏ ਸੰਤ ਫ਼ਤਹਿ ਸਿੰਘ ਅਤੇ ਸੰਤ ਚੰਨਣ ਸਿੰਘ 1972 ਵਿਚ ਇਸ ਦੁਨੀਆਂ ਤੋਂ ਸਦਾ ਲਈ ਚਲੇ ਗਏ। ਉਹਨਾਂ ਦੇ ਪਿੱਛੋਂ ਜਥੇਦਾਰ ਮੋਹਨ ਸਿੰਘ ਤੁੜ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਅਤੇ ਜਥੇਦਾਰ ਗੁਰਚਰਨ ਸਿੰਘ ਟੌਹੜਾ ਸ਼੍ਰੋਮਣੀ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਚੁਣੇ ਗਏ। ਪਰ 1973 ਵਿਚ ਹੋਈਆਂ ਪੰਜਾਬ ਵਿਧਾਨ ਸਭਾ ਦੀਆਂ ਚੋਣਾਂ ਵਿਚ ਕਾਂਗਰਸ ਬਹੁਮਤ ਲੈ ਗਈ ਅਤੇ ਗਿਆਨੀ ਜ਼ੈਲ ਸਿੰਘ ਮੁੱਖ ਮੰਤਰੀ ਬਣ ਗਏ। ਪੰਜਾਬ ਦੀਆਂ ਮੰਗਾਂ ਜਿਉਂ ਦੀਆਂ ਤਿਉਂ ਵਿਚਾਲੇ ਹੀ ਲਟਕ ਰਹੀਆਂ ਸਨ ਕਿ ਜੱਥੇਦਾਰ ਤੁੜ ਨੇ ਅਕਾਲੀ ਦਲ ਦਾ ਨਵਾਂ ਪਾਲਸੀ ਪ੍ਰੋਗਰਾਮ ਤਿਆਰ ਕਰਨ ਲਈ ਸ. ਕਪੂਰ ਸਿੰਘ ਆਈ ਸੀ ਐਸ ਦੀ ਸਰਪ੍ਰਸਤੀ ਹੇਠ ਇੱਕ ਸੱਤ ਮੈਂਬਰੀ ਸਬ ਕਮੇਟੀ ਬਣਾ ਦਿੱਤੀ। ਇਸ ਦੀਆਂ ਸ੍ਰੀ ਅਨੰਦਪੁਰ ਸਾਹਿਬ ਵਿਖੇ ਲਗਾਤਾਰ ਮੀਟਿੰਗਾਂ ਚੱਲਦੀਆਂ ਰਹੀਆਂ ਅਤੇ ਪਾਲਸੀ ਪ੍ਰੋਗਰਾਮ ਦਾ ਖਰੜਾ ਤਿਆਰ ਕਰਕੇ ਅਕਾਲੀ ਦਲ ਦੀ ਵਰਕਿੰਗ ਕਮੇਟੀ ਨੂੰ ਸੌਂਪ ਦਿੱਤਾ ਗਿਆ, ਜਿਸ ਨੇ ਇਸ ਉੱਪਰ ਵਿਚਾਰ ਕਰਨ ਲਈ ਜਨਰਲ ਹਾਊਸ ਦੀ ਮੀਟਿੰਗ ਸੱਦ ਲਈ। ਇਸ ਮੀਟਿੰਗ ਵਿਚ ਇਹ ਖਰੜਾ ਪ੍ਰਵਾਨ ਕਰ ਲਿਆ ਗਿਆ। ਜੋ ਅਨੰਦਪੁਰ ਸਾਹਿਬ ਦੇ ਮਤੇ ਦੇ ਨਾਂ ਨਾਲ ਪ੍ਰਸਿੱਧ ਹੋਇਆ।

# ਭਾਰਤ ਵਿਚ ਵਧ ਰਿਹੈ ਜ਼ਾਤ-ਪਾਤ ਆਧਾਰਤ ਨਫਰਤ ਦਾ ਜ਼ਹਿਰ

ਕੁਝ ਦਿਨ ਪਹਿਲਾਂ ਸੁਪਰੀਮ ਕੋਰਟ ਦੇ ਚੀਫ ਜਸਟਿਸ ਸ੍ਰੀ ਭੂਸ਼ਣ ਰਾਮਕ੍ਰਿਸ਼ਣ ਗਵਈ 'ਤੇ ਇੱਕ ਕਥਿਤ ਉੱਚੀ ਜ਼ਾਤ ਦੇ ਵਕੀਲ ਵੱਲੋਂ ਜੁੱਤੀ ਸੁੱਟੀ ਗਈ ਸੀ। ਇਹ ਵਾਕਿਆ ਨੀਚਤਾ ਦੀ ਹੱਦ ਸੀ ਪਰ ਮੀਡੀਆ ਦੇ ਇੱਕ ਹਿੱਸੇ ਵੱਲੋਂ ਵਕੀਲ ਨੂੰ ਇੱਕ ਹੀਰੋ ਵਜੋਂ ਪੇਸ਼ ਕੀਤਾ ਗਿਆ। ਸੋਸ਼ਲ ਮੀਡੀਆ ਵਿਚ ਚੀਫ ਜਸਟਿਸ ਦੀ ਜ਼ਾਤੀ 'ਤੇ ਫਬਤੀਆਂ ਕੱਸੀਆਂ ਗਈਆਂ ਤੇ ਘਟੀਆ ਮੀਮ ਬਣਾਏ ਗਏ। ਵਰਣਨਯੋਗ ਹੈ ਕਿ ਸ੍ਰੀ ਕੇ ਜੀ ਬਾਲਾਕ੍ਰਿਸ਼ਨਨ ਤੋਂ ਬਾਅਦ ਸ੍ਰੀ ਗਵਈ ਦੂਸਰੇ ਦਲਿਤ ਚੀਫ ਜਸਟਿਸ ਹਨ। ਇਸਤੋਂ ਇਲਾਵਾ ਰੋਜ਼ਾਨਾ ਅਜਿਹੀਆਂ ਖਬਰਾ ਸੁਣਨ ਨੂੰ ਮਿਲ ਜਾਂਦੀਆਂ ਹਨ, ਜਿੱਥੇ ਕਦੇ ਕਿਸੇ ਦਲਿਤ 'ਤੇ ਪਿਸ਼ਾਬ ਕਰ ਦਿੱਤਾ ਜਾਂਦਾ ਹੈ ਜਾਂ ਕਿਸੇ ਤੋਂ ਕਥਿਤ ਉੱਚੀ ਜ਼ਾਤ ਵਾਲੇ ਦਬੰਗ ਦੇ ਪੈਰ ਧੁਲਵਾਏ ਜਾਂਦੇ ਹਨ।



ਜ਼ਾਤ-ਪਾਤ ਦੀ ਇਸ ਬੁਰਾਈ ਕਾਰਨ ਭਾਰਤ ਸੈਂਕੜੇ ਸਾਲਾਂ ਤੱਕ ਵਿਦੇਸ਼ੀ ਹਮਲਾਵਰਾਂ ਦੁਆਰਾ ਰੌਂਦਿਆ ਜਾਂਦਾ ਰਿਹਾ ਹੈ। ਪਾਣੀਪੱਤ ਦੀ ਪਹਿਲੀ ਜੰਗ (21 ਅਪਰੈਲ 1526 ਈਸਵੀ) ਵੇਲੇ ਬਾਬਰ ਦੀ ਫੌਜ ਸਿਰਫ 30,000 ਅਤੇ ਇਬਰਾਹੀਮ ਲੋਧੀ ਦੀ ਇੱਕ ਲੱਖ ਦੇ ਕਰੀਬ ਸੀ। ਇੱਕ ਰਾਤ ਬਾਬਰ ਭੇਸ ਬਦਲ ਕੇ ਇਬਰਾਹੀਮ ਲੋਧੀ ਦੇ ਕੈਂਪ ਵਿਚ ਘੁੰਮ ਰਿਹਾ ਸੀ ਤਾਂ ਉਸ ਨੇ ਵੇਖਿਆ ਕਿ ਲੋਧੀ ਦੀ ਫੌਜ ਦੇ ਹਰ ਟੈਂਟ ਅੱਗੇ ਚੁਲ੍ਹਾ ਬਲ ਰਿਹਾ ਹੈ। ਉਸ ਨੇ ਆਪਣੇ ਜਸੂਸਾਂ ਨੂੰ ਇਸ ਬਾਰੇ ਪੁੱਛਿਆ ਤਾਂ ਜਵਾਬ ਮਿਲਿਆ ਕਿ ਇਹ ਲੋਕ ਵੱਖ-ਵੱਖ ਜ਼ਾਤਾਂ, ਧਰਮਾਂ ਅਤੇ ਫਿਰਕਿਆਂ ਨਾਲ ਸਬੰਧ ਰੱਖਦੇ ਹਨ ਤੇ ਛੂਤ-ਛਾਤ ਮੰਨਣ ਕਾਰਨ ਇੱਕ-ਦੂਸਰੇ ਨਾਲ ਬੈਠ ਕੇ ਖਾਣਾ ਨਹੀਂ ਖਾਂਦੇ। ਇਹ ਸੁਣ ਕੇ ਬਾਬਰ ਬੋਲਿਆ ਕਿ ਜੇ ਇਹ ਫੌਜੀ ਇਕੱਠੇ ਬੈਠ ਕੇ ਖਾਣਾ ਨਹੀਂ ਖਾ ਸਕਦੇ ਤਾਂ ਇੱਕ ਮੁੱਠ ਹੋ ਕੇ ਲੜ ਵੀ ਨਹੀਂ ਸਕਣਗੇ। ਉਹ ਹੀ ਗੱਲ ਹੋਈ, ਅਗਲੇ ਦਿਨ ਚੰਦ ਘੰਟਿਆਂ ਵਿਚ ਲੋਧੀ ਦੀ ਸਾਰੀ ਫੌਜ ਨਸ਼ਟ ਕਰ ਦਿੱਤੀ ਗਈ ਤੇ ਉਹ ਜੰਗ ਵਿਚ ਮਾਰਿਆ ਗਿਆ। ਮੌਜੂਦਾ ਸਮੇਂ ਵੀ ਇਹੋ ਕੁਝ ਹੋ ਰਿਹਾ ਹੈ। ਦੇਸ਼ ਦੀ ਤਰੱਕੀ ਦੇ ਰਸਤੇ ਵਿਚ ਸਭ ਤੋਂ ਵੱਡੀ ਰੁਕਾਵਟ ਜ਼ਾਤੀ ਪ੍ਰਥਾ ਹੀ ਹੈ। ਲੋਕ ਵੋਟ ਪਾਉਣ ਲੱਗਿਆਂ ਉਮੀਦਵਾਰ ਦੀ ਕਾਬਲੀਅਤ ਦੀ ਬਜਾਏ ਜ਼ਾਤ ਵੇਖਦੇ ਹਨ। ਇਹ ਗੱਲ ਵੱਖਰੀ ਹੈ ਕਿ ਅੱਜ ਤੱਕ ਕਿਸੇ ਨੇਤਾ ਨੇ ਸੱਤਾ ਮਿਲਣ ਤੋਂ ਬਾਅਦ ਆਪਣੀ ਜ਼ਾਤ ਦਾ ਭਲਾ ਨਹੀਂ ਕੀਤਾ।

ਸੰਸਾਰ ਵਿਚ ਸ਼ਾਇਦ ਭਾਰਤ ਹੀ ਇੱਕੋ ਇੱਕ ਅਜਿਹਾ ਦੇਸ਼ ਹੈ ਜਿੱਥੇ ਅੱਜ ਵੀ ਜ਼ਾਤੀ ਪ੍ਰਥਾ ਵਰਗੇ ਕਲੰਕ ਦੀ ਪੂਰੀ ਕਰਤਾਈ ਨਾਲ ਪਾਲਣਾ ਕੀਤੀ ਜਾ ਰਹੀ ਹੈ। ਭਾਰਤ ਵਿਚ ਜ਼ਾਤੀਵਾਦੀ ਸਿਸਟਮ ਦਾ ਘੋਰ ਅਣਮਨੁੱਖੀ ਰੂਪ ਯੂ.ਪੀ., ਬਿਹਾਰ, ਰਾਜਸਥਾਨ ਅਤੇ ਦੱਖਣੀ ਭਾਰਤ ਵਿਚ ਵੇਖਣ ਨੂੰ ਮਿਲਦਾ ਹੈ। ਇਨ੍ਹਾਂ ਸੂਬਿਆਂ ਦੇ ਪਿੰਡਾਂ ਵਿਚ ਕਥਿਤ ਛੋਟੀਆਂ ਜ਼ਾਤਾਂ ਲਈ ਪਾਣੀ ਦੇ ਖੂਹ-ਨਲਕੇ ਵੱਖਰੇ ਹਨ ਤੇ ਉਹ ਪਿੰਡ ਦੇ ਚੌਧਰੀ ਦੇ ਬਰਾਬਰ ਕੁਰਸੀ ਜਾਂ ਮੰਜੇ 'ਤੇ ਨਹੀਂ ਬੈਠ ਸਕਦੇ। ਬਿਹਾਰ ਦੀ ਤਾਂ ਸਾਰੀ ਸਿਆਸਤ ਅਤੇ ਸਮਾਜਿਕ ਤਾਣਾ-ਬਾਣਾ ਜ਼ਾਤੀਵਾਦ ਦੇ ਇਰਦ-ਗਿਰਦ ਹੀ ਘੁੰਮਦਾ ਹੈ। ਰਾਜਨੀਤਕ ਪਾਰਟੀਆਂ ਤਾਂ ਇੱਕ ਪਾਸੇ, ਗੁੰਡਿਆਂ ਅਤੇ ਡਾਕੂਆਂ ਦੇ ਗਿਰੋਹ ਵੀ ਜ਼ਾਤ ਅਧਾਰਿਤ ਹਨ। 1992-93 ਵਿਚ ਮੈਂ ਇੱਕ ਭਗੌੜੇ ਮੁਲਜ਼ਮ ਨੂੰ ਪਕੜਨ ਲਈ ਯੂ.ਪੀ. ਦੇ ਕਿਸੇ ਸ਼ਹਿਰ ਗਿਆ ਸਾਂ। ਸਾਨੂੰ ਪੁਲਿਸ ਮਦਦ ਲੈਣ ਲਈ ਸਥਾਨਕ ਥਾਣੇ ਜਾਣਾ ਪਿਆ ਤਾਂ ਵੇਖਿਆ ਕਿ ਥਾਣੇ ਵਿਚ ਦੋ ਮੈਸਾਂ ਸਨ। ਉਨ੍ਹਾਂ ਦੇ ਦਰਵਾਜ਼ਿਆਂ 'ਤੇ ਸ਼ਰੇਆਮ ਲਿਖਿਆ ਹੋਇਆ ਸੀ, ਉੱਚ ਜ਼ਾਤੀ ਕੀ ਮੈਸ ਅਤੇ ਨਿਮਨ ਜ਼ਾਤੀ ਕੀ ਮੈਸ। ਜਦੋਂ ਮੈਂ ਹੈਰਾਨ ਹੋ ਕੇ ਐਸ.ਐਚ.ਓ. ਨੂੰ ਇਸ ਸਬੰਧੀ ਪੁੱਛਿਆ ਤਾਂ ਉਹ ਬਹੁਤ ਆਰਾਮ ਨਾਲ ਬੋਲਿਆ ਕਿ ਇਸ ਵਿਚ ਕੀ ਖਾਸ ਗੱਲ ਹੈ? ਇਹ ਤਾਂ ਹੁੰਦਾ ਹੀ ਹੈ।



ਰਾਜਸਥਾਨ ਵਿਚ ਕੁਝ ਸਾਲ ਪਹਿਲਾਂ ਤੱਕ ਕੋਈ ਗੈਰ-ਰਾਜਪੂਤ, ਇੱਥੋਂ ਤੱਕ ਕਿ ਜਾਟ (ਜੱਟ) ਵੀ ਆਪਣੇ ਨਾਮ ਨਾਲ ਸਿੰਘ ਨਹੀਂ ਸੀ ਲਿਖ ਸਕਦਾ, ਘੋੜੀ 'ਤੇ ਨਹੀਂ ਸੀ ਚੜ੍ਹ ਸਕਦਾ ਤੇ ਚੰਗਾ ਊਠ ਨਹੀਂ ਸੀ ਰੱਖ ਸਕਦਾ। ਅੱਜ ਵੀ ਰਾਜਸਥਾਨ 'ਚ ਰਾਜਪੂਤਾਂ ਨੂੰ ਛੱਡ ਕੇ ਬਹੁਤੇ ਲੋਕਾਂ ਦੇ ਨਾਮ ਸ਼ਾਮ ਲਾਲ, ਨਿਉਲਾ ਰਾਮ, ਦੂੜੇ ਰਾਮ, ਰਤਨ ਲਾਲ ਜਾਂ ਗੋਦਾ ਰਾਮ ਆਦਿ ਹਨ। ਧਰਮਿੰਦਰ ਦੀ ਫਿਲਮ ਗੁਲਾਮੀ (1985) ਵਿਚ ਇਹ ਭੇਦ-ਭਾਵ ਬਹੁਤ ਸਟੀਕਤਾ ਨਾਲ ਵਿਖਾਇਆ ਗਿਆ ਸੀ। ਦੱਖਣ ਵਿਚ ਤਾਂ ਹਾਲਾਤ ਹੋਰ ਵੀ ਬੁਰੇ ਹਨ। ਉਥੇ ਇੱਕ ਯੇਲੰਮਾ ਦੇਵੀ ਦਾ ਮੰਦਰ ਹੈ, ਜਿੱਥੇ ਸਿਰਫ ਕਥਿਤ ਛੋਟੀਆਂ ਜ਼ਾਤਾਂ ਦੀਆਂ ਬੱਚੀਆਂ ਨੂੰ ਹੀ ਦੇਵ-ਦਾਸੀਆਂ ਬਣਾਇਆ ਜਾਂਦਾ ਹੈ ਤੇ ਬਾਅਦ ਵਿਚ ਵੇਸਵਾ ਬਜ਼ਾਰ ਵਿਚ ਵੇਚ ਦਿੱਤਾ ਜਾਂਦਾ ਹੈ। ਪੰਜਾਬ ਦੇ ਮਾਲਵਾ ਖੇਤਰ ਵਿਚ ਵੀ ਇੱਕ ਚੋਟੀ ਦੇ ਸਿਆਸੀ ਪਰਿਵਾਰ ਦਾ ਮਨਪਸੰਦ ਇੱਕ ਅਜਿਹਾ ਡੇਰਾ ਹੈ ਜਿੱਥੇ ਅੱਜ ਵੀ ਲੰਗਰ ਵਿਚ ਵੱਖ-ਵੱਖ ਜ਼ਾਤਾਂ ਦੇ ਭਾਂਡੇ ਅਲੱਗ-ਅਲੱਗ ਰੱਖ ਕੇ ਸਿੱਖ ਧਰਮ ਦੇ ਸਭ ਤੋਂ ਬੁਨਿਆਦੀ ਅਸੂਲ ਦੀਆਂ ਸ਼ਰੇਆਮ ਧੱਜੀਆਂ ਉਡਾਈਆਂ ਜਾ ਰਹੀਆਂ ਹਨ।

ਪੰਜਾਬ ਵਿਚ ਗੁਰੂਆਂ ਅਤੇ ਭਗਤਾਂ ਨੇ ਜ਼ਾਤ-ਪਾਤ ਮਿਟਾਉਣ ਲਈ ਬਹੁਤ ਉਪਰਾਲੇ ਕੀਤੇ ਸਨ ਪਰ ਇਹ ਬਿਮਾਰੀ ਲਗਾਤਾਰ ਵਧਦੀ ਜਾ ਰਹੀ ਹੈ। ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸਾ ਪੰਥ ਦੀ ਸਾਜਨਾ ਕਰਨ ਵੇਲੇ ਇਸ ਬੁਰਾਈ ਨੂੰ ਖਤਮ ਕਰਨ ਲਈ ਸਭ ਤੋਂ ਪਹਿਲਾਂ ਵੱਖ-ਵੱਖ ਜ਼ਾਤਾਂ ਦੇ ਪੰਜ ਸੂਰਮਿਆਂ ਨੂੰ ਅੰਮ੍ਰਿਤ ਛਕਾ ਕੇ ਸਿੰਘ ਸਜਾਇਆ ਤੇ ਫਿਰ ਆਪ ਉਨ੍ਹਾਂ ਹੱਥੋਂ ਅੰਮ੍ਰਿਤ ਛਕਿਆ। ਪਰ ਹੁਣ ਹਾਲਾਤ ਇਹ ਬਣ ਗਏ ਹਨ ਕਿ ਅਸੀਂ ਗੁਰੂ ਸਾਹਿਬਾਨ ਨੂੰ ਤਾਂ ਮੰਨਦੇ ਹਾਂ, ਪਰ ਉਨ੍ਹਾਂ ਦੀਆਂ ਸਿੱਖਿਆਵਾਂ 'ਤੇ ਅਮਲ ਕਰਨ ਲਈ ਤਿਆਰ ਨਹੀਂ। ਪੰਜਾਬ ਦੇ ਹਰ ਪਿੰਡ-ਸ਼ਹਿਰ ਵਿਚ ਵੱਖ-ਵੱਖ ਜ਼ਾਤਾਂ ਦੇ ਗੁਰਦਵਾਰੇ, ਮੰਦਰ ਅਤੇ ਸ਼ਮਸ਼ਾਨ ਘਾਟ ਬਣੇ ਹੋਏ ਹਨ। ਪੱਛਮੀ ਦੇਸ਼ਾਂ ਵਿਚ ਵੀ ਭਾਰਤੀ ਆਪਣੀ ਇਹ ਨੀਚ ਪ੍ਰਥਾ ਨਾਲ ਹੀ ਲੈ ਗਏ ਹਨ। ਉਥੇ ਵੀ ਅਲੱਗ ਅਲੱਗ ਜ਼ਾਤਾਂ ਦੇ ਧਰਮ ਅਸਥਾਨ ਉਸਾਰ ਲਏ ਗਏ ਹਨ।

ਜ਼ਾਤ-ਪਾਤ ਪ੍ਰਥਾ ਵੈਦਿਕ ਕਾਲ ਵਿਚ ਕੰਮ ਦੇ ਅਧਾਰ 'ਤੇ ਸ਼ੁਰੂ ਹੋਈ ਸੀ, ਪਰ ਸਮਾਂ ਪਾ ਕੇ ਰਾਜਿਆਂ ਅਤੇ ਪੁਜਾਰੀਆਂ ਦੀਆਂ ਸਾਜ਼ਿਸ਼ਾਂ ਕਾਰਨ ਇਹ ਪੱਕੀ ਹੋ ਗਈ। ਫਿਲਹਾਲ ਇਸ ਦੇ ਖਤਮ ਹੋਣ ਦੇ ਕੋਈ ਆਸਾਰ ਨਜ਼ਰ ਨਹੀਂ ਆ ਰਹੇ ਕਿਉਂਕਿ ਇਸ ਨੂੰ ਦੇਸ਼ ਦੇ ਰਾਜਨੀਤਕ ਅਤੇ ਧਾਰਮਿਕ ਰਹਿਨੁਮਾਵਾਂ ਵੱਲੋਂ ਭਰਪੂਰ ਬੜਾਵਾ ਦਿੱਤਾ ਜਾ ਰਿਹਾ ਹੈ। ਇਲੈਕਸ਼ਨਾਂ, ਸਰਕਾਰੀ ਨੌਕਰੀਆਂ, ਇਥੋਂ ਤੱਕ ਕੇ ਪੰਚਾਇਤਾਂ ਵੀ ਜ਼ਾਤ ਆਧਾਰਤ ਬਣਦੀਆਂ ਹਨ। ਅਫਸਰਾਂ ਦੇ ਸ਼ਰੇਆਮ ਜ਼ਾਤ ਆਧਾਰਤ ਗਰੁੱਪ ਬਣੇ ਹੋਏ ਹਨ, ਜਿਨ੍ਹਾਂ ਵਿਚ ਦੂਸਰੀ ਜ਼ਾਤ ਵਾਲਿਆਂ ਦੀ ਰੱਜ ਕੇ ਬਦਖੋਈ ਕੀਤੀ ਜਾਂਦੀ ਹੈ। ਵੈਸੇ ਜ਼ਾਤ-ਪਾਤ ਵੀ ਵਿਅਕਤੀ ਦੀ ਆਰਥਿਕ ਸਥਿਤੀ ਅਨੁਸਾਰ ਬਦਲ ਜਾਂਦੀ ਹੈ। ਜੇ ਵਿਅਕਤੀ ਗਰੀਬ ਹੋਵੇ ਤਾਂ ਉਸ ਨਾਲ ਜ਼ਾਤ ਦੇ ਅਧਾਰ 'ਤੇ ਰੱਜ ਕੇ ਵਿਤਕਰਾ ਕੀਤਾ ਜਾਂਦਾ ਹੈ। ਪਰ ਜੇ ਉਹ ਹੀ ਵਿਅਕਤੀ ਪੜ੍ਹ-ਲਿਖ ਕੇ ਅਫਸਰ ਜਾਂ ਮੰਤਰੀ ਬਣ ਜਾਵੇ ਤਾਂ ਇਲਾਕੇ ਦੇ ਵੱਡੇ ਤੋਂ ਵੱਡੇ ਚੌਧਰੀ ਵੀ ਉਸ ਨੂੰ ਸਲਾਮ ਮਾਰਨ ਪਹੁੰਚ ਜਾਂਦੇ ਹਨ। ਕਹਿੰਦੇ ਹਨ ਕਿ ਪਹਿਲੀ ਪੀੜ੍ਹੀ ਦਾ ਪਾਖੰਡ ਦੂਸਰੀ ਪੀੜ੍ਹੀ ਦੀ ਪਰੰਪਰਾ ਅਤੇ ਤੀਸਰੀ ਪੀੜ੍ਹੀ ਦਾ ਧਰਮ ਬਣ ਜਾਂਦਾ ਹੈ। ਜ਼ਾਤ-ਪਾਤ ਵੀ ਸਾਡਾ ਧਰਮ ਬਣ ਗਿਆ ਹੈ। ਇਸ ਭੇਦ-ਭਾਵ ਤੋਂ ਅੱਕ ਕੇ ਭਾਰਤ ਵਿਚ ਕਰੋੜਾਂ ਲੋਕਾਂ ਨੇ ਧਰਮ ਪਰਿਵਰਤਨ ਕੀਤਾ ਸੀ ਤੇ ਅੱਜ ਵੀ ਕਰ ਰਹੇ ਹਨ।

ਪੰਜਾਬ ਦੇ ਪਿੰਡਾਂ ਵਿਚ ਜ਼ਾਤ ਆਧਾਰਤ ਕਲੋਨੀਆਂ ਅਤੇ ਮਹੱਲੇ ਬਣੇ ਹੋਏ ਹਨ। ਸਾਡੇ ਨੇਤਾ ਭਾਵੇਂ ਜ਼ਾਤ-ਪਾਤ ਖਤਮ ਕਰਨ ਦੀਆਂ ਗੱਲਾਂ ਕਰਦੇ ਹਨ, ਪਰ ਵੱਖ-ਵੱਖ ਜ਼ਾਤਾਂ ਦੇ ਧਰਮ ਸਥਾਨਾਂ ਅਤੇ ਧਰਮਸ਼ਾਲਾਵਾਂ ਲਈ ਖੁਲ੍ਹ ਕੇ ਗਰਾਂਟਾਂ ਦਿੰਦੇ ਹਨ। ਵੋਟਾਂ ਖੁੱਸਣ ਦੇ ਡਰੋਂ ਇਸ ਗੱਲ 'ਤੇ ਕਦੇ ਵੀ ਜ਼ੋਰ ਨਹੀਂ ਦਿੰਦੇ ਕਿ ਸਾਰੀਆਂ ਜ਼ਾਤਾਂ ਲਈ ਇੱਕ ਹੀ ਸਾਂਝਾ ਧਰਮ ਸਥਾਨ ਹੋਣਾ ਚਾਹੀਦਾ ਹੈ। ਪੰਜਾਬ ਵਿਚ ਲਵ ਮੈਰਿਜ ਭਾਵੇਂ ਅੰਤਰਜ਼ਾਤੀ ਹੋ ਜਾਵੇ, ਪਰ ਅਰੇਂਜਡ ਮੈਰਿਜ 100% ਇੱਕ ਹੀ ਜ਼ਾਤ ਵਿਚ ਹੁੰਦੀ ਹੈ। ਲੋਕ ਅੰਤਰਜ਼ਾਤੀ ਵਿਆਹਾਂ ਨੂੰ ਬਰਦਾਸ਼ਤ ਨਹੀਂ ਕਰਦੇ, ਲੜਕੇ-ਲੜਕੀ ਨੂੰ ਕਤਲ ਤੱਕ ਕਰ ਦਿੱਤਾ ਜਾਂਦਾ ਹੈ। ਪਰ ਜ਼ਾਤ-ਪਾਤ ਵਰਗੇ ਕਲੰਕ ਨੂੰ ਮਿਟਾਉਣ ਦਾ ਜਿਹੜਾ ਕੰਮ ਸਾਡੇ ਧਾਰਮਿਕ ਰਹਿਨੁਮਾ ਨਹੀਂ ਕਰ ਸਕੇ, ਉਸ ਆਈਲੈਟਸ ਨੇ ਕਰ ਵਿਖਾਇਆ ਹੈ। ਹੁਣ ਵਿਆਹ ਵੇਲੇ ਸਿਰਫ ਆਈਲੈਟਸ ਦੇ ਬੈਂਡ ਵੇਖੇ ਜਾਂਦੇ ਹਨ, ਜ਼ਾਤ-ਪਾਤ ਕੋਈ ਨਹੀਂ ਪੁੱਛਦਾ। ਪਰ ਜਿੰਨਾਂ ਚਿਰ ਭਾਰਤੀਆਂ ਵਿਚ ਜਾਗ੍ਰਤੀ ਨਹੀਂ ਆਉਂਦੀ, ਜਨਤਾ ਜ਼ਾਤ ਦੀ ਬਜਾਏ ਕਾਬਲੀਅਤ ਨਹੀਂ ਵੇਖਦੀ, ਰਾਜਨੀਤਕ ਲੋਕ ਆਪਣੀਆਂ ਰੋਟੀਆਂ ਸੇਕਣੀਆਂ ਬੰਦ ਨਹੀਂ ਕਰਦੇ, ਅੰਤਰ ਜ਼ਾਤੀ ਵਿਆਹ ਨਹੀਂ ਹੁੰਦੇ ਤੇ ਧਾਰਮਿਕ ਛੂਤ ਛਾਤ ਖਤਮ ਨਹੀਂ ਹੁੰਦੀ, ਸਾਡੇ ਸਮਾਜ ਦਾ ਇਹ ਮਹਾਂ ਕਲੰਕ ਕਦੇ ਵੀ ਖਤਮ ਨਹੀਂ ਹੋ ਸਕਦਾ।

**ਬਲਰਾਜ ਸਿੰਘ ਸਿੱਧੂ, ਏ.ਆਈ.ਜੀ. (ਰਿਟਾ)**
**ਫੋਨ: 95011-00062**

# ਬੱਚਿਆਂ ਦੀ ਪਰਵਰਿਸ਼ - ਜ਼ਿੰਦਗੀ ਦਾ ਸਭ ਤੋਂ ਸੁੰਦਰ ਤੇ ਜ਼ਿੰਮੇਵਾਰ ਫਰਜ਼

ਬੱਚੇ ਪਰਮਾਤਮਾ ਦੀ ਸਭ ਤੋਂ ਪਵਿੱਤਰ ਭੇਟ ਹੁੰਦੇ ਹਨ। ਉਹ ਮਾਸੂਮ ਚਿਹਰੇ, ਹਾਸੇ ਦੀ ਝਲਕ ਅਤੇ ਉਮੀਦ ਦੀ ਸੁਗੰਧ ਹਨ। ਪਰ ਇਹ ਵੀ ਸੱਚ ਹੈ ਕਿ ਬੱਚਿਆਂ ਦੀ ਪਰਵਰਿਸ਼ ਸਿਰਫ਼ ਉਨ੍ਹਾਂ ਨੂੰ ਖਾਣ-ਪੀਣ, ਕੱਪੜੇ ਤੇ ਸਿੱਖਿਆ ਦੇਣ ਤੱਕ ਸੀਮਿਤ ਨਹੀਂ ਹੈ। ਇਹ ਤਾਂ ਇਕ ਲੰਮੀ, ਧੀਰਜ ਭਰੀ ਤੇ ਆਤਮਿਕ ਯਾਤਰਾ ਹੈ — ਜਿੱਥੇ ਮਾਪੇ ਬੱਚਿਆਂ ਦੇ ਪਹਿਲੇ ਗੁਰੂ, ਪਹਿਲੇ ਦੋਸਤ ਅਤੇ ਪਹਿਲੇ ਮਾਰਗਦਰਸ਼ਕ ਬਣਦੇ ਹਨ।

ਪਾਲਣ-ਪੋਸ਼ਣ ਦਾ ਮਤਲਬ ਹੈ — ਬੱਚੇ ਨੂੰ ਮਨੁੱਖਤਾ, ਪਿਆਰ, ਸੰਜਮ, ਸ਼ਰਾਫ਼ਤ, ਆਤਮ-ਵਿਸ਼ਵਾਸ ਤੇ ਜ਼ਿੰਮੇਵਾਰੀ ਦੀ ਸਿੱਖਿਆ ਦੇਣਾ। ਅਸੀਂ ਜਿਹੋ ਜਿਹੀ ਪਰਵਰਿਸ਼ ਕਰਦੇ ਹਾਂ, ਉਹੀ ਭਵਿੱਖ ਦੇ ਸਮਾਜ ਦੀ ਸ਼ਕਲ ਬਣਦੀ ਹੈ।

**ਗੁਰਭਿੰਦਰ ਗੁਰੀ**
**+447951 590424**

### ਪਰਵਰਿਸ਼ ਦੀ ਸ਼ੁਰੂਆਤ ਮਾਂ ਦੇ ਗਰਭ ਤੋਂ

ਬੱਚੇ ਦੀ ਪਰਵਰਿਸ਼ ਦਾ ਸਫ਼ਰ ਉਸ ਵੇਲੇ ਤੋਂ ਸ਼ੁਰੂ ਹੋ ਜਾਂਦਾ ਹੈ ਜਦੋਂ ਉਹ ਮਾਂ ਦੇ ਗਰਭ ਵਿਚ ਹੁੰਦਾ ਹੈ। ਮਾਂ ਦਾ ਮਨੋਬਲ, ਉਸਦੀ ਖ਼ੁਸ਼ੀ ਤੇ ਉਸਦੀ ਸੋਚ ਗਰਭ ਵਿਚ ਪਲ ਰਹੇ ਬੱਚੇ 'ਤੇ ਡੂੰਘਾ ਅਸਰ ਪਾਂਦੀ ਹੈ। ਜਦੋਂ ਮਾਂ ਖ਼ੁਸ਼ ਰਹਿੰਦੀ ਹੈ, ਸੁਖੀ ਰਹਿੰਦੀ ਹੈ, ਭਲੇ ਵਿਚਾਰਾਂ ਵਾਲੀਆਂ ਕਿਤਾਬਾਂ ਪੜ੍ਹਦੀ ਹੈ, ਸਾਧਾਰਣ ਜੀਵਨ ਜੀਉਂਦੀ ਹੈ, ਤਾਂ ਬੱਚੇ ਦੀ ਮਨੋਬਿਰਤੀ ਵੀ ਸ਼ਾਂਤ ਤੇ ਸੰਤੁਲਿਤ ਬਣਦੀ ਹੈ। ਇਸੇ ਲਈ ਕਿਹਾ ਜਾਂਦਾ ਹੈ — "ਗਰਭ ਸੰਸਕਾਰ ਸਭ ਤੋਂ ਪਹਿਲਾ ਵਿਦਿਆਲੇ ਹੈ।"

### ਮਾਂ-ਪਿਓ ਦਾ ਰੋਲ - ਬੱਚੇ ਦੀ ਦੁਨੀਆ ਦਾ ਕੇਂਦਰ

ਮਾਪੇ ਬੱਚੇ ਲਈ ਉਹ ਦਰਖਤ ਹੁੰਦੇ ਹਨ ਜਿਸਦੀ ਛਾਂ ਹੇਠ ਉਹ ਖੁਦ ਨੂੰ ਸੁਰੱਖਿਅਤ ਮਹਿਸੂਸ ਕਰਦਾ ਹੈ। ਮਾਂ ਬੱਚੇ ਨੂੰ ਪਿਆਰ, ਸਨੇਹ, ਮਮਤਾ ਤੇ ਸੰਵੇਦਨਸ਼ੀਲਤਾ ਸਿਖਾਉਂਦੀ ਹੈ। ਪਿਤਾ ਬੱਚੇ ਨੂੰ ਅਨੁਸ਼ਾਸਨ, ਹਿੰਮਤ, ਜ਼ਿੰਮੇਵਾਰੀ ਤੇ ਮਿਹਨਤ ਰਾਹੀਂ ਜੀਣਾ ਸਿਖਾਉਂਦਾ ਹੈ। ਜਦੋਂ ਮਾਂ ਤੇ ਪਿਉ ਦੋਵੇਂ ਇਕ-ਦੂਜੇ ਲਈ ਸਤਿਕਾਰ ਤੇ ਪਿਆਰ ਰੱਖਦੇ ਹਨ, ਤਾਂ ਬੱਚਾ ਵੀ ਉਹੀ ਭਾਵਨਾ ਸਿੱਖਦਾ ਹੈ। ਪਰ ਜੇ ਘਰ ਵਿਚ ਲੜਾਈ-ਝਗੜੇ, ਗਾਲੀਆਂ ਜਾਂ ਹਿੰਸਾ ਹੋਵੇ — ਤਾਂ ਬੱਚਾ ਡਰਪੋਕ, ਗੁੱਸੇਵਾਲਾ ਜਾਂ ਸੰਕੁਚਿਤ ਹੋ ਜਾਂਦਾ ਹੈ।

### ਬੱਚਿਆਂ ਨਾਲ ਸਮਾਂ ਬਿਤਾਉਣਾ — ਸਭ ਤੋਂ ਵੱਡੀ ਸਿੱਖਿਆ

ਬੱਚਿਆਂ ਨੂੰ ਮਹਿੰਗੇ ਖਿਡੌਣਿਆਂ ਜਾਂ ਗੈਜਿਟਾਂ ਦੀ ਲੋੜ ਨਹੀਂ, ਉਨ੍ਹਾਂ ਨੂੰ ਮਾਪਿਆਂ ਦੇ ਸਮੇਂ ਤੇ ਧਿਆਨ ਦੀ ਲੋੜ ਹੈ। ਹਰ ਰੋਜ਼ ਥੋੜ੍ਹਾ ਸਮਾਂ ਉਨ੍ਹਾਂ ਨਾਲ ਬਿਤਾਉਣਾ, ਉਨ੍ਹਾਂ ਨਾਲ ਗੱਲਾਂ ਕਰਨਾ, ਉਨ੍ਹਾਂ ਦੀਆਂ ਛੋਟੀਆਂ ਖ਼ੁਸ਼ੀਆਂ ਵਿੱਚ ਸ਼ਾਮਲ ਹੋਣਾ, ਉਨ੍ਹਾਂ ਦੇ ਸੁਪਨੇ ਸੁਣਨਾ - ਇਹ ਸਾਰੇ ਪਲ ਬੱਚੇ ਦੀ ਆਤਮਕ ਵਿਕਾਸ ਦੀ ਨੀਂਹ ਬਣਦੇ ਹਨ। ਬੱਚੇ ਜਦੋਂ ਛੋਟੇ ਹੁੰਦੇ ਹਨ, ਉਨ੍ਹਾਂ ਨੂੰ ਸਿਰਫ਼ ਸੁਣਨ ਵਾਲੇ ਕੰਨ ਚਾਹੀਦੇ ਹਨ, ਜੱਜ ਕਰਨ ਵਾਲੀਆਂ ਅੱਖਾਂ ਨਹੀਂ।

### ਪਿਆਰ ਅਤੇ ਅਨੁਸ਼ਾਸਨ ਦਾ ਸੰਤੁਲਨ

ਪਰਵਰਿਸ਼ ਵਿਚ ਸਭ ਤੋਂ ਵੱਡੀ ਕਲਾ ਹੈ — ਪਿਆਰ ਨਾਲ ਅਨੁਸ਼ਾਸਨ ਸਿਖਾਉਣਾ। ਜੇ ਸਿਰਫ਼ ਪਿਆਰ ਦਿੱਤਾ ਜਾਵੇ, ਤਾਂ ਬੱਚਾ ਆਲਸੀ ਹੋ ਸਕਦਾ ਹੈ। ਜੇ ਸਿਰਫ਼ ਅਨੁਸ਼ਾਸਨ ਹੋਵੇ, ਤਾਂ ਉਹ ਡਰਪੋਕ ਜਾਂ ਬਗਾਵਤੀ ਬਣ ਸਕਦਾ ਹੈ। ਅਸਲ ਸਿਖਲਾਈ ਹੈ — ਪਿਆਰ ਨਾਲ ਨਿਯਮ ਬਣਾਉਣਾ, ਤੇ ਨਿਯਮਾਂ ਵਿਚ ਪਿਆਰ ਰੱਖਣਾ। ਉਦਾਹਰਣ ਵਜੋਂ, ਜੇ ਬੱਚਾ ਗਲਤੀ ਕਰਦਾ ਹੈ, ਤਾਂ ਉਸਨੂੰ ਡਾਂਟੋ ਨਹੀਂ — ਉਸਨੂੰ ਸਮਝਾਓ ਕਿ ਗਲਤੀ ਕਿਥੇ ਹੋਈ ਤੇ ਕਿਉਂ ਗਲਤ ਸੀ।

### ਬੱਚਿਆਂ ਦੀਆਂ ਗਲਤੀਆਂ — ਸਿਖਲਾਈ ਦੇ ਮੌਕੇ

ਗਲਤੀਆਂ ਕਰਨਾ ਬੱਚਿਆਂ ਦਾ ਹੱਕ ਹੈ। ਅਸਲ ਵਿਚ, ਹਰ ਗਲਤੀ ਇਕ ਨਵੀਂ ਸਿੱਖ ਹੈ। ਮਾਪਿਆਂ ਨੂੰ ਚਾਹੀਦਾ ਹੈ ਕਿ ਉਹ ਗਲਤੀਆਂ ਨੂੰ 'ਅਪਰਾਧ' ਨਾ ਬਣਾਉਣ, ਬਲਕਿ ਉਨ੍ਹਾਂ ਨੂੰ ਸਿਖਲਾਈ ਦਾ ਮੌਕਾ ਬਣਾਉਣ। ਜਦੋਂ ਬੱਚਾ ਡਰ ਕੇ ਗਲਤੀ ਛੁਪਾਉਂਦਾ ਹੈ, ਤਦ ਉਹ ਝੂਠ ਸਿੱਖਦਾ ਹੈ। ਪਰ ਜਦੋਂ ਮਾਪੇ ਗਲਤੀ ਨੂੰ ਸਮਝਦੇ ਤੇ ਮਾਫ਼ ਕਰਦੇ ਹਨ, ਤਦ ਬੱਚਾ ਸੱਚਾਈ ਤੇ ਇਮਾਨਦਾਰੀ ਸਿੱਖਦਾ ਹੈ।

### ਸਿੱਖਿਆ ਤੇ ਪਰਵਰਿਸ਼ - ਦੋਵਾਂ ਦਾ ਸੰਬੰਧ

ਅੱਜ ਕਈ ਮਾਪੇ ਬੱਚਿਆਂ ਨੂੰ ਮਹਿੰਗੇ ਸਕੂਲਾਂ ਵਿਚ ਪੜ੍ਹਾ ਕੇ ਸਮਝਦੇ ਹਨ ਕਿ ਉਨ੍ਹਾਂ ਨੇ ਆਪਣਾ ਫ਼ਰਜ਼ ਪੂਰਾ ਕਰ ਦਿੱਤਾ। ਪਰ ਸਿੱਖਿਆ ਸਿਰਫ਼ ਕਿਤਾਬਾਂ ਦੀ ਨਹੀਂ, ਜੀਵਨ-ਮੁੱਲਾਂ ਦੀ ਵੀ ਲੋੜ ਹੈ। ਬੱਚਿਆਂ ਨੂੰ ਸਿਖਾਉਣ ਦੀ ਲੋੜ ਹੈ: ਸਤਿਕਾਰ ਕਰਨਾ, ਬਜ਼ੁਰਗਾਂ ਦੀ ਕਦਰ ਕਰਨੀ, ਸੱਚ ਬੋਲਣਾ, ਕਿਸੇ ਦਾ ਹੱਕ ਨਾ ਖਾਣਾ, ਮਿਹਨਤ ਕਰਨੀ ਤੇ ਆਤਮ-ਨਿਰਭਰ ਬਣਨਾ। ਇਹ ਸਿੱਖਿਆ ਕਿਸੇ ਸਕੂਲ ਵਿਚ ਨਹੀਂ ਮਿਲਦੀ — ਇਹ ਤਾਂ ਮਾਪਿਆਂ ਦੀ ਗੋਦ ਤੇ ਘਰ ਦਾ ਮਾਹੌਲ ਸਿਖਾਉਂਦਾ ਹੈ।

### ਡਿਜੀਟਲ ਯੁੱਗ ਵਿਚ ਪਰਵਰਿਸ਼ ਦੀਆਂ ਚੁਣੌਤੀਆਂ

ਅੱਜ ਦਾ ਯੁੱਗ ਮੋਬਾਈਲ, ਟੀਵੀ, ਇੰਟਰਨੈੱਟ ਤੇ ਸੋਸ਼ਲ ਮੀਡੀਆ ਦਾ ਹੈ। ਬੱਚਿਆਂ ਦੀ ਮਨੋਵਿਗਿਆਨਕ ਦੁਨੀਆ ਹੁਣ ਸਕ੍ਰੀਨ ਦੇ ਰੰਗਾਂ ਨਾਲ ਜੁੜ ਗਈ ਹੈ। ਮਾਪਿਆਂ ਲਈ ਇਹ ਸਭ ਤੋਂ ਵੱਡੀ ਚੁਣੌਤੀ ਹੈ ਕਿ ਉਹ ਬੱਚਿਆਂ ਨੂੰ ਟੈਕਨਾਲੋਜੀ ਤੋਂ ਦੂਰ ਨਹੀਂ, ਪਰ ਸੰਤੁਲਿਤ ਤਰੀਕੇ ਨਾਲ ਵਰਤਣ ਦੀ ਆਦਤ ਪਵਾਉਣ। ਉਦਾਹਰਣ ਲਈ:

ਹਰ ਰੋਜ਼ ਮੋਬਾਈਲ 'ਤੇ ਸਮਾਂ ਸੀਮਿਤ ਕਰੋ।



ਪਰਿਵਾਰਕ ਸਮੇਂ ਦੌਰਾਨ ਮੋਬਾਈਲ ਪਾਸੇ ਰੱਖੋ।

ਬੱਚਿਆਂ ਨਾਲ ਬਾਹਰ ਖੇਡਣ ਜਾਓ, ਕੁਦਰਤ ਨਾਲ ਜੋੜੋ। ਇਸ ਤਰ੍ਹਾਂ ਉਹ ਵਰਚੁਅਲ ਜਗਤ ਤੋਂ ਬਾਹਰ ਆ ਕੇ ਹਕੀਕਤੀ ਜੀਵਨ ਨਾਲ ਜੁੜਦੇ ਹਨ।

### ਆਤਮ-ਵਿਸ਼ਵਾਸ ਤੇ ਸੁਤੰਤਰਤਾ ਦਾ ਵਿਕਾਸ

ਬੱਚੇ ਨੂੰ ਸਿਰਫ਼ 'ਆਗਿਆ ਮੰਨਣ ਵਾਲਾ' ਨਾ ਬਣਾਓ, ਉਸਨੂੰ ਸੋਚਣ ਵਾਲਾ ਬਣਾਓ। ਉਸਦੇ ਵਿਚਾਰ ਸੁਣੋ, ਉਸਦੀ ਰਾਏ ਦੀ ਕਦਰ ਕਰੋ। ਜਦੋਂ ਬੱਚਾ ਮਹਿਸੂਸ ਕਰਦਾ ਹੈ ਕਿ ਉਸਦੀ ਆਵਾਜ਼ ਵੀ ਮਹੱਤਵਪੂਰਨ ਹੈ, ਤਦ ਉਸ ਵਿਚ ਆਤਮ-ਵਿਸ਼ਵਾਸ ਪੈਦਾ ਹੁੰਦਾ ਹੈ। ਛੋਟੀਆਂ ਜ਼ਿੰਮੇਵਾਰੀਆਂ ਦੇਣਾ — ਜਿਵੇਂ ਆਪਣਾ ਕਮਰਾ ਸਾਫ਼ ਰੱਖਣਾ, ਪੌਦੇ ਪਾਣੀ ਦੇਣਾ, ਕਿਸੇ ਮਹਿਮਾਨ ਨੂੰ ਆਦਰ ਨਾਲ ਮਿਲਣਾ — ਇਹ ਸਭ ਕੁਝ ਉਸਨੂੰ ਜੀਵਨ ਦੇ ਪ੍ਰਯੋਗਿਕ ਪਾਠ ਸਿਖਾਉਂਦਾ ਹੈ।

ਧਾਰਮਿਕ ਤੇ ਆਧਿਆਤਮਿਕ ਸਿੱਖਿਆ: ਬੱਚੇ ਨੂੰ ਧਰਮ ਨਾਲ ਜੋੜਨਾ, ਉਸਨੂੰ ਭਾਵਨਾ ਨਹੀਂ, ਸ਼ੁਭ ਦਿੰਦਾ ਹੈ। ਪਾਠ, ਸਿਮਰਨ, ਨਮਾਜ਼, ਪ੍ਰਾਰਥਨਾ — ਜੋ ਵੀ ਧਾਰਮਿਕ ਪ੍ਰਥਾ ਹੋਵੇ, ਉਹ ਬੱਚੇ ਦੇ ਮਨ ਨੂੰ ਸ਼ਾਂਤ ਕਰਦੀ ਹੈ ਤੇ ਉਸਨੂੰ ਸੱਚਾਈ ਦੀ ਰਾਹ ਦਿਖਾਉਂਦੀ ਹੈ। ਪਰ ਧਾਰਮਿਕਤਾ ਦਾ ਅਰਥ ਹੈ — ਮਨੁੱਖਤਾ। ਉਸਨੂੰ ਇਹ ਸਿਖਾਉਣਾ ਚਾਹੀਦਾ ਹੈ ਕਿ ਰੱਬ ਸਭ ਵਿਚ ਵੱਸਦਾ ਹੈ, ਕਿਸੇ ਨਾਲ ਘ੍ਰਿਣਾ ਨਹੀਂ ਕਰਨੀ।

ਬੱਚਿਆਂ ਦੀਆਂ ਮਨੋਵਿਗਿਆਨਕ ਲੋੜਾਂ: ਬੱਚੇ ਦੇ ਦਿਲ ਨੂੰ ਸਮਝਣਾ ਸਭ ਤੋਂ ਮਹੱਤਵਪੂਰਨ ਗੱਲ ਹੈ। ਕਈ ਵਾਰ ਉਹ ਗੁੱਸੇ ਵਿੱਚ ਹੁੰਦਾ ਹੈ, ਚੁੱਪ ਰਹਿੰਦਾ ਹੈ ਜਾਂ ਰੋ ਪੈਂਦਾ ਹੈ। ਮਾਪਿਆਂ ਨੂੰ ਚਾਹੀਦਾ ਹੈ ਕਿ ਉਹ ਉਸਦੇ ਵਿਹਾਰ ਦੇ ਪਿੱਛੇ ਦੇ ਕਾਰਣ ਨੂੰ ਸਮਝਣ ਦੀ ਕੋਸ਼ਿਸ਼ ਕਰਨ। ਉਸਨੂੰ ਦੋਸ਼ੀ ਨਾ ਬਣਾਓ, ਬਲਕਿ ਪੁੱਛੋ —"ਤੈਨੂੰ ਕੀ ਚੁੱਭ ਰਿਹਾ ਹੈ?"

"ਤੈਨੂੰ ਕਿਸੇ ਨੇ ਦੁਖੀ ਕੀਤਾ?"

ਜਦੋਂ ਬੱਚਾ ਇਹ ਮਹਿਸੂਸ ਕਰਦਾ ਹੈ ਕਿ ਕੋਈ ਉਸਦੀ ਸੁਣਦਾ ਹੈ, ਤਦ ਉਹ ਖੁੱਲ੍ਹ ਕੇ ਜੀਉਂਦਾ ਹੈ।

ਮਾਪਿਆਂ ਦੀ ਆਪਣੀ ਜ਼ਿੰਦਗੀ — ਬੱਚੇ ਲਈ ਉਦਾਹਰਣ ਬੱਚਾ ਕਦੇ ਵੀ 'ਉਪਦੇਸ਼' ਨਾਲ ਨਹੀਂ ਸਿੱਖਦਾ, ਉਹ 'ਉਦਾਹਰਣ' ਨਾਲ ਸਿੱਖਦਾ ਹੈ। ਜੇ ਮਾਪੇ ਸੱਚੇ ਹਨ, ਦਇਆਵਾਨ ਹਨ, ਮਿਹਨਤੀ ਹਨ, ਤਾਂ ਬੱਚਾ ਵੀ ਉਹੀ ਗੁਣ ਅਪਣਾਉਂਦਾ ਹੈ। ਇਸੇ ਲਈ ਕਿਹਾ ਜਾਂਦਾ ਹੈ — 'ਬੱਚਾ ਉਹ ਨਹੀਂ ਕਰਦਾ ਜੋ ਤੁਸੀਂ ਕਹਿੰਦੇ ਹੋ, ਬਲਕਿ ਉਹ ਕਰਦਾ ਹੈ ਜੋ ਤੁਸੀਂ ਕਰਦੇ ਹੋ।'

### ਨਵੇਂ ਯੁੱਗ ਦੀ ਪਰਵਰਿਸ਼ - ਸਮਾਨਤਾ ਤੇ ਸਤਿਕਾਰ

ਅੱਜ-ਕੱਲ੍ਹ ਬੱਚਿਆਂ ਨੂੰ ਜੈਂਡਰ ਸਮਾਨਤਾ, ਵਾਤਾਵਰਣ ਦੀ ਰੱਖਿਆ, ਤੇ ਸਮਾਜਿਕ ਜ਼ਿੰਮੇਵਾਰੀ ਦੀ ਸਿੱਖਿਆ ਦੇਣਾ ਬਹੁਤ ਜ਼ਰੂਰੀ ਹੈ। ਉਸਨੂੰ ਇਹ ਸਮਝਾਉਣਾ ਕਿ ਮਹਿਲਾ ਤੇ ਪੁਰਸ਼ ਦੋਵੇਂ ਬਰਾਬਰ ਹਨ। ਕਿਸੇ ਦਾ ਮਜ਼ਾਕ ਨਹੀਂ ਉਡਾਉਣਾ। ਧਰਤੀ, ਪਾਣੀ ਤੇ ਪ੍ਰਕਿਰਤੀ ਦਾ ਆਦਰ ਕਰਨਾ। ਇਹੀ ਸੱਚੀ ਆਧੁਨਿਕ ਪਰਵਰਿਸ਼ ਹੈ।


### ਨਤੀਜਾ - ਪਰਵਰਿਸ਼ ਇਕ ਇਬਾਦਤ ਹੈ

ਬੱਚੇ ਦੀ ਪਰਵਰਿਸ਼ ਕਿਸੇ ਮਕਾਨ ਨੂੰ ਖ਼ੂਬਸੂਰਤ ਬਣਾਉਣ ਜਿਹੀ ਨਹੀਂ — ਇਹ ਤਾਂ ਰੂਹ ਦੀ ਖੇਤੀ ਹੈ। ਇਹ ਸਬਰ, ਪਿਆਰ, ਸਮਰਪਣ ਤੇ ਪ੍ਰਾਰਥਨਾ ਦਾ ਮਿਲਾਪ ਹੈ। ਜਦੋਂ ਬੱਚੇ ਦੇ ਦਿਲ ਵਿਚ ਇਮਾਨਦਾਰੀ, ਦਇਆ ਤੇ ਹਿੰਮਤ ਪੈਦਾ ਹੁੰਦੀ ਹੈ, ਤਾਂ ਸਮਾਜ ਸੁਧਰਦਾ ਹੈ। ਇਸ ਲਈ ਮਾਪਿਆਂ ਲਈ ਇਹ ਸਭ ਤੋਂ ਵੱਡਾ ਪੁੰਨ ਹੈ ਕਿ ਉਹ ਚੰਗਾ ਇਨਸਾਨ ਪੈਦਾ ਕਰਦੇ ਹਨ। ਜਦੋਂ ਅਸੀਂ ਬੱਚਿਆਂ ਨੂੰ ਪਿਆਰ ਨਾਲ ਪਾਲਦੇ ਹਾਂ, ਤਦ ਅਸਲ ਵਿਚ ਅਸੀਂ ਭਵਿੱਖ ਦੀ ਦੁਨੀਆ ਨੂੰ ਸ਼ਾਂਤੀ ਦਾ ਰਾਹ ਦਿਖਾਉਂਦੇ ਹਾਂ। ਬੱਚਿਆਂ ਵਿਚ ਜੋ ਚਮਕ ਹੈ, ਉਹ ਸਾਡੀ ਹੀ ਛਬੀ ਹੈ। ਆਓ ਉਨ੍ਹਾਂ ਨੂੰ ਇਹ ਸਿਖਾਈਏ —"ਤੂੰ ਜੋ ਵੀ ਬਣੇ, ਸਭ ਤੋਂ ਪਹਿਲਾਂ ਇਕ ਚੰਗਾ ਮਨੁੱਖ ਬਣ।

# 'ਕੁਆਰਨਟਾਈਨ ਅਤੇ ਹੋਰ ਕਹਾਣੀਆਂ' - ਇੱਕ ਖ਼ੂਬਸੂਰਤ ਤੇ ਵਿਲੱਖਣ ਪੁਸਤਕ

ਸਿਆਣੇ ਕਹਿ ਗਏ ਨੇ ਕਿ ਚੰਗੇ ਦੋਸਤਾਂ ਵਾਂਗ ਹੀ ਚੰਗੀਆਂ ਕਿਤਾਬਾਂ ਪਾਠਕ ਨੂੰ ਹਾਕਾਂ ਮਾਰ-ਮਾਰ ਕੇ ਬੁਲਾ ਲੈਂਦੀਆਂ ਨੇ, ਕੋਲ ਬੈਠਾ ਲੈਂਦੀਆਂ ਨੇ, ਕਿੱਕਲੀ ਪਾ ਲੈਂਦੀਆਂ ਨੇ, ਸੰਵਾਦ ਰਚਾ ਲੈਂਦੀਆਂ ਨੇ... ਅਤੇ ਪੜ੍ਹੀਆਂ ਵੀ ਇੱਕ-ਦੋ ਬੈਠਣੀਆਂ ਵਿਚ ਹੀ ਜਾਂਦੀਆਂ ਨੇ। ਹਾਲ ਹੀ ਵਿਚ ਮਿਲੀ ਪੁਸਤਕ 'ਕੁਆਰਨਟਾਈਨ ਅਤੇ ਹੋਰ ਕਹਾਣੀਆਂ' ਅਤੇ ਮੇਰੇ ਦਰਮਿਆਨ ਵੀ ਕੁਝ ਇੰਜ ਹੀ ਵਾਪਰਿਆ। ਕਿਤਾਬ ਨੂੰ ਚਾਅ ਨਾਲ਼ ਪੜ੍ਹਿਆ ਅਤੇ ਰੂਹ ਨਾਲ ਮਾਣਿਆ ਵੀ!

ਦੇਸ਼ ਅਤੇ ਵਿਦੇਸ਼ ਦੇ ਸਾਹਿਤਕ ਹਲਕਿਆਂ ਵਿਚ ਬੇਸ਼ੁਮਾਰ ਉਚ ਪਾਏ ਦਾ ਸਾਹਿਤ ਰਚਿਆ ਗਿਆ ਹੈ ਅਤੇ ਰਚਿਆ ਵੀ ਜਾ ਰਿਹਾ ਹੈ। ਪਰ ਮਿਆਰੀ ਅਤੇ ਪੜ੍ਹਨਯੋਗ ਸਾਹਿਤ ਬਹੁਤਾਤ ਵਿਚ ਸੁਹਿਰਦ ਪਾਠਕਾਂ ਤੱਕ ਅੱਪੜਦਾ ਨਹੀਂ ਹੈ। ਬੇਹਤਰੀਨ ਸਾਹਿਤ ਭਾਸ਼ਾ ਦੇ ਵਖਰੇਵੇਂ ਦੀਆਂ ਕੰਧਾਂ ਉਹਲੇ ਲੁਕਿਆ ਹੀ ਰਹਿ ਜਾਂਦਾ ਹੈ। ਇਸ ਦੇ ਕਈ ਕਾਰਨਾਂ ਵਿਚੋਂ ਇੱਕ ਵਿਸ਼ੇਸ਼ ਕਾਰਨ ਭਾਸ਼ਾ ਅਨੁਵਾਦ ਦੇ ਕਾਰਜ ਦਾ ਘੱਟ ਹੋਣਾ ਵੀ ਹੈ। ਬਹੁਤੇ ਲੇਖਕ ਖ਼ੁਦ



**ਕੁਲਵਿੰਦਰ ਸਿੰਘ ਬਾਠ**
**ਫੋਨ: 209-600-2897**

ਦੀਆਂ ਰਚਨਾਵਾਂ ਲਿਖਣ ਨੂੰ ਹੀ ਪਹਿਲ ਦਿੰਦੇ ਰਹੇ ਹਨ ਅਤੇ ਯਕੀਨਨ ਦਿੰਦੇ ਵੀ ਰਹਿਣਗੇ। ਅਨੁਵਾਦ ਦੇ ਕਠਿਨ ਕੰਮ ਤੋਂ ਕੰਨੀ ਕਤਰਾਉਂਦਿਆਂ ਬਹੁਤੇ ਅਦੀਬ ਇਸ ਕਾਰਜ ਨੂੰ ਪਿੱਛੇ ਧਕੇਲ ਦਿੰਦੇ ਹਨ। ਹਾਲਾਂ ਕਿ ਅਨੁਵਾਦ ਨਾਲ਼ ਸਾਹਿਤ ਦਾ ਘੇਰਾ ਵਿਸ਼ਾਲ ਹੋ ਜਾਂਦਾ ਹੈ ਅਤੇ ਮਿਆਰੀ ਸਾਹਿਤ ਜ਼ਿਆਦਾ ਪਾਠਕਾਂ ਦੇ ਹੱਥਾਂ ਤੱਕ ਪਹੁੰਚ ਜਾਂਦਾ ਹੈ। ਅਨੁਵਾਦ ਕਰਨ ਨਾਲ਼ ਸ਼ਬਦ 'ਨਵੇਂ ਬਸਤਰ' ਪਹਿਨ ਕੇ ਜਿਉਂਦੇ ਰਹਿੰਦੇ ਨੇ ਅਤੇ ਲੇਖਕ ਦੀ ਰੂਹ ਦਾ ਸੁਨੇਹਾ ਪਾਠਕਾਂ ਦੀ ਰੂਹ ਤੱਕ ਅੱਪੜਦਾ ਰਹਿੰਦਾ ਹੈ, ਜੋ ਲੇਖਕ ਲਈ ਵਡਮੁੱਲਾ ਮਾਣ ਸਨਮਾਨ ਹੁੰਦਾ ਹੈ।

ਮੇਰੇ ਅਜ਼ੀਜ਼ ਦੋਸਤ ਅਤੇ ਪੰਜਾਬੀ ਦੇ ਸਮਰੱਥ ਸ਼ਾਇਰ ਕਵਿੰਦਰ ਚਾਂਦ ਦੀਆਂ ਕੁਝ ਖ਼ੂਬਸੂਰਤ ਲਾਈਨਾਂ 'ਫਿਰ' ਯਾਦ ਆ ਗਈਆਂ ਜੋ ਇਸ ਕਿਤਾਬ ਉੱਪਰ ਢੁੱਕਦੀਆਂ ਅਤੇ ਫਬਦੀਆਂ ਵੀ ਨੇ...

ਲੈ ਗਈ ਸਨਮਾਨ ਸਾਰੇ
ਇੱਕ ਲੇਖਕ ਦੀ ਕਿਤਾਬ
ਪੜ੍ਹਨ ਪਿੱਛੋਂ ਓਸ ਨੂੰ ਜਦ
ਪਾਠਕਾਂ ਨੇ ਚੁੰਮਿਆ
'ਏਕਮ' ਵਾਲੇ ਅਰਤਿੰਦਰ ਸੰਧੂ...

ਬਹੁ-ਵਿਧਾਵੀ ਲੇਖਿਕਾ ਅਰਤਿੰਦਰ ਕੌਰ ਸੰਧੂ ਨੇ ਹੁਣ ਤੱਕ 14 ਕਵਿਤਾ ਸੰਗ੍ਰਹਿ, 1 ਵਾਰਤਕ, 4 ਅਨੁਵਾਦ, 3 ਸੰਪਾਦਨ , 6 ਅਨੁਵਾਦ/ਖੋਜ ਅਤੇ ਆਲੋਚਨਾਤਮਕ ਰਚਨਾਵਾਂ ਦੀ ਨਿਰੰਤਰਤਾ ਨਾਲ ਪੰਜਾਬੀ ਸਾਹਿਤ ਵਿਚ ਨਿੱਗਰ ਅਤੇ ਅਨਮੋਲ ਯੋਗਦਾਨ ਪਾਇਆ ਹੈ। ਅਨੁਵਾਦ ਦੇ ਖੇਤਰ ਵਿਚ ਅੱਗੇ ਵਧਦਿਆਂ, ਅਰਤਿੰਦਰ ਸੰਧੂ ਨੇ ਇੱਕ ਹੋਰ ਹੰਭਲਾ ਮਾਰਦਿਆਂ 'ਕੁਆਰਨਟਾਈਨ ਅਤੇ ਹੋਰ ਕਹਾਣੀਆਂ' ਨਾਲ ਪੰਜਾਬੀ ਸਾਹਿਤ ਜਗਤ ਦੇ ਵਿਹੜੇ ਮੁੜ ਦਸਤਕ ਦਿੱਤੀ ਹੈ।

ਭਾਵੇਂ ਇਹ ਕਾਰਜ ਜੋਖ਼ਮ ਭਰਿਆ ਈ ਹੁੰਦਾ ਹੈ, ਪਰ ਗੌਰਤਲਬ ਹੈ ਕਿ ਅਰਤਿੰਦਰ ਸੰਧੂ ਸਾਹਿਤ ਪ੍ਰੇਮੀਆਂ ਦੇ ਪਸੰਦੀਦਾ ਅਤੇ ਮਿਆਰੀ ਪੰਜਾਬੀ ਮੈਗਜ਼ੀਨ 'ਏਕਮ' ਨੂੰ ਵੀ ਦਹਾਕਿਆਂ ਤੋਂ ਸਫਲਤਾਪੂਰਵਕ ਪ੍ਰਕਾਸ਼ਿਤ ਕਰ ਰਹੇ ਹਨ। ਅੰਮ੍ਰਿਤਸਰ ਨਾਲ ਮੇਰਾ ਖ਼ੁਦ ਦਾ ਬਹੁਤ ਲਗਾਓ ਇਸ ਲਈ ਵੀ ਹੈ ਕਿ ਮੈਂ ਵਿਦਿਆਰਥੀ ਜੀਵਨ ਦਾ 'ਸੁਨਹਿਰਾ ਵਕਤ' ਉੱਥੇ ਹੀ ਗੁਜ਼ਾਰਿਆ। 'ਅੰਬਰਸਰ' ਦੇ ਨਾ਼ਲ-ਨਾ਼ਲ ਅਰਤਿੰਦਰ ਸੰਧੂ ਵੀ ਮੈਨੂੰ ਆਪਣੇ ਹੀ ਲੱਗਦੇ ਨੇ!

ਕੁਆਰਨਟਾਈਨ ਅਤੇ ਹੋਰ ਕਹਾਣੀਆਂ ...

ਅਰਤਿੰਦਰ ਸੰਧੂ ਦੁਆਰਾ ਅਨੁਵਾਦਿਤ ਅਤੇ ਸੰਪਾਦਿਤ ਇਹ ਪੁਸਤਕ 'ਸਮੇਂ ਦੇ ਖੁਰਦਰੇ ਰਸਤਿਆਂ 'ਤੇ ਤੁਰਦੀ ਜ਼ਿੰਦਗੀ ਦੀਆਂ ਪਾਟੀਆਂ ਬਿਆਈਆਂ ਦੀਆਂ ਚੀਸਾਂ ਨੂੰ ਕਥਾ ਕਹਾਣੀਆਂ ਵਿਚ ਢਾਲਣ ਵਾਲੇ' ਸਿਰਜਕਾਂ ਨੂੰ ਸਮਰਪਿਤ ਕੀਤੀ ਗਈ ਹੈ। ਵਿਸ਼ਾਲ ਸਾਹਿਤਕ ਸਾਗਰ ਦੇ ਡੂੰਘੇ ਜ਼ਖ਼ੀਰੇ ਵਿਚੋਂ ਮੋਤੀ ਢੂੰਡਣ ਵਾਂਗ ਅਰਤਿੰਦਰ ਸੰਧੂ ਨੇ 14 ਅਦੀਬਾਂ ਦੀਆਂ ਵਿਭਿੰਨ ਅਤੇ ਚੋਣਵੀਆਂ 17 ਕਹਾਣੀਆਂ ਨੂੰ ਇਸ ਸੰਗ੍ਰਹਿ ਵਿਚ ਸ਼ਿੰਗਾਰ ਕੇ ਪਾਠਕਾਂ ਨਾਲ ਸਾਂਝਿਆਂ ਕੀਤਾ ਹੈ।

ਜ਼ਿੰਦਗੀ ਇੱਕ ਛੋਟਾ ਜਿਹਾ ਸ਼ਬਦ ਹੈ ਜੋ ਆਪਣੇ ਅੰਦਰ ਬੜੇ ਗਹਿਰੇ ਰਾਜ਼ ਸਮੋਈ ਬੈਠਾ ਹੈ। ਪੁਸਤਕ ਵਿਚ ਸ਼ਾਮਲ ਕਹਾਣੀਆਂ ਦੀ ਚੋਣ ਸਮਾਜ ਦੇ ਤਾਣੇ-ਬਾਣਿਆਂ ਦੀ ਵੰਨਗੀ ਦੇ ਨਾ਼ਲ-ਨਾ਼ਲ ਅਰਤਿੰਦਰ ਸੰਧੂ ਦੇ ਕੋਮਲ ਮਨ ਦੀ ਸੰਵੇਦਨਸ਼ੀਲਤਾ, ਸੂਖ਼ਮਤਾ ਅਤੇ ਸਕਾਰਾਤਮਕ ਸੋਚ ਨੂੰ ਬਾਖ਼ੂਬੀ ਬਿਆਨ ਕਰਦੀ ਹੈ।

ਕੋਮਲ ਜਿਹੇ...
ਮਨ ਦੇ ਹੁੰਦੇ ਨੇ ਅਦੀਬ, ਮੈਂ ਤਾਂ ਸੁਣਿਆ ਹੈ
ਜੋ ਲਫਜ਼ਾਂ ਵਿਚ ਮੋਤੀ ਪਰੋਂਦੇ ਰਹਿੰਦੇ ਨੇ।

ਭਾਵੇਂ ਕਿ ਕਿਤਾਬ ਦਾ ਟਾਈਟਲ ਪੰਜਾਬੀ, ਹਿੰਦੀ ਅਤੇ ਉਰਦੂ ਸਾਹਿਤ ਦੇ ਹਰਫ਼ਨਮੌਲਾ ਸਾਹਿਤਕਾਰ ਰਾਜਿੰਦਰ ਸਿੰਘ ਬੇਦੀ ਦੀ ਕਹਾਣੀ 'ਤੇ ਅਧਾਰਿਤ ਹੈ, ਪਰ ਇਸ ਵਿਚ ਸ਼ਾਮਲ ਸਤਾਰਾਂ ਹੋਰ ਵਿਭਿੰਨ ਵਿਸ਼ਿਆਂ ਅਤੇ ਕਥਾ-ਰਸ ਨਾਲ ਭਰਪੂਰ ਬਿਰਤਾਂਤ ਇਸ ਪਰਾਗੇ ਨੂੰ ਖ਼ੂਬਸੂਰਤੀ ਪ੍ਰਦਾਨ ਕਰਦੀਆਂ ਹਨ।


ਕਿਤਾਬ ਦੀ ਸ਼ੁਰੂਆਤ ਅਸਤਰ ਵਜਾਹਤ ਦੀ ਕਹਾਣੀ 'ਪੜ੍ਹਾਈ ਦੇ ਨੁਕਸਾਨ ਨਾਲ' ਕੀਤੀ ਹੈ। ਇਸ ਕਹਾਣੀ ਦਾ ਨਾਮ ਹੀ ਪਾਠਕ ਦੀ ਰੂਹ ਨੂੰ ਧੂਹ ਪਾਉਂਦਾ ਹੈ ਇਹ ਜਾਨਣ ਵਾਸਤੇ ਕਿ ਪੜ੍ਹਾਈ ਨੁਕਸਾਨਦੇਹ ਕਿਵੇਂ ਹੋ ਸਕਦੀ ਹੈ? ਬੁਕਰਾਤ ਨਾਮ ਦੇ ਪਾਤਰ ਦੁਆਲੇ ਘੁੰਮਦੀ ਇਸ ਕਹਾਣੀ ਵਿਚ ਲੇਖਕ ਨੇ ਵਿਅੰਗਮਈ ਤਰੀਕੇ ਨਾਲ ਇਹ ਦਰਸਾਉਣ ਅਤੇ ਸਮਝਾਉਣ ਦੀ ਕੋਸ਼ਿਸ਼ ਕੀਤੀ ਹੈ ਕਿ ਪੜ੍ਹਾਈ ਜਾਂ ਸਮਾਜਿਕ ਜਾਗਰੂਕਤਾ ਕਿਵੇਂ ਅਤੇ ਕਿਸ ਹੱਦ ਤੱਕ ਸੱਤਾਧਾਰੀਆਂ ਨੂੰ 'ਹਊਆ' ਦਿਖਾਈ ਦਿੰਦੀ ਹੈ। ਉਹ ਕਦੇ ਵੀ ਨਹੀਂ ਚਾਹੁੰਦੇ ਕਿ ਅਵਾਮ ਜਾਗਰੂਕ ਹੋਵੇ ਅਤੇ ਉਨ੍ਹਾਂ ਦੇ ਹੁਕਮਾਂ ਅਤੇ ਫੈਸਲਿਆਂ ਨੂੰ ਵੰਗਾਰੇ। ਇਸ ਕਹਾਣੀ ਦੀ ਅਜੋਕੇ ਜੀਵਨ ਵਿਚ ਵੀ ਉਤਨੀ ਹੀ ਮਹੱਤਤਾ ਹੈ ਜਿਤਨੀ ਕਦੇ ਆਦਿ ਕਾਲ ਵੇਲੇ ਹੁੰਦੀ ਸੀ। ਇਸ ਕਹਾਣੀ ਵਿਚ ਚਾਰ 'ਮਿੰਨੀ' ਕਹਾਣੀਆਂ ਛੁਪੀਆਂ ਹੋਈਆਂ ਹਨ। ਕਹਾਣੀ ਇੱਕ ਗਧੇ, ਲੜਕੇ, ਪੜ੍ਹੇ ਲਿਖੇ ਫੌਜੀ ਤੋਂ ਹੁੰਦੀ ਹੋਈ ਜਾਗਰੂਕ ਸੁਕਰਾਤ ਦੀ ਸਜ਼ਾ ਤੱਕ ਪਹੁੰਚ ਜਾਂਦੀ ਹੈ।

'ਕੁਆਰਨਟਾਈਨ' ਕਹਾਣੀ ਵਿਚ ਰਾਜਿੰਦਰ ਸਿੰਘ ਬੇਦੀ ਨੇ ਮਹਾਂਮਾਰੀਆਂ ਨਾਲ ਸਮਾਜ ਵਿਚ ਆਉਂਦੀਆਂ ਤਰਥੱਲੀਆਂ, ਗੁੰਝਲਦਾਰ ਸਥਿਤੀਆਂ, ਸਮਾਜਿਕ ਤੰਤਰ ਅਤੇ ਆਮ/ਖ਼ਾਸ ਮਨੁੱਖ ਦੀਆਂ ਕਮਜ਼ੋਰੀਆਂ ਦਾ ਭਾਂਡਾ ਚੁਰਾਹੇ ਵਿਚ ਭੰਨਿਆ ਹੈ। ਮਹਾਂਮਾਰੀਆਂ ਅਜੋਕੇ ਸਮਿਆਂ ਵਿਚ ਵੀ ਰੰਗ-ਰੂਪ ਬਦਲ-ਬਦਲ ਆਈ ਜਾਂਦੀਆਂ ਹਨ ਅਤੇ ਆਉਂਦੀਆਂ ਵੀ ਰਹਿਣਗੀਆਂ। ਪ੍ਰਬੰਧਕੀ ਕਮੀਆਂ ਅੱਜ ਵੀ ਜਿਉਂ ਦੀਆਂ ਤਿਉਂ ਹੀ ਹਨ। ਕਰੋਨਾ ਟਾਈਮ ਦੇ ਅਸੀਂ ਜਿਉਂਦੇ ਜਾਗਦੇ ਗਵਾਹ ਹਾਂ ਕਿ ਕਿਵੇਂ ਡਰਾਏ ਅਤੇ ਸਤਾਏ ਹੋਏ ਲੋਕ ਕੁਆਰਨਟਾਈਨ ਅਤੇ ਵੈਂਟੀਲੇਟਰ ਦਾ ਨਾਮ ਸੁਣਦਿਆਂ ਹੀ ਦਹਿਲ ਜਾਂਦੇ ਸਨ। ਕਿਵੇਂ ਆਪਣਿਆਂ ਨੂੰ ਪਰਾਇਆਂ ਵਿਚ ਬਦਲਦਿਆਂ ਦੇਰ ਹੀ ਨਾ ਲੱਗੀ। ਇਸ ਕਹਾਣੀ ਵਿਚ ਇੱਕ ਡਾਕਟਰ ਅਤੇ ਸਧਾਰਨ ਸਫ਼ਾਈ ਕਰਮਚਾਰੀ ਭਾਗਵ ਦੀ ਮਨੁੱਖਤਾ ਅਤੇ ਸਮਾਜ ਪ੍ਰਤੀ ਸੇਵਾ ਭਾਵਨਾ ਦੇ ਨਜ਼ਰੀਏ ਨੂੰ ਵੀ ਖ਼ੂਬਸੂਰਤੀ ਨਾਲ ਉਭਾਰਿਆ ਗਿਆ ਹੈ।

ਜ਼ਿੰਦਗੀ ਜਸ਼ਨ ਹੈ, ਪਰ ਫਿਰ ਵੀ ਜੀਵਨ ਜਿਉਂਦਿਆਂ ਮਨੁੱਖ ਸਮਾਜਿਕ, ਸੱਭਿਆਚਾਰਕ, ਰਾਜਨੀਤਕ ਅਤੇ ਧਾਰਮਿਕ ਤਾਣੇ-ਬਾਣੇ ਦੀਆਂ ਤੰਦਾਂ ਵਿਚ ਜਕੜਿਆ ਰਹਿੰਦਾ ਹੈ। ਪਾਕਿਸਤਾਨੀ ਕਹਾਣੀਕਾਰਾ ਫਹਿਮੀਦਾ ਰਿਆਜ਼ ਦੀ ਕਹਾਣੀ 'ਝੰਨੂ ਦੀ ਚਿੱਠੀ ਮਿਲੀ' ਧਾਰਮਿਕ ਖੇਮਿਆਂ ਦੀ ਆਪਸੀ ਅਤੇ ਔਰਤ ਪ੍ਰਤੀ ਕੱਟੜਤਾ ਦਾ ਨਮੂਨਾ ਪੇਸ਼ ਕਰਦੀ ਹੈ।

ਰਾਜਿਆਂ ਤੇ ਸ਼ਾਸਕਾਂ ਦੀ 'ਵੰਡੋ ਅਤੇ ਰਾਜ ਕਰੋ' ਦੀ ਨੀਤੀ ਸਦੀਆਂ ਤੋਂ ਚੱਲਦੀ ਆਈ ਹੈ ਅਤੇ ਯਕੀਨਨ ਚਲਦੀ ਵੀ ਰਹੇਗੀ। ਜਦ ਇਹ ਵੰਡ ਧਰਮ ਜਾਂ ਜ਼ਾਤ ਨਾਲ ਜੁੜ ਜਾਵੇ ਤਾਂ ਇਨਸਾਨੀਅਤ ਹੈਵਾਨੀਅਤ ਵਿਚ ਬਦਲਦਿਆਂ ਕਿੱਥੋਂ ਖੁੰਝਦੀ ਹੈ? ਸੰਤਾਲੀ ਅਤੇ ਚੌਰਾਸੀ ਦੇ ਜ਼ੁਲਮ ਅਤੇ ਜ਼ਖ਼ਮ ਅੱਜ ਤੱਕ ਅੱਲੇ ਹਨ ਤੇ ਜੜ੍ਹਾਂ ਵਾਲੇ ਰਿਸਦੇ ਵੀ। ਐਸੇ ਵਰਤਾਰਿਆਂ ਵਿਚ ਕੁਝ ਇਕ ਮੁਹੱਬਤੀ ਰੂਹਾਂ ਵਾਲੇ ਇਨਸਾਨ ਇਨਸਾਨੀਅਤ ਦੀ ਮਿਸਾਲ ਵੀ ਬਣਦੇ ਨੇ। ਅਸ਼ੋਕ ਭੌਮਿਕ ਦੀ ਕਹਾਣੀ 'ਜੀਵਨਪੁਰ ਹਾਟ ਜੰਕਸ਼ਨ-2' ਚੌਰਾਸੀ ਦੇ ਦੰਗਿਆਂ ਦੌਰਾਨ ਮਨੁੱਖਤਾ ਦੇ ਘਾਣ ਦਰਮਿਆਨ ਕੁਝ ਰੱਬੀ ਰੂਹਾਂ ਦੀ ਮਿਸਾਲ ਨੂੰ ਪਾਠਕਾਂ ਨਾਲ ਸਾਂਝੀ ਕਰਦੀ ਹੈ।

ਲੇਖਕ ਮੁਕਤੀਬੋਧ ਦੀਆਂ ਦੋ ਵਿਭਿੰਨ ਰਚਨਾਵਾਂ ਵੀ ਬੜੀਆਂ ਰੌਚਿਕ ਹਨ - 'ਬ੍ਰਹਮਰਾਖਸ਼ ਦਾ ਸ਼ਗਿਰਦ' ਅਤੇ 'ਕਲਾਡ ਈਥਰਲੀ'...। ਬ੍ਰਹਮਰਾਖਸ਼ ਵਿਚ ਇੱਕ ਸਧਾਰਨ ਪੇਂਡੂ ਮੁੰਡੇ ਅਤੇ ਉਸ ਦੇ ਗੁਰੂ ਦਾ ਵਿਲੱਖਣ ਰਿਸ਼ਤਾ ਦਰਸਾਇਆ ਗਿਆ ਹੈ। ਕਲਾਡ ਈਥਰਲੀ ਵਿਚ ਇੱਕ ਪ੍ਰਮਾਣੂ ਬੰਬ ਨਾਲ ਤਬਾਹੀਆਂ ਮਚਾਉਣ ਵਾਲੇ ਪਾਇਲਟ ਦੁਆਰਾ ਆਪਣੇ ਜਾਣੇ-ਅਣਜਾਣੇ ਵਿਚ ਹੋਏ ਗੁਨਾਹ ਦਾ ਪਛਤਾਵਾ ਹੈ ਜੋ ਉਸ ਨੂੰ ਚੈਨ ਨਾਲ




ਜੀਵਣ ਜਾਂ ਮਰਨ ਹੀ ਨਹੀਂ ਦਿੰਦਾ। ਪਤਾ ਨਹੀਂ ਮਨੁੱਖਤਾ ਨੂੰ ਤਬਾਹ ਕਰਦੇ ਇਹ ਬੰਬ ਡਿੱਗਣੇ ਕਦੋਂ ਬੰਦ ਹੋਣਗੇ? ਅੱਜ ਵੀ ਇੰਜ ਹੀ ਤਾਂ ਹੋ ਰਿਹਾ ਹੈ, ਸਾਰੀ ਦੁਨੀਆਂ ਅੰਦਰ। ਕਿਤਨੇ ਬੇਕਸੂਰ ਬੱਚੇ ਅਤੇ ਲੋਕ ਇਸ ਹੈਵਾਨੀਅਤ ਦੀ ਅੱਗ ਵਿਚ ਝੁਲਸ ਰਹੇ ਨੇ? ਅਜੋਕੇ ਸਮੇਂ ਦੇ ਬਹਾਦਰ, ਲੜਾਕੂ ਅਤੇ ਹੀਰੋ ਭ਼ਲਕ ਨੂੰ ਜ਼ਰੂਰ ਪਛਤਾਉਣਗੇ, ਜਦ ਉਨ੍ਹਾਂ ਦੀ ਆਤਮਾ ਕੁਝ ਸਵਾਲ ਪੁੱਛੇਗੀ!

ਬਦਲਾਉ ਕੁਦਰਤ ਦਾ ਨਿਯਮ ਹੈ। ਆਇਆ ਹੈ, ਆ ਰਿਹਾ ਹੈ ਅਤੇ ਆਉਂਦਾ ਵੀ ਰਹੇਗਾ। ਮਨੀਸ਼ ਵੈਦ ਦੀ ਕਹਾਣੀ 'ਘੜੀਸਾਜ਼' ਤੇਜ਼ੀ ਨਾਲ ਬਦਲਦੇ ਸਮੇਂ ਦੀ ਤ੍ਰਾਸਦੀ ਨੂੰ ਬਕਮਾਲ ਬਿਆਨ ਕਰਦੀ ਹੈ। ਬਾਂਸਾਂ ਦੇ ਨਾਲ ਬਾਂਸਰੀਆਂ, ਬੇੜੀਆਂ ਦੇ ਨਾਲ ਮਲਾਹ ਅਤੇ ਸਮਾਂ ਦੱਸਦੀਆਂ ਘੜੀਆਂ ਦੇ ਨਾਲ ਹੀ ਘੜੀਸਾਜ਼ ਵੀ ਚਲੇ ਗਏ। ਅਜੋਕੇ - ਆਰਟੀਫੀਸ਼ੀਅਲ ਇੰਟੈਲੀਜੈਂਸ ਦੇ ਜ਼ਮਾਨੇ ਵਿਚ ਤਾਂ ਇਹ ਤਬਦੀਲੀਆਂ ਵੀ ਤੇਜ਼ੀ ਨਾਲ ਹੋ ਰਹੀਆਂ ਹਨ। ਫ਼ਾਇਦਿਆਂ ਦੇ ਸੰਗ ਨੁਕਸਾਨ ਵੀ ਹਨ ਪਰ ਇਸ ਤਬਦੀਲੀ ਨੂੰ ਕੋਈ ਰੋਕ ਨਹੀਂ ਸਕਿਆ ਅਤੇ ਨਾ ਰੋਕ ਹੀ ਸਕੇਗਾ।

ਮਨੀਸ਼ ਵੈਦ ਦੀ ਹੀ ਇੱਕ ਹੋਰ ਭਾਵਪੂਰਤ ਅਤੇ ਸ਼ਹਿਦ ਵਰਗੀ ਕਹਾਣੀ 'ਖਿਰਨੀ' ਬਚਪਨ ਦੇ ਦਿਲਾਂ ਦੇ ਮੋਹ ਮੁਹੱਬਤ ਦੀ ਦਾਸਤਾਨ ਹੈ ਜੋ ਵਕਤ ਦਿਆਂ ਪੈਂਡਿਆਂ ਅਤੇ ਹਨ੍ਹੇਰੀਆਂ ਦੀ ਧੂੜ ਵਿਚ ਖਿੰਡ ਪੁੰਡ ਗਈ।

ਜਿਸ ਤਨ ਲਾਗੈ ਸੋ ਤਨ ਜਾਨੈ, ਕੌਣ ਜਾਨੈ ਪੀੜ ਪਰਾਈ।

ਚੜ੍ਹਦੇ ਜਾਂ ਲਹਿੰਦੇ ਪੰਜਾਬੀਆਂ ਲਈ ਸੰਤਾਲੀ ਦੀ ਵੰਡ ਸਹੀ ਅਰਥਾਂ ਵਿਚ ਮਨੁੱਖੀ ਉਜਾੜੇ, ਮਨੁੱਖਤਾ ਦੇ ਘਾਣ, ਇਨਸਾਨੀਅਤ ਦੀ ਮੌਤ ਅਤੇ ਹੈਵਾਨੀਅਤ ਦੇ ਨੰਗੇ ਨਾਚ ਦੀ ਜਿਉਂਦੀ ਜਾਗਦੀ ਮਿਸਾਲ ਹੈ। ਇਸ ਵਰਤਾਰੇ ਨੇ ਪਤਾ ਨਹੀਂ ਕਿਤਨੇ ਕੁ ਘਰ ਉਜਾੜੇ ਅਤੇ ਅਣਗਿਣਤ ਬੇਕਸੂਰਾਂ ਨੂੰ ਮੌਤ ਦਾ ਜਾਮਾ ਪਹਿਨਾਇਆ। ਔਰਤਾਂ 'ਤੇ ਹੋਏ ਜ਼ੁਲਮ ਅਤੇ ਮਾਨਸਿਕ ਪੀੜਾ ਨੂੰ ਸੋਚਦਿਆਂ ਤਾਂ ਰੂਹ ਕੰਬ ਜਾਂਦੀ ਹੈ। ਹਿੰਦੀ ਦੀ ਪ੍ਰਸਿੱਧ ਲੇਖਿਕਾ ਸ਼ਿਵਾਨੀ ਦੀ ਮਾਰਮਿਕ ਰਚਨਾ 'ਲਾਲ ਹਵੇਲੀ' ਵੀ ਵੰਡ ਦੇ ਸੰਤਾਪ ਨੂੰ ਸਮਰਪਿਤ ਹੈ ਜੋ 'ਸੁਧਾ' ਤੋਂ 'ਤਾਹਿਰਾ' ਦੇ ਨਾਮ ਵਿਚ ਤਬਦੀਲ ਮਲੂਕ ਜਿੰਦੜੀ ਦੀ ਮਾਨਸਿਕ ਬੇਚੈਨੀ ਅਤੇ ਗਹਿਰੇ ਦਰਦ ਦਾ ਬਿਰਤਾਂਤ ਹੈ।

ਇਹ ਮਨੁੱਖ ਵੀ ਕਿਆ ਚੀਜ਼ ਹੈ!!

ਲੋੜ ਪੈਣ 'ਤੇ ਗਧੇ ਨੂੰ ਵੀ ਬਾਪ ਮੰਨ ਲੈਂਦਾ ਹੈ ਅਤੇ ਮਤਲਬ ਨਿਕਲਣ 'ਤੇ ਉਹਦੇ ਅੰਦਰਲੀ 'ਹਉਮੈਂ' ਦਹਾੜਨ ਲੱਗ ਪੈਂਦੀ ਹੈ। ਸ਼ੇਖਰ ਜੋਸ਼ੀ ਦੁਆਰਾ ਲਿਖੀ ਇਹ ਕਹਾਣੀ ਵੀ ਕੁਝ ਇੰਜ ਹੀ ਹੈ ਜੋ ਦੋ ਪਹਾੜੀ ਵਸਨੀਕਾਂ ਜਗਦੀਸ਼ ਅਤੇ ਮਦਨ ਦਾ ਆਪਣੇ ਘਰ ਅਤੇ ਇਲਾਕੇ ਤੋਂ ਕੋਹਾਂ ਦੂਰ ਪਰਵਾਸ ਵਿਚ ਮਿਲਣਾ ਅਤੇ ਫੇਰ ਜਗਦੀਸ਼ ਦੀ ਅਚਾਨਕ 'ਪ੍ਰੈਸਟਿਜ' ਦੇ ਜਾਗ ਜਾਣ ਕਾਰਨ ਪਈ ਦਰਾੜ, ਉਦਾਸੀ, ਅਤੇ ਮਦਨ ਦੇ ਸਵੈਮਾਣ ਨੂੰ ਬਿਆਨ ਕਰਦੀ ਹੈ।

ਭਾਵੇਂ ਜ਼ਮਾਨਾ ਬਦਲ ਰਿਹਾ ਹੈ, ਪਰ ਫਿਰ ਵੀ ਔਰਤ ਨੂੰ ਕੰਮ ਅਤੇ ਬੱਚੇ ਪੈਦਾ ਕਰਨ ਦੀ ਮਸ਼ੀਨ ਹੀ ਸਮਝਿਆ ਜਾਂਦਾ ਹੈ। ਰਵਿੰਦਰ ਕਾਤਿਯਾਯਨ ਨੇ ਇਸ ਗਜ਼ਬ ਕਹਾਣੀ 'ਪਾਣੀ ਬਾਈ' ਵਿਚ ਔਰਤ ਦੇ ਜੀਵਨ ਦੀ ਮਾਨਸਿਕ ਪੀੜਾ ਨੂੰ ਨਿਵੇਕਲੇ ਅੰਦਾਜ਼ ਵਿਚ ਪੇਸ਼ ਕੀਤਾ ਹੈ ਕਿ ਕਿਵੇਂ ਇੱਕ ਔਰਤ ਔਰਤ ਨਾ ਹੋ ਕੇ ਸਿਰਫ਼ ਪਾਣੀ ਢੋਣ ਵਾਲੀ ਮਸ਼ੀਨ - 'ਪਾਣੀ ਬਾਈ' ਬਣ ਕੇ ਰਹਿ ਜਾਂਦੀ ਹੈ। ਕਿਵੇਂ ਪ੍ਰੰਪਰਾਵਾਂ ਅਤੇ ਵਹਿਮਾਂ-ਭਰਮਾਂ ਦੇ ਭੰਬ਼ਲਭੂਸੇ ਵਿਚ ਫਸੇ ਲੋਕ ਇਸ ਅੰਨ੍ਹੇ ਖੂਹ ਵਿਚੋਂ ਬਾਹਰ ਨਹੀਂ ਨਿਕਲ ਪਾਉਂਦੇ। ਔਰਤਾਂ ਆਪਣੀਆਂ ਦੂਹਰੀਆਂ-ਤੀਹਰੀਆਂ ਸੌਕਣਾਂ ਦੇ ਡਰੋਂ ਜਾਣ ਬੁੱਝ ਕੇ ਗਰਭਵਤੀ ਨਹੀਂ ਹੁੰਦੀਆਂ ਅਤੇ ਫੇਰ ਇਸ ਮਾਨਸਿਕ ਪੀੜਾ ਵਿਚ ਵੀ ਪਿਸਦੀਆਂ ਰਹਿੰਦੀਆਂ ਹਨ ਕਿ ਕਿਤੇ ਸਮਾਜ ਉਨ੍ਹਾਂ ਨੂੰ ਬਾਂਝ ਦਾ ਦਰਜਾ ਹੀ ਨਾ ਦੇ ਦੇਵੇ!!

ਕ੍ਰਿਸ਼ਨ ਕਲਪਿਤ ਦੀ ਇਹ ਖ਼ੂਬਸੂਰਤ ਕਹਾਣੀ 'ਨਵਾਂ ਗਊਦਾਨ' ਮੈਨੂੰ ਬਾਬੇ ਨਾਨਕ ਦੀ ਹਰਿਦੁਆਰ ਦੀ ਉਦਾਸੀ ਯਾਦ ਕਰਾ ਗਈ... ਜਦ ਗੰਗਾ ਵਿਚ ਡੁਬਕੀਆਂ ਲਗਾਉਂਦੇ ਲੋਕ ਲੱਖਾਂ-ਕਰੋੜਾਂ ਮੀਲ ਦੂਰ ਸੂਰਜ ਨੂੰ ਬੁੱਕ ਭਰ-ਭਰ ਪਾਣੀ ਦੇ ਰਹੇ ਸਨ। ਇਹ ਕਹਾਣੀ ਮੰਦਰ ਦੇ ਪੁਜਾਰੀ ਅਤੇ ਗਰੀਬ ਕਿਸਾਨ ਦੁਆਲੇ ਕੇਂਦ੍ਰਿਤ ਹੈ ਕਿ ਕਿਵੇਂ ਪੁਜਾਰੀ ਨੇ ਕਰਮਾਂ ਕਾਂਡਾਂ ਵਿਚ ਉਲਝਾ ਕੇ, ਫਸਾ ਕੇ ਅਤੇ ਡਰਾ ਕੇ ਕਿਸਾਨ ਦੀ ਇੱਕੋ ਇੱਕ ਦੁਧਾਰੂ ਗਾਂ ਨੂੰ ਹਥਿਆਉਣ ਦੀ ਨਾਕਾਮ ਕੋਸ਼ਿਸ਼ ਕੀਤੀ..! ਮਨੁੱਖ ਦੇ ਧਾਰਮਿਕ ਤਾਣਿਆਂ-ਬਾਣਿਆਂ ਦੀ ਦਾਸਤਾਨ ਜੋ ਅੱਜ ਤੱਕ ਵੀ ਕਾਇਮ ਹੈ। ਧਰਮ ਦੇ ਨਾਂ ਹੇਠ ਅਜੇ ਵੀ ਭੋ਼ਲੇ ਭਾ਼ਲੇ ਲੋਕਾਂ ਦਾ ਸ਼ੋਸ਼ਣ ਜਾਰੀ ਹੈ।

ਇਸ ਪੁਸਤਕ ਵਿਚ ਕਈ ਹੋਰ ਦਿਲਚਸਪ, ਪੜ੍ਹਨ ਯੋਗ ਅਤੇ ਮਾਣਨ ਯੋਗ ਕਹਾਣੀਆਂ ਹਨ ਜੋ ਸੂਝਵਾਨ ਪਾਠਕਾਂ ਨੂੰ ਪੜ੍ਹਨੀਆਂ ਚਾਹੀਦੀਆਂ ਹਨ। ਅਰਤਿੰਦਰ ਸੰਧੂ ਨੇ ਵਧੀਆ ਕਾਰਜ ਕਰਦਿਆਂ 14 ਸਮਰੱਥ ਲੇਖਕਾਂ ਦੀਆਂ 17 ਖ਼ੂਬਸੂਰਤ ਰਚਨਾਵਾਂ ਨੂੰ ਤੁਹਾਡੇ ਰੂਬਰੂ ਕਰਨ ਦਾ ਉਪਰਾਲਾ ਕੀਤਾ ਹੈ, ਜਿਸ ਲਈ ਉਹ ਵਧਾਈ ਦੇ ਹੱਕਦਾਰ ਹਨ। ਆਸ ਕਰਦੇ ਹਾਂ ਕਿ ਇਹ ਨਿਵੇਕਲੀ ਪੁਸਤਕ ਸਾਹਿਤ ਦੇ ਸੁਹਿਰਦ ਪਾਠਕਾਂ ਦੇ ਜ਼ਰੂਰ ਪਸੰਦ ਆਵੇਗੀ।

ਜ਼ਿੰਦਗੀ ਜ਼ਿੰਦਾਬਾਦ।

# ਹਮ ਨੇ ਸੋਚਾ ਥਾ ਹਾਕਮ ਸੇ ਕਰੇਂਗੇ ਫ਼ਰਯਾਦ
# ਵੋਹ ਭੀ ਕਮਬਖ਼ਤ ਤੇਰਾ ਚਾਹਨੇ ਵਾਲਾ ਨਿਕਲਾ।

## ਜ਼ਿੰਦਗੀ ਨਾਮਾ



ਹਰਪ੍ਰੀਤ ਸਿੰਘ ਜਵੰਦਾ

***ਹਰਪ੍ਰੀਤ ਜਵੰਦਾ ਸੱਚਮੁੱਚ ਨਿੱਕੀ ਕਹਾਣੀ ਦਾ ਬਾਦਸ਼ਾਹ ਹੈ। ਆਪਣੇ ਆਲੇ-ਦੁਆਲੇ ਤੋਂ ਬੜੇ ਸੂਖਮ ਜਿਹੇ ਵਿਸ਼ੇ ਲੈ ਕੇ ਕਹਾਣੀ ਲਿਖਦਾ ਹੈ, ਜਿਸ ਵਿਚ ਕੋਈ ਸਾਰਥਕ ਸੁਨੇਹਾ ਵੀ ਹੁੰਦਾ ਹੈ। ਕਹਾਣੀ ਜਾਂ ਅਸਲੀ ਬਿਰਤਾਂਤ ਨੂੰ ਇੰਨੇ ਘੱਟ ਸ਼ਬਦਾਂ ਵਿਚ ਸਮੇਟਣਾ ਆਪਣੇ-ਆਪ ਵਿਚ ਲਾਜਵਾਬ ਹੈ। ਅਸੀਂ ਹਰਪ੍ਰੀਤ ਜਵੰਦਾ ਦਾ 'ਜ਼ਿੰਦਗੀ ਨਾਮਾ' ਕਾਲਮ ਸ਼ੁਰੂ ਕੀਤਾ ਹੈ। ਉਮੀਦ ਹੈ ਪਾਠਕਾਂ ਨੂੰ ਪਸੰਦ ਆ ਰਿਹਾ ਹੋਵੇਗਾ।***

ਕੁਝ ਗਿਲਾ ਕਰਦੇ...ਮੁਹੱਬਤ ਬਾਰੇ ਘੱਟ ਲਿਖਦੇ ਓ...ਮੇਰਾ ਜੁਆਬ...ਸਮਾਂ ਢੁਕਵਾਂ ਨਹੀਂ ਤੇ ਮੁਹੱਬਤਾਂ ਵਿਚ ਵੀ ਖੋਟ ਰਲ ਗਈ...ਕਿਸੇ ਵੇਲੇ ਰੂਹਾਂ ਦੇ ਹਾਣ ਵਾਲੀ ਅੱਜ ਬਾਹਰੀ ਦਿਖਾਂ ਤੱਕ ਸੀਮਤ ਹੋ ਕੇ ਰਹਿ ਗਈ...ਫੇਰ ਵੀ ਜੇ ਕੋਈ ਸ਼ੁੱਧ ਸਪਸ਼ਟ ਅਤੇ ਦਿਲਟੁੰਭਵਾਂ ਬਿਰਤਾਂਤ ਸਾਹਮਣੇ ਆਇਆ ਤਾਂ ਜ਼ਰੂਰ ਸਾਂਝਾ ਕਰਾਂਗਾ...!

ਆਹ ਕਹਾਣੀ ਲਹਿੰਦੇ ਵੱਲ ਦੇ ਸ਼ਹਿਰ ਮੁਰੀਦਕੇ ਦੇ ਰਸ਼ੀਦ ਮੁਹੰਮਦ ਦੀ ਹੈ...ਏਧਰ ਵੱਸਦੇ ਭਤੀਜੇ ਨੇ ਸਾਂਝੀ ਕੀਤੀ...!


ਫਿਰਦੌਸ...ਕਾਦਰ ਦੀ ਕੁਦਰਤ ਦਾ ਅਸੀਮ ਸ਼ਾਹਕਾਰ...ਚੜ੍ਹਦੀ ਉਮਰ ਦਾ ਹੁਸਨ ਅਤੇ ਨਖਰਾ...ਪੈਂਤੀ ਵਰ੍ਹੇ ਪਹਿਲੋਂ...ਏਡੀ ਖੂਬਸੂਰਤ ਕੇ ਅੱਬੇ ਡਰਦੇ ਨੇ ਸਕੂਲੇ ਹੀ ਨਾ ਘੱਲੀ...ਭਰਾ ਥਾਂ-ਥਾਂ ਬਿੜਕ ਰੱਖਿਆ ਕਰਦੇ...ਮਾਂ ਹਰ ਥਾਂ ਨਾਲ ਜਾਇਆ ਕਰਦੀ...!

ਕੋਲ ਹੀ ਸਮਾਧ 'ਤੇ ਉਰਸ ਲੱਗਿਆ ਕਰਦਾ...ਕੇਰਾਂ ਖਹਿੜੇ ਪੈ ਗਈ...ਮਾਂ ਨੇ ਚੋਰੀ ਸਹੇਲੀ ਨਾਲ ਘੱਲ ਦਿੱਤੀ...ਨਾਲ ਪੱਕੀ ਵੀ ਕੀਤੀ ਚੇਹਰਾ ਬੇਪਰਦਾ ਨਹੀਂ ਕਰਨਾ...!

ਓਥੇ ਇਸੇ ਰਸ਼ੀਦ ਨਾਲ ਨਜ਼ਰਾਂ ਮਿਲ ਗਈਆਂ...ਖੰਡ ਦੇ ਖਿਡੌਣਿਆਂ ਦੀ ਫੜੀ ਲਾਈ ਬੈਠਾ ਸੀ...ਫਿਰਦੌਸ ਨੇ ਛੇਤੀ ਨਾਲ ਮੂੰਹ ਢੱਕ ਲਿਆ...ਫੇਰ ਜਾਣ ਕੇ ਹੀ ਦੋ ਚਾਰ ਵੇਰ ਉਸਦੇ ਅੱਗਿਓਂ ਦੀ ਲੰਘੀ...ਰਸ਼ੀਦ ਨੂੰ ਆਸਾ-ਪਾਸਾ ਵਿੱਸਰ ਗਿਆ...ਫੇਰ ਇਹ ਸਿਲਸਿਲਾ ਲਗਾਤਾਰ ਚੱਲ ਪਿਆ...!

ਫਿਰਦੌਸ ਦੀ ਅਜੀਬ ਆਦਤ ਸੀ...ਅਗਲੇ ਨੂੰ ਉਂਗਲਾਂ 'ਤੇ ਨਚਾਉਣ ਦੀ...ਇਹ ਜਿਧਰ ਨੂੰ ਜਾਇਆ ਕਰੇ...ਰਸ਼ੀਦ ਵੀ ਆਪਣੀ ਫੂਹੜੀ ਚੁੱਕ ਓਧਰ ਨੂੰ ਹੋ ਜਾਂਦਾ...!

ਆਖਣ ਲੱਗੀ...ਕਮਲਾ ਹੋ ਗਿਆ ਮਗਰੋਂ ਹੀ ਨਹੀਂ ਲਹਿੰਦਾ...!



ਉਸਨੇ ਵੀ ਸੁਨੇਹਾ ਘੱਲ ਦਿੱਤਾ...ਇੱਕ ਵੇਰ ਮੁਕੰਮਲ ਚੇਹਰਾ ਦਿਖਾ ਦੇਵੇ...ਮੈਂ ਮਗਰੋਂ ਲਹਿ ਜਾਵਾਂਗਾ...!

ਪਰ ਲਾਰੇ ਲਾਈ ਗਈ...ਤੇ ਫੇਰ ਭੁੱਲ ਗਈ...ਕੁਝ ਅਰਸੇ ਮਗਰੋਂ ਕਿਸੇ ਵੱਡੇ ਘਰ ਵੱਡੀ ਉਮਰ ਦੇ ਨਾਲ ਨਿਕਾਹ ਹੋ ਗਿਆ...!

ਇੱਕ ਵੇਰ ਟਾਂਗੇ 'ਤੇ ਓਸੇ ਉਰਸ ਕੋਲੋਂ ਦੀ ਲੰਘਦੀ ਹੋਈ ਨੇ ਰਸ਼ੀਦ ਬਾਰੇ ਪੁੱਛ ਲਿਆ...!

ਸਹੇਲੀ ਆਖਣ ਲੱਗੀ...ਤੇਰੇ ਮਗਰੋਂ ਸਾਰੇ ਆਖਦੇ ਕਮਲਾ ਹੋ ਗਿਆ ਸੀ...!

ਰਿਜਕ ਦੀ ਟੀਸੀ 'ਤੇ ਚੜ੍ਹੀ ਹੋਈ ਨੇ ਨੱਕ ਚੜ੍ਹਾਇਆ...ਆਖਣ ਲੱਗੀ ਉਸਨੂੰ ਦਿਮਾਗ ਤੋਂ ਕੰਮ ਲੈਣਾ ਚਾਹੀਦਾ ਸੀ...!

ਭਰੀ-ਭੀਤੀ ਨੇ ਅੱਗਿਓਂ ਇੱਕੋ ਗੱਲ ਆਖੀ ਫੇਰ ਚੁੱਪ ਹੋ ਗਈ...ਡਾਹਢੀਏ ਉਹ ਕਮਲਾ ਹੀ ਕਾਹਦਾ ਜੋ ਦਿਮਾਗ ਤੋਂ ਕੰਮ ਲਵੇ!

# ਸੁੱਖ-ਸੁਨੇਹੇ ਵਾਲੀਆਂ ਚਿੱਠੀਆਂ ਕਿਉਂ ਮੋਹਤਾਜ ਨੇ ਹੋ ਕੇ ਰਹਿ ਗਈਆਂ!



ਸੁਰਜੀਤ ਸਿੰਘ ਫਲੋਰਾ

1969 ਤੋਂ ਹਰ ਸਾਲ 09 ਅਕਤੂਬਰ ਨੂੰ 1874 ਵਿਚ ਯੂਨੀਵਰਸਲ ਡਾਕ ਸੰਘ ਦੀ ਵਰ੍ਹੇਗੰਢ ਦੀ ਯਾਦ ਵਿਚ ਮਨਾਇਆ ਜਾਂਦਾ ਹੈ। ਇਤਿਹਾਸ ਵਿਚ ਬਹੁਤ ਪਹਿਲਾਂ ਤੋਂ, ਲੋਕ ਇੱਕ ਦੂਜੇ ਨੂੰ ਚਿੱਠੀਆਂ ਭੇਜਦੇ ਸਨ। ਇਹ ਪੈਦਲ ਜਾਂ ਘੋੜੇ 'ਤੇ ਸਵਾਰ ਹੋ ਕੇ ਵਿਸ਼ੇਸ਼ ਸੰਦੇਸ਼ਵਾਹਕਾਂ ਦੁਆਰਾ ਪਹੁੰਚਾਈਆਂ ਜਾਂਦੀਆਂ ਸਨ। 1600 ਦੇ ਦਹਾਕੇ 'ਤੋਂ ਕਈ ਦੇਸ਼ਾਂ ਵਿਚ ਪਹਿਲੀ ਰਾਸ਼ਟਰੀ ਡਾਕ ਪ੍ਰਣਾਲੀਆਂ ਉੱਭਰਨ ਲੱਗੀਆਂ। ਇਹ ਵਧੇਰੇ ਸੰਗਠਿਤ ਸਨ ਅਤੇ ਬਹੁਤ ਸਾਰੇ ਲੋਕ ਇਨ੍ਹਾਂ ਦੀ ਵਰਤੋਂ ਕਰ ਸਕਦੇ ਸਨ। ਹੌਲੀ-ਹੌਲੀ ਦੇਸ਼ ਅੰਤਰਰਾਸ਼ਟਰੀ ਪੱਧਰ 'ਤੇ ਡਾਕ ਦਾ ਆਦਾਨ-ਪ੍ਰਦਾਨ ਕਰਨ ਲਈ ਸਹਿਮਤ ਹੋ ਗਏ। 1800 ਦੇ ਦਹਾਕੇ ਦੇ ਅਖੀਰ ਤੱਕ ਇੱਕ ਵਿਸ਼ਵਵਿਆਪੀ ਡਾਕ ਸੇਵਾ ਸੀ, ਪਰ ਇਹ ਹੌਲੀ ਅਤੇ ਗੁੰਝਲਦਾਰ ਸੀ। 1874 ਵਿਚ ਯੂ.ਪੀ.ਯੂ. ਦੇ ਜਨਮ ਨੇ ਅੱਜ ਮੌਜੂਦ ਕੁਸ਼ਲ ਡਾਕ ਸੇਵਾ ਲਈ ਰਾਹ ਖੋਲ੍ਹਿਆ। 1948 ਵਿਚ, ਯੂ.ਪੀ.ਯੂ. ਸੰਯੁਕਤ ਰਾਸ਼ਟਰ ਦੀ ਇੱਕ ਏਜੰਸੀ ਬਣ ਗਈ।

9 ਅਕਤੂਬਰ 1874 ਵਿਚ ਇਸ ਦਿਨ 22 ਦੇਸ਼ਾਂ ਨੇ ਬਰਨ, ਸਵਿਟਜ਼ਰਲੈਂਡ ਵਿਚ ਯੂਨੀਵਰਸਲ ਡਾਕ ਯੂਨੀਅਨ ਦੀ ਸਥਾਪਨਾ ਲਈ ਇੱਕ ਸਮਝੌਤੇ 'ਤੇ ਦਸਤਖਤ ਕੀਤੇ ਸਨ। 1969 ਵਿਚ, ਜਪਾਨ ਦੇ ਤਾਕਾਊ ਵਿਚ ਹੋਈ ਇੱਕ ਕਾਨਫਰੰਸ ਵਿਚ, ਇਸ ਤਾਰੀਖ ਨੂੰ ਵਿਸ਼ਵ ਡਾਕ ਦਿਵਸ ਵਜੋਂ ਘੋਸ਼ਿਤ ਕੀਤਾ ਗਿਆ ਸੀ। ਪਹਿਲੀ ਜੁਲਾਈ, 1876 ਨੂੰ, ਭਾਰਤ ਯੂਨੀਵਰਸਲ ਡਾਕ ਯੂਨੀਅਨ ਦਾ ਮੈਂਬਰ ਬਣਨ ਵਾਲਾ ਪਹਿਲਾ ਏਸ਼ੀਆਈ ਦੇਸ਼ ਸੀ। ਆਬਾਦੀ ਅਤੇ ਅੰਤਰਰਾਸ਼ਟਰੀ ਡਾਕ ਟ੍ਰੈਫਿਕ ਦੇ ਆਧਾਰ 'ਤੇ, ਭਾਰਤ ਆਪਣੀ ਸ਼ੁਰੂਆਤ ਤੋਂ ਹੀ ਟੀਅਰ 1 ਮੈਂਬਰ ਰਿਹਾ ਹੈ। ਭਾਰਤ ਵਿਚ ਡਾਕਘਰਾਂ ਦਾ ਇਤਿਹਾਸ ਬ੍ਰਿਟਸ਼ ਈਸਟ ਇੰਡੀਆ ਕੰਪਨੀ ਦੇ ਸਮੇਂ 'ਤੋਂ ਹੈ, ਜਦੋਂ ਰਾਬਰਟ ਕਲਾਈਵ ਨੇ 1766 ਵਿਚ ਪਹਿਲੀ ਡਾਕ ਪ੍ਰਣਾਲੀ ਦੀ ਸਥਾਪਨਾ ਕੀਤੀ ਸੀ।

ਵਾਰਨ ਹੇਸਟਿੰਗਜ਼ ਨੇ 1774 ਵਿਚ ਕੋਲਕਾਤਾ ਵਿਚ ਪਹਿਲਾ ਡਾਕਘਰ ਖੋਲ੍ਹਿਆ ਸੀ, ਅਤੇ 1854 ਵਿਚ, ਲਾਰਡ ਡਲਹੌਜ਼ੀ ਨੇ ਭਾਰਤ ਵਿਚ ਇੱਕ ਰਾਸ਼ਟਰੀ ਡਾਕ ਸੇਵਾ ਸ਼ੁਰੂ ਕੀਤੀ ਸੀ। ਅੱਜ, ਇੰਡੀਆ ਪੋਸਟ ਦੁਨੀਆ ਦੇ ਉਨ੍ਹਾਂ ਦੇਸ਼ਾਂ ਵਿਚੋਂ ਇੱਕ ਹੈ ਜਿੱਥੇ ਇੰਟਰਨੈੱਟ ਨੇ ਆਪਣੀ ਮਹੱਤਤਾ ਨੂੰ ਕਾਫ਼ੀ ਘਟਾ ਦਿੱਤਾ ਹੈ। ਅੱਜ, ਲੋਕਾਂ ਨੇ ਹੱਥ ਨਾਲ ਪੱਤਰ ਲਿਖਣਾ ਛੱਡ ਦਿੱਤਾ ਹੈ। ਹੁਣ, ਈਮੇਲ, ਵਟਸਐਪ, ਸੋਸ਼ਲ ਮੀਡੀਆ ਅਤੇ ਇੰਟਰਨੈੱਟ ਰਾਹੀਂ ਮਿੰਟਾਂ ਵਿਚ ਸੁਨੇਹੇ ਆਦਾਨ-ਪ੍ਰਦਾਨ ਕੀਤੇ ਜਾਂਦੇ ਹਨ। ਸਭ ਤੋਂ ਵੱਡੇ ਡਾਕ ਨੈੱਟਵਰਕ, ਜੋ ਆਮ ਆਦਮੀ ਨੂੰ ਬੈਂਕਿੰਗ, ਬੀਮਾ ਅਤੇ ਹੋਰ ਸੇਵਾਵਾਂ ਪ੍ਰਦਾਨ ਕਰਦੇ ਹਨ। ਪਹਿਲੀ ਅਕਤੂਬਰ, 1854 ਨੂੰ ਭਾਰਤੀ ਡਾਕ ਵਿਭਾਗ ਦੀ ਸਥਾਪਨਾ ਨੇ ਭਾਰਤ ਵਿਚ ਡਾਕ ਟਿਕਟ ਦਾ ਪਹਿਲਾ ਅੰਕੜਾ ਵੀ ਜਾਰੀ ਕੀਤਾ। ਵਿਸ਼ਵ ਡਾਕ ਦਿਵਸ ਦਾ ਉਦੇਸ਼ ਦੇਸ਼ ਦੇ ਸਮਾਜਿਕ ਅਤੇ ਆਰਥਿਕ ਵਿਕਾਸ ਵਿਚ ਡਾਕ ਖੇਤਰ ਦੇ ਯੋਗਦਾਨ ਬਾਰੇ ਜਾਗਰੂਕਤਾ ਪੈਦਾ ਕਰਨਾ ਹੈ। ਵਿਸ਼ਵ ਡਾਕ ਦਿਵਸ ਹਰ ਸਾਲ ਦੁਨੀਆ ਭਰ ਦੇ 150 ਤੋਂ ਵੱਧ ਦੇਸ਼ਾਂ ਵਿਚ ਵੱਖ-ਵੱਖ ਤਰੀਕਿਆਂ ਨਾਲ ਮਨਾਇਆ ਜਾਂਦਾ ਹੈ।

ਭਾਰਤੀ ਡਾਕ ਪ੍ਰਣਾਲੀ ਦਾ ਉੱਨਤ ਅਤੇ ਸੂਝਵਾਨ ਰੂਪ ਜੋ ਅਸੀਂ ਅੱਜ ਦੇਖਦੇ ਹਾਂ, ਇੱਕ ਲੰਬੀ ਯਾਤਰਾ ਦਾ ਨਤੀਜਾ ਹੈ। ਅੰਗਰੇਜ਼ਾਂ ਨੇ ਡੇਢ ਸਦੀ ਪਹਿਲਾਂ ਵੱਖ-ਵੱਖ ਖੇਤਰਾਂ ਵਿਚ ਕੰਮ ਕਰ ਰਹੀਆਂ ਵੱਖ-ਵੱਖ ਡਾਕ ਪ੍ਰਣਾਲੀਆਂ ਦੇ ਏਕੀਕਰਨ ਦੀ ਸ਼ੁਰੂਆਤ ਕੀਤੀ ਸੀ। ਉਨ੍ਹਾਂ ਨੇ ਭਾਰਤੀ ਡਾਕ ਪ੍ਰਣਾਲੀ ਨੂੰ ਇੱਕ ਨਵਾਂ ਰੂਪ ਅਤੇ ਚਰਿੱਤਰ ਦਿੱਤਾ। ਹਾਲਾਂਕਿ, ਬ੍ਰਿਟਿਸ਼ ਡਾਕ ਪ੍ਰਣਾਲੀ ਆਪਣੇ ਰਣਨੀਤਕ ਅਤੇ ਵਪਾਰਕ ਹਿੱਤਾਂ 'ਤੇ ਕੇਂਦ੍ਰਿਤ ਰਹੀ। ਪਰ ਭਾਰਤ ਵਿਚ, ਡਾਕ ਵਿਭਾਗ ਕਦੇ ਇੰਨਾ ਮਹੱਤਵ ਰੱਖਦਾ ਸੀ ਕਿ ਫਿਲਮਾਂ ਵਿਚ ਡਾਕੀਏ 'ਤੇ ਮਸ਼ਹੂਰ ਗੀਤ ਵੀ ਫਿਲਮਾਏ ਗਏ ਹਨ। ਹਾਲਾਂਕਿ, ਲੈਂਡਸਕੇਪ ਪੂਰੀ ਤਰ੍ਹਾਂ ਬਦਲ ਗਿਆ ਹੈ। ਅੱਜ ਦੇ ਵਧਦੇ ਪ੍ਰਭਾਵ ਕਾਰਨ, ਡਾਕ ਰਾਹੀਂ ਸਿਰਫ਼ ਕੁਝ ਕੁ ਚਿੱਠੀਆਂ ਹੀ ਆਉਂਦੀਆਂ ਹਨ। ਮਨੀ ਆਰਡਰ ਵੀ ਬੰਦ ਕਰ ਦਿੱਤੇ ਗਏ ਹਨ। ਹਾਲਾਂਕਿ, ਡਾਕ ਵਿਭਾਗ ਰਾਹੀਂ ਬੈਂਕਾਂ ਅਤੇ ਹੋਰ ਸੰਸਥਾਵਾਂ 'ਤੋਂ ਵੱਡੀ ਗਿਣਤੀ ਵਿਚ ਸਰਕਾਰੀ ਦਸਤਾਵੇਜ਼, ਫਾਰਮ ਆਉਣ ਨਾਲ, ਡਾਕ ਵਿਭਾਗ ਦੀ ਮਹੱਤਤਾ ਇੱਕ ਵਾਰ ਫਿਰ ਵੱਧ ਗਈ ਹੈ। ਦਹਾਕਿਆਂ ਤੋਂ, ਡਾਕ ਵਿਭਾਗ ਨਾ ਸਿਰਫ਼ ਦੇਸ਼ ਦੇ ਅੰਦਰ, ਸਗੋਂ ਇੱਕ ਦੇਸ਼ ਤੋਂ ਦੂਜੇ ਦੇਸ਼ ਵਿਚ ਵੀ ਜਾਣਕਾਰੀ ਪਹੁੰਚਾਉਣ ਦਾ ਸਭ ਤੋਂ ਭਰੋਸੇਮੰਦ, ਸੁਵਿਧਾਜਨਕ ਅਤੇ ਸਸਤਾ ਸਾਧਨ ਰਿਹਾ ਹੈ। ਹਾਲਾਂਕਿ, ਇਸ ਖੇਤਰ ਵਿਚ ਨਿੱਜੀ ਕੰਪਨੀਆਂ ਦੇ ਵਧਦੇ ਦਬਦਬੇ ਅਤੇ ਨਵੇਂ ਸੂਚਨਾ ਤਕਨਾਲੋਜੀ ਪਲੇਟਫਾਰਮਾਂ ਦੇ ਪ੍ਰਸਾਰ ਦੇ ਨਾਲ, ਡਾਕ ਵਿਭਾਗ ਦੀ ਭੂਮਿਕਾ ਲਗਾਤਾਰ ਘੱਟਦੀ ਗਈ ਹੈ। ਹਾਲਾਂਕਿ, ਇਸਦੀ ਸਾਰਥਕਤਾ ਪੂਰੀ ਦੁਨੀਆ ਵਿਚ ਬਰਕਰਾਰ ਹੈ। ਡਾਕ ਵਿਭਾਗ ਦੇਸ਼ ਵਿਚ ਸੰਦੇਸ਼ ਪਹੁੰਚਾਉਣ ਦਾ ਇੱਕੋ ਇੱਕ ਸਾਧਨ ਸੀ। ਡਾਕੀਏ ਦੇ ਬੈਗ ਵਿਚੋਂ ਚਿੱਠੀਆਂ ਪੜ੍ਹਨ ਨਾਲ ਕੁਝ ਲੋਕਾਂ ਨੂੰ ਖੁਸ਼ੀ ਮਿਲੀ, ਜਦੋਂ ਕਿ ਕੁਝ ਉਦਾਸ ਸਨ।

ਕੁਝ ਸਾਲ ਪਹਿਲਾਂ ਤੱਕ, ਡਾਕ ਸੇਵਾ ਸਾਡੀ ਜ਼ਿੰਦਗੀ ਦਾ ਇੱਕ ਮਹੱਤਵਪੂਰਨ ਹਿੱਸਾ ਸੀ। ਜਦੋਂ ਡਾਕੀਆ ਪਿੰਡ ਵਿਚ ਪਹੁੰਚਦਾ ਸੀ, ਤਾਂ ਹਰ ਕੋਈ, ਜਵਾਨ ਅਤੇ ਬੁੱਢਾ, ਉਸਦੇ ਪਿੱਛੇ ਡਾਕਘਰ ਜਾਂਦਾ ਸੀ, ਪਰਿਵਾਰ ਦੇ ਕਿਸੇ ਮੈਂਬਰ ਤੋਂ ਚਿੱਠੀ ਦੀ ਬੇਸਬਰੀ ਨਾਲ ਉਡੀਕ ਕਰਦਾ ਸੀ। ਜਦੋਂ ਡਾਕੀਆ ਚਿੱਠੀਆਂ ਵੰਡਣ ਲੱਗ ਪੈਂਦਾ ਸੀ, ਤਾਂ ਹਰ ਕੋਈ ਆਪਣਾ ਜਾਂ ਆਪਣੇ ਗੁਆਂਢੀ ਦਾ ਪੱਤਰ ਲੈਂਦਾ ਸੀ ਅਤੇ ਇਸਨੂੰ ਬਹੁਤ ਉਤਸ਼ਾਹ ਨਾਲ ਪਹੁੰਚਦਾ ਕਰਦਾ ਸੀ। ਉਸ ਸਮੇਂ, ਸਿੱਖਿਆ ਦੀ ਘਾਟ ਕਾਰਨ, ਔਰਤਾਂ ਅਕਸਰ ਅਨਪੜ੍ਹ ਹੁੰਦੀਆਂ ਸਨ। ਇਸ ਲਈ, ਉਹ ਪੱਤਰ ਪਹੁੰਚਾਉਣ ਵਾਲਿਆਂ ਨੂੰ ਚਿੱਠੀਆਂ ਪੜ੍ਹਨ ਅਤੇ ਲਿਖਣ ਲਈ ਕਹਿੰਦੀਆਂ ਸਨ। ਜਿਹੜੇ ਬੱਚੇ ਚਿੱਠੀਆਂ ਪੜ੍ਹਦੇ ਅਤੇ ਲਿਖਦੇ ਸਨ, ਉਨ੍ਹਾਂ ਨੂੰ ਅਕਸਰ ਪੈਸੇ ਜਾਂ ਗੁੜ ਜਾਂ ਮਠਿਆਈਆਂ ਨਾਲ ਇਨਾਮ ਦਿੱਤਾ ਜਾਂਦਾ ਸੀ। ਇਸ ਇੱਛਾ ਤੋਂ ਪ੍ਰੇਰਿਤ ਹੋ ਕੇ, ਬੱਚੇ ਵੱਧ ਤੋਂ ਵੱਧ ਘਰਾਂ ਵਿਚ ਚਿੱਠੀਆਂ ਪਹੁੰਚਾਉਣ ਦੀ ਕੋਸ਼ਿਸ਼ ਕਰਦੇ ਸਨ।

ਸਮੇਂ ਦੀ ਤੋਰ ਨਾਲ ਬੜਾ ਕੁਝ ਬਦਲਦਾ ਰਹਿੰਦਾ ਹੈ। ਸਾਡੀ ਜੀਵਨ-ਜਾਚ, ਰਹਿਣ-ਸਹਿਣ ਦੇ ਢੰਗ, ਰੀਤੀ ਰਿਵਾਜ, ਸਾਡੀਆਂ ਲੋੜਾਂ ਤੇ ਥੁੜ੍ਹਾਂ, ਸਾਡੀਆਂ ਮੁਸ਼ਕਿਲਾਂ ਮਜਬੂਰੀਆਂ ਬਦਲਦੀਆਂ ਰਹਿੰਦੀਆਂ ਹਨ। ਕੁਝ ਸਮਾਂ ਕੋਈ ਵੀ ਆਪਣੇ ਪਿਆਰੇ ਤੋਂ ਦੂਰ ਹੋ ਜਾਏ ਤਾਂ ਘਰਦਿਆਂ ਦਾ ਰਾਬਤਾ ਟੁੱਟ ਜਾਂਦਾ ਸੀ ਜਿਸ ਦਾ ਆਪਣੇ ਆਪਣੇ ਰਿਸ਼ਤੇ ਦੀ ਨੇੜਤਾ, ਸਾਂਝ, ਮੋਹ ਮੁਹੱਬਤ ਮੁਤਾਬਿਕ ਯਾਦ ਆਉਣਾ ਅਤੇ ਉਦਾਸ ਗ਼ਮਗੀਨ ਹੋਣਾ ਸੁਭਾਵਿਕ ਹੁੰਦਾ ਸੀ। ਜਿਸ ਦੀ ਭਰਭਾਈ ਇਹ ਖ਼ਤ ਬਹੁਤ




ਸਾਜਿਦਗੀ ਨਾਲ ਕਰਦੇ ਸਨ। ਉਨ੍ਹਾਂ ਸਮਿਆਂ ਵਿਚ ਆਪਣੀਆਂ ਸੋਚਾਂ, ਪਿਆਰ, ਉਡੀਕਾਂ, ਮਜਬੂਰੀਆਂ ਨੂੰ ਪ੍ਰਗਟਾਉਣ ਦਾ ਇੱਕੋ ਇੱਕ ਤਰੀਕਾ ਚਿੱਠੀ ਹੁੰਦਾ ਸੀ ਜਿਸ ਦੇ ਪਹੁੰਚਣ 'ਤੇ ਉਨ੍ਹਾਂ ਸਮਿਆਂ ਦੇ ਸੰਚਾਰ ਅਤੇ ਆਵਾਜਾਈ ਦੇ ਸਾਧਨਾਂ ਮੁਤਾਬਿਕ ਬਹੁਤ ਸਮਾਂ ਲੱਗਦਾ ਸੀ। ਅੱਲ੍ਹੜ ਅਣਭੋਲ ਉਮਰ ਵਿਚ ਦੂਰ-ਦੁਰਾਡੇ ਪਿੰਡਾਂ ਵਿਚ ਵਿਆਹੀਆਂ ਗਈਆਂ ਕੁੜੀਆਂ, ਆਪਣੇ ਮਾਂ-ਬਾਪ, ਭੈਣ-ਭਰਾਵਾਂ ਵੱਲੋਂ ਕੀਤਾ ਲਾਡ ਪਿਆਰ, ਸਖੀਆਂ ਸਹੇਲੀਆਂ ਨਾਲ ਤੀਆਂ, ਤ੍ਰਿੰਝਣਾਂ, ਮੇਲਿਆਂ, ਵਿਆਹ ਸ਼ਾਦੀਆਂ 'ਤੇ ਮਾਣੀਆਂ ਮੌਜਾਂ, ਗਾਏ ਗੀਤ ਅਤੇ ਗਿੱਧਿਆਂ ਵਿਚ ਲਾਈਆਂ ਰੌਣਕਾਂ ਯਾਦ ਆਉਣੀਆਂ ਸੁਭਾਵਿਕ ਹੁੰਦੀਆਂ ਸਨ।

ਦਾਜ ਬਿਨਾਂ ਭੈਣ ਛੱਡ'ਤੀ ਦੇਵੀਂ ਡਾਕੀਆ ਵੇ ਚਿੱਠੀ ਮੇਰੇ ਵੀਰ ਨੂੰ

ਫਿਰ ਕਿਸੇ ਕਵੀ ਦੇ ਹਰਫ਼ ਨੇ:

ਕਿਉਂ ਸੁੱਖ-ਸੁਨੇਹੇ ਵਾਲੀਆਂ ਚਿੱਠੀਆਂ ਮੋਹਤਾਜ ਹੋ ਕੇ ਰਹਿ ਗਈਆਂ।

ਕਿਉਂ ਸਿਆਸਤ ਦੀਆਂ ਉਹ ਲੀਕਾਂ ਦਿਲ 'ਤੇ ਉਕਰ ਕੇ ਬਹਿ ਗਈਆਂ।

ਉਸ ਸਮੇਂ, ਪਿੰਡਾਂ ਵਿਚ ਕੋਈ ਬੈਂਕ ਸ਼ਾਖਾਵਾਂ ਨਹੀਂ ਸਨ। ਇਸ ਲਈ, ਜੋ ਲੋਕ ਪੈਸੇ ਕਮਾਉਣ ਲਈ ਬਾਹਰ ਜਾਂਦੇ ਸਨ। ਪਿੰਨ ਕੋਡ ਦਾ ਪਹਿਲਾ ਅੰਕ ਖੇਤਰ ਨੂੰ ਦਰਸਾਉਂਦਾ ਹੈ, ਦੂਜਾ ਉਪ-ਖੇਤਰ ਨੂੰ, ਅਤੇ ਤੀਜਾ ਜ਼ਿਲ੍ਹੇ ਨੂੰ। ਆਖਰੀ ਤਿੰਨ ਅੰਕ ਉਸ ਜ਼ਿਲ੍ਹੇ ਵਿਚ ਖਾਸ ਡਾਕਘਰ ਨੂੰ ਦਰਸਾਉਂਦੇ ਹਨ। ਮਨੀ ਆਰਡਰ ਰਾਹੀਂ ਡਾਕ ਪ੍ਰਣਾਲੀ ਰਾਹੀਂ ਘਰ ਪੈਸੇ ਭੇਜੇ। ਡਾਕੀਆ ਨਿੱਜੀ ਤੌਰ 'ਤੇ ਪ੍ਰਾਪਤਕਰਤਾ ਦੇ ਘਰ ਜਾ ਕੇ ਮਨੀ ਆਰਡਰ ਦਿੰਦਾ ਸੀ ਅਤੇ ਭੁਗਤਾਨ ਕਰਨ 'ਤੇ ਗਵਾਹ ਦੇ ਦਸਤਖਤ ਪ੍ਰਾਪਤ ਕਰਦਾ ਸੀ। ਡਾਕ ਵਿਭਾਗ ਟੈਲੀਗ੍ਰਾਮ ਰਾਹੀਂ ਜ਼ਰੂਰੀ ਸੁਨੇਹੇ ਭੇਜਦਾ ਸੀ। ਟੈਲੀਗ੍ਰਾਮ ਦੀ ਕੀਮਤ ਜ਼ਿਆਦਾ ਹੋਣ ਕਾਰਨ, ਸਿਰਫ਼ ਸੰਖੇਪ ਅਤੇ ਜ਼ਰੂਰੀ ਸੁਨੇਹੇ ਹੀ ਲਿਖੇ ਜਾਂਦੇ ਸਨ। ਆਮ ਟੈਲੀਗ੍ਰਾਮ ਵੀ ਜ਼ਰੂਰੀ ਸਨ, ਜ਼ਰੂਰੀ ਟੈਲੀਗ੍ਰਾਮਾਂ ਦੀ ਦਰ ਆਮ ਦਰ ਨਾਲੋਂ ਦੁੱਗਣੀ ਸੀ। ਸਰਕਾਰ ਨੇ ਟੈਲੀਗ੍ਰਾਮ ਸੇਵਾ ਨੂੰ ਬੰਦ ਕਰ ਦਿੱਤਾ, ਜੋ ਕਿ ਦੇਸ਼ ਵਿਚ ਪਹਿਲੀ ਵਾਰ 11 ਫਰਵਰੀ, 1855 ਨੂੰ 15 ਜੁਲਾਈ, 2013 ਨੂੰ ਸਥਾਪਿਤ ਕੀਤੀ ਗਈ ਸੀ। ਇਸ ਤੋਂ ਇਲਾਵਾ, ਡਾਕ ਵਿਭਾਗ ਨੇ 1 ਅਕਤੂਬਰ, 2025 ਤੋਂ ਰਜਿਸਟਰਡ ਡਾਕ ਸੇਵਾ ਨੂੰ ਸਪੀਡ ਪੋਸਟ ਨਾਲ ਮਿਲਾ ਦਿੱਤਾ। ਭਾਰਤੀ ਡਾਕ ਵਿਭਾਗ ਪਿੰਨ ਕੋਡ ਨੰਬਰਾਂ (ਡਾਕ ਸੂਚਕਾਂਕ ਨੰਬਰ) ਦੇ ਆਧਾਰ 'ਤੇ ਦੇਸ਼ ਭਰ ਵਿਚ ਡਾਕ ਵੰਡਦਾ ਹੈ। ਪਿੰਨ ਕੋਡ ਨੰਬਰ 15 ਅਗਸਤ, 1972 ਨੂੰ ਪੇਸ਼ ਕੀਤੇ ਗਏ ਸਨ। ਇਸ ਪ੍ਰਣਾਲੀ ਦੇ ਤਹਿਤ, ਡਾਕ ਵਿਭਾਗ ਨੇ ਦੇਸ਼ ਨੂੰ ਨੌਂ ਭੂਗੋਲਿਕ ਖੇਤਰਾਂ ਵਿਚ ਵੰਡਿਆ ਹੈ। ਨੰਬਰ 1 ਤੋਂ 8 ਭੂਗੋਲਿਕ ਖੇਤਰ ਹਨ, ਅਤੇ ਨੰਬਰ 9 ਫੌਜ ਨੂੰ ਦਿੱਤਾ ਗਿਆ ਹੈ। ਕੇਂਦਰ ਸਰਕਾਰ ਨੇ ਡਾਕ ਵਿਭਾਗ ਦੇ ਅਧੀਨ ਇੰਡੀਆ ਪੋਸਟ ਪੇਮੈਂਟਸ ਬੈਂਕ (ਿਫਫਭ) ਸ਼ੁਰੂ ਕੀਤਾ ਹੈ। ਇਹ ਦੇਸ਼ ਦੇ ਹਰ ਵਿਅਕਤੀ ਨੂੰ ਬੈਂਕਿੰਗ ਸੇਵਾਵਾਂ ਪ੍ਰਦਾਨ ਕਰਨ ਲਈ ਇੱਕ ਸਭ ਤੋਂ ਵਧੀਆ ਵਿਕਲਪ ਹੋਵੇਗਾ। ਇੰਡੀਆ ਪੋਸਟ ਪੇਮੈਂਟਸ ਬੈਂਕ ਨੇ ਦੇਸ਼ ਭਰ ਵਿਚ ਬੈਂਕਿੰਗ ਸੇਵਾਵਾਂ ਸ਼ੁਰੂ ਕੀਤੀਆਂ ਹਨ। ਆਉਣ ਵਾਲੇ ਦਿਨਾਂ ਵਿਚ, ਇਹ ਦੇਸ਼ ਦਾ ਸਭ ਤੋਂ ਵੱਡਾ ਬੈਂਕਿੰਗ ਨੈੱਟਵਰਕ ਬਣਾਏਗਾ, ਜਿਸਦੀ ਮੌਜੂਦਗੀ ਹਰ ਪਿੰਡ ਵਿਚ ਹੋਵੇਗੀ। ਇਨ੍ਹਾਂ ਸੇਵਾਵਾਂ ਲਈ, 11,000 ਡਾਕ ਵਿਭਾਗ ਦੇ ਕਰਮਚਾਰੀ ਘਰ-ਘਰ ਜਾ ਕੇ ਲੋਕਾਂ ਨੂੰ ਬੈਂਕਿੰਗ ਸੇਵਾਵਾਂ ਪ੍ਰਦਾਨ ਕਰਨਗੇ।

ਬਦਲਦੇ ਤਕਨੀਕੀ ਯੁੱਗ ਵਿਚ, ਦੁਨੀਆ ਭਰ ਦੇ ਡਾਕ ਪ੍ਰਣਾਲੀਆਂ ਨੇ ਮੌਜੂਦਾ ਸੇਵਾਵਾਂ ਵਿਚ ਸੁਧਾਰ ਕੀਤਾ ਹੈ ਅਤੇ ਆਪਣੇ-ਆਪ ਨੂੰ ਨਵੀਆਂ ਤਕਨੀਕੀ ਸੇਵਾਵਾਂ ਨਾਲ ਜੋੜਿਆ ਹੈ। ਡਾਕ, ਪਾਰਸਲ ਅਤੇ ਪੱਤਰਾਂ ਨੂੰ ਉਨ੍ਹਾਂ ਦੀਆਂ ਮੰਜ਼ਿਲਾਂ ਤੱਕ ਪਹੁੰਚਾਉਣ ਲਈ ਐਕਸਪ੍ਰੈਸ ਸੇਵਾਵਾਂ ਸ਼ੁਰੂ ਕੀਤੀਆਂ ਗਈਆਂ ਹਨ। ਡਾਕਘਰਾਂ ਦੁਆਰਾ ਪ੍ਰਦਾਨ ਕੀਤੀਆਂ ਜਾਂਦੀਆਂ ਵਿੱਤੀ ਸੇਵਾਵਾਂ ਨੂੰ ਵੀ ਆਧੁਨਿਕ ਤਕਨਾਲੋਜੀ ਨਾਲ ਜੋੜਿਆ ਗਿਆ ਹੈ। ਵਰਤਮਾਨ ਵਿਚ, ਦੁਨੀਆ ਭਰ ਵਿਚ 55 ਤੋਂ ਵੱਧ ਵੱਖ-ਵੱਖ ਕਿਸਮਾਂ ਦੀਆਂ ਡਾਕ ਈ-ਸੇਵਾਵਾਂ ਉਪਲਬਧ ਹਨ। ਭਵਿੱਖ ਵਿਚ, ਡਾਕ ਈ-ਸੇਵਾਵਾਂ ਦੀ ਗਿਣਤੀ ਹੋਰ ਵਧਾਈ ਜਾਵੇਗੀ। ਵਿਸ਼ਵ-ਵਿਆਪੀ ਆਬਾਦੀ ਦਾ 82% ਡਾਕ ਵਿਭਾਗ ਦੁਆਰਾ ਘਰੇਲੂ ਡਿਲੀਵਰੀ 'ਤੋਂ ਲਾਭ ਉਠਾਉਂਦਾ ਹੈ। ਭਾਰਤ ਦੀ ਆਜ਼ਾਦੀ ਤੋਂ ਬਾਅਦ, ਆਮ ਆਦਮੀ ਦੀਆਂ ਜ਼ਰੂਰਤਾਂ 'ਤੇ ਧਿਆਨ ਕੇਂਦਰਿਤ ਕਰਦੇ ਹੋਏ, ਸਾਡੀ ਡਾਕ ਪ੍ਰਣਾਲੀ ਨੂੰ ਵਿਕਸਤ ਕਰਨ ਦਾ ਇੱਕ ਨਵਾਂ ਯੁੱਗ ਸ਼ੁਰੂ ਹੋਇਆ। ਇਸ ਯੋਜਨਾਬੱਧ ਵਿਕਾਸ ਪ੍ਰਕਿਰਿਆ ਨੇ ਭਾਰਤੀ ਡਾਕ ਪ੍ਰਣਾਲੀ ਨੂੰ ਦੁਨੀਆ ਦਾ ਸਭ ਤੋਂ ਵੱਡਾ ਅਤੇ ਸਭ ਤੋਂ ਵਧੀਆ ਬਣਾ ਦਿੱਤਾ ਹੈ। ਡਾਕ ਵਿਭਾਗ ਨੇ ਰਾਸ਼ਟਰ ਨਿਰਮਾਣ ਵਿਚ ਵੀ ਇੱਕ ਇਤਿਹਾਸਕ ਭੂਮਿਕਾ ਨਿਭਾਈ ਹੈ, ਜਿਸਨੇ ਇਸਦੀ ਨਿਰੰਤਰ ਉਪਯੋਗਤਾ ਨੂੰ ਯਕੀਨੀ ਬਣਾਇਆ ਹੈ। ਅੱਜ ਵੀ, ਆਮ ਆਦਮੀ ਡਾਕਘਰਾਂ ਅਤੇ ਡਾਕੀਏ 'ਤੇ ਭਰੋਸਾ ਕਰਦਾ ਹੈ। ਸਾਰੇ ਉਤਰਾਅ-ਚੜ੍ਹਾਅ ਦੇ ਬਾਵਜੂਦ, ਦੇਸ਼ ਵਿਚ ਕਿਸੇ ਹੋਰ ਸੰਸਥਾ ਨੇ ਅਜਿਹਾ ਜਨਤਕ ਵਿਸ਼ਵਾਸ ਪ੍ਰਾਪਤ ਨਹੀਂ ਕੀਤਾ ਹੈ। ਇਹ ਸਥਿਤੀ ਕੁਝ ਸਾਲਾਂ ਵਿਚ ਪ੍ਰਾਪਤ ਨਹੀਂ ਹੋਈ ਹੈ। ਇਸ ਦੇ ਪਿੱਛੇ ਡਾਕ ਵਿਭਾਗ ਦੇ ਕਰਮਚਾਰੀਆਂ ਦੁਆਰਾ ਦਿੱਤੀ ਗਈ ਸਾਲਾਂ ਦੀ ਸਖ਼ਤ ਮਿਹਨਤ ਅਤੇ ਨਿਰੰਤਰ ਸੇਵਾ ਹੈ।

---

# ਰੱਬਾ ਮੈਨੂੰ ਮਾਫ਼ ਕਰੀਂ!



ਸੇਵਾ ਸਿੰਘ 'ਨੂਰਪੁਰੀ'
ਰਿਟਾ. ਚੀਫ਼ ਮੈਨੇਜਰ,
ਸਟੇਟ ਬੈਂਕ ਆਫ਼ ਪਟਿਆਲਾ

ਮੈਂ ਦੇਸ਼ ਦੇ ਇੱਕ ਸਰਕਾਰੀ ਬੈਂਕ ਵਿਚ ਨਵਾਂ ਸ਼ਹਿਰ (ਹੁਣ ਸ਼ਹੀਦ ਭਗਤ ਸਿੰਘ ਨਗਰ) ਵਿਖੇ ਅਕਾਊਂਟੈਂਟ ਵਜੋਂ ਕੰਮ ਕਰ ਰਿਹਾ ਸੀ। ਮਈ ਚੌਰਾਸੀ ਦੇ ਪਹਿਲੇ ਹਫ਼ਤੇ ਮੈਨੂੰ ਤਰੱਕੀ ਦੇ ਕੇ ਇੱਕ ਛੋਟੇ ਜਿਹੇ ਪਿੰਡ ਦੀ ਬਰਾਂਚ ਵਿਚ ਬਤੌਰ ਮੈਨੇਜਰ ਲਾ ਦਿੱਤਾ ਗਿਆ। ਪਹਿਲਾਂ-ਪਹਿਲਾਂ ਬਰਾਂਚ ਮੈਨੇਜਰ ਬਣਨ ਦਾ ਬੜਾ ਚਾਅ ਸੀ ਤੇ ਖੁਸ਼ੀ-ਖੁਸ਼ੀ ਅਹੁਦਾ ਸੰਭਾਲਿਆ। ਹਰ ਚੀਜ਼ ਬਦਲੀ-ਬਦਲੀ ਲੱਗਦੀ ਸੀ। ਪਹਿਲਾਂ ਜਿੱਥੇ ਕਿਸੇ ਦਾ ਹੁਕਮ ਵਜਾਉਣਾ ਪੈਂਦਾ ਸੀ, ਉੱਥੇ ਹੁਣ ਗੁੰਡੀ ਰੰਨ ਪ੍ਰਧਾਨ ਵਾਂਗਰਾਂ ਹੁਕਮ ਸੁਣਾਉਣਾ ਤੇ ਮੰਨਵਾਉਣਾ ਹੁੰਦਾ ਸੀ। ਹਰ ਪਾਸੇ ਸਲਾਮਾਂ ਪੈਂਦੀਆਂ ਸਨ ਤੇ ਮਨ ਨਸ਼ਿਆਇਆ ਰਹਿੰਦਾ ਸੀ।

ਕੁੱਝ ਦਿਨ ਹੀ ਲੰਘੇ ਸਨ ਕਿ ਇੱਕ ਦਿਨ ਸਵੇਰੇ-ਸਵੇਰੇ ਬੈਂਕ ਦੇ ਰਿਜਨਲ ਮੈਨੇਜਰ ਸਾਹਿਬ ਦੀ ਗੱਡੀ ਗੇਟ ਸਾਹਮਣੇ ਆਣ ਰੁਕੀ ਤਾਂ ਉੱਪਰਲਾ ਸਾਹ ਉੱਪਰ ਤੇ ਥੱਲੇ ਦਾ ਸਾਹ ਥੱਲੇ ਰਹਿ ਗਿਆ। ਖ਼ੈਰ ਉਹ ਆਪਣੇ ਸਹਿਯੋਗੀ ਨਾਲ਼ ਅੰਦਰ ਆਏ ਤੇ ਮੈਂ ਉਨ੍ਹਾਂ ਨੂੰ ਆਪਣੇ ਦਫ਼ਤਰ ਵਿਚ ਸਾਹਮਣੇ ਵਾਲ਼ੀ ਕੁਰਸੀ 'ਤੇ ਬਿਠਾ ਲਿਆ। ਗੱਲਬਾਤ ਸ਼ੁਰੂ ਹੋਈ ਤੇ ਬਰਾਂਚ ਦਾ ਨਿਰੀਖਣ ਕੀਤਾ ਤੇ ਮੈਨੂੰ ਆਪਣੇ ਤਜ਼ੁਰਬੇ 'ਚੋਂ ਕਈ ਨੁਕਤੇ ਸਮਝਾਏ। ਫਿਰ ਅਸੀਂ ਚਾਹ ਪੀਤੀ ਤੇ ਜਾਣ ਲੱਗੇ ਕਹਿੰਦੇ ਕਿ ਬੈਂਕ ਨੂੰ ਤੇਰੇ ਕੋਲ਼ੋਂ ਬਹੁਤ ਉਮੀਦਾਂ ਹਨ, ਖਰਾ ਉਤਰਨ ਦੀ ਕੋਸ਼ਿਸ਼ ਕਰੀਂ। ਮੈਂ 'ਹਾਂ' ਵਿਚ ਸਿਰ ਹਿਲਾਇਆ ਤੇ ਦੇਖਦਿਆਂ ਹੀ ਉਨ੍ਹਾਂ ਦੀ ਗੱਡੀ ਔਹ ਗਈ ਔਹ ਗਈ।

ਪਰ ਜਿੰਦਾਂ ਸਿਆਣੇ ਆਖਦੇ ਨੇ ਕਿ ਸਿਰ ਮੁੰਨਾਦਿਆਂ ਹੀ ਔਲ਼ੇ ਪਏ, ਇਹ ਭਾਣਾ ਸਾਡੇ ਨਾਲ਼ ਵਰਤ ਗਿਆ। ਤਿੰਨ ਜੂਨ 1984 ਨੂੰ ਸਵੇਰੇ ਉੱਠ ਕੇ ਰੇਡੀ" ਸੁਣਿਆਂ ਤਾਂ ਪਤਾ ਲੱਗਿਆ ਕਿ ਸਾਰੇ ਪੰਜਾਬ ਵਿਚ ਕਰਫ਼ਿਊ ਲੱਗ ਗਿਆ ਸੀ ਤੇ ਸਾਈਕਲ, ਸਕੂਟਰ, ਮੋਟਰ ਸਾਈਕਲ, ਟੈਂਪੂ, ਕਾਰਾਂ, ਬੱਸਾਂ ਰੇਲ ਗੱਡੀਆਂ ਆਦਿ ਸਭ ਦੇ ਚੱਲਣ 'ਤੇ ਪਾਬੰਦੀ ਸੀ। ਕੋਈ ਵੀ ਸਮਾਜਿਕ ਇਕੱਠ ਕਰਨਾ ਗੈਰ-ਕਨੂੰਨੀ ਕਰ ਦਿੱਤਾ ਗਿਆ ਤੇ ਸਾਰੀਆਂ ਦੁਕਾਨਾਂ, ਦਫ਼ਤਰ, ਬੈਂਕ, ਸਕੂਲ, ਕਾਲਜ ਤੇ ਕਾਰਖ਼ਾਨੇ ਆਦਿਕ ਖੁੱਲ੍ਹਣ 'ਤੇ ਅਨਿਸਚਿਤ ਸਮੇਂ ਲਈ ਪਾਬੰਦੀ ਲਾ ਦਿੱਤੀ। ਲੋਕਾਂ ਨੂੰ ਪਹਿਲਾਂ ਤਾਂ ਇਹ ਸਮਝ ਹੀ ਨਹੀਂ ਆਇਆ ਕਿ ਕੀ ਭਾਣਾ ਵਾਪਰ ਗਿਆ ਅਤੇ ਕਿਉਂ ਸਾਰਾ ਪੰਜਾਬ ਇੰਵ ਨੂੜ ਦਿੱਤਾ ਸੀ। ਪਰ ਹੌਲ਼ੀ-ਹੌਲ਼ੀ ਮੂੰਹੋਂ-ਮੂੰਹ ਤੇ ਰੇਡੀ" 'ਤੇ ਖ਼ਬਰ ਆਉਣ ਲੱਗੀ ਕਿ ਹਰਿਮੰਦਿਰ ਸਾਹਿਬ ਤੋਂ ਇਲਾਵਾ ਲਗਭਗ ਹੋਰ ਇੱਕ ਸੌ ਗੁਰਦਵਾਰਿਆਂ ਵਿਚ ਫ਼ੌਜ ਦਾਖ਼ਲ ਹੋ ਗਈ ਸੀ। ਇੰਝ ਬਲਿਊ ਸਟਾਰ ਓਪਰੇਸ਼ਨ ਸ਼ੁਰੂ ਹੋਇਆ ਸੀ ਤੇ ਸਾਰੇ ਕਾਰੋਬਾਰ ਠੱਪ ਹੋ ਕੇ ਰਹਿ ਗਏ।

ਇੱਕ ਪਾਸੇ ਨਵੀਂ-ਨਵੀਂ ਮੈਨੇਜਰੀ ਦਾ ਚਾਅ ਤੇ ਜੋਸ਼ ਸੀ ਤਾਂ ਦੂਸਰੇ ਪਾਸੇ ਬਲਿਊ ਸਟਾਰ ਓਪਰੇਸ਼ਨ ਦੀ ਮਾਰ ਦਿਖਾਈ ਦੇਣ ਲੱਗੀ। ਸਰਕਾਰ ਦੇ ਇਸ ਚੰਦਰੇ ਕਾਰੇ ਕਰਕੇ ਸਮੂਹ ਪੰਜਾਬੀਆਂ ਖਾਸ ਕਰਕੇ ਸਿੱਖ ਭਾਈਚਾਰੇ ਦੇ ਹਿਰਦੇ ਵਲੂੰਧਰੇ ਗਏ ਤੇ ਉਨ੍ਹਾਂ ਦੇ ਮਨਾਂ ਵਿਚ ਸਰਕਾਰ ਪ੍ਰਤੀ ਰੋਸ ਅਤੇ ਗੁੱਸੇ ਦੀ ਭਾਵਨਾ ਸੀ ਤੇ ਅੱਲੇ ਜ਼ਖਮਾਂ 'ਤੇ ਮਲ੍ਹਮ ਲੱਗਦੀ ਨਜ਼ਰ ਨਹੀਂ ਸੀ ਆ ਰਹੀ।

ਵਿਦੇਸ਼ਾਂ ਵਿਚ ਵੱਸਦੇ ਭਰਾਵਾਂ ਨੇ ਖਫ਼ਾ ਹੋ ਕੇ ਭਾਰਤ ਨਾਲ਼ ਆਰਥਿਕ ਬਾਈਕਾਟ ਕਰਨ ਦਾ ਮਨ ਬਣਾ ਲਿਆ ਸੀ ਜਿਸ ਦੇ ਨਤੀਜੇ ਵਜੋਂ ਉਨ੍ਹਾਂ ਨੇ ਇੱਕ ਤਰ੍ਹਾਂ ਪੰਜਾਬ ਨੂੰ ਪੈਸੇ ਭੇਜਣੇ ਬੰਦ ਹੀ ਨਹੀਂ ਕੀਤੇ ਸਗੋਂ ਜੋ ਪੈਸੇ ਪਹਿਲਾਂ ਜਮ੍ਹਾਂ ਸਨ, ਉਹ ਵਾਪਸ ਲਿਜਾਣੇ ਜਾਂ ਇਧਰ ਆ ਕੇ ਖਰਚਣੇ ਸ਼ੁਰੂ ਕਰ ਦਿੱਤੇ। ਕਿਉਂਕਿ ਮੇਰੀ ਬਰਾਂਚ ਦੋਆਬੇ ਦੇ ਪੇਂਡੂ ਇਲਾਕੇ ਵਿਚ ਸੀ, ਇਸਦਾ ਸਿੱਧਾ ਅਸਰ ਮੇਰੀ ਬਰਾਂਚ ਦੇ ਕਾਰੋਬਾਰ 'ਤੇ ਵੀ ਪੈਣ ਲੱਗਾ ਤੇ ਕੰਮ ਕਾਜ ਘੱਟਣ ਦੀ ਰਫ਼ਤਾਰ ਦੇਖ ਕੇ ਮੇਰੀ ਪੁੱਛ-ਪੜਤਾਲ ਹੋਣੀ ਸ਼ੁਰੂ ਹੋ ਗਈ। ਮੈਨੂੰ ਇੰਝ ਮਹਿਸੂਸ ਹੋਇਆ ਕਿ ਮੇਰੀ ਕਾਰਜੁਗਾਰੀ ਤੋਂ ਮੇਰਾ ਬੌਸ ਨਰਾਜ਼ ਸੀ ਤੇ ਨਾਕਾਮੀ ਦਾ ਦੋਸ਼ ਮੇਰੇ ਸਿਰ ਮੜ੍ਹ ਰਿਹਾ ਸੀ। ਮੈਂ ਬਥੇਰੀ ਸਫ਼ਾਈ ਦੇਵਾਂ ਕਿ ਮੈਨੂੰ ਦੋਹਰੀ ਮਾਰ ਪੈ ਰਹੀ ਸੀ ਪਰ ਰਿਜਨਲ ਮੈਨੇਜਰ ਟੱਸ ਤੋਂ ਮੱਸ ਨਹੀਂ ਸੀ ਹੋ ਰਿਹਾ। ਉੱਤੋਂ ਆਖੇ ਕਿ ਮੈਂ ਝੂਠੇ ਬਹਾਨੇ ਬਣਾ ਰਿਹਾ ਹਾਂ।

ਪਰ ਆਪਾਂ ਵੀ ਹਿੰਮਤ ਨਹੀਂ ਹਾਰੀ ਸਗੋਂ ਨਵੇਂ ਨਵੇਂ ਗਾਹਕ ਲੱਭਣ ਲਈ ਪਿੰਡਾਂ ਵਿਚ ਘਰ-ਘਰ ਜਾ ਕੇ ਨਵੇਂ ਖਾਤੇ ਖੋਲ੍ਹਣ ਦੀ ਮੁਹਿੰਮ ਅਧੀਨ ਆਪਣੇ ਸਹਿਯੋਗੀਆਂ ਨੂੰ ਉਤਸ਼ਾਹਿਤ ਕਰਨਾ ਸ਼ੁਰੂ ਕਰ ਦਿੱਤਾ, ਜਿਸ ਦੇ ਚੰਗੇ ਨਤੀਜੇ ਆਉਣ ਲੱਗੇ।

ਇਸੇ ਹੀ ਲੜੀ ਵਿਚ ਇੱਕ ਦਿਲਚਸਪ ਪਰ ਮੈਨੇਜਰ ਦੀ ਖ਼ੁਦਗਰਜ਼ੀ ਦਾ ਕਿੱਸਾ ਜੁੜ ਗਿਆ। ਹੋਇਆ ਇੰਝ ਕਿ ਮੇਰੇ ਸਹਿਯੋਗੀਆਂ ਨੇ ਆ ਕੇ ਮੈਨੂੰ ਜਾਣਕਾਰੀ ਦਿੱਤੀ ਕਿ 'ਪਿੰਡ ਦੀ ਫਲਾਣੀ ਬਦਨਸੀਬ ਕੁੜੀ ਦੀ ਸਹੁਰਿਆਂ ਨਾਲ਼ ਅਣਬਣ ਹੋ ਗਈ ਹੈ ਤੇ ਅਦਾਲਤ ਵਿਚ ਤਲਾਕ ਦਾ ਕੇਸ ਚੱਲ ਰਿਹਾ ਹੈ, ਜਿਸ ਦੀ ਫੈਸਲੇ ਦੀ ਆਖਰੀ ਤਰੀਕ ਨੇੜੇ ਹੈ ਅਤੇ ਉਸਨੂੰ ਇੱਕ-ਮੁਸ਼ਤ ਪੈਸੇ ਮਿਲਣੇ ਹਨ।' ਸੋ ਮੈਂ ਵੀ ਪ੍ਰਧਾਨ ਮੰਤਰੀ ਮੋਦੀ ਦੀ ਤਰ੍ਹਾਂ 'ਆਵਦਾ ਵਿਚ ਅਵਸਰ' ਸਮਝ ਕੇ ਉਸ ਵਿਚਾਰੀ ਦਾ ਬੱਚਤ ਖਾਤਾ ਖੋਲ੍ਹਣ ਉਸ ਦੇ ਘਰ ਖ਼ੁਦ ਗਿਆ ਤੇ ਫ਼ੈਸਲੇ ਦੇ ਦਿਨ ਦੀ ਬੇਸਬਰੀ ਨਾਲ਼ ਉਡੀਕ ਕਰਨ ਲੱਗਾ।

ਮੈਂ ਸੋਚਾਂ ਕਿ ਜਲਦੀ ਜਲਦੀ ਤਲਾਕ ਹੋਵੇ ਤੇ ਫਟਾ-ਫਟ ਪੈਸੇ ਮਿਲਣ। ਅੰਤ ਨੂੰ ਦਿਨ ਆਣ ਢੁੱਕਿਆ ਤੇ ਮੈਂ ਆਪਣੇ ਹੈਡ ਕੈਸ਼ੀਅਰ ਸ੍ਰੀ ਮਾਲਾ ਰਾਮ ਜੀ ਨੂੰ ਕੁੜੀ ਦੇ ਘਰਦਿਆਂ ਨਾਲ਼ ਕਚਿਹਰੀ ਨੂੰ ਤੋਰ ਦਿੱਤਾ ਤਾਂਕਿ ਪੈਸੇ ਉੱਥੋਂ ਕਾਬੂ ਆ ਜਾਣ। ਉਸ ਵੇਲ਼ੇ ਦੇ ਪੰਜਾਹ ਹਜ਼ਾਰ ਦਾ ਸਵਾਲ ਸੀ ਜੋ ਕਿ ਅੱਜ ਦੇ ਪੱਚੀ ਲੱਖ ਤੋਂ ਘੱਟ ਨਹੀਂ ਸੀ।

ਉਪਰੋਕਤ ਘਟਨਾ ਨੂੰ ਭਾਵੇਂ ਇਕਤਾ਼ਲੀ ਸਾਲ ਹੋ ਗਏ ਪਰ ਮੇਰੇ ਅੱਖਾਂ ਅੱਗੇ ਹੁਣ ਵੀ ਫਿਲਮ ਵਾਂਗੂੰ ਘੁੰਮ ਜਾਂਦੇ ਹਨ ਤੇ ਮੇਰੀ ਜ਼ਮੀਰ ਨੂੰ ਇੱਕ ਦਮ ਝੰਜੋੜ ਜਾਂਦੇ ਹਨ। ਇਹ ਸੋਚ ਕੇ ਮੈਂ ਕਈ ਵਾਰ 'ਕੱਲਾ ਹੀ ਹੱਸਦਾ ਹਾਂ ਤੇ ਸ਼ਰਮਿੰਦਗੀ ਵੀ ਮਹਿਸੂਸ ਕਰਦਾ ਹਾਂ ਕਿ ਮੈਨੇਜਰ ਕਦੇ ਖ਼ੁਦਗ਼ਰਜ਼ੀ ਵਿਚ ਇੰਨਾ ਵੀ ਘਟੀਆ ਸੋਚ ਸਕਦਾ ਹੈ ਕਿ ਉਹ ਬੈਂਕ ਦੀ ਖ਼ਾਤਿਰ ਕਿਸੇ ਦੀ ਜ਼ਿੰਦਗੀ ਵਿਚ ਭਲੇ ਦੀ ਥਾਂ ਬੁਰਾ ਲੋਚ ਸਕਦਾ ਹੈ। ਹੇ ਰੱਬਾ ਮੈਨੂੰ ਮਾਫ਼ ਕਰੀਂ!

# ਫ਼ਿਲਮ ਲੋਕ

## ਬਾਲੀਵੁੱਡ ਦੀ ਪ੍ਰਭਾਵਸ਼ਾਲੀ ਨਾਇਕਾ ਕ੍ਰਿਤੀ ਸੈਨਨ



ਕ੍ਰਿਤੀ ਸੈਨਨ ਨੇ ਫ਼ਿਲਮ 'ਹੀਰੋਪੰਤੀ' ਨਾਲ ਹਿੰਦੀ ਸਿਨੇਮਾ ਜਗਤ ਵਿਚ ਆਪਣੇ ਐਕਟਿੰਗ ਕਰੀਅਰ ਦੀ ਸ਼ੁਰੂਆਤ ਕੀਤੀ ਸੀ। ਪਹਿਲੇ ਹੀ ਕਦਮ 'ਤੇ ਫ਼ਿਲਮ ਲਈ ਉਸ ਨੂੰ ਫ਼ਿਲਮ ਫੇਅਰ ਦਾ ਬੈਸਟ ਡੈਬਿਊ ਪੁਰਸਕਾਰ ਵੀ ਮਿਲਿਆ ਸੀ। 'ਹੀਰੋਪੰਤੀ' ਤੋਂ ਬਾਅਦ ਕ੍ਰਿਤੀ 'ਦਿਲ ਵਾਲੇ', 'ਰਾਬਤਾ', 'ਬਰੇਲੀ ਕੀ ਬਰਫ਼ੀ', 'ਲੁਕਾ ਛੁਪੀ','ਅਰਜੁਨ ਪਟਿਆਲਾ', 'ਹਾਊਸਫੁੱਲ-4', 'ਪਾਨੀਪਤ', 'ਮਿਮੀ', 'ਹਮ ਦੋ ਹਮਾਰੇ ਦੋ', 'ਬੱਚਨ ਪਾਂਡੇ', 'ਭੇੜੀਆ', 'ਸ਼ਹਿਜ਼ਾਦਾ', 'ਆਦਿਪੁਰਸ਼'. ਅਤੇ 'ਗਣਪਤ' ਵਰਗੀਆਂ ਫ਼ਿਲਮਾਂ ਵਿਚ ਨਜ਼ਰ ਆਈ ਸੀ। ਸਾਲ 2024 ਕ੍ਰਿਤੀ ਸੈਨਨ ਦੇ ਕਰੀਅਰ ਲਈ ਕਾਫ਼ੀ ਨਿਰਣਾਇਕ ਰਿਹਾ। 'ਤੇਰੀ ਬਾਤੋਂ ਮੇਂ ਐਸਾ ਉਲਝਾ ਜੀਆ' ਅਤੇ 'ਕਰੂ' ਵਰਗੀਆਂ ਫ਼ਿਲਮਾਂ ਵਿਚ ਉਸ ਦੇ ਕੰਮ ਨੂੰ ਕਾਫ਼ੀ ਪਸੰਦ ਕੀਤਾ ਗਿਆ।

ਫ਼ਿਲਮ 'ਮਿਮੀ' ਵਿਚ ਉਹ ਇਕ ਸੈਰੋਗੇਟ ਮਦਰ (ਕਿਰਾਏ ਦੀ ਕੋਖ) ਦੀ ਭੂਮਿਕਾ ਵਿਚ ਸੀ। ਇਸ ਭੂਮਿਕਾ ਲਈ ਉਸ ਨੂੰ ਬੈਸਟ ਅਦਾਕਾਰਾ ਦਾ ਰਾਸ਼ਟਰੀ ਪੁਰਸਕਾਰ ਵੀ ਮਿਲਿਆ ਸੀ। ਕੁੱਲ ਮਿਲਾ ਕੇ ਕਿਹਾ ਜਾ ਸਕਦਾ ਹੈ ਕਿ ਇੰਜੀਨੀਅਰਿੰਗ ਤੋਂ ਬਾਅਦ ਕ੍ਰਿਤੀ ਸੈਨਨ ਦਾ ਫ਼ਿਲਮਾਂ ਵਿਚ ਆਉਣ ਦਾ ਫ਼ੈਸਲਾ ਉਸ ਲਈ ਇਕਦਮ ਸਹੀ ਅਤੇ ਫ਼ਾਇਦੇਮੰਦ ਸਾਬਿਤ ਹੋਇਆ ਹੈ। ਕ੍ਰਿਤੀ ਦੀ ਗਿਣਤੀ ਅੱਜਕੱਲ੍ਹ ਬਾਲੀਵੁੱਡ ਦੇ ਟੌਪ ਅਦਾਕਾਰਾ ਵਿਚ ਹੁੰਦੀ ਹੈ।

ਕ੍ਰਿਤੀ ਸੈਨਨ ਭਾਰਤ ਦੀ ਪਹਿਲੀ ਇਸ ਤਰ੍ਹਾਂ ਦੀ ਅਦਾਕਾਰਾ ਹੈ, ਜਿਸ ਨੂੰ ਦੁਨੀਆ ਦੀਆਂ ਟੌਪ- 10 ਸਭ ਤੋਂ ਖ਼ੂਬਸੂਰਤ ਨਾਇਕਾਵਾਂ ਦੀ ਸੂਚੀ ਵਿਚ 5ਵਾਂ ਸਥਾਨ ਮਿਲਿਆ। ਕ੍ਰਿਤੀ ਨੇ ਆਪਣੇ 11 ਸਾਲ ਦੇ ਕਰੀਅਰ ਵਿਚ ਇਕ ਅਦਾਕਾਰਾ ਦੇ ਤੌਰ 'ਤੇ ਇਸ ਤਰ੍ਹਾਂ ਦੀ ਇਮੇਜ ਬਣਾ ਲਈ ਹੈ, ਜਿਥੇ ਪ੍ਰਸੰਸਕ ਉਸ ਦੀਆਂ ਫ਼ਿਲਮਾਂ ਲਈ ਬਹੁਤ ਜ਼ਿਆਦਾ ਪ੍ਰਭਾਵਿਤ ਨਜ਼ਰ ਆ ਰਹੇ ਹਨ। ਹੁਣ ਉਹ ਧਾਨੁਸ਼ ਦੇ ਨਾਲ 'ਤੇਰੇ ਇਸ਼ਕ ਮੇਂ ਔਰ ਸ਼ਾਹਿਦ ਕਪੂਰ ਨਾਲ 'ਕਾਕਟੇਲ-2' ਵਿਚ ਨਜ਼ਰ ਆਉਣ ਵਾਲੀ ਹੈ। 'ਕਾਕਟੇਲ- 2' ਵਿਚ ਸ਼ਾਹਿਦ ਅਤੇ ਕ੍ਰਿਤੀ ਤੋਂ ਇਲਾਵਾ ਦੱਖਣ ਦੀ ਸਨਸਨੀ ਦੇ ਤੌਰ 'ਤੇ ਮਸ਼ਹੂਰ ਰਸ਼ਮਿਕਾ ਮੈਦਾਨਾ ਦੀ ਵੀ ਅਹਿਮ ਭੂਮਿਕਾ 'ਚ ਰਹੇਗੀ।

ਕਿਆਰਾ ਅਡਵਾਨੀ ਦੀ ਥਾਂ ਕ੍ਰਿਤੀ ਸੈਨਨ ਫਿਲਮ ਵਿਚ ਰੋਮਾ ਦੇ ਕਿਰਦਾਰ ਵਿਚ ਨਜ਼ਰ ਆਉਣ ਵਾਲੀ ਹੈ। ਉਸਨੇ 'ਡਾਨ-3' ਵਿਚ ਰਣਵੀਰ ਸਿੰਘ ਨਾਲ ਕੰਮ ਕਰਨ ਲਈ ਵੀ ਰਾਮੀ ਭਰ ਦਿੱਤੀ ਹੈ। ਇਸ ਫਿਲਮ ਦੀ ਸ਼ੂਟਿੰਗ ਅਗਲੇ ਸਾਲ ਜਨਵਰੀ ਤੋਂ ਸ਼ੁਰੂ ਹੋਣ ਵਾਲੀ ਹੈ।

## ਸਾਦਗੀ, ਸੁੰਦਰਤਾ ਅਤੇ ਮਾਸੂਮੀਅਤ ਦਾ ਸੰਗਮ ਤੇਜਸਵੀ ਪ੍ਰਕਾਸ਼



ਕਲਰਜ਼ ਟੀ.ਵੀ.ਦੇ ਰਿਆਲਿਟੀ ਸ਼ੋਅ 'ਬਿੱਗ ਬੌਸ-15' ਨੂੰ ਜਿੱਤਣ ਤੋਂ ਬਾਅਦ ਲਗਭਗ 3 ਸਾਲ ਬਾਅਦ ਵੀ ਅਦਾਕਾਰਾ ਤੇਜਸਵੀ ਪ੍ਰਕਾਸ਼ ਸੁਰਖੀਆਂ ਵਿਚ ਬਣੀ ਹੋਈ ਹੈ। ਇਸ ਰਿਆਲਿਟੀ ਸ਼ੋਅ ਵਿਚ ਉਸ ਦਾ ਇਕ ਵੱਖਰਾ ਹੀ ਨਜ਼ਰ ਆਇਆ ਸੀ। ਉਸ ਰੋ ਰਣਨੀਤੀ ਸਭ ਤੋਂ ਹਟ ਕੇ ਸੀ। ਇਸ ਤੋਂ ਬਾਅਦ ਉਸ ਦੀ ਕਿਸਮਤ ਖ਼ੂਬ ਚਮਕ ਉੱਠੀ ਸੀ। ਇਸ ਤੋਂ ਬਾਅਦ ਤੇਜਸਵੀ ਨੇ ਲਾਈਫ਼ ਓ.ਕੇ. 'ਤੇ ਪ੍ਰਸਾਰਿਤ ਛੋਟੇ ਪਰਦੇ ਦੇ ਸਸਪੈਂਸ, ਥ੍ਰਿਲਰ ਲੜੀਵਾਰ '2612' ਨਾਲ ਛੋਟੇ ਪਰਦੇ 'ਤੇ ਕਦਮ ਰੱਖਿਆ ਸੀ। ਇਸ ਵਿਚ ਉਸ ਨੇ ਰਸ਼ਿਮ ਭਾਰਗਵ ਦਾ ਕਿਰਦਾਰ ਨਿਭਾਇਆ ਸੀ। ਉਸ ਨੇ ਕਲਰਜ਼ ਟੀ.ਵੀ. ਦੇ ਸੋਪ ਓਪੇਰਾ 'ਸੰਸਕਾਰ : 'ਧਰੋਹਰ ਅਪਨੋਂ ਕੀ' ਵਿਚ ਧਾਰਾ ਵੈਸ਼ਣਵ ਰਾ ਕਿਰਦਾਰ ਨਿਭਾਇਆ ਸੀ। 'ਸਵਰਗਿਨੀ : ਜੋੜੇਂ ਰਿਸ਼ਤੋਂ ਕੇ ਸੁਰ' ਵਿਚ ਨਮਿਸ਼ ਤਨੇਜਾ ਨਾਲ ਰਾਗਿਨੀ ਮਾਹੇਸ਼ਵਰੀ ਦੇ ਕਿਰਦਾਰ ਵਿਚ ਪਹਿਲੀ ਵਾਰ ਤੇਜਸਵੀ ਨੂੰ ਪਛਾਣ ਮਿਲੀ ਸੀ। 'ਪਹਿਰੇਦਾਰ ਪੀਆ ਕੀ ਵਿਚ ਦਇਆ ਸਿੰਘ ਦੇ ਤੌਰ 'ਤੇ ਇਕ 9 ਸਾਲ ਦੇ ਬੱਚੇ ਦੀ ਮਾਂ ਅਤੇ ਪਤਨੀ ਦਾ ਕਿਰਦਾਰ ਨਿਭਾਉਣ ਨੂੰ ਲੈ ਕੇ ਤੇਜਸਵੀ ਨੂੰ ਕਾਫ਼ੀ ਟ੍ਰੋਲ ਕੀਤਾ ਗਿਆ ਸੀ ਪਰ ਇਸ ਦੀ ਪ੍ਰਵਾਹ ਨਾ ਕਰਦੇ ਹੋਏ ਉਹ 'ਕਰਨ ਸੰਗਿਨੀ' ਵਿਚ ਉਰਵੀ ਅਤੇ 'ਸਿਲਸਿਲਾਬਦਲਦੇ ਰਿਸ਼ ਤੋਂ ' ਕਾ ਸੀਜ਼ਨ-2' ਵਿਚ ਮਿਸ਼ਠੀ ਮਲਹੋਤਰਾ ਦੇ ਕਿਰਦਾਰਾਂ ਜ਼ਰੀਏ ਲਗਾਤਾਰ ਅੱਗੇ ਵਧਦੀ ਗਈ। ਉਸ ਨੇ ਰਿਆਲਿਟੀ ਸ਼ੋਅ 'ਫੀਅਰ ਫੈਕਟਰ:ਖ਼ਤਰੋਂ ਕੇ ਖਿਲਾੜੀ 10' ਵਿਚ ਵੀ ਹਿੱਸਾ ਲਿਆ ਸੀ। ਇਸ ਰਿਆਲਿਟੀ ਸ਼ੋਅ ਵਿਚ ਸਭ ਤੋਂ ਮਜ਼ਬੂਤ ਦਾਅਵੇਦਾਰਾਂ ਵਿਚੋਂ ਇਕ ਹੋਣ ਦੇ ਬਾਵਜੂਦ ਉਸ ਨੂੰ ਅੱਖ ਵਿਚ ਗੰਭੀਰ ਸੱਟ ਲੱਗਣ ਤੋਂ ਬਾਅਦ ਸ਼ੋਅ ਵਿਚਾਲਿਓਂ ਹੀ ਛੱਡਣਾ ਪਿਆ ਸੀ, ਜਿਸ ਕਾਰਨ ਸ਼ੋਅ ਦੀ ਜੇਤੂ ਬਣਨ ਤੋਂ ਰਹਿ ਗਈ ਸੀ।

'ਕਲਰਜ਼' 'ਤੇ ਪ੍ਰਸਾਰਿਤ ਏਕਤਾ ਕਪੂਰ ਦੀ ਹਰਮਨਪਿਆਰਤਾ, ਤ੍ਰਿਲਰ ਫ੍ਰੈਂਚਾਈਜ਼ੀ 'ਨਾਗਿਨੀ-6' ਵਿਚ ਪ੍ਰਥਾ ਗੁਜਰਾਲ ਦੇ ਕਿਰਦਾਰ ਵਿਚ ਤੇਜਸਵੀ ਨੇ ਬਹੁਤ ਹਰਮਨਪਿਆਰਤਾ ਖੱਟੀ ਸੀ। ਲਗਭਗ 50 ਟੈਲੀਵਿਜ਼ਨ ਲੜੀਵਾਰਾਂ ਅਤੇ ਰਿਆਲਿਟੀ ਸ਼ੋਆਂ ਵਿਚ ਮੁੱਖ ਭੂਮਿਕਾਵਾਂ ਦੇ ਨਾਲ-ਨਾਲ ਸਪੈਸ਼ਲ ਕੰਮ ਕਰ ਚੁੱਕੀ ਤੇਜਸਵੀ ਪ੍ਰਕਾਸ਼ ਹੁਣ ਤੱਕ ਦੇ ਕਰੀਅਰ ਵਿਚ ਕਈ ਹਰਮਨਪਿਆਰੇ ਹਿੱਟ ਸ਼ੋਆਂ ਵਿਚ ਕੰਮ ਕਰ ਚੁੱਕੀ ਹੈ।

ਉਸ ਦਾ ਨਾਂਅ ਅੱਜ ਛੋਟੇ ਪਰਦੇ ਦੀਆਂ ਸਭ ਤੋਂ ਮਹਿੰਗੀਆਂ ਅਤੇ ਕਾਮਯਾਬ ਅਭਿਨੇਤਰੀਆਂ ਵਿਚ ਸ਼ੁਮਾਰ ਕੀਤਾ ਜਾਂਦਾ ਹੈ। ਪ੍ਰਸੰਸਕਾਂ ਨੂੰ ਉਸ ਦੀ ਸਾਦਗੀ ਬਹੁਤ ਚੰਗੀ ਲਗਦੀ ਹੈ। ਉਸ ਦੀ ਸੁੰਦਰਤਾ ਅਤੇ ਮਾਸੂਮੀਅਤ ਦੇ ਲੱਖਾਂ ਦੀਵਾਨੇ ਹਨ। ਤੇਜਸਵੀ ਪ੍ਰਕਾਸ਼ ਨੇ ਭਾਰਤੀ ਟੈਲੀਵਿਜ਼ਨ ਵਿਚ ਆਪਣੇ ਕੰਮ ਲਈ ਸਾਲ 2022 ਵਿਚ 'ਈਸਟਰਨ ਆਈ' ਵਲੋਂ ਦੁਨੀਆ ਦੀਆਂ ਚੋਟੀ ਦੀਆਂ 50 ਏਸ਼ਿਆਈ ਹਸਤੀਆਂ ਦੀ ਯੂ.ਕੇ. ਸੂਚੀ ਵਿਚ 8ਵਾਂ ਅਤੇ 2023 ਵਿਚ 12ਵਾਂ ਸਥਾਨ ਹਾਸਿਲ ਕੀਤਾ ਸੀ। ਉਹ ਟਾਈਮਜ਼ ਨਾਓ ਦੇ 'ਲੋਕਪ੍ਰਿਆ ਟੈਲੀਵਿਜ਼ਨ ਅਭਿਨੇਤਰੀਆਂ' ਦੀ ਸੂਚੀ ਵਿਚ ਵੀ ਚੌਥੇ ਥਾਂ 'ਤੇ ਰਹਿ ਚੁੱਕੀ ਹੈ।

## 'ਏਕ ਹਜ਼ਾਰੋਂ ਮੇਂ ਮੇਰੀ ਬਹਿਨਾ ਹੈ' ਦੀ 'ਜੀਵਿਕਾ' ਕ੍ਰਿਸਟਲ ਡਿਸੂਜ਼ਾ



ਟੀ.ਵੀ. ਦੀਆਂ ਹਰਮਨ ਪਿਆਰੀਆਂ ਮਹਿਲਾ ਅਦਾਕਾਰਾਵਾਂ ਵਿਚੋਂ ਇਕ ਮੰਨੀ ਜਾਣ ਵਾਲੀ ਕ੍ਰਿਸਟਲ ਡਿਸੂਜ਼ਾ ਟੀ.ਵੀ. ਸੀਰੀਅਲ 'ਏਕ ਹਜ਼ਾਰੋਂ ਮੇਂ ਮੇਰੀ ਬਹਿਨਾ ਹੈ' ਤੋਂ ਕ੍ਰਿਸਟਲ ਡਿਸੂਜ਼ਾ ਪ੍ਰਸਿੱਧ ਹੋ ਗਈ ਸੀ। ਉਂਝ ਤਾਂ ਕ੍ਰਿਸਟਲ ਡਿਸੂਜ਼ਾ ਨੇ ਸਾਲ 2008 ਵਿਚ ਫ਼ਿਲਮ 'ਸੀ.ਕੇ. ਕੰਪਨੀ' ਤੋਂ ਬਾਲੀਵੁੱਡ ਵਿਚ ਦਾਖ਼ਲਾ ਲਿਆ ਸੀ ਪਰ ਸਹੀ ਅਰਥਾਂ ਵਿਚ ਉਹ ਫ਼ਿਲਮ 'ਚਿਹਰੇ' ਨੂੰ ਆਪਣੀ ਪਹਿਲੀ ਫ਼ਿਲਮ ਮੰਨਦੀ ਹੈ। ਰੂਮੀ ਜਾਫ਼ਰੀ ਵਲੋਂ ਨਿਰਦੇਸ਼ਿਤ ਫ਼ਿਲਮ 'ਚਿਹਰੇ' ਵਿਚ ਉਸ ਨੂੰ ਪਹਿਲੀ ਵਾਰ ਭਾਰਤੀ ਸਿਨੇਮਾ ਦੇ ਮਹਾਨਾਇਕ ਅਮਿਤਾਭ ਬੱਚਨ ਦੇ ਨਾਲ ਕੰਮ ਕਰਨ ਦਾ ਮੌਕਾ ਮਿਲਿਆ। ਪਿਛਲੇ ਸਾਲ ਕ੍ਰਿਸਟਲ ਫਰਦੀਨ ਖਾਨ ਦੇ ਨਾਲ ਫ਼ਿਲਮ 'ਵਿਸਫੋਟ' ਵਿਚ ਨਜ਼ਰ ਆਈ ਸੀ। ਇਸ ਸਮੇਂ ਉਹ ਫ਼ਿਲਮ 'ਜਾਗੀਰ' ਦੀ ਸ਼ੂਟਿੰਗ ਵਿਚ ਰੁੱਝੀ ਹੋਈ ਹੈ। ਕ੍ਰਿਸਟਲ ਡਿਸੂਜ਼ਾ ਸਲਮਾਨ ਖਾਨ ਦੇ ਰਿਆਲਿਟੀ ਸ਼ੋਅ 'ਬਿੱਗ ਬੌਸ' ਵਿਚ ਬਤੌਰ ਮਹਿਮਾਨ ਸ਼ਾਮਿਲ ਹੋਈ ਸੀ । ਸ਼ੋਅ ਵਿਚ ਉਸ ਦੀ ਗਲੈਮਰਸ ਦਿੱਖ ਤੋਂ ਪ੍ਰਭਾਵਿਤ ਹੋ ਕੇ ਏਕਤਾ ਕਪੂਰ ਨੇ ਵੀ ਉਸ ਨੂੰ 'ਨਾਗਿਨ-3' ਵਿਚ ਬਤੌਰ ਮਹਿਮਾਨ ਪੇਸ਼ ਕੀਤਾ ਸੀ। ਇਨ੍ਹਾਂ ਦੋਵਾਂ ਮਹਿਮਾਨ ਭੂਮਿਕਾਵਾਂ ਦਾ ਕ੍ਰਿਸਟਲ ਦੇ ਕਰੀਅਰ ਨੂੰ ਚੰਗਾ ਫ਼ਾਇਦਾ ਮਿਲਿਆ। ਕ੍ਰਿਸਟਲ ਨੇ ਕਲਰਜ਼ ਟੀ.ਵੀ. ਦੇ ਸ਼ੋਅ 'ਬੇਲਨ ਵਾਲੀ ਬਹੂ' ਵਿਚ ਰੂਪਾ ਅਵਸਥੀ ਦੀ ਭੂਮਿਕਾ ਨਿਭਾਈ। ਇਸ ਪ੍ਰਦਰਸ਼ਨ ਲਈ ਉਸ ਨੇ ਕਾਮਿਕ ਭੂਮਿਕਾ ਵਿਚ ਸਰਬੋਤਮ ਅਭਿਨੇਤਰੀ ਦਾ ਗੋਲਡ ਪੁਰਸਕਾਰ ਜਿੱਤਿਆ। ਉਹ 'ਪਿੰਜਰਾ ਖ਼ੂਬਸੂਰਤੀ ਕਾ' ਵਿਚ ਮਹਿਮਾਨ ਭੂਮਿਕਾ ਵਿਚ ਨਜ਼ਰ ਆਈ ਸੀ।

## ਫਜ਼ੂਲ ਖਰਚੀ ਤੋਂ ਬਚਦੀ ਸਾਰਾ ਅਲੀ ਖ਼ਾਨ



'ਕੇਦਾਰ ਨਾਥ', 'ਲਵ ਆਜਕਲ-2', 'ਸਿੰਬਾ' ਤੇ 'ਸਕਾਈ ਫੋਰਸ ਸਮੇਤ ਕਈ ਪ੍ਰੋਜੈਕਟ ਕਰ ਚੁੱਕੀ ਸੈਫ਼ ਅਲੀ ਖ਼ਾਨ ਦੀ ਲਾਡਲੀ ਪੁੱਤਰੀ ਸਾਰਾ ਅਲੀ ਖ਼ਾਨ ਆਪਣੇ ਅਭਿਨੈ ਨਾਲ ਸਭ ਦਾ ਭਰੋਸਾ ਜਿੱਤਣ 'ਚ ਕਾਮਯਾਬ ਰਹੀ ਹੈ ਤੇ ਉਹ ਆਪਣੀ ਮਾਂ ਅੰਮ੍ਰਿਤਾ ਸਿੰਘ ਨੂੰ ਕਦੇ ਦੁਖੀ ਨਹੀਂ ਦੇਖਣਾ ਚਾਹੁੰਦੀ ਤੇ ਇਹ ਗੱਲ ਉਸ ਨੇ ਸਾਫ਼-ਸਾਫ਼ ਆਪਣੇ ਅੱਬਾ ਜਾਨ ਸੈਫ਼ ਅਲੀ ਖ਼ਾਨ ਨੂੰ ਵੀ ਕਹੀ ਹੋਈ ਹੈ। ਸਾਦਗੀ, ਮਿਹਨਤ ਤੇ ਬੇਬਾਕ ਅੰਦਾਜ਼ ਸਾਰਾ ਅਲੀ ਖ਼ਾਨ ਦੇ ਉਹ ਗੁਣ ਨੇ ਜਿਨ੍ਹਾਂ ਕਾਰਨ ਫ਼ਿਲਮੀ ਪਿਆਰੇ ਉਸ ਨੂੰ ਬਹੁਤ ਪਸੰਦ ਕਰਦੇ ਹਨ। ਕੋਲੰਬੀਆ ਯੂਨੀਵਰਸਿਟੀ ਤੋਂ ਸਾਰਾ ਅਲੀ ਖ਼ਾਨ ਨੇ ਇਤਿਹਾਸ ਦੀ ਡਿਗਰੀ ਕੀਤੀ ਹੈ ਤੇ ਰਾਜਨੀਤੀ ਸ਼ਾਸਤਰ 'ਚ ਵੀ ਉਸ ਦੇ ਨੰਬਰ ਮੈਰਿਟ ਵਾਲੇ ਸਨ। ਇਕ ਸਮੇਂ ਸਾਰਾ ਦਾ ਭਾਰ 96 ਕਿਲੋਗ੍ਰਾਮ ਸੀ ਪਰ ਹੁਣ 51 ਕਿਲੋ ਹੈ ਤੇ ਇਸ ਲਈ ਉਹ ਨਾ ਦੁੱਧ, ਨਾ ਮਿੱਠਾ ਵਰਤਦੀ ਹੈ ਤੇ ਯੋਗਾ ਤੇ ਡਾਂਸ ਕਰ ਕੇ ਕਸਰਤ ਕਰਦੀ ਹੈ ਤੇ ਇਸ ਨਾਲ ਉਸ ਦਾ ਭਾਰ ਘਟਿਆ ਹੈ। ਸਾਰਾ ਨੇ ਦੱਸਿਆ ਕਿ ਛੇ ਸਾਲ ਦੀ ਉਮਰ 'ਚ ਹੀ ਉਸ ਦੀ ਚਾਹਤ ਕਰੀਨਾ ਕਪੂਰ ਬਣਨ ਦੀ ਸੀ। ਫਜ਼ੂਲ-ਖਰਚੀ ਉਸ ਨੂੰ ਪਸੰਦ ਨਹੀਂ ਤੇ ਉਹ ਤਾਂ ਵਿਦੇਸ਼ ਜਾ ਕੇ ਫੋਨ ਦੀ ਮਹਿੰਗੀ ਰੋਮਿੰਗ ਤੋਂ ਬਚਣ ਦੇ ਤਰੀਕੇ ਲੱਭਦੀ ਹੈ ਤੇ ਮਾਂ ਅੰਮ੍ਰਿਤਾ ਸਿੰਘ ਨੂੰ ਵੀ ਮਹਿੰਗੀ ਖਰੀਦਦਾਰੀ ਕਰਨ ਤੋਂ ਰੋਕਦੀ ਹੈ। ਧੀ ਸਾਰਾ ਦਾ ਮਾਂ ਨਾਲ ਪਿਆਰ ਏਨਾ ਹੈ ਕਿ ਸਾਰਾ ਦਾ ਬੈਂਕ ਖਾਤਾ ਮਾਂ ਅੰਮ੍ਰਿਤਾ ਸਿੰਘ ਦੇ ਮੋਬਾਈਲ ਨੰਬਰ ਨਾਲ ਲਿੰਕ ਹੈ। ਸਾਰਾ ਦੱਸਦੀ ਹੈ ਕਿ ਓ.ਟੀ.ਪੀ. ਵੀ ਮੰਮੀ ਅੰਮ੍ਰਿਤਾ ਸਿੰਘ ਦੇ ਫੋਨ 'ਤੇ ਆਉਂਦਾ ਹੈ ਤੇ ਉਹ ਮੰਮੀ ਤੋਂ ਓ.ਟੀ.ਪੀ. ਪੁੱਛ ਕੇ ਪੈਸੇ ਕਢਵਾਉਂਦੀ ਹੈ। ਇੰਸਟਾਗ੍ਰਾਮ ਦੀ ਇਕ ਪੋਸਟ ਤੋਂ ਸਾਰਾ ਅਲੀ ਨੂੰ 35 ਲੱਖ ਮਿਲਦੇ ਨੇ ਤੇ ਅੱਜ ਸਾਰਾ 70 ਕਰੋੜ ਰੁਪਏ ਦੀ ਮਾਲਕਣ ਹੈ। ਪ੍ਰਤੀ ਫ਼ਿਲਮ ਉਹ 3 ਕਰੋੜ ਤੇ ਇਸ਼ਤਿਹਾਰ ਦਾ 1 ਕਰੋੜ ਪ੍ਰਾਪਤ ਕਰ ਰਹੀ ਹੈ।

ਵਾਹਿਗੁਰੂ ਜੀ ਕਾ ਖਾਲਸਾ ॥ ਵਾਹਿਗੁਰੂ ਜੀ ਕੀ ਫ਼ਤਹਿ ॥

# 19th Mahan Nagar Kirtan

**On Saturday, 25th October, 2025 at 11:30 am**

# Gurdwara Sant Sagar

**242-25 Braddock Ave., Bellerose NY 11426 • Ph.: 718-343-1030**

ਧੰਨ-ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਦੀ ਸੰਗਤਾਂ ਨੂੰ ਲੱਖ-ਲੱਖ ਵਧਾਈ ਹੋਵੇ ਜੀ।

# 19ਵਾਂ ਮਹਾਨ ਨਗਰ ਕੀਰਤਨ





ਧੰਨ-ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਦਿਹਾੜਾ 5 ਨਵੰਬਰ ਦਿਨ ਬੁੱਧਵਾਰ ਨੂੰ ਆ ਰਿਹਾ ਹੈ। ਜਿਸ ਦੇ ਸੰਬੰਧ ਵਿੱਚ ਹਰ ਸਾਲ ਦੀ ਤਰ੍ਹਾਂ ਗੁਰਦੁਆਰਾ ਸੰਤ ਸਾਗਰ ਅਤੇ ਸਮੂਹ ਸੰਗਤਾਂ ਦੇ ਸਹਿਯੋਗ ਨਾਲ 25 ਅਕਤੂਬਰ ਦਿਨ ਸ਼ਨੀਵਾਰ ਨੂੰ ਧੰਨ-ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ ਛਾਇਆ ਹੇਠ ਪੰਜ ਪਿਆਰਿਆਂ ਦੀ ਅਗਵਾਈ ਅਤੇ ਪੰਜ ਨਗਾਰਿਆਂ ਦੀ ਗੂੰਜ ਵਿੱਚ 11:30 ਵਜੇ ਸਵੇਰ ਨੂੰ ਇਹ ਨਗਰ ਕੀਰਤਨ ਆਰੰਭ ਹੋ ਕੇ ਹਿੱਲ ਸਾਈਡ, 263 ਸਟਰੀਟ ਤੋਂ ਲੰਘਦਾ ਹੋਇਆ 82 ਐਵੀਨਿਊ ਤੋਂ ਗੁਰਦੁਆਰਾ ਸੰਤ ਸਾਗਰ ਵਿਖੇ ਸ਼ਾਮ ਦੇ 3:30 ਵਜੇ ਸਮਾਪਤ ਹੋਵੇਗਾ।

**ਨਗਰ ਕੀਰਤਨ ਵਾਲੇ ਦਿਨ ਦੇ ਲੰਗਰ ਦੀ ਸੇਵਾ ਸੰਤ ਬਾਬਾ ਪ੍ਰੇਮ ਸਿੰਘ ਸੁਸਾਇਟੀ ਬੈੱਲਰੋਜ਼ ਵਲੋਂ ਹੋਵੇਗੀ।**

**Saturday October 25, 2025,
19th Mahan Nagar Kirtan will start from GURDWARA SANT SAGAR Bellerose, NY at 11:30am towards Hillside Ave., to 263rd street. Nagar Kirtan will move toward 82nd Ave. Which will take us back to GURDWARA SAHIB at 3:30pm.**

**ਨਗਰ ਕੀਰਤਨ ਵਿੱਚ ਪੰਥ ਪ੍ਰਸਿੱਧ ਨਾਮਵਰ ਕੀਰਤਨੀ ਜਥੇ ਗੁਰਬਾਣੀ ਕੀਰਤਨ ਅਤੇ ਢਾਡੀ ਵਾਰਾਂ ਨਾਲ ਸੰਗਤਾਂ ਨੂੰ ਗੁਰੂ ਚਰਨਾਂ ਨਾਲ ਜੋੜਨਗੇ।**

**ਗੁਰਪੁਰਬ ਦੇ ਸੰਬੰਧ ਵਿਚ ਹਰ ਸਾਲ ਦੀ ਤਰ੍ਹਾਂ 23 ਅਗਸਤ ਤੋਂ ਪ੍ਰਭਾਤ ਫੇਰੀਆਂ ਆਰੰਭ ਹਨ ਜੋ ਕਿ 2 ਨਵੰਬਰ ਨੂੰ ਸਮਾਪਤ ਹੋਣਗੀਆਂ।**

ਸਮੂਹ ਸੰਗਤਾਂ ਦਾ ਉਲੀਕੇ ਗਏ ਪ੍ਰੋਗਰਾਮਾਂ ਵਿੱਚ ਆਪਣਾ ਯੋਗਦਾਨ ਪਾਕੇ ਸਫਲ ਕਰਨ ਲਈ ਬਹੁਤ-ਬਹੁਤ ਧੰਨਵਾਦ ਜੀ।

ਨਗਰ ਕੀਰਤਨ ਵਿੱਚ ਸਾਰੇ ਭੈਣ, ਭਰਾ ਬੱਚੇ ਤੇ ਬੱਚੀਆਂ ਕੇਸਰੀ ਰੰਗ ਦੀਆਂ ਪੱਗਾਂ, ਦਸਤਾਰਾਂ ਤੇ ਦੁਪੱਟੇ ਸਜਾਕੇ ਆਓ ਜੀ।

**ਇਹਨਾਂ ਸਾਰੇ ਪ੍ਰੋਗਰਾਮਾਂ ਵਿੱਚ ਗੁਰੂ ਕਾ ਲੰਗਰ ਅਟੁੱਟ ਵਰਤੇਗਾ।**



ਗੱਤਕਾ ਟੀਮਾਂ ਆਪਣੇ ਜੋਹਰ ਦਿਖਾਏਗੀ

**ਗੁਰੂ-ਸੰਗਤਾਂ ਦਾ ਦਾਸ-ਭਾਈ ਸੱਜਣ ਸਿੰਘ**
ਸਾਬਕਾ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ, ਅੰਮ੍ਰਿਤਸਰ
ਮੁੱਖ ਸੰਚਾਲਕ-ਗੁਰਦੁਆਰਾ ਸੰਤ ਸਾਗਰ, ਬੈਲਰੋਜ਼, ਨਿਊਯਾਰਕ
Phone # 718-343-1030



**ਨਗਰ ਕੀਰਤਨ ਦਾ ਸਿੱਧਾ ਪ੍ਰਸਾਰਣ ਜਸ ਪੰਜਾਬੀ ਤੇ ਦੇਖ ਸਕਦੇ ਹੋ।**
**Live Nagar Kirtan on JUS PUNJABI TV**